**Golden State Realty** JASSI GILL Broker/Owner



Listing and Selling Homes
From San Jose to Sacramento
Ph:510-304-9292
Refinance Now
@ZERO COST
Call Sukhi Gill:510-207-9067
CA DRE Lic.#01180969
CA DRE# 00966763

Personal Injury and Wrongful Death Attorneys



Manpreet S. Bains

ਹਾਦਸਿਆਂ ਵਿਚ ਜ਼ਖਮੀ ਹੋਣ ਜਾਂ ਮੌਤ ਹੋ ਜਾਣ ਨਾਲ ਸਬੰਧਤ ਕੇਸਾਂ ਲਈ ਭਰੋਸੇਯੋਗ ਵਕੀਲ।
* ਤੁਸੀਂ ਸਾਡੇ ਨਾਲ ਪੰਜਾਬੀ ਵਿਚ ਵੀ ਗੱਲ ਕਰ ਸਕਦੇ ਹੋ।
*ਸਬੰਧਤ ਡਿਟੇਲ ਜਾਣਕਾਰੀ ਪੇਜ ਨੰਬਰ 2 ’ਤੇ ਉਪਲਬਧ ਹੈ।
*ਰਿਕਵਰੀ ਹੋਣ ਤੱਕ ਕੋਈ ਫੀਸ ਨਹੀਂ ਲਈ ਜਾਵੇਗੀ।
ਸੰਪਰਕ ਕਰੋ: ਫੋਨ: (510 474-0028)
E-Mail: info@thebainsfirm.com; www.thebainsfirm.com

COVERED CALIFORNIA Certified Insurance Agent
Global Green INSURANCE AGENCY



Gurdawar Singh Mann

ਹੈਲਥ ਇੰਸ਼ੋਰੈਂਸ ਕਰਵਾਉਣ ਲਈ ਸੰਪਰਕ ਕਰੋ
ਫੋਨ:510-487-1000
MANN@GGIABA.COM



Gurcharan Singh Mann

Mann Insurance Brokers Inc.
4123 Dyer St., #230, Union City, CA 94587



Twenty-Sixth Year of Publication ਕੈਲੀਫੋਰਨੀਆ ਐਡੀਸ਼ਨ Price 50¢
Email:punjabtimes1@gmail.com
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 27, Issue 33; August 15, 2026 20451 N. Plum Grove Rd., Palatine, IL 60074 Ph:847-359-0746, Fax:847-705-9388


# ਪੰਜਾਬ ਵਿਧਾਨ ਸਭਾ ਇਜਲਾਸ ਦੇ ਆਖ਼ਰੀ ਦਿਨ 9 ਬਿੱਲ ਪਾਸ



**ਚੰਡੀਗੜ੍ਹ:**ਪੰਜਾਬ ਵਿਧਾਨ ਸਭਾ ਵਿਚ ਅੱਜ ਮੌਨਸੂਨ ਇਜਲਾਸ ਦੇ ਆਖਰੀ ਦਿਨ 9 ਬਿੱਲ ਪ੍ਰਵਾਨ ਕੀਤੇ ਗਏ। ਵਿਰੋਧੀ ਧਿਰ ਦੇ ਨੇਤਾ ਸ. ਪ੍ਰਤਾਪ - ਸਿੰਘ ਬਾਜਵਾ ਅਤੇ ਕਾਂਗਰਸ ਵਿਧਾਇਕ ਸੁਖਪਾਲ ਸਿੰਘ ਖਹਿਰਾ ਵਲੋਂ ਇਕੋ ਦਿਨ ਇੰਨੇ ਇਕੱਠੇ ਬਿੱਲ ਪੇਸ਼ ਕਰਨ, ਜਿਨ੍ਹਾਂ ‘ਚੋਂ ਤਿੰਨ ਬਿੱਲ. ਅੱਜ ਹੀ ਪੇਸ਼ ਕੀਤੇ ਗਏ ਦਾ ਤਿੱਖਾ ਵਿਰੋਧ ਕੀਤਾ ਗਿਆ ਅਤੇ ਕਿਹਾ ਗਿਆ ਕਿ ਮੈਂਬਰਾਂ ਲਈ ਇੰਨੇ ਬਿੱਲਾਂ ਲਈ ਇਕੱਠੇ ਬਹਿਸ ਕਰਨੀ ਸੰਭਵ ਹੀ ਨਹੀਂ ਹੈ ਅਤੇ ਜੋ ਬਿੱਲ ਅੱਜ ਪੇਸ਼ ਹੋਏ ਹਨ ਉਨ੍ਹਾਂ ਸੰਬੰਧੀ ਉਨ੍ਹਾਂ ਨੂੰ ਕੋਈ ਜਾਣਕਾਰੀ ਹੀ ਨਹੀਂ ਹੈ।ਕਾਂਗਰਸ ਦੇ ਵਿਰੋਧ ਕਾਰਨ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਪਾਰਲੀਮਾਨੀ ਮਾਮਲਿਆਂ ਬਾਰੇ ਮੰਤਰੀ ਨੂੰ ਸਲਾਹ ਦਿੱਤੀ ਕਿ ਭਵਿੱਖ ਲਈ ਕੋਈ ਵੀ ਬਿੱਲ ਵਿਚਾਰ-ਵਟਾਂਦਰੇ ਤੋਂ 15 ਦਿਨ ਪਹਿਲਾਂ ਸਦਨ ਵਿਚ ਪੇਸ਼ ਕੀਤਾ ਜਾਵੇ ਤਾਂ ਜੋ ਮੈਂਬਰਾਂ ਨੂੰ ਤਿਆਰੀ ਕਰਨ ਸੰਬੰਧੀ ਕੋਈ ਇਤਰਾਜ਼ ਨਾ ਰਹੇ।ਵਿਧਾਨਿਕ ਕੰਮਕਾਜ ਦੌਰਾਨ ਜੋ ਬਿੱਲ ਅੱਜ ਪਾਸ ਕੀਤੇ ਗਏ ਉਨ੍ਹਾਂ ਵਿਚ ਪੰਜਾਬ ਕਾਮਨ ਇਨਫਰਾਸਟ੍ਰਕਚਰ (ਰੈਗੂਲੇਸ਼ਨ ਐਂਡ ਮੈਨਟੇਨੈਂਸ) ਸੋਧ ਬਿੱਲ 2026, ਪੰਜਾਬ ਰੈਗੂਲੇਸ਼ਨ ਆਫ ਫੀਸ ਅਣ-ਏਡਿਡ ਐਜੂਕੇਸ਼ਨਲ ਇੰਸਟੀਚਿਊਸ਼ਨ (ਸੋਧ) ਬਿੱਲ 2026, ਕਲਾਊਡ ਯੂਨੀਵਰਸਿਟੀ ਹੁਸ਼ਿਆਰਪੁਰ ਬਿੱਲ 2026, ਯੂਨੀਵਰਸਿਟੀ ਪਟਿਆਲਾ ਬਿੱਲ 2026, ਪੰਜਾਬ ਗੁਡਜ਼ ਐਂਡ ਸਰਵਿਸਿਜ਼ ਟੈਕਸ (ਸੋਧ) ਬਿੱਲ 2026, ਪੰਜਾਬ ਰਾਜ ਆਊਟਸੋਰਸ ਪ੍ਰਸੋਨਲ ਬਿੱਲ 2026, ਪੰਜਾਬ ਪੰਚਾਇਤੀ ਰਾਜ (ਸੋਧ) ਬਿੱਲ 2026 ਰਾਹੀ ਰੱਖਣ ਦੀ ਥਾਂ ਸਿੱਧੇ ਸਰਕਾਰ ਨਾਲ ਸਮਝੌਤਾ ਕਰਕੇ ਰੱਖਣ ਸੰਬੰਧੀ ਪਾਸ ਕੀਤੇ ਬਿੱਲ ‘ਤੇ ਬੋਲਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਇਸ ਨਾਲ ਵਰਕਰ ਦੀ ਹੁੰਦੀ ਲੁੱਟ ਬੰਦ ਹੋਵੇਗੀ ਅਤੇ ਉਨ੍ਹਾਂ ਨੂੰ ਪੂਰੀ ਤਨਖ਼ਾਹ ਦੇ ਨਾਲ ਪ੍ਰੋਵੀਡੈਂਟ ਫੰਡ ਅਤੇ ਈ.ਐਸ.ਆਈ. ਵਰਗੀਆਂ ਸਹੂਲਤਾਂ ਵੀ ਮਿਲ ਸਕਣਗੀਆਂ। ਉਨ੍ਹਾਂ ਕਿਹਾ ਕਿ ਇਸ ਫ਼ੈਸਲੇ ਦਾ ਕੋਈ 28 ਹਜ਼ਾਰ ਮੁਲਾਜ਼ਮਾਂ ਨੂੰ ਲਾਭ ਮਿਲੇਗਾ।’ ਉਨ੍ਹਾਂ ਕਿਹਾ ਹੁਣ ਤੱਕ ਮਨੁੱਖ ਦੁਆਰਾ ਮਨੁੱਖ ਦਾ ਸ਼ੋਸ਼ਣ ਹੋ

(ਬਾਕੀ ਸਫ਼ਾ 4 ’ਤੇ)

## ਕਾਂਗਰਸ ਨੇ ਨਸ਼ਿਆਂ ਅਤੇ ਹੋਰ ਮੁੱਦਿਆਂ ’ਤੇ ਘੇਰੀ ਸਰਕਾਰ




**ਚੰਡੀਗੜ੍ਹ:**ਪੰਜਾਬ ਵਿਧਾਨ ਸਭਾ ਦੇ ਮੌਨਸੂਨ ਇਜਲਾਸ ਦੇ ਆਖ਼ਰੀ ਦਿਨ ਵਿਰੋਧੀ ਧਿਰ ਕਾਂਗਰਸ ਪਾਰਟੀ ਵਲੋਂ ਵਿਧਾਨ ਸਭਾ ਕੰਪਲੈਕਸ ਦੇ ਅੰਦਰ ਤੇ ਬਾਹਰ ਰੋਸ ਪ੍ਰਦਰਸ਼ਨ ਕੀਤਾ ਗਿਆ। ਵਿਰੋਧੀ ਧਿਰ ਦੇ ਆਗੂ ਪ੍ਰਤਾਪ ਸਿੰਘ ਬਾਜਵਾ ਸਮੇਤ ਹੋਰ ਕਾਂਗਰਸੀ ਵਿਧਾਇਕਾਂ ਨੇ ਨਸ਼ਿਆਂ ਸਮੇਤ ਹੋਰ ਵੱਖ-ਵਖ ਮੁਦਿਆਂ ‘ਤੇ ਸਰਕਾਰ ਦੀ ਘੇਰਾਬੰਦੀ ਕੀਤੀ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵਲੋਂ ਹਰ ਮੁੱਦੇ ‘ਤੇ ਲੋਕਾਂ ਨੂੰ ਗੁਮਰਾਹ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਕਾਂਗਰਸੀ ਵਿਧਾਇਕਾਂ ਨੇ ਕਿਹਾ ਕਿ ਆਮ ਅਦਾਮੀ ਪਾਰਟੀ ਵਲੋਂ ਸੱਤਾ ‘ਚ ਆਉਣ ਤੋਂ ਪਹਿਲਾਂ ਪੰਜਾਬ ਅੰਦਰੋਂ ਕੁਝ ਹਫ਼ਤਿਆਂ ਵਿਚ ਨਸ਼ਾ ਖ਼ਤਮ ਕਰਨ ਦੀ ਗੱਲ ਕੀਤੀ ਗਈ ਸੀ ਪਰ ਸਰਕਾਰ ਅਜਿਹਾ ਕਰਨ ਵਿਚ ਬੁਰੀ ਤਰ੍ਹਾਂ ਅਸਫਲ ਰਹੀ। ਇਸ ਦੇ ਇਲਾਵਾ ਅੱਜ

(ਬਾਕੀ ਸਫ਼ਾ 4 ’ਤੇ)

# ਅਮਰੀਕਾ ਮੰਗਾਂ ਮੰਨੇਗਾ ਤਾਂ ਖੁੱਲ੍ਹੇਗਾ ਹੋਰਮੁਜ਼: ਈਰਾਨ

### ਓਮਾਨ ਨਾਲ ਸੁਰੱਖਿਅਤ ਜਹਾਜ਼ਰਾਨੀ ਮਾਰਗ ਬਾਰੇ ਸਮਝੌਤਾ ਅੰਤਿਮ ਪੜਾਅ ’ਚ

**ਨਵੀਂ ਦਿੱਲੀ:**ਈਰਾਨ ਨੇ ਸਾਫ਼ ਕਰ ਦਿੱਤਾ ਹੈ ਕਿ ਓਮਾਨ ਨਾਲ ਹੋਰਮੁਜ਼ ਸਟ੍ਰੇਟ ‘ਚ ਜਹਾਜ਼ਾਂ ਦੀ ਸੁਰੱਖਿਅਤ ਆਵਾਜਾਈ ਬਾਰੇ ਸਮਝੌਤਾ ਹੋਣ ਦੇ ਬਾਵਜੂਦ ਸਮੁੰਦਰੀ ਮਾਰਗ ਨੂੰ ਪੂਰੀ ਤਰ੍ਹਾਂ ਖੋਲ੍ਹਣ ਦਾ ਫ਼ੈਸਲਾ ਅਮਰੀਕਾ ਦੀ ਕਾਰਵਾਈ ‘ਤੇ ਨਿਰਭਰ ਕਰੇਗਾ। ਈਰਾਨੀ ਵਿਦੇਸ਼ ਮੰਤਰਾਲੇ ਦੇ ਬੁਲਾਰੇ ਇਸਮਾਈਲ ਬਘਾਈ ਨੇ ਸੋਮਵਾਰ ਨੂੰ ਕਿਹਾ ਕਿ ਅਮਰੀਕਾ ਨੂੰ ਈਰਾਨ ਦੀਆਂ ਮੰਗਾਂ ਪੂਰੀਆਂ ਕਰਨੀਆਂ ਹੋਣਗੀਆਂ। ਇਨ੍ਹਾਂ ਵਿਚ ਯੁੱਧ ਕਾਰਨ ਹੋਏ ਨੁਕਸਾਨ ਦਾ ਮੁਆਵਜ਼ਾ, ਪਾਬੰਦੀਆਂ ਹਟਾਉਣਾ, ਫ਼ੌਜੀ ਦਬਾਅ ਅਤੇ ਨਾਕਾਬੰਦੀ ਖ਼ਤਮ ਕਰਨਾ ਅਤੇ ਈਰਾਨ ਦੀਆਂ ਜ਼ਬਤ ਕੀਤੀਆਂ ਸੰਪਤੀਆਂ ਜਾਰੀ ਕਰਨਾ ਸ਼ਾਮਲ ਹਨ। ਰਾਈਟਰ ਅਨੁਸਾਰ, ਬਘਾਈ ਨੇ ਦੱਸਿਆ ਕਿ ਈਰਾਨ ਅਤੇ ਓਮਾਨ ਨਵੇਂ ਜਹਾਜ਼ਰਾਨੀ ਮਾਰਗ ਦੇ ਭੂਗੋਲਿਕ ਰੂਪ ਅਤੇ ਸੁਰੱਖਿਅਤ ਆਵਾਜਾਈ ਦੇ ਤਰੀਕਿਆਂ ‘ਤੇ ਸਹਿਮਤ ਹੋਣ ਦੇ ਨੇੜੇ ਹਨ। ਸੰਯੁਕਤ ਐਲਾਨ ਤੋਂ ਪਹਿਲਾਂ ਕੁਝ ਤਕਨੀਕੀ ਮੁੱਦੇ ਹੱਲ ਕਰਨੇ ਬਾਕੀ ਹਨ। ਗੱਲਬਾਤ ਵਿਚ ਸੁਰੱਖਿਅਤ ਸਮੁੰਦਰੀ ਆਵਾਜਾਈ, ਵਾਤਾਵਰਨ ਸੁਰੱਖਿਆ, ਸਮੁੰਦਰੀ ਸੇਵਾਵਾਂ ਅਤੇ ਅਪਰਾਧ ਰੋਕਣ ਜਿਹੇ ਮੁੱਦਿਆਂ ‘ਤੇ ਵੀ ਚਰਚਾ ਹੋਈ ਹੈ। ਉਨ੍ਹਾਂ ਕਿਹਾ ਕਿ ਜਹਾਜ਼ਾਂ ਨੂੰ ਉਪਲਬਧ ਹੋਣ ਵਾਲੀਆਂ ਸਮੁੰਦਰੀ ਸੇਵਾਵਾਂ ਲਈ ਟੈਕਸ ਲਿਆ ਜਾਣਾ ਆਮ ਪ੍ਰਕਿਰਿਆ ਹੈ। ਹਾਲਾਂਕਿ, ਇਸ ਸਮੇਂ ਭੁਗਤਾਨ ਨਾਲ ਜੁੜੇ ਮੁੱਦੇ ਗੱਲਬਾਤ ਦਾ ਹਿੱਸਾ ਨਹੀਂ ਹਨ। ਤਹਿਰਾਨ ਅਤੇ ਵਾਸ਼ਿੰਗਟਨ ਵਿਚਕਾਰ ਸਿੱਧੀ ਗੱਲਬਾਤ ਕਰਨ ਦੀ ਬਜਾਏ ਵਿਚੋਲਿਆਂ ਜ਼ਰੀਏ ਸੰਦੇਸ਼ਾਂ ਦਾ ਅਦਾਨ-ਪ੍ਰਦਾਨ ਹੋ ਰਿਹਾ ਹੈ। ਹੋਰਮੁਜ਼ ਨੂੰ ਲੈ ਕੇ ਅੜਿੱਕੇ ਦਾ ਅਸਰ ਅੰਤਰਰਾਸ਼ਟਰੀ ਤੇਲ ਬਾਜ਼ਾਰ ‘ਤੇ ਵੀ ਪੈ ਰਿਹਾ ਹੈ। ਇਹ ਜਲਮਾਰਗ ਦੁਨੀਆ ਦੇ ਪ੍ਰਮੁੱਖ



ਊਰਜਾ ਵਪਾਰ ਮਾਰਗਾਂ ਵਿੱਚੋਂ ਇਕ ਹੈ ਅਤੇ ਇੱਥੇ ਲੰਬੇ ਸਮੇਂ ਤੱਕ ਵਿਘਨ ਨਾਲ ਤੇਲ ਅਤੇ ਗੈਸ ਦੀ ਸਪਲਾਈ ਪ੍ਰਭਾਵਿਤ ਹੋ ਸਕਦੀ ਹੈ। ਹਾਲੀਆ ਰਿਪੋਰਟਾਂ ਮੁਤਾਬਕ, ਹਫ਼ਤੇ ਦੇ ਅੰਤ ‘ਚ ਸਟ੍ਰੇਟ ਤੋਂ ਗੁਜ਼ਰ ਰਹੇ ਜਹਾਜ਼ਾਂ ਦੀ ਗਿਣਤੀ ਵੀ ਘੱਟ ਹੋ ਗਈ ਹੈ। ਏਪੀ ਅਨੁਸਾਰ, ਬਘਾਈ ਨੇ ਈਰਾਨੀ ਸੰਸਦ ਅਤੇ ਸਰਕਾਰ ਦੇ ਵਿਚਕਾਰ ਹੋਰਮੁਜ਼ ਨੂੰ ਲੈ ਕੇ ਮਤਭੇਦਾਂ ਦੀਆਂ ਖ਼ਬਰਾਂ ਨੂੰ ਵੀ ਖ਼ਾਰਜ ਕੀਤਾ।

(ਬਾਕੀ ਸਫ਼ਾ 4 ’ਤੇ)


DHILLON IMMIGRATION LAW FIRM, PC



101 Avenue of the Americas, 9th Floor, New York, NY 10013
Amandeep Singh Dhillon
Immigration Attorney
Asylum • Deportation Defense • VAWA Cases
Detention Cases • Green Cards
Citizenship & Naturalization
Family Immigration • Employment Immigration
Call: (516) 253-5490 | (516) 440-4570
Serving Clients Nationwide
Email: info@dhillonimmigrationlawfirm.com
www.dhillonimmigrationlawfirm.com
Admitted in California Only • Practice Limited to U.S. Federal Immigration Law



Raja SWEETS & CATERING
AUTHORIZED CATERER FOR MAJOR 5-STAR HOTELS
Follow us on:
Toll Free 1-866-FOR-RAJA
www.rajasweets.com
msbains@rajasweets.com
ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।
Fresh Sweets, Snacks & Food
Catering with Portable Tandoor for up to 10000 guests
Lunch - Dinner - Take Out - Banquets
Items Serving: All kinds of Sweets, Snacks & Food, Chaat & Tikki Stall, Pani Poori Stall, Bhel Poori / Pav Bhaji, Faloода Kulfi
Catering Services: Wedding Ceremonies, Receptions, Birthday Parties, Religious Gatherings, Corporate Events, Picnics / Bar-b-que
Additional Services: Warmers, Chaffing Dishes, China & Silverware, Linen Rental, Waiters & Bartenders
Raja Sweets & Indian Cuisine
Raja Indian Cuisine & Bar
Call Makhan Bains or Ravinder Singh For Your Next Party
1-866-FOR-RAJA (367-7252)
www.RajaSweets.com

GLOBAL TRUCK PERMITS



18 years of experience
Services
-We do Same day IRP Plates
-Truck Permits
-New company
-Truck ELD
-Trucking compliance



Rajinder Singh
159 D'Arcy Pkwy, Lathrop, CA 95330
Phone: 209 636 0880

# ਮੇਟਾ ਨੂੰ ਕਰਨੀ ਪਵੇਗੀ ਭਾਰਤੀ ਕਾਨੂੰਨਾਂ ਦੀ ਪਾਲਣਾ

**ਨਵੀਂ ਦਿੱਲੀ:** ਕੇਂਦਰ ਸਰਕਾਰ ਨੇ ਮੇਟਾ ਨੂੰ ਸਪੱਸ਼ਟ ਹਦਾਇਤ ਦਿੰਦੇ ਹੋਏ ਕਿਹਾ ਹੈ ਕਿ ਇਸ ਦੇ ਪਲੇਟਫਾਰਮਾਂ ਨੂੰ ਸਿਰਫ਼ ਆਲਮੀ ਨੀਤੀਆਂ ਦੀ ਥਾਂ ਭਾਰਤੀ ਕਾਨੂੰਨਾਂ ਦੇ ਤਹਿਤ ਸੰਚਾਲਿਤ ਕੀਤਾ ਜਾਣਾ ਚਾਹੀਦਾ ਹੈ। ਸਰਕਾਰੀ ਸੂਤਰਾਂ ਨੇ ਦੱਸਿਆ ਕਿ ਇਹ ਕਹਿਣਾ ਗ਼ਲਤ ਹੋਵੇਗਾ ਕਿ ਸਰਕਾਰ ਨੇ ਮੇਟਾ ਨੂੰ ਆਪਣੇ ਐਲਗੋਰਿਦਮ 'ਚ ਪੂਰੀ ਤਰ੍ਹਾਂ ਨਾਲ ਬਦਲਾਅ ਕਰਨ ਦਾ ਨਿਰਦੇਸ਼ ਦਿੱਤਾ ਹੈ। ਹਾਲਾਂਕਿ, ਕੁਝ ਚਿੰਤਾਵਾਂ ਬਣੀਆਂ ਹੋਈਆਂ ਹਨ। ਮੇਟਾ ਦੇ ਨਾਲ ਹਾਲੀਆ ਗੱਲਬਾਤ ਦਾ ਮੁੱਖ ਟੀਚਾ ਇਹ ਯਕੀਨੀ ਬਣਾਉਣਾ ਹੈ ਕਿ ਪਲੇਟਫਾਰਮ ਦੀ ਗਾਈਡਲਾਈਨ ਤੇ ਕੰਟੈਂਟ ਪਾਲਿਸੀ ਪੂਰੀ ਤਰ੍ਹਾਂ ਭਾਰਤੀ ਕਾਨੂੰਨਾਂ ਦੇ ਮੁਤਾਬਕ ਹੋਵੇ। ਸੂਤਰਾਂ ਨੇ ਕਿਹਾ ਕਿ ਦੇਸ਼ ਦੇ ਬਾਹਰ ਕੰਮ ਕਰਨ ਵਾਲੀਆਂ ਟੀਮਾਂ ਅਕਸਰ ਭਾਰਤ ਦੇ ਸੱਭਿਆਚਾਰਕ ਮਾਹੌਲ ਨੂੰ ਪੂਰੀ ਤਰ੍ਹਾਂ ਨਹੀਂ ਸਮਝ ਸਕਦੀਆਂ ਹਨ।

ਇਸ ਲਈ, ਕੰਟੈਂਟ ਨੂੰ ਸਹੀ ਢੰਗ ਨਾਲ ਮਾਡਰੇਟ ਕਰਨ ਲਈ ਮੇਟਾ ਨੂੰ ਵੱਧ ਸਥਾਨਕ ਜਾਣਕਾਰੀ ਦੀ ਜ਼ਰੂਰਤ ਹੈ। ਇਸ 'ਚ ਭਾਰਤੀ ਭਾਸ਼ਾਵਾਂ ਤੇ ਸੱਭਿਆਚਾਰਕ ਬਰੀਕੀਆਂ ਦੀ ਬਿਹਤਰ ਸਮਝ ਸ਼ਾਮਲ ਹੈ। ਮੇਟਾ ਨੂੰ ਕਿਹਾ ਗਿਆ ਹੈ ਕਿ ਅਧਿਕਾਰਤ ਜਾਂ ਵੈਰੀਫਾਈਡ ਹੈਂਡਲ ਤੋਂ ਪੋਸਟ ਕੀਤੇ ਗਏ ਕੰਟੈਂਟ ਨੂੰ ਗ਼ਲਤੀ ਨਾਲ ਡੀਪਫੇਕ ਨਹੀਂ ਮੰਨਿਆ ਜਾਣਾ ਚਾਹੀਦਾ। ਅਜਿਹੇ ਸੰਵੇਦਨਸ਼ੀਲ ਮਾਮਲਿਆਂ ਨੂੰ ਪੂਰੀ ਤਰ੍ਹਾਂ ਆਟੋਮੈਟਿਕ ਸਿਸਟਮ 'ਤੇ ਨਹੀਂ ਛੱਡਿਆ ਜਾ ਸਕਦਾ। ਕਿਸੇ ਵੀ ਕੰਟੈਂਟ ਨੂੰ ਹਟਾਉਣ ਤੋਂ ਪਹਿਲਾਂ ਵਾਜਬ ਸਮੀਖਿਆ ਯਕੀਨੀ ਬਣਾਉਣ ਲਈ ਮਨੁੱਖ ਆਧਾਰਿਤ ਪ੍ਰਣਾਲੀ ਦੀ ਜ਼ਰੂਰਤ ਹੈ।

ਸਰਕਾਰ ਨੇ ਮੇਟਾ ਦੀ ਸਿਫ਼ਾਰਸ਼ ਤੇ ਵਾਇਰਲ ਹੋਣ ਵਾਲੇ ਐਲਗੋਰਿਦਮ ਬਾਰੇ ਵੀ ਸਪੱਸ਼ਟ ਜਾਣਕਾਰੀ ਮੰਗੀ ਹੈ। ਸਰਕਾਰ ਨੇ ਪੁੱਛਿਆ ਕਿ ਯੂਜ਼ਰਾਂ ਨੂੰ ਅਕਸਰ ਅਜਿਹਾ ਕੰਟੈਂਟ ਕਿਉਂ ਦਿਖਾਇਆ ਜਾਂਦਾ ਹੈ, ਜੋ ਉਨ੍ਹਾਂ ਦੀ ਪੰਸਦ ਨਾਲ ਮੇਲ ਨਹੀਂ ਖਾਂਦਾ। ਇਸ ਨਾਲ ਸਿਫ਼ਾਰਸ਼ ਪ੍ਰਣਾਲੀ 'ਚ ਮੌਜੂਦ ਕਮੀਆਂ ਦਾ ਪਤਾ ਲੱਗਦਾ ਹੈ, ਜਿਨ੍ਹਾਂ ਨੂੰ ਸਮਝਣ ਤੇ ਠੀਕ ਕਰਨ ਦੀ ਜ਼ਰੂਰਤ ਹੈ।

## ਬਾਲ ਸ਼ੋਸ਼ਣ ਨਾਲ ਜੁੜੀ ਸਮੱਗਰੀ 'ਤੇ ਕੋਈ ਸਮਝੌਤਾ ਨਹੀਂ

ਬਾਲ ਜਿਨਸੀ ਸ਼ੋਸ਼ਣ ਨਾਲ ਜੁੜੇ ਕੰਟੈਂਟ 'ਤੇ ਸਰਕਾਰ ਦਾ ਰੁਖ਼ ਇਕਦਮ ਸਾਫ਼ ਹੈ। ਸਰਕਾਰ ਨੇ ਕਿਹਾ ਹੈ ਕਿ ਅਜਿਹੀ ਸਮੱਗਰੀ 'ਤੇ ਜ਼ੀਰੋ ਟਾਲਰੈਂਸ ਦੀ ਨੀਤੀ ਅਪਣਾਈ ਜਾਵੇਗੀ। ਇਸ 'ਤੇ ਕੋਈ ਸਮਝੌਤਾ ਨਹੀਂ ਕੀਤਾ ਜਾਵੇਗਾ। ਅਜਿਹੇ ਕੰਟੈਂਟ ਨੂੰ ਪਲੇਟਫਾਰਮ 'ਤੇ ਰਹਿਣ ਦੇਣਾ ਨਿਯਮਾਂ ਦੀ ਗੰਭੀਰ ਉਲੰਘਣਾ ਹੈ। ਇਸ ਮਾਮਲੇ 'ਚ ਮੇਟਾ ਨੂੰ ਜ਼ਿਆਦਾ ਪੁਖ਼ਤਾ ਤੇ ਸਰਗਰਮ ਕਦਮ ਚੁੱਕਣ ਦੀ ਜ਼ਰੂਰਤ ਹੈ। ਸਿਰਫ਼ ਭਰੋਸਾ ਦਿਵਾਉਣ ਦੀ ਥਾਂ ਪੁਖ਼ਤਾ ਕਾਰਵਾਈ ਕਰਨੀ ਪਵੇਗੀ।

## ਮੋਦੀ ਦੀ ਪੋਸਟ 'ਤੇ ਰੋਕ ਲਾਉਣ ਤੋਂ ਬਾਅਦ ਕੀਤੀ ਸਖ਼ਤੀ

ਪਿਛਲੇ ਦਿਨੀਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਫੇਸਬੁਕ ਪੋਸਟ 'ਤੇ ਅਸਥਾਈ ਰੋਕ ਲਗਾਉਣ ਦੇ ਮਾਮਲੇ 'ਚ ਤਲਬ ਕੀਤੇ ਜਾਣ ਤੋਂ ਬਾਅਦ ਮੇਟਾ ਤੇ ਸਰਕਾਰ ਦੇ ਸਿਖਰਲੇ ਅਧਿਕਾਰੀਆਂ 'ਚ ਕਈ ਦੌਰ ਦੀ ਗੱਲਬਾਤ ਹੋਈ ਹੈ। ਮੇਟਾ ਦੇ ਆਲਮੀ ਮਾਮਲਿਆਂ ਦੇ ਮੁਖੀ ਜੋਏਲ ਕਪਲਾਨ ਦੀ ਅਗਵਾਈ 'ਚ ਇੰਟਰਨੈੱਟ ਮੀਡੀਆ ਕੰਪਨੀ ਦੀ ਟੀਮ ਨੇ ਆਈਟੀ ਮੰਤਰਾਲੇ ਦੇ ਅਧਿਕਾਰੀਆਂ ਦੇ ਨਾਲ ਬੈਠਕ ਕੀਤੀ ਸੀ।




Corporate NMLS# 68434
AZ License# BK-0945946

Sistar Mortgage
A Nationwide Lender

Balbir (Bill) Grewal
MORTGAGE LOAN OFFICER
NMLS# 353442

Over 2 Decades of experience providing high level servicing for new and experienced borrowers!

Residential and Commercial Loans
Available In Most States!

Special loan programs for:
- Jumbo Loans
- Self Employed and with a work permit
- Business loans with or without property

(734) 330-8859
balbir.grewal@sistarmortgage.com
balbirgrewal.sistarmortgage.com
https://www.nmlsconsumeraccess.org



T B F
THE BAINS FIRM
Manpreet S. Bains

Personal Injury and Wrongful Death Attorneys

Case Results*

$10 MILLION
Motorcycle vs. Truck Collision


$8 MILLION
Wrongful Death

$5.25 MILLION
Traumatic Brain Injury

$1.1 MILLION
Burn Injury

$1.1 MILLION
Pedestrian vs. Motor Vehicle Collision

*Past Performance Not a Guarantee of Future Results




WILLIAM E. WEISS
Of Counsel

Offices in San Francisco and Union City

No Fees Unless Recovery for Your Injuries is Made
CONTACT US AT:
Phone: (510) 474-0028 • E-mail: info@thebainsfirm.com
www.thebainsfirm.com

Homeopathicvibes
Harminder Singh Gill
Homeopathic Consultant and Practitioner



D.H.M.S; B.C.I.H
(Ex Homeopathic Medical officer Punjab Govt.)
Now we have two locations:
940 E. El Camino Real, Sunnyvale, CA 94087
39039 Paseo Padre Pkwy, Suite# 209 (upstairs), Fremont, CA 94538
We also do Virtual appointments for long distance patients.
Ph: (408) 737-7100
www.homeopathicvibes.com
We sell and ship homeopathic remedies through out North America.

ਗਲੋਬਲ ਮਲਟੀ ਸਰਵਿਸਿਜ਼, ਲੈਥਰੋਪ
ਪਿਛਲੇ 15 ਸਾਲਾਂ ਤੋਂ ਤੁਹਾਡੀ ਸੇਵਾ ਵਿਚ
ਟਰੱਕਾਂ ਵਾਲੇ ਵੀਰਾਂ ਦੀਆਂ ਮੁਸ਼ਕਿਲਾਂ ਦਾ ਹੱਲ ਇੱਕੋ ਛੱਤ ਥੱਲੇ

SAME DAY
ਲਾਇਸੰਸ ਪਲੇਟ ਲੈਣ ਵਾਸਤੇ ਸਾਨੂੰ ਸੰਪਰਕ ਕਰੋ ।

ਹੁਣ ਅਸੀਂ DPF Cleaning ਅਤੇ Baking ਵੀ ਕਰਦੇ ਹਾਂ।

STOCKTON ਵਿੱਚ ਪੰਜਾਬੀ ਭਰਾਂਵਾਂ ਦੀ ਇੱਕੋ ਇੱਕ ALIGNMENT SHOP
• 3 Axle Alignment $199
• Trailer Alignment $150

Grand Opening
Special Price for Truck Wash

ਗਲੋਬਲ ਮਲਟੀ ਸਰਵਿਸਿਜ਼ ਦੀ ਨਵੀਂ ਲੋਕੇਸ਼ਨ STOCKTON ਵਿਚ HIGHWAY 4 ਦੇ ਬਿਲਕੁਲ ਨਜ਼ਦੀਕ
1950 E Miner Ave.
Stockton, CA 95205

Ph: 209.982.9996
FAX: 209.982.9997
www.globalmultiservices.com info@globalmultiservices.com

REPAIR SHOP
ਟਰੱਕ ਤੇ ਟਰੇਲਰ ਦੇ ਹਰ ਤਰ੍ਹਾਂ ਦੇ ਟਾਇਰਾਂ ਤੋਂ ਇਲਾਵਾ Oil Change, Brakes, Engine Work, Tune Up, Transmission & Clutch ਆਦਿ ਦੀ ਮੁਰੰਮਤ ਅਤੇ Truck Alignment ਦਾ ਕੰਮ ਤਸੱਲੀਬਖਸ਼ ਢੰਗ ਨਾਲ ਕੀਤਾ ਜਾਂਦਾ ਹੈ। 500+ ਟਰੱਕਾਂ ਦੀ ਖੁੱਲ੍ਹੀ-ਡੁੱਲ੍ਹੀ ਪਾਰਕਿੰਗ ਦੇ ਨਾਲ, ਟਰੱਕ-ਟਰੇਲਰ Wash ਕਰਨ ਦਾ ਵੀ ਵਧੀਆ ਪ੍ਰਬੰਧ ਹੈ।
TEL: 209.547.9210
FAX: 209.547.9211

REGISTRATION SERVICES
ਟਰੱਕਿੰਗ ਨਾਲ ਸਬੰਧਤ ਹਰ ਤਰ੍ਹਾਂ ਦੇ ਪਰਮਿਟ ਜਿਵੇਂ IFTA, CA#, MCP, 2290, ICC, BOC III, NM & Kentucky Permit, DOT Fuel Tax, Corporation Filling ਅਤੇ ਟਰੱਕਾਂ ਦੀਆਂ ਲਾਇਸੈਂਸ ਪਲੇਟਾਂ Same Day Service ਵੀ ਦਿੰਦੇ ਹਾਂ। ਤੁਸੀਂ ਸਾਡੇ ਕੋਲੋਂ ਪਲੇਟਾਂ ਲੈ ਕੇ ਆਪਣਾ ਕੰਮ ਤੁਰੰਤ ਸ਼ੁਰੂ ਕਰ ਸਕਦੇ ਹੋ। ਅਸੀਂ DOT Compliance, DOT Audit ਵਿਚ ਵੀ ਟਰੱਕਿੰਗ ਕੰਪਨੀਆਂ ਦੀ ਮਦਦ ਕਰਦੇ ਹਾਂ।
TEL: 209.982.9996
FAX: 209.982.9997

# ਰਿਵਾਇਤੀ 'ਤੀਆਂ ਫਰਿਜ਼ਨੋ ਦੀਆਂ' ਨੇ ਵਿਰਾਸਤੀ ਰੰਗਾਂ ਵਿਚ ਰੰਗਿਆ ਕਾਰਨੀ ਪਾਰਕ

**ਫਰਿਜ਼ਨੋ (ਕੁਲਵੰਤ ਧਾਲੀਆਂ/ਨੀਟਾ ਮਾਛੀਕੇ):** ਤਿੰਨ ਦਹਾਕੇ ਪਹਿਲਾਂ ਕੈਲੇਫੋਰਨੀਆ ਵਿਚ ਸਭ ਤੋਂ ਪਹਿਲਾਂ ਰਾਜਪਾਲ ਕੌਰ ਬਰਾੜ, ਗੁੱਡੀ ਰਾਣੂ, ਗੁੱਡੀ ਸਿੱਧੂ ਅਤੇ ਹੋਰ



ਸਹੇਲੀਆਂ ਨੇ ਪੰਜਾਬੀ ਔਰਤਾਂ ਨਾਲ ਰਲ ਕੇ ਸ਼ਹਿਰ ਦੀ ਸੰਘਣੀ ਵਸੋਂ ਤੋਂ ਦੂਰ 'ਕਾਰਨੀ ਪਾਰਕ' ਦੇ ਦਰੱਖਤਾਂ ਦੀ ਸੰਘਣੀ ਛਾਂ ਹੇਠ ਤੀਆਂ ਦੀ ਸ਼ੁਰੂਆਤ ਕੀਤੀ ਸੀ, ਜੋ ਅੱਜ ਵੀ ਬਰਕਰਾਰ ਹੈ। ਕੁਝ ਸਾਲ ਪਹਿਲਾਂ ਗੁੱਡੀ ਸਿੱਧੂ ਅਚਾਨਕ ਅਕਾਲ ਚਲਾਣਾ ਕਰ ਗਏ ਸਨ, ਪਰ ਉਨ੍ਹਾਂ ਦੀਆਂ ਸਹੇਲੀਆਂ ਇਸ ਰਿਵਾਇਤ ਨੂੰ ਕਾਇਮ ਰੱਖਦਿਆਂ ਹਰ ਸਾਲ ਤੀਆਂ ਮਨਾਉਂਦੀਆਂ ਹਨ।

'ਕਾਰਨੀ ਪਾਰਕ ਵਾਲੀਆਂ ਤੀਆਂ' ਪੰਜਾਬ ਵਾਂਗ ਹੀ ਖੁੱਲ੍ਹੀਆਂ ਗਰਾਊਂਡਾਂ ਵਿਚ ਪਰੰਪਰਾਗਤ (ਰਵਾਇਤੀ) ਤਰੀਕੇ ਨਾਲ ਲੱਗਦੀਆਂ ਹਨ। ਇੱਥੇ ਵੱਖ-ਵੱਖ ਸ਼ਹਿਰਾਂ ਤੋਂ ਬੀਬੀਆਂ-ਭੈਣਾਂ ਰਲ ਵੱਖੋ-ਵੱਖ ਗਰੁੱਪਾਂ ਵਿਚ ਗੀਤ ਗਾ, ਬੋਲੀਆਂ ਪਾ, ਗਿੱਧੇ ਦਾ ਮੁਕਾਬਲਾ ਕਰਦੀਆਂ ਹੋਈਆਂ ਪੰਜਾਬ ਦੇ ਅਮੀਰ ਵਿਰਸੇ ਨੂੰ ਸਿਰਜ ਕੇ ਪੰਜਾਬੀਅਤ ਦਾ ਰੂਪ ਪੇਸ਼ ਕਰ ਰਹੀਆਂ ਸਨ। ਤੀਆਂ ਦੇਖਣ ਅਤੇ ਹਿੱਸਾ ਲੈਣ ਆਈਆਂ ਮੁਟਿਆਰਾਂ ਦੀਆਂ ਰੰਗ-ਬਰੰਗੀਆਂ ਪੁਸ਼ਾਕਾਂ, ਲਹਿੰਗੇ, ਘੱਗਰੇ ਅਤੇ ਗਹਿਣੇ ਤੀਆਂ ਦੀ ਰੌਣਕ ਨੂੰ ਪੰਜਾਬੀਅਤ ਦੇ ਮਾਹੌਲ ਵਿਚ ਹੋਰ ਵੀ ਰੰਗੀਨ ਬਣਾ ਰਹੇ ਸਨ।

ਤੀਆਂ ਦੌਰਾਨ ਪ੍ਰਬੰਧਕਾਂ ਵੱਲੋਂ ਸਮਾਪਤੀ 'ਤੇ ਖੁੱਲ੍ਹੇ ਗਿੱਧੇ ਅਤੇ ਬੋਲੀਆਂ ਤੋਂ ਇਲਾਵਾ ਨਵੀਂ ਪੀੜ੍ਹੀ ਦੀ ਮੰਗ 'ਤੇ ਡੀ.ਜੇ. ਦਾ ਵੀ ਖਾਸ ਪ੍ਰਬੰਧ ਕੀਤਾ ਗਿਆ ਸੀ। ਹਮੇਸ਼ਾ ਵਾਂਗ ਤੀਆਂ ਦਾ ਮਾਹੌਲ ਪੰਜਾਬ ਦੇ ਕਿਸੇ ਇਤਿਹਾਸਕ ਮੇਲੇ ਦੀ ਯਾਦ ਦਿਵਾ ਰਿਹਾ ਸੀ, ਜਿੱਥੇ ਇੱਕ ਹਜ਼ਾਰ ਦੇ ਲਗਭਗ ਬੀਬੀਆਂ-ਭੈਣਾਂ ਅਤੇ ਬੱਚੀਆਂ ਨੇ ਲਾਈਵ ਗਿੱਧੇ ਅਤੇ ਬੋਲੀਆਂ ਰਾਹੀਂ ਅਮੀਰ ਪੰਜਾਬੀ ਸੱਭਿਆਚਾਰ ਵਿਰਸੇ ਨੂੰ ਸਿਜਦਾ ਕਰਦੇ ਹੋਏ ਖੂਬ ਰੌਣਕਾਂ ਲਾਈਆਂ।

ਇਸ ਸਮੁੱਚੇ ਪ੍ਰੋਗਰਾਮ ਦੀ ਸਫਲਤਾ ਦਾ ਸਿਹਰਾ ਗੁੱਡੀ ਰਾਣੂ, ਰਾਜਪਾਲ ਕੌਰ ਬਰਾੜ, ਰਾਜਿੰਦਰ ਕੌਰ ਢਿੱਲੋਂ, ਪਰਮਜੀਤ ਕੌਰ ਅਤੇ ਸਮੂਹ ਸਹਿਯੋਗੀ ਬੀਬੀਆਂ ਨੂੰ ਜਾਂਦਾ ਹੈ। ਪ੍ਰੋਗਰਾਮ ਨੂੰ ਹਮੇਸ਼ਾ ਸਹਿਯੋਗ ਦੇਣ ਲਈ 'ਇੰਡੀਆ ਸਵੀਟ ਐਂਡ ਸਪਾਈਸ' ਅਤੇ 'ਸ਼ਾਨੇ ਪੰਜਾਬ' ਭਾਰਤੀ ਗਰੋਸਰੀ ਸਟੋਰ ਅਤੇ ਰੈਸਟੋਰੈਂਟਾਂ ਦਾ ਪ੍ਰਬੰਧਕਾਂ ਵੱਲੋਂ ਵਿਸ਼ੇਸ਼ ਧੰਨਵਾਦ ਕੀਤਾ ਗਿਆ। 'ਧਾਲੀਆਂ ਅਤੇ ਮਾਛੀਕੇ ਮੀਡੀਆ ਅਮਰੀਕਾ' ਵੱਲੋਂ ਪ੍ਰੋਗਰਾਮ ਦੀ ਕਵਰੇਜ ਕੀਤੀ ਗਈ। ਡੀ.ਜੇ. ਐਨ.ਡੀ. ਬ੍ਰਦਰਜ਼ ਵੱਲੋਂ ਅਤੇ ਫੂਡ ਸਟਾਲ ਅਸ਼ੋਕਾ ਇੰਡੀਅਨ ਰੈਸਟੋਰੈਂਟ ਸੈਲਮਾਂ ਵੱਲੋਂ ਲਾਇਆ ਗਿਆ। ਅੰਤ ਆਪਸੀ ਮੇਲ-ਮਿਲਾਪ ਦੀਆਂ ਸਾਂਝਾਂ ਪਾਉਂਦਾ ਇਹ ਰਵਾਇਤੀ ਤੀਆਂ ਦਾ ਇਕੱਠ ਫਿਰ ਤੋਂ ਅਗਲੇ ਸਾਲ ਕਾਰਨੀ ਪਾਰਕ ਵਿਚ ਮਿਲਣ ਦੇ ਵਾਅਦੇ ਨਾਲ ਯਾਦਗਾਰੀ ਹੋ ਨਿਬੜਿਆ।

# ਰਾਜ ਸਭਾ 'ਚ ਹਰ ਸੂਬੇ ਨੂੰ ਮਿਲੇ ਬਰਾਬਰ ਨੁਮਾਇੰਦਗੀ: ਇਯਾਲੀ

**ਚੰਡੀਗੜ੍ਹ:** ਅਕਾਲੀ ਦਲ 'ਵਾਰਿਸ ਪੰਜਾਬ ਦੇ' ਦੇ ਸੀਨੀਅਰ ਆਗੂ ਤੇ ਮੁੱਲਾਂਪੁਰ ਦਾਖਾ ਤੋਂ ਵਿਧਾਇਕ ਮਨਪ੍ਰੀਤ ਸਿੰਘ ਇਆਲੀ ਨੇ ਰਾਜ ਸਭਾ 'ਚ ਸਾਰੇ ਸੂਬਿਆਂ ਨੂੰ ਬਰਾਬਰ ਨੁਮਾਇੰਦਗੀ ਦੇਣ ਲਈ ਸੰਵਿਧਾਨਕ ਸੋਧ ਲਿਆਉਣ ਦੀ ਮੰਗ ਕੀਤੀ ਹੈ। ਵਿਧਾਨ ਸਭਾ 'ਚ ਇਹ ਮੁੱਦਾ ਉਠਾਉਂਦਿਆਂ ਇਆਲੀ ਨੇ ਕਿਹਾ ਕਿ ਆਬਾਦੀ ਦੇ ਆਧਾਰ 'ਤੇ ਲੋਕ ਸਭਾ ਦੀਆਂ ਸੀਟਾਂ ਦੀ ਹੱਦਬੰਦੀ ਹੋਣ ਨਾਲ ਵੱਡੀ ਆਬਾਦੀ ਵਾਲੇ ਸੂਬਿਆਂ ਦੀ ਨੁਮਾਇੰਦਗੀ ਵਧੇਗੀ, ਪਰ ਇਸ ਨਾਲ ਛੋਟੇ ਸੂਬਿਆਂ ਦੇ ਹਿਤਾਂ ਦੀ ਰਾਖੀ ਲਈ ਰਾਜ ਸਭਾ 'ਚ ਬਰਾਬਰ ਪ੍ਰਤੀਨਿਧਤਾ ਯਕੀਨੀ ਬਣਾਉਣਾ ਵੀ ਬੇਹੱਦ ਜ਼ਰੂਰੀ ਹੈ। ਇਯਾਲੀ ਨੇ ਕਿਹਾ ਕਿ ਪ੍ਰਸਤਾਵਿਤ ਹੱਦਬੰਦੀ ਤੇ ਸੰਵਿਧਾਨਕ ਸੋਧ ਤਹਿਤ ਲੋਕ ਸਭਾ ਦੀਆਂ ਸੀਟਾਂ 'ਚ ਵਾਧਾ ਹੋਣ ਦੀ ਸੰਭਾਵਨਾ ਹੈ। ਪੰਜਾਬ ਦੀਆਂ ਮੌਜੂਦਾ 117 ਵਿਧਾਨ ਸਭਾ ਤੇ ਲੋਕ ਸਭਾ ਸੀਟਾਂ ਵਧਣ ਦੀ ਸੰਭਾਵਨਾ ਦੇ ਮੱਦੇਨਜ਼ਰ ਉਨ੍ਹਾਂ ਕਿਹਾ ਕਿ ਸਿਰਫ਼ ਆਬਾਦੀ ਦੇ ਆਧਾਰ 'ਤੇ ਨੁਮਾਇੰਦਗੀ ਵਧਾਉਣ ਨਾਲ ਛੋਟੇ ਸੂਬਿਆਂ ਦੀ ਰਾਜਨੀਤਿਕ ਆਵਾਜ਼ ਹੋਰ ਕਮਜ਼ੋਰ ਹੋ ਸਕਦੀ ਹੈ।

ਉਨ੍ਹਾਂ ਕਿਹਾ ਕਿ ਭਾਰਤ ਦੇ ਸੰਘੀ ਢਾਂਚੇ ਨੂੰ ਮਜ਼ਬੂਤ ਕਰਨ ਲਈ ਰਾਜ ਸਭਾ 'ਚ ਹਰ ਸੂਬੇ ਨੂੰ ਪ੍ਰਤੀਨਿਧਤਾ ਦੇਣ 'ਤੇ



ਵਿਚਾਰ ਕੀਤਾ ਜਾਣਾ ਚਾਹੀਦਾ ਹੈ। ਉਨ੍ਹਾਂ ਉਦਾਹਰਨ ਦਿੰਦਿਆਂ ਕਿਹਾ ਕਿ ਅਮਰੀਕਾ, ਸਵਿਟਜ਼ਰਲੈਂਡ ਤੇ ਆਸਟ੍ਰੇਲੀਆ ਆਦਿ ਦੇਸ਼ ਇਸ ਦੀ ਮੁੱਖ ਉਦਾਹਰਨ ਹਨ, ਜਿੱਥੇ ਰਾਜਾਂ ਨੂੰ ਉੱਪਰਲੇ ਸਦਨ ਵਿੱਚ ਬਰਾਬਰ ਦੀ ਨੁਮਾਇੰਦਗੀ ਦਿੱਤੀ ਜਾਂਦੀ ਹੈ।


## Matrimonials

### ਲੜਕੇ ਦੀ ਲੋੜ ਹੈ

ਜੱਟ ਸਿੱਖ ਗਰੇਵਾਲ ਪਰਿਵਾਰ ਨੂੰ ਆਪਣੀ ਯੂ.ਐੱਸ. ਸਿਟੀਜ਼ਨ 27 ਸਾਲਾ, ਲੜਕੀ ਲਈ ਪੜ੍ਹੇ-ਲਿਖੇ ਅਤੇ ਇੰਡੀਆ ਵਿਚ 15-20 ਏਕੜ ਜ਼ਮੀਨ ਵਾਲੇ ਲੜਕੇ ਦੀ ਲੋੜ ਹੈ। ਅਮਰੀਕਾ ਵਿਚ ਸਟੂਡੈਂਟ ਵੀਜ਼ੇ ਵਾਲੇ ਲੜਕੇ ਨੂੰ ਪਹਿਲ ਦਿੱਤੀ ਜਾਵੇਗੀ।
ਚਾਹਵਾਨ 734-444-5774 'ਤੇ ਸੰਪਰਕ ਕਰਨ।

27-31

Khatri Punjabi family looking for a well educated US citizen Hindu/Sikh match for their August 92 born height 5'6, slim and fair complexion daughter. She has done B.tech M.S in C.S. &MBA. Working in Artificial intelligence. Boy Between the age of 31-38 years will be prefered.
Contact us at: 269-830-0980

### ਲੜਕੀ ਦੀ ਲੋੜ ਹੈ

ਅਮਰੀਕਾ ਵਿਚ ਵਧੀਆ ਸਥਾਪਤ ਜੱਟ ਸਿੱਖ ਪਰਿਵਾਰ ਨੂੰ ਆਪਣੇ ਅਮਰੀਕਨ ਸਿਟੀਜ਼ਨ ਲੜਕੇ, ਉਮਰ 29 ਸਾਲ, ਕੱਦ 5'10" ਲਈ ਅਮਰੀਕਨ ਸਿਟੀਜ਼ਨ, ਪੜ੍ਹੀ-ਲਿਖੀ, ਹੋਹਣੀ-ਸੁਨੱਖੀ ਲੜਕੀ ਦੀ ਲੋੜ ਹੈ। ਲੜਕਾ ਬਿਜ਼ਨਸ ਫਾਈਨੈਂਸ ਦੀ ਵਧੀਆ ਜੌਬ ਕਰਦਾ ਹੈ। ਇੰਡੀਆ ਵਿਚ ਚੰਗੀ ਜ਼ਮੀਨ-ਜਾਇਦਾਦ ਹੈ। ਚਾਹਵਾਨ ਸੰਪਰਕ ਕਰਨ: 224-422-4773

Ramgarhia Family seeks a suitable match for their USA Born and Raised Non-vegetarian 32 year 5'7" Gursikh son. PhD. & working as Chemical Analyst at Pfizer. Girl should be Gursikh and educated. Caste no bar. If you are interested please call us at 224-422-4773.

## SUPER TRAVEL

847-676-9090, 773-465-5566

*E-mail: supertravel2003@live.com*

**Lowest Fares With Excellent Service**

*United Airlines*
*British Airways*



*Etihad, Air India, KLM, Lufthansa, Delta, Qatar Airlines.*

**For Emergency Call anytime at 847-673-3825**

*EARLY BIRD SALE!!!!*

**Domestic fares available**



## UMA TRAVELS

**2541 W. Devon Ave., Chicago, IL 60659**

**For Delhi Amritsar-Bombay Ahmedabad, Hydrabad-Madras**

**Call For Special Sale Fares**

**Call: 773-338-5603**


# ਯੂਕਰੇਨ ਦੇ ਰੂਸ 'ਤੇ ਸਭ ਤੋਂ ਵੱਡੇ ਹਮਲੇ ਵਿਚ 13 ਮੌਤਾਂ

**ਮਾਸਕੋ:** ਸਾਢੇ ਚਾਰ ਸਾਲਾਂ ਤੋਂ ਚੱਲ ਰਹੇ ਯੁੱਧ ਵਿਚ ਯੂਕਰੇਨ ਨੇ ਰੂਸ 'ਤੇ ਸਭ ਤੋਂ ਵੱਡਾ ਹਮਲਾ ਕੀਤਾ ਹੈ।

ਸੋਮਵਾਰ ਨੂੰ ਹੋਏ ਇਸ ਹਮਲੇ ਵਿਚ 13 ਲੋਕ ਮਾਰੇ ਗਏ ਅਤੇ 39 ਜ਼ਖ਼ਮੀ ਹੋਏ ਹਨ। ਮਰਨ ਵਾਲਿਆਂ ਵਿਚ ਸੱਤ ਉਜ਼ਬੇਕ ਨਾਗਰਿਕ ਸ਼ਾਮਲ ਹਨ। ਇਹ ਹਮਲਾ ਰੂਸ ਦੇ ਤਾਤਰਸਤਾਨ ਸੂਬੇ ਦੇ ਨਿਜ਼ਨੇਕਾਮਸਕ ਸ਼ਹਿਰ ਵਿਚ ਸਥਿਤ ਤਾਨੇਕੋ ਆਇਲ ਰਿਫਾਇਨਰੀ'ਤੇ ਹੋਇਆ।

ਹਮਲੇ ਕਾਰਨ ਉੱਥੇ ਭਿਆਨਕ ਅੱਗ ਲੱਗ ਗਈ। ਇਹ ਹਮਲਾ ਦੂਜੇ ਵਿਸ਼ਵ ਯੁੱਧ ਤੋਂ ਬਾਅਦ ਰੂਸ 'ਤੇ ਕਿਸੇ ਵਿਦੇਸ਼ੀ ਫ਼ੌਜ ਦਾ ਸਭ ਤੋਂ ਵੱਡਾ ਹਮਲਾ ਹੈ ਜਿਸ ਵਿਚ ਇੰਨੀ ਜਾਨ ਹਾਨੀ ਹੋਈ ਹੈ। ਉਜ਼ਬੇਕ ਲੋਕਾਂ ਦੇ ਮਰਨ 'ਤੇ ਕਾਜ਼ਾਨ ਵਿਚ ਸਥਿਤ ਉਜ਼ਬੇਕਿਸਤਾਨ ਦੇ ਵਣਜ ਦੂਤਘਰ ਨੇ ਕ ਵਿਰੋਧ ਜ਼ਾਹਰ ਕੀਤਾ ਹੈ। ਮ੍ਰਿਤਕਾਂ ਵਿਚ ਇਕ ਤਾਜਿਕਿਸਤਾਨ ਦਾ ਵੀ ਨਾਗਰਿਕ ਹੈ। ਜ਼ਖ਼ਮੀਆਂ ਵਿਚ ਵੀ ਨੌਂ ਲੋਕ ਤਾਜਿਕ ਹਨ। ਰੂਸ ਦੇ ਬੇਲਗੋਰੋਦ ਇਲਾਕੇ ਵਿਚ ਵੀ ਫ਼ੰਅ ਯੂਕਰੇਨ ਦੇ ਡ੍ਰੋਨ ਹਮਲੇ ਵਿਚ ਪੰਜ ਲੋਕ ਮਾਰੇ ਗਏ ਹਨ ਅਤੇ 25 ਜ਼ਖ਼ਮੀ ਹੋਏ ਹਨ।

ਰੂਸ ਨੇ ਉਦਯੋਗਿਕ ਥਾਵਾਂ ਅਤੇ ਰਿਹਾਇਸ਼ੀ ਇਮਾਰਤਾਂ 'ਤੇ ਯੂਕਰੇਨ ਦੇ ਹਮਲੇ ਨੂੰ ਉਸ ਦਾ ਅੱਤਵਾਦੀ ਕਾਰਮਾਨਾ ਦੱਸਿਆ ਹੈ।

ਹਮਲੇ ਵਿਚ ਨਿਸ਼ਾਨਾ ਬਣੀ ਤਾਨੇਕੋ ਰਿਫਾਇਨਰੀ ਵਿਚ ਲੱਗੀ ਅੱਗ ਦਾ ਧੂੰਆਂ ਮੀਲਾਂ ਦੂਰ ਤੋਂ ਵੀ ਦਿਖਾਈ ਦੇ ਰਿਹਾ ਹੈ। ਇਸ ਰਿਫਾਇਨਰੀ 'ਤੇ ਯੂਕਰੇਨ ਨੇ ਜੂਨ ਵਿਚ ਵੀ ਡ੍ਰੋਨ ਹਮਲਾ ਕਰ ਕੇ ਨੁਕਸਾਨ ਪਹੁੰਚਾਇਆ ਸੀ।ਯੂਕਰੇਨ ਦੇ ਦੂਜੇ ਵੱਡੇ ਸ਼ਹਿਰ ਖਾਰਕੀਵ ਰੂਸ ਦੇ ਹਮਲੇ ਵਿਚ ਤਿੰਨ ਲੋਕ ਮਾਰੇ ਗਏ ਅਤੇ 37 ਜ਼ਖ਼ਮੀ ਹੋਏ ਹਨ।



**Punjab Times**
**Established in 2000**
**26th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com
**Founder Editor:**
Amolak Singh Jammu
**Managing Editor**
Jaspreet Kaur
**Editor**
Lakhvinder S. Johal
**Astt. Editor**
Amrit Pal Kaur

**Photographer**
Kamaljit Singh Virdi
Ph. 847-502-2703
**Our Columnists**
Gurbakhsh Singh Bhandal
Buta Singh
Tarlochan Singh Dupalpur
**Corrspondents**
**California**
Ashok Bhaura
**New York**
Iqbal S. Jabowalia
917-375-6395

Postmaster: Please send address changes to Punjab Times, 20451 N. Plum Grove Rd., Palatine, IL 60074

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ ਸਾਲਾਨਾ ਚੰਦਾ: 140 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰ ਵਿਚ ਕੀਤੇ ਗਏ ਦਾਅਵੇ ਦੀ ਜ਼ਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵੇ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claim made in the advertisement published in Punjab Times.

**All disputes subject to Chicago jurisdiction.**

# ਅਕਾਲੀ ਦਲ ਨਾਲ ਗਠਜੋੜ ਨਹੀਂ, ਇਕੱਲੇ ਲੜਾਂਗੇ: ਢਿੱਲੋਂ

**ਰੂਪਨਗਰ:** ਅਕਾਲੀ ਦਲ-ਭਾਜਪਾ ਗਠਜੋੜ ਦੀਆਂ ਚਰਚਾਵਾਂ ਵਿਚਾਲੇ ਭਾਜਪਾ ਦੇ ਸੂਬਾ ਪ੍ਰਧਾਨ ਕੇਵਲ ਸਿੰਘ ਢਿੱਲੋਂ ਨੇ ਕਿਹਾ ਹੈ ਕਿ ਭਾਜਪਾ ਸੂਬੇ ਦੀਆਂ ਵਿਧਾਨ ਸਭਾ ਦੀਆਂ ਸਾਰੀਆਂ 117 ਸੀਟਾਂ 'ਤੇ ਚੋਣ ਲੜੇਗੀ। ਅਕਾਲੀ ਦਲ ਨਾਲ ਗਠਜੋੜ ਦਾ ਕੋਈ ਸਵਾਲ ਹੀ ਨਹੀਂ ਹੈ। ਰੂਪਨਗਰ 'ਚ ਭਾਜਪਾ ਵੱਲੋਂ ਕੱਢੀ ਗਈ ਤਿਰੰਗਾ ਯਾਤਰਾ 'ਚ ਸ਼ਾਮਲ ਹੋਣ ਪੁੱਜੇ ਕੇਵਲ ਸਿੰਘ ਢਿੱਲੋਂ ਨੇ ਇੱਥੇ ਪੱਤਰਕਾਰਾਂ ਨਾਲ ਗੱਲ ਕਰਦਿਆਂ ਸਾਫ਼ ਕੀਤਾ ਕਿ ਭਾਜਪਾ, ਸ਼੍ਰੋਮਣੀ ਅਕਾਲੀ ਦਲ ਨਾਲ ਕਦੇ ਵੀ ਸਮਝੌਤਾ ਨਹੀ ਕਰੇਗੀ। 2027 ਦੀਆਂ ਵਿਧਾਨ ਸਭਾ ਚੋਣਾਂ ਭਾਜਪਾ ਇਕੱਲੇ ਲੜੇਗੀ। ਇਹੀ



ਪਾਰਟੀ ਹਾਈ ਕਮਾਂਡ ਦਾ ਆਦੇਸ਼ ਹੈ। ਪਾਰਟੀ ਨੇ ਆਪਣੇ ਦਮ 'ਤੇ ਚੋਣਾਂ ਲੜਣ ਦੀ ਪੂਰੀ ਤਿਆਰੀ ਕਰ ਲਈ ਹੈ। ਉਨ੍ਹਾਂ ਕਿਹਾ ਕਿ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਮਿਲ ਕੇ ਆਏ ਹਨ ਪ੍ਰੰਤੂ ਸਿਆਸੀ ਗਠਜੋੜ ਦੀ ਕੋਈ ਗੱਲ ਨਹੀ ਹੈ। ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਸਾਰਿਆਂ ਦੇ ਹਨ। ਸੁਖਬੀਰ ਬਾਦਲ ਦੇ ਵੀ ਹਨ। ਸੁਖਬੀਰ ਪੰਜਾਬ ਤੇ ਅਕਾਲੀ ਦਲ ਦੇ ਵੱਡੇ ਆਗੂ ਹਨ। ਉਨ੍ਹਾਂ ਨੇ ਪ੍ਰਧਾਨ ਮੰਤਰੀ ਨਾਲ ਮੁਲਾਕਾਤ 'ਚ ਪੰਜਾਬ ਦੇ ਮੁੱਦਿਆਂ 'ਤੇ ਹੀ ਗੱਲ ਕੀਤੀ ਹੋਵੇਗੀ।

ਪ੍ਰੈਸ ਕਾਨਫਰੰਸ 'ਚ ਮਾਈਨਿੰਗ ਬਾਰੇ ਪੁੱਛੇ ਗਏ ਸਵਾਲ ਦੇ ਸਬੰਧ 'ਚ ਢਿੱਲੋਂ ਦਾ ਕਹਿਣਾ ਸੀ ਕਿ ਇਹ ਗੱਲ ਹੁਣ ਕਿਸੇ ਤੋਂ ਲੁਕੀ ਨਹੀਂ ਕਿ ਰੂਨਗਰ ਪੰਜਾਬ 'ਚ ਮਾਈਨਿੰਗ ਦਾ ਗੜ੍ਹ ਬਣ ਚੁੱਕਾ ਹੈ। ਜਿੱਥੇ ਬਰਸਾਤ ਦੇ ਮੌਸਮ 'ਚ ਵੀ ਸਰੇਆਮ ਬੇਰੋਕ ਮਾਈਨਿੰਗ ਚੱਲ ਰਹੀ ਹੈ।

## ਅਮਰੀਕਾ ਮੰਗਾਂ ਮੰਨੇਗਾ...

(ਪਹਿਲੇ ਸਫ਼ੇ ਦਾ ਬਾਕੀ)

## ਸਾਊਦੀ ਅਰਬ 'ਤੇ ਹਾਊਤੀ ਹਮਲਿਆਂ ਨੇ ਵਧਾਈ ਚਿੰਤਾ

ਏਐੱਨਆਈ ਅਨੁਸਾਰ, ਯਮਨ ਵਿਚ ਸੰਯੁਕਤ ਰਾਸ਼ਟਰ ਦੇ ਵਿਸ਼ੇਸ਼ ਦੂਤ ਹਾਂਸ ਗ੍ਰੰਡਬਰਗ ਨੇ ਹਾਊਤੀਆਂ ਅਤੇ ਸਾਊਦੀ ਅਰਬ ਵਿਚਕਾਰ ਵਧ ਰਹੇ ਤਣਾਅ 'ਤੇ ਚਿੰਤਾ ਪ੍ਰਗਟਾਈ ਹੈ। ਉਨ੍ਹਾਂ ਨੇ ਸਭ ਧਿਰਾਂ ਨੂੰ ਸੰਜਮ ਵਰਤਣ ਅਤੇ ਸਥਿਤੀ ਨੂੰ ਹੋਰ ਵਿਗੜਨ ਤੋਂ ਰੋਕਣ ਦੀ ਅਪੀਲ ਕੀਤੀ। ਐਤਵਾਰ ਨੂੰ ਮੋਖਾ ਵਿਚ ਹਾਊਤੀ ਹਮਲੇ ਵਿਚ ਨਾਗਰਿਕਾਂ ਅਤੇ ਸੈਨਿਕਾਂ ਦੇ ਮਾਰੇ ਜਾਣ ਅਤੇ ਕਈ ਲੋਕਾਂ ਦੇ ਜ਼ਖ਼ਮੀ ਹੋਣ ਦੀਆਂ ਖ਼ਬਰਾਂ ਤੋਂ ਬਾਅਦ ਖੇਤਰ ਵਿਚ ਤਣਾਅ ਹੋਰ ਵਧ ਗਿਆ ਹੈ।

# ਟਰੰਪ ਪ੍ਰਸ਼ਾਸਨ ਨੇ 1.75 ਲੱਖ ਤੋਂ ਵੱਧ ਵੀਜ਼ੇ ਕੀਤੇ ਰੱਦ

**ਵਾਸ਼ਿੰਗਟਨ:** ਅਮਰੀਕਾ ਨੇ ਦੱਸਿਆ ਹੈ ਕਿ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਕਾਰਜਕਾਲ ਦੌਰਾਨ 1.75 ਲੱਖ ਤੋਂ ਵੱਧ ਵੀਜ਼ੇ ਰੱਦ ਕੀਤੇ ਗਏ ਹਨ। ਇਹ ਵੀਜ਼ੇ ਲਾਪਰਵਾਹੀ ਨਾਲ ਗੱਡੀ ਚਲਾਉਣ ਤੋਂ ਲੈ ਕੇ ਜਿਨਸੀ ਹਮਲੇ ਸਮੇਤ ਵੱਖ-ਵੱਖ ਅਪਰਾਧਾਂ ਦੇ ਮਾਮਲਿਆਂ ਕਾਰਨ ਰੱਦ ਕੀਤੇ ਗਏ। ਅਮਰੀਕਾ ਦੇ ਵਿਦੇਸ਼ ਵਿਭਾਗ ਨੇ ਇਕ ਬਿਆਨ 'ਚ ਕਿਹਾ ਹੈ ਕਿ ਵੀਜ਼ਿਆਂ ਦੀ ਲਗਾਤਾਰ ਜਾਂਚ ਦੌਰਾਨ ਇਹ ਕਾਰਵਾਈ ਕੀਤੀ ਗਈ। ਇਸ ਜਾਂਚ ਦਾ ਮਕਸਦ ਇਹ ਯਕੀਨੀ ਬਣਾਉਣਾ ਹੈ ਕਿ ਵੀਜ਼ਾ ਲੈਣ ਵਾਲੇ ਲੋਕ ਵੀਜ਼ੇ ਦੀਆਂ ਸ਼ਰਤਾਂ ਦੀ ਪਾਲਣਾ ਕਰਨ ਤੇ ਅਮਰੀਕੀ 'ਲੋਕਾਂ ਲਈ ਖ਼ਤਰਾ ਨਾ ਬਣਨ। ਵਿਦੇਸ਼ ਵਿਭਾਗ ਨੇ ਕਿਹਾ ਹੈ ਕਿ ਰਾਸ਼ਟਰਪਤੀ ਟਰੰਪ ਦੇ ਕਾਰਜਕਾਲ ਦੌਰਾਨ 1,75,000 ਤੋਂ ਵੱਧ ਵਿਦੇਸ਼ੀ ਨਾਗਰਿਕਾਂ ਦੇ ਵੀਜ਼ੇ ਰੱਦ ਕੀਤੇ ਗਏ ਹਨ। ਇਨ੍ਹਾਂ 'ਚ ਉਹ ਲੋਕ ਸ਼ਾਮਿਲ ਹਨ, ਜਿਨ੍ਹਾਂ ਵੀਜ਼ੇ ਦੀਆਂ ਸ਼ਰਤਾਂ ਦੀ ਉਲੰਘਣਾ ਕੀਤੀ, ਅਪਰਾਧ ਕੀਤੇ, ਅਮਰੀਕੀ ਨਾਗਰਿਕਾਂ ਵਿਰੁੱਧ ਹਿੰਸਾ ਦੀ ਅਪੀਲ ਕੀਤੀ, ਅਮਰੀਕੀਆਂ ਨਾਲ ਧੋਖਾਧੜੀ ਕੀਤੀ, ਇਮੀਗ੍ਰੇਸ਼ਨ ਪ੍ਰਣਾਲੀ ਦੀ ਦੁਰਵਰਤੋਂ ਕੀਤੀ ਜਾਂ ਕੌਮੀ ਸੁਰੱਖਿਆ ਲਈ ਖ਼ਤਰਾ ਪੈਦਾ ਕੀਤਾ। ਹਾਲਾਂਕਿ ਕਿਹੜੇ-ਕਿਹੜੇ ਦੇਸ਼ਾਂ ਦੇ ਕਿੰਨੇ ਲੋਕਾਂ




ਦੇ ਵੀਜ਼ੇ ਰੱਦ ਕੀਤੇ ਗਏ, ਇਸ ਬਾਰੇ ਤੁਰੰਤ ਜਾਣਕਾਰੀ ਉਪਲਬਧ ਨਹੀਂ ਹੋ ਸਕੀ।

ਇਜਲਾਸ ਆਖਰੀ ਦਿਨ ਲੰਬੇ ਇਜਲਾਸ 'ਚ ਕੁਝ ਨਾ ਕਰਦਿਆਂ ਅੱਜ ਇੱਕੋ ਦਿਨ ਵਿਚ 8 ਬਿੱਲ ਰੱਖ ਲਏ ਹਨ ਅਤੇ ਇਸ ਤਰ੍ਹਾਂ ਬਿੱਲਾਂ 'ਤੇ ਚਰਚਾ ਕਰਨਾ ਬਹੁਤ ਮੁਸ਼ਕਿਲ ਹੈ। ਉਨ੍ਹਾਂ ਕਿਹਾ ਕਿ ਇਜਲਾਸ ਦੇ ਆਖਰੀ ਦਿਨ ਸਰਕਾਰ ਵਲੋਂ ਏਨੇ ਬਿੱਲ ਲਿਆ। ਕੇ ਬਿਨਾਂ ਵਿਧਾਇਕਾਂ ਨੂੰ ਪਹਿਲਾਂ ਪੜ੍ਹਾਏ ਅਤੇ ਬਿਨਾਂ ਚਰਚਾ ਦੇ ਪਾਸ ਕੀਤੇ ਜਾਣੇ ਹਨ, ਜੋ ਕਿ ਗੈਰ ਵਾਜਿਬ ਹੈ। ਇਸ ਦੇ ਇਲਾਵਾ ਬਾਜਵਾ ਨੇ ਪੰਜਾਬ 'ਚ 65,000 ਨੌਕਰੀਆਂ 'ਤੇ ਸਵਾਲ ਚੁੱਕਦਿਆਂ ਕਿਹਾ ਕਿ ਸੂਬਾ ਸਰਕਾਰ ਵਲੋਂ 70 ਫ਼ੀਸਦ ਨੌਕਰੀਆਂ ਬਾਹਰੀ

## ਕਾਂਗਰਸ ਨੇ ਨਸ਼ਿਆਂ...

(ਪਹਿਲੇ ਸਫ਼ੇ ਦਾ ਬਾਕੀ)

ਸੂਬਿਆਂ ਦੇ ਲੋਕਾਂ ਨੂੰ ਦਿੱਤੀਆਂ ਗਈਆਂ ਹਨ, ਇਸ ਬਾਰੇ ਸਫੇਦ ਪੇਪਰ ਜਾਰੀ ਕਰਨਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਸਰਕਾਰ ਵਲੋਂ ਬਾਹਰੀ ਸੂਬਿਆਂ ਦੇ ਆਪਣੇ ਵਰਕਰਾਂ ਤੇ ਵਲੰਟੀਅਰਾਂ ਨੂੰ ਨੌਕਰੀਆਂ ਦੇ ਕੇ ਪੰਜਾਬੀਆਂ ਨਾਲ ਧੋਖਾ ਕੀਤਾ ਗਿਆ ਹੈ। ਉਨ੍ਹਾਂ ਸਿਹਤ ਵਿਭਾਗ ਦੀਆਂ 13 ਅਸਾਮੀਆਂ ਦਾ ਹਵਾਲਾ ਦਿੰਦਿਆਂ ਕਿਹਾ ਕਿ ਇਹ 13 ਅਸਾਮੀਆਂ ਹਰਿਆਣਾ ਦੇ ਨੌਜਵਾਨਾਂ ਨੂੰ ਦਿੱਤੀਆਂ ਗਈਆਂ। ਬਾਜਵਾ ਨੇ ਕਿਹਾ ਕਿ ਆਮ ਆਦਮੀ ਪਾਰਟੀ ਵਲੋਂ ਓ.ਪੀ.ਐੱਸ., ਡੀ.ਏ. ਦੇ ਮੁੱਦੇ ਅਤੇ ਹੋਰ ਵੱਡੇ-ਵੱਡੇ ਵਾਅਦੇ ਪੰਜਾਬ ਦੇ ਲੋਕਾਂ ਨਾਲ ਕੀਤੇ ਗਏ ਸਨ, ਜੋ ਪੂਰੇ ਨਹੀਂ ਹੋਏ। ਵਿਧਾਇਕ



ਬਲਵਿੰਦਰ ਸਿੰਘ ਧਾਲੀਵਾਲ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਨੌਕਰੀਆਂ ਬਾਹਰੀਆਂ ਨੂੰ ਦੇ ਦਿੱਤੀਆਂ, ਮੁਲਾਜ਼ਮਾਂ ਦੀਆਂ ਮੰਗਾਂ ਪੂਰੀਆਂ ਨਹੀਂ ਕੀਤੀਆਂ, ਪੰਜਾਬ ਸਿਰ ਚੜ੍ਹਿਆ ਕਰਜਾ ਉਤਾਰਨ ਦੀ ਜਗ੍ਹਾ ਕਰਜ਼ੇ ਦੀ ਪੰਡ ਹੋਰ ਭਾਰੀ ਕਰ ਦਿੱਤੀ।

ਰਿਹਾ ਸੀ। ਨਿੱਜੀ ਸਕੂਲਾਂ 'ਤੇ 5 'ਪ੍ਰਤੀਸ਼ਤ ਤੋਂ ਵੱਧ ਫ਼ੀਸਾਂ ਨਾ ਵਧਾ ਸਕਣ ਸੰਬੰਧੀ ਪਾਸ ਕੀਤੇ ਗਏ ਬਿੱਲ ਸੰਬੰਧੀ ਵੀ ਮੁੱਖ ਮੰਤਰੀ ਨੇ ਕਿਹਾ ਕਿ ਸੂਬੇ ਵਿਚ 7800 ਨਿੱਜੀ ਖੇਤਰ ਦੇ ਸਕੂਲਾਂ 'ਚ 32 ਲੱਖ ਬੱਚੇ ਪੜ੍ਹਦੇ ਹਨ, ਉਨ੍ਹਾਂ ਨੂੰ ਇਸ ਬਿੱਲ ਦਾ ਲਾਭ ਮਿਲੇਗਾ। ਤਿੰਨ ਨਵੀਆਂ ਡਿਜੀਟਲ ਯੂਨੀਵਰਸਿਟੀਆਂ ਸੰਬੰਧੀ ਪਾਸ ਕੀਤੇ ਗਏ ਬਿੱਲਾਂ ਸੰਬੰਧੀ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੇ ਕਿਹਾ ਇਸ ਨਾਲ ਪੰਜਾਬ ਦੇ ਸਿੱਖਿਆ ਖੇਤਰ ਨੂੰ ਇਕ ਨਵਾਂ ਹੁਲਾਰਾ ਮਿਲੇਗਾ। ਉਨ੍ਹਾਂ ਕਿਹਾ ਕਿ ਰਾਜ ਦੇ ਸਾਰੇ ਪ੍ਰੋਫੈਸ਼ਨਲ ਕੋਰਸਾਂ ਲਈ ਤਜਰਬਾ ਤੇ ਟਰੇਨਿੰਗ ਲਾਜ਼ਮੀ ਬਣਾ ਦਿੱਤੀ ਗਈ ਹੈ। ਉਨ੍ਹਾਂ ਕਿਹਾ ਕਿ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇਸ਼ ਦੀਆਂ ਪ੍ਰਮੁੱਖ ਯੂਨੀਵਰਸਿਟੀਆਂ 'ਚੋਂ ਹੈ, ਜਦੋਂਕਿ ਖੇਤੀ ਯੂਨੀਵਰਸਿਟੀ ਲੁਧਿਆਣਾ ਵਿਸ਼ਵ ਦੀਆਂ 100 ਬਿਹਤਰੀਨ ਯੂਨੀਵਰਸਿਟੀਆਂ 'ਚ ਸ਼ਾਮਿਲ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੀਆਂ ਯੂਨੀਵਰਸਿਟੀਆਂ ਵਿਦੇਸ਼ਾਂ ਤੋਂ ਵੀ ਕਾਫ਼ੀ ਵਿਦਿਆਰਥੀ ਆ ਰਹੇ ਹਨ।ਇਜਲਾਸ ਦੌਰਾਨ ਵਿਰੋਧੀ ਧਿਰ ਦੇ ਆਗੂ ਪ੍ਰਤਾਪ ਸਿੰਘ ਬਾਜਵਾ ਵਲੋਂ ਰਾਜ ਵਿਚ ਗੈਰ ਪੰਜਾਬੀਆਂ ਦੀ ਭਰਤੀ ਦਾ ਮੁੱਦਾ ਉਠਾਇਆ ਗਿਆ ਅਤੇ ਸਿਹਤ ਵਿਭਾਗ ਅਤੇ ਬਿਜਲੀ ਕਾਰਪੋਰੇਸ਼ਨ ਵਿਚ ਹਰਿਆਣਾ ਤੇ

## ਪੰਜਾਬ ਵਿਧਾਨ ਸਭਾ ਇਜਲਾਸ ਦੇ ਆਖ਼ਰੀ...

(ਪਹਿਲੇ ਸਫ਼ੇ ਦਾ ਬਾਕੀ)

ਰਾਜਸਥਾਨ ਦੇ ਵਸਨੀਕਾਂ ਨੂੰ ਵੱਡੀ ਪੱਧਰ 'ਤੇ ਭਰਤੀ ਕਰਨ ਦਾ ਦੋਸ਼ ਲਗਾਇਆ ਪਰ ਸਿਹਤ ਮੰਤਰੀ ਡਾ.ਬਲਬੀਰ ਸਿੰਘ ਦਾ ਕਹਿਣਾ ਸੀ ਕਿ ਦੂਜੇ ਰਾਜਾਂ ਦੇ ਵਸਨੀਕਾਂ ਨੂੰ ਪੰਜਾਬ ਵਿਚ ਭਰਤੀ ਹੋਣ ਤੋਂ ਰੋਕਿਆ ਨਹੀਂ ਜਾ ਸਕਦਾ। ਇਹ ਉਨ੍ਹਾਂ ਦਾ ਸੰਵਧਿਾਨਕ ਹੱਕ ਹੈ। ਜਦੋਂਕਿ ਪ੍ਰਗਟ ਸਿੰਘ ਤੇ ਸੁਖਪਾਲ ਸਿੰਘ ਖਹਿਰਾ ਦਾ ਦੋਸ਼ ਸੀ ਕਿ 10ਵੀਂ ਤਕ ਪੰਜਾਬੀ ਪਾਸ ਹੋਣ ਦੀ ਸ਼ਰਤ ਨੂੰ ਅੱਖੋਂ ਪਰੋਖੇ ਕੀਤਾ ਜਾ ਰਿਹਾ ਹੈ। ਇਜਲਾਸ ਦੌਰਾਨ ਆਮ ਆਦਮੀ ਪਾਰਟੀ ਦੀ ਅਮਨਦੀਪ ਕੌਰ ਅਰੋੜਾ, ਵਲੋਂ ਮੌਜੂਦਾ ਸਰਕਾਰ ਦੌਰਾਨ ਔਰਤਾਂ ਨੂੰ ਸਸ਼ਕਤੀਕਰਨ, ਸੁਰੱਖਿਆ ਤੇ ਸਨਮਾਨ ਪ੍ਰਦਾਨ ਕਰਨ ਲਈ ਮੁੱਖ ਮੰਤਰੀ ਭਗਵੰਤ ਮਾਨ ਦਾ ਧੰਨਵਾਦ ਕਰਨ ਲਈ ਮਤਾ ਪਾਸ ਕੀਤਾ ਗਿਆ ਅਤੇ ਸਰਕਾਰ ਵਲੋਂ ਔਰਤਾਂ ਨੂੰ ਦਿੱਤੀ ਗਈ। 1000 ਤੇ 1500 ਰੁਪਏ ਮਹੀਨਾ ਰਾਸ਼ੀ ਅਤੇ ਚੁੱਕੇ ਗਏ ਹੋਰ ਕਦਮਾਂ ਦੀ ਸ਼ਲਾਘਾ ਕੀਤੀ ਗਈ।



ਆਮ ਆਦਮੀ ਪਾਰਟੀ ਦੇ ਹੀ ਦਵਿੰਦਰਜੀਤ ਸਿੰਘ ਲਾਡੀ ਢੋਸ ਵਲੋਂ ਮੌਜੂਦਾ ਸਰਕਾਰ ਵਲੋਂ ਟੇਲਾਂ ਤਕ ਪਾਣੀ ਪਹੁੰਚਾਉਣ ਅਤੇ ਕੱਸੀਆਂ ਤੇ ਖਾਲ਼ਿਆਂ ਨੂੰ ਦੁਬਾਰਾ ਬਹਾਲ ਕਰਨ ਤੇ ਧਰਤੀ ਹੇਠਲਾ ਪਾਣੀ ਬਚਾਉਣ ਦੀ ਸ਼ਲਾਘਾ ਲਈ ਮਤਾ ਲਿਆਂਦਾ ਗਿਆ। ਸਿੰਜਾਈ ਮੰਤਰੀ ਬਰਿੰਦਰ ਗੋਇਲ ਨੇ ਇਸ ਮਤੇ 'ਤੇ ਬੋਲਦਿਆਂ ਕਿਹਾ ਕਿ ਸਰਕਾਰ ਰਾਜ ਦੀਆਂ ਨਹਿਰਾਂ ਦੀ ਪਾਣੀ ਲਿਜਾਉਣ ਦੀ ਸਮਰੱਥਾ 22 ਹਜ਼ਾਰ ਕਿਊਸਿਕ ਤੋਂ ਵਧਾ ਕੇ 39 ਹਜ਼ਾਰ ਕਿਊਸਿਕ ਕਰ ਦਿੱਤੀ ਹੈ ਅਤੇ 19,316 ਕਿਲੋਮੀਟਰ ਖਾਲ ਹੁਣ ਤੱਕ ਚਾਲੂ ਕਰ ਦਿੱਤੇ ਹਨ। ਉਨ੍ਹਾਂ ਦੱਸਿਆ ਕਿ ਨਹਿਰੀ ਪਾਣੀ ਦੀ ਵਰਤੋਂ ਵਧਣ ਨਾਲ ਰਾਜ ਦੇ 48 ਬਲਾਕਾਂ ਵਿਚ ਪਹਿਲੀ ਵਾਰ ਪਾਣੀ ਦਾ ਪੱਧਰ ਸੁਧਰਿਆ ਹੈ। ਨਹਿਰੀ ਪਾਣੀ ਦੀ ਉਪਲਬਧਤਾ ਵਧਣ ਦੀ ਸਦਨ ਦੇ ਬਹੁਤ ਸਾਰੇ ਮੈਂਬਰਾਂ ਨੇ ਸਰਕਾਰ ਦੀ ਸ਼ਲਾਘਾ ਕੀਤੀ। ਬਰਿੰਦਰ ਕੁਮਾਰ ਗੋਇਲ ਨੇ ਦੱਸਿਆ ਕਿ ਨਹਿਰਾਂ ਦੀ ਸਮਰੱਥਾ ਵਧਣ ਨਾਲ ਹੁਣ ਭਾਖੜਾ ਨਹਿਰ ਜਿੰਨੀ ਵਾਧੂ ਸਮਰੱਥਾ ਸਾਨੂੰ ਮਿਲ ਗਈ ਹੈ। ਸਦਨ ਵਲੋਂ ਔਰਤਾਂ ਦੀ ਸਸ਼ਕਤੀਕਰਨ ਅਤੇ ਟੇਲਾਂ ਤੱਕ ਪਾਣੀ ਪਹੁੰਚਾਉਣ ਸੰਬੰਧੀ ਦੋਵੇਂ ਗੈਰ ਸਰਕਾਰੀ ਮਤਿਆਂ ਨੂੰ ਅੱਜ ਪਾਸ ਕਰ ਦਿੱਤਾ। ਗਿਆ ਅਤੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਵਲੋਂ ਇਜਲਾਸ ਅਣਮਿੱਥੇ ਸਮੇਂ ਲਈ ਉੱਠਾ ਦਿੱਤਾ ਗਿਆ। ਪੰਜਾਬ ਵਿਧਾਨ ਸਭਾ ਦਾ ਇਜਲਾਸ ਵੇਖਣ ਲਈ ਮਲੇਸ਼ੀਆ ਦੇ ਇਕ ਪ੍ਰਾਂਤ ਪੀਨਾਗ ਦੇ ਉਪ ਮੁੱਖ ਮੰਤਰੀ ਜਗਦੀਪ ਸਿੰਘ ਦੀਉ ਅਤੇ ਉਨ੍ਹਾਂ ਦੇ ਸਪੁੱਤਰ ਅਕਸ਼ੇ ਸਿੰਘ ਦੀਉ ਸਾਥੀਆਂ ਸਮੇਤ ਗਵਰਨਰ ਬਾਕਸ ਵਿਚ ਹਾਜ਼ਰ ਸਨ, ਜਿਨ੍ਹਾਂ ਦਾ ਸਦਨ ਵਿਚ ਥਪਥਪਾ ਕੇ ਸਵਾਗਤ ਕੀਤਾ। ਇੰਗਲੈਂਡ ਦੇ ਸਿੱਖ ਸਾਂਸਦ ਅਤੇ ਬ੍ਰਿਟਿਸ਼ ਪਾਰਲੀਮੈਂਟ ਦੀ ਰੱਖਿਆ ਕਮੇਟੀ ਦੇ ਚੇਅਰਮੈਨ ਤਨਮਨਜੀਤ ਸਿੰਘ ਢੇਸੀ ਵੀ ਸਦਨ ਦੀ ਕਾਰਵਾਈ ਦੇਖਣ ਆਏ ਜਿਨ੍ਹਾਂ ਦਾ ਸਦਨ ਮੈਂਬਰਾਂ, ਸੀਪਕਰ ਤੇ ਮੁੱਖ ਮੰਤਰੀ ਵਲੋਂ ਸਵਾਗਤ ਕੀਤਾ ਗਿਆ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਜਸਬੀਰ ਕੌਰ ਢਿੱਲੋਂ
ਡਾ. ਇਨਕਲਾਬੀ ਥਾਂਦੀ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਪਰਮਿੰਦਰ ਸਿੰਘ ਵਾਲੀਆ
ਡਾ. ਹਰਗੁਰਮੁਖਪਾਲ ਸਿੰਘ
ਡਾ. ਤੇਜਿੰਦਰ ਸਿੰਘ ਮੰਡੇਰ
ਜਗਦੀਸ਼ਰ ਸਿੰਘ ਕਲੇਰ
ਰਘਬੀਰ ਸਿੰਘ ਘੁੰਨ
ਦਰਸ਼ਨ ਸਿੰਘ ਦਰੜ
ਡਾ. ਗੁਰਚਰਨ ਸਿੰਘ ਗਰੇਵਾਲ
ਗੁਰਦੇਵ ਸਿੰਘ ਜੌੜਾ
ਮਨਦੀਪ ਸਿੰਘ ਭੂਰਾ
ਗੁਲਜ਼ਾਰ ਸਿੰਘ ਮੁਲਤਾਨੀ
ਅਵਤਾਰ ਸਿੰਘ ਸਪਰਿੰਗਫੀਲਡ
ਗੁਰਵੀਰ ਸਿੰਘ ਗਿੱਲ
ਜਸਕਰਨ ਸਿੰਘ ਧਾਲੀਵਾਲ
ਅਮਰੀਕ ਸਿੰਘ (ਅਮਰ ਕਾਰਪੇਟ)
ਅੰਮ੍ਰਿਤਪਾਲ ਸਿੰਘ ਸੰਘਾ
ਭੁਪਿੰਦਰ ਸਿੰਘ ਧਾਲੀਵਾਲ
ਹਰਵਿੰਦਰਪਾਲ ਸਿੰਘ ਲੈਲ
ਜਗਜੀਤ ਸਿੰਘ ਢੀਂਡਸਾ
ਸੁਖਮੇਲ ਸਿੰਘ ਅਟਵਾਲ
ਮੁਖਤਿਆਰ ਸਿੰਘ (ਹੈਪੀ ਹੀਰ)
ਆਗਿਆਪਾਲ ਸਿੰਘ ਬਾਠ
ਪਰਮਵੀਰ ਸਿੰਘ ਬੈਂਸ
ਮਨਮਿੰਦਰ ਸਿੰਘ ਹੀਰ
ਅਮੋਲਕ ਸਿੰਘ ਗਾਖਲ
ਜਸਵਿੰਦਰ ਸਿੰਘ (ਜੱਸੀ) ਗਿੱਲ

# ਈਰਾਨ ਜੰਗ ਜਲਦੀ ਖ਼ਤਮ ਹੋਣ ਦੀ ਆਸ

## ਪਰ ਹੋਰਮੁਜ਼ ਲਾਂਘੇ 'ਤੇ ਪੇਚ ਬਰਕਰਾਰ

**ਨਵੀਂ ਦਿੱਲੀ:**ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਇਸ਼ਾਰਾ ਦਿੱਤਾ ਹੈ ਕਿ ਈਰਾਨ ਖ਼ਿਲਾਫ਼ ਚੱਲ ਰਿਹਾ ਯੁੱਧ ਜ਼ਿਆਦਾ ਲੰਮਾ ਨਹੀਂ ਖਿੱਚੇਗਾ। ਹਾਲਾਂਕਿ, ਸੰਘਰਸ਼ ਖ਼ਤਮ ਕਰਨ ਦੇ ਰਸਤੇ ਵਿਚ ਹੋਰਮੁਜ਼ ਸਟ੍ਰੇਟ ਸਭ ਤੋਂ ਵੱਡੀ ਅੜਚਨ ਬਣੀ ਹੋਈ ਹੈ। ਟਰੰਪ ਨੇ ਓਵਲ ਦਫ਼ਤਰ ਵਿਚ



ਪੱਤਰਕਾਰਾਂ ਨਾਲ ਗੱਲ ਕਰਦੇ ਹੋਏ ਕਿਹਾ ਕਿ ਉਨ੍ਹਾਂ ਨੂੰ ਉਮੀਦ ਹੈ ਕਿ ਈਰਾਨ ਨਾਲ ਯੁੱਧ ਜਲਦੀ ਖ਼ਤਮ ਹੋ ਜਾਵੇਗਾ। ਹਥਿਆਰਾਂ, ਦੀ ਘਾਟ ਨਾਲ ਜੁੜੀਆਂ ਰਿਪੋਰਟਾਂ 'ਤੇ ਉਨ੍ਹਾਂ ਮੰਨਿਆ ਕਿ ਕੁਝ ਹਥਿਆਰਾਂ ਦੇ ਸਟਾਕ 'ਚ ਘਾਟ ਹੋਈ ਹੈ, ਪਰ ਯੂਐੱਸ ਕੋਲ ਕਾਫ਼ੀ ਸਟਾਕ ਹੈ ਤੇ ਰੱਖਿਆ ਕੰਪਨੀਆਂ ਉਤਪਾਦਨ ਵਧਾ ਰਹੀਆਂ ਹਨ।

ਹੋਰਮੁਜ਼ 'ਤੇ ਸਹਿਮਤੀ ਨਾ ਹੋਈ ਤਾਂ ਜੰਗਬੰਦੀ ਮੁਸ਼ਕਿਲ ਹੋਵੇਗੀ : ਦੁਨੀਆ ਦੇ ਲਗਭਗ 20 ਫੀਸਦੀ ਤੇਲ ਅਤੇ ਗੈਸ ਦੀ ਸਪਲਾਈ ਹੋਰਮੁਜ਼ ਸਮੁੰਦਰੀ ਰਸਤੇ ਤੋਂ ਹੋ ਕੇ ਜਾਂਦੀ ਹੈ। ਟਰੰਪ ਇਸ ਗੱਲ ਦੇ ਪੱਖ ਵਿਚ ਨਹੀਂ ਹਨ ਕਿ ਹੋਰਮੁਜ਼ ਵਿਚ ਜਹਾਜ਼ਾਂ ਤੋਂ ਟੋਲ ਲਿਆ ਜਾਵੇ। ਦੂਜੇ ਪਾਸੇ, ਈਰਾਨ ਦਾ ਕਹਿਣਾ ਹੈ ਕਿ ਯੁੱਧ ਤੋਂ ਪਹਿਲਾਂ ਵਾਲੀ ਹਾਲਤ ਵਿਚ ਹੋਰਮੁਜ਼ ਨੂੰ ਵਾਪਸ ਨਹੀਂ ਲਿਆ ਜਾ ਸਕਦਾ। ਹੂਤੀ ਬਗੀਆਂ ਨੇ ਵੀਰਵਾਰ ਨੂੰ ਸਾਊਦੀ ਅਰਬ 'ਤੇ ਤਾਜ਼ਾ ਹਮਲੇ ਕੀਤੇ। ਨਾਜ਼ਰਾਨ ਸੂਬੇ 'ਚ ਹੋਏ ਹਮਲੇ 'ਚ 11 ਸਾਊਦੀ ਨਾਗਰਿਕਾਂ ਸਣੇ 15 ਲੋਕ ਜ਼ਖ਼ਮੀ ਹੋਏ ਹਨ। ਸਾਊਦੀ ਫੌਜ ਦੇ ਬੁਲਾਰੇ ਮੇਜਰ ਜਨਰਲ ਤੁਰਕੀ ਅਲ ਮਲਿਕੀ ਨੇ ਕਿਹਾ ਕਿ ਯਮਨ ਤੇ ਇਰਾਕ ਤੋਂ ਈਰਾਨ-ਸਹਾਇਤਾ ਪ੍ਰਾਪਤ ਬਾਗੀਆਂ ਦੇ 'ਹਮਲਿਆਂ ਦਾ ਜਵਾਬ ਦਿੱਤਾ ਜਾਵੇਗਾ।

### ਫਿਰ ਚੜ੍ਹੇ ਕੱਚੇ ਤੇਲ ਦੇ ਭਾਅ

ਏਪੀ ਦੇ ਅਨੁਸਾਰ, ਅਮਰੀਕਾ ਤੇ ਈਰਾਨ ਦੇ ਵਿਚਾਰਧਾਰਾ ਦੇ ਖਤਮ ਹੋਣ ਦੀ ਉਮੀਦ ਕਮਜ਼ੋਰ ਹੋਣ ਨਾਲ ਕੱਚੇ ਤੇਲ ਦੀਆਂ ਕੀਮਤਾਂ ਵਿੱਚ ਵੀ ਤੇਜ਼ੀ ਆਈ। ਵੀਰਵਾਰ ਨੂੰ ਬੈਂਟ ਕਰੂਡ 83 ਡਾਲਰ ਪ੍ਰਤੀ ਬੈਰਲ ਤੋਂ ਉੱਪਰ ਚਲਾ ਗਿਆ, ਜਦਕਿ ਵੈਸਟ ਟੈਕਸਾਸ ਇੰਟਰਮੀਡੀਏਟ ਲਗਭਗ 78 ਡਾਲਰ ਪ੍ਰਤੀ ਬੈਰਲ ਤੱਕ ਪਹੁੰਚ ਗਿਆ।

ਈਰਾਨ ਦੇ ਉਸ ਦਾਅਵੇ ਨੇ ਬਾਜ਼ਾਰ ਦੀ ਚਿੰਤਾ ਵਧਾ ਦਿੱਤੀ ਹੈ ਕਿ ਹੋਰਮੁਜ਼ ਸਟਰੇਟ ਵਿਚ ਅਮਰੀਕੀ ਅਤੇ ਇਜ਼ਰਾਈਲੀ ਜਹਾਜ਼ਾਂ ਨੂੰ ਦਾਖਲ ਨਹੀਂ ਕੀਤਾ ਜਾਵੇਗਾ। ਖ਼ਬਰਾਂ ਮੁਤਾਬਕ, ਦੁਸ਼ਮਣ ਦੇਸ਼ ਦੇ ਜਹਾਜ਼ਾਂ 'ਤੇ ਲਦਾ ਕਾਰਗੋ ਦੇ ਮੁੱਲ ਦਾ 15 ਫੀਸਦੀ ਤੱਕ ਜੁਰਮਾਨਾ ਲਗਾਉਣ ਅਤੇ ਦੂਜੇ ਦੇਸ਼ਾਂ ਦੇ ਜਹਾਜ਼ਾਂ ਤੋਂ 5-7 ਫੀਸਦੀ ਤੱਕ ਟੋਲ ਵਸੂਲਣ ਦੀ ਗੱਲ ਕੀਤੀ ਹੈ।

# ਅਮਰੀਕਾ 'ਚ ਜਨਮਜਾਤ ਨਾਗਰਿਕਤਾ 'ਤੇ ਸਖ਼ਤੀ



**ਵਾਸ਼ਿੰਗਟਨ:**ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਜਨਮ ਦੇ ਆਧਾਰ 'ਤੇ ਮਿਲਣ ਵਾਲੀ ਨਾਗਰਿਕਤਾ (ਬਰਥਰਾਈਟ ਸਿਟੀਜ਼ਨਸ਼ਿਪ) ਦੇ ਅਧਿਕਾਰ 'ਤੇ ਰੋਕ ਲਗਾਉਣ ਲਈ ਨਵੇਂ ਕਦਮ ਚੁੱਕੇ ਹਨ। ਉਨ੍ਹਾਂ ਨੇ ਅਮਰੀਕਾ 'ਚ 'ਬਰਥ ਟੂਰਿਜ਼ਮ' 'ਤੇ ਸਖ਼ਤੀ ਕਰਨ ਤੇ ਜਨਮ ਦੇ ਆਧਾਰ 'ਤੇ ਅਮਰੀਕੀ ਨਾਗਰਿਕਤਾ ਹਾਸਲ ਕਰਨ ਦੇ ਯੋਗ ਲੋਕਾਂ ਦੀ ਗਿਣਤੀ ਸੀਮਤ ਕਰਨ ਲਈ ਦੋ ਨਵੇਂ ਕਾਰਜਕਾਰੀ ਹੁਕਮਾਂ 'ਤੇ ਦਸਤਖ਼ਤ ਕੀਤੇ ਹਨ। ਟਰੰਪ ਨੇ ਇਹ ਕਦਮ ਉਸ ਵੇਲੇ ਚੁੱਕਿਆ ਹੈ, ਜਦੋਂ ਕੁਝ ਹਫ਼ਤੇ ਪਹਿਲਾਂ ਹੀ ਅਮਰੀਕੀ ਸੁਪਰੀਮ ਕੋਰਟ ਨੇ ਇਸ ਸਬੰਧੀ ਉਨ੍ਹਾਂ ਦੇ ਪਹਿਲਾਂ ਜਾਰੀ ਕੀਤੇ ਕਾਰਜਕਾਰੀ ਹੁਕਮ ਨੂੰ ਰੱਦ ਕਰ ਦਿੱਤਾ ਸੀ। ਟਰੰਪ ਨੇ ਵੀਰਵਾਰ ਨੂੰ ਇਨ੍ਹਾਂ ਕਾਰਜਕਾਰੀ ਹੁਕਮਾਂ 'ਤੇ ਦਸਤਖ਼ਤ ਕੀਤੇ। ਇਨ੍ਹਾਂ 'ਚੋਂ ਇੱਕ ਹੁਕਮ ਉਨ੍ਹਾਂ ਲੋਕਾਂ ਨੂੰ ਨਿਸ਼ਾਨਾ ਬਣਾਉਂਦਾ ਹੈ, ਜੋ ਵਪਾਰਕ ਤੌਰ 'ਤੇ 'ਬਰਥ ਟੂਰਿਜ਼ਮ' ਦਾ ਸਹਾਰਾ ਲੈਂਦੇ ਹਨ ਤੇ ਆਪਣੇ ਬੱਚੇ ਨੂੰ ਅਮਰੀਕੀ ਨਾਗਰਿਕਤਾ ਦਿਵਾਉਣ ਦੇ ਮਕਸਦ ਨਾਲ ਅਮਰੀਕਾ ਆਉਂਦੇ ਹਨ।ਇਸ ਹੁਕਮ ਦਾ ਉਦੇਸ਼ ਅਜਿਹੇ ਲੋਕਾਂ ਦੇ ਅਮਰੀਕਾ 'ਚ ਦਾਖ਼ਲੇ ਨੂੰ ਸੀਮਤ ਕਰਨਾ ਹੈ ਜਦਕਿ ਦੂਜਾ ਹੁਕਮ ਉਨ੍ਹਾਂ ਲੋਕਾਂ ਦੀ ਪਰਿਭਾਸ਼ਾ ਦਾ ਵਿਸਥਾਰ ਕਰਦਾ ਹੈ, ਜਿਨ੍ਹਾਂ ਨੂੰ ਜਨਮ ਦੇ ਆਧਾਰ 'ਤੇ ਅਮਰੀਕੀ ਨਾਗਰਿਕਤਾ ਲਈ ਅਯੋਗ ਮੰਨਿਆ ਜਾਵੇਗਾ। ਇਸ 'ਚ ਵਿਦੇਸ਼ੀ ਸਰਕਾਰਾਂ ਵੱਲੋਂ ਲਾਬਿੰਗ ਕਰਨ ਵਾਲੇ ਵਿਦੇਸ਼ੀ ਨਾਗਰਿਕਾਂ ਦੇ ਬੱਚਿਆਂ ਨੂੰ ਵੀ ਸ਼ਾਮਲ ਕੀਤਾ ਗਿਆ ਹੈ। ਵਾਈਟ ਹਾਊਸ ਦੇ ਓਵਲ ਬ ਦਫ਼ਤਰ 'ਚ ਇਨ੍ਹਾਂ ਕਾਰਜਕਾਰੀ ਹੁਕਮਾਂ 'ਤੇ ਦਸਤਖ਼ਤ ਕਰਨ ਤੋਂ ਬਾਅਦ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਟਰੰਪ ਨੇ 30 ਜੂਨ ਦੇ ਓ ਸੁਪਰੀਮ ਕੋਰਟ ਦੇ ਫ਼ੈਸਲੇ ਦੀ ਆਲੋਚਨਾ ਕਰਦਿਆਂ ਕਿਹਾ ਕਿ ਨਵਾਂ ਕਦਮ ਕੁਝ ਲੋੜੀਂਦੇ ਬਦਲਾਵਾਂ ਨਾਲ ਚੁੱਕਿਆ ਗਿਆ ਹੈ। ਜੁਲਾਈ 1868 ਨੂੰ ਮਨਜ਼ੂਰ ਕੀਤੀ ਗਈ ਅਮਰੀਕੀ ਸੰਵਿਧਾਨ ਦੀ 14ਵੀਂ ਸੋਧ ਅਨੁਸਾਰ ਅਮਰੀਕਾ 'ਚ ਜਨਮੇ ਜਾਂ ਕਾਨੂੰਨੀ ਤੌਰ 'ਤੇ ਨਾਗਰਿਕਤਾ ਪ੍ਰਾਪਤ ਕਰਨ ਵਾਲੇ ਸਾਰੇ ਲੋਕਾਂ ਨੂੰ ਅਮਰੀਕੀ ਨਾਗਰਿਕਤਾ ਦਿੱਤੀ ਗਈ ਸੀ, ਜਿਸ 'ਚ ਪਹਿਲਾਂ ਗੁਲਾਮ ਰਹਿ ਚੁੱਕੇ ਲੋਕ ਵੀ ਸ਼ਾਮਲ ਸਨ। ਟਰੰਪ ਨੇ ਕਿਹਾ ਕਿ ਇਹ ਪ੍ਰਬੰਧ ਘਰੇਲੂ ਯੁੱਧ ਤੋਂ ਬਾਅਦ ਕੀਤਾ ਗਿਆ ਸੀ।

### ਸੁਪਰੀਮ ਕੋਰਟ ਨੇ ਰੱਦ ਕਰ ਦਿੱਤਾ ਸੀ ਕਾਰਜਕਾਰੀ ਹੁਕਮ

ਅਮਰੀਕੀ ਸੁਪਰੀਮ ਕੋਰਟ ਨੇ 30 ਜੂਨ ਨੂੰ ਟਰੰਪ ਦੇ ਉਸ ਕਾਰਜਕਾਰੀ ਹੁਕਮ ਨੂੰ ਰੱਦ ਕਰ ਦਿੱਤਾ ਸੀ, ਜਿਸ ਰਾਹੀਂ ਜਨਮ ਦੇ ਆਧਾਰ 'ਤੇ ਮਿਲਣ ਵਾਲੀ ਨਾਗਰਿਕਤਾ ਨੂੰ ਖ਼ਤਮ ਕਰਨ ਦੀ ਕੋਸ਼ਿਸ਼ ਕੀਤੀ ਗਈ ਸੀ। ਅਦਾਲਤ ਨੇ 100 ਸਾਲ ਤੋਂ ਵੱਧ ਸਮੇਂ ਤੋਂ ਚੱਲ ਰਹੀ ਸੰਵਿਧਾਨਕ ਵਿਵਸਥਾ ਨੂੰ ਬਰਕਰਾਰ ਰੱਖਦਿਆਂ ਕਿਹਾ ਸੀ ਕਿ ਅਮਰੀਕਾ ਵਿੱਚ ਜਨਮ ਲੈਣ ਵਾਲੇ ਲਗਭਗ ਸਾਰੇ ਲੋਕ ਅਮਰੀਕੀ ਨਾਗਰਿਕ ਹੁੰਦੇ ਹਨ।

### 'ਬਰਥ ਟੂਰਿਜ਼ਮ' ਰਾਹੀਂ ਹਰ ਸਾਲ 26,000 ਜੰਮਦੇ ਨੇ ਬੱਚੇ

ਮਾਈਗ੍ਰੇਸ਼ਨ ਪਾਲਿਸੀ ਇੰਸਟੀਚਿਊਟ ਦੇ ਸਭ ਤੋਂ ਵੱਡੀ ਮਰਦਮਸ਼ੁਮਾਰੀ ਆਧਾਰਤ ਅਨੁਮਾਨ ਮੁਤਾਬਕ ਹਰ ਸਾਲ ਅਮਰੀਕਾ 'ਚ 'ਬਰਥ ਟੂਰਿਜ਼ਮ ਰਾਹੀਂ 22 ਹਜ਼ਾਰ ਤੋਂ 26 ਹਜ਼ਾਰ ਬੱਚਿਆਂ ਦਾ ਜਨਮ ਹੁੰਦਾ ਹੈ। ਹਾਲਾਂਕਿ ਸਰਕਾਰੀ ਅੰਕੜਿਆਂ ਅਨੁਸਾਰ 2024 'ਚ ਵਿਦੇਸ਼ੀ ਪਤਿਆਂ ਵਾਲੀਆਂ ਮਾਵਾਂ ਤੋਂ ਅਮਰੀਕਾ 'ਚ ਸਿਰਫ਼ 9,600 ਬੱਚਿਆਂ ਦਾ ਜਨਮ ਹੋਇਆ।

# ਵਿਦਿਆਰਥੀਆਂ ਵਲੋਂ ਝਾਰਖੰਡ ਵਿਧਾਨ ਸਭਾ ਦਾ ਘਿਰਾਓ, ਪੁਲਿਸ ਵਲੋਂ ਲਾਠੀਚਾਰਜ






**ਰਾਂਚੀ:**ਝਾਰਖੰਡ ਲੋਕ ਸੇਵਾ ਕਮਿਸ਼ਨ (ਜੇਪੀਐੱਸਸੀ) ਤੇ ਝਾਰਖੰਡ ਸੂਬਾਈ ਕਰਮਚਾਰੀ ਕਮਿਸ਼ਨ (ਜੇਐੱਸਐੱਸਸੀ) ਦੀਆਂ ਪ੍ਰੀਖਿਆਵਾਂ 'ਚ ਬੇਨਿਯਮੀਆਂ ਦੇ ਵਿਰੋਧ 'ਚ 17 ਦਿਨਾਂ ਤੋਂ ਅੰਦੋਲਨ ਕਰ ਰਹੇ ਵਿਦਿਆਰਥੀਆਂ ਨੇ ਸੋਮਵਾਰ ਨੂੰ ਵਿਧਾਨ ਸਭਾ ਦਾ ਘਿਰਾਓ ਕੀਤਾ। ਪੁਲਿਸ ਨੂੰ ਲਾਠੀਚਾਰਜ ਕਰਨਾ ਪਿਆ ਤੇ ਅੱਥਰੂ ਗੈਸ ਦੇ ਗੋਲੇ ਛੱਡਣੇ ਪਏ।

ਰਾਂਚੀ ਦੀ ਪੁਰਾਣੀ ਵਿਧਾਨ ਸਭਾ ਦੇ ਨਜ਼ਦੀਕ ਤੋਂ ਸਵੇਰੇ ਲਗਪਗ ਨੌਂ ਵਜੇ ਨਿਕਲਿਆ ਵਿਦਿਆਥੀਆਂ ਦਾ ਮਾਰਚ ਤਿੰਨ ਕਿਲੋਮੀਟਰ ਦੂਰ

> **ਪੁਲਿਸ ਨੂੰ ਝਕਾਨੀ ਦਿੰਦੇ ਹੋਏ ਵਿਦਿਆਰਥੀ ਵਿਧਾਨ ਸਭਾ ਦਾ ਮੁੱਖ ਮਾਰਗ ਛੱਡ ਕੇ ਖੇਤਾਂ ਤੇ ਹੋਰ ਰਸਤਿਆਂ ਤੋਂ ਹੁੰਦੇ ਹੋਏ ਕੰਪਲੈਕਸ ਤੱਕ ਪਹੁੰਚ ਗਏ।**

ਅੱਠ ਬੈਰੀਕੇਡ ਤੋੜਦੇ ਹੋਏ ਨਵੀਂ ਵਿਧਾਨ ਸਭਾ ਦੇ ਕੰਪਲੈਕਸ ਤੱਕ ਜਾ ਪਹੁੰਚਿਆ। ਇਸ ਦੌਰਾਨ ਪੁਲਿਸ ਲਾਠੀਚਾਰਜ 'ਚ ਇਕ ਦਰਜਨ ਵਿਦਿਆਰਥੀਆਂ ਨੂੰ ਸੱਟਾਂ ਵੀ ਲੱਗੀਆਂ। ਨੌਂ ਦਿਨਾਂ ਤੋਂ ਭੁੱਖ ਹੜਤਾਲ 'ਤੇ ਬੈਠੇ ਵਿਦਿਆਰਥੀਆਂ ਦਾ ਹੌਸਲਾ ਵਧਾਉਣ ਲਈ ਐਂਬੂਲੈਂਸ 'ਚ ਪਹੁੰਚੇ ਵਿਦਿਆਰਥੀ ਆਗੂ ਦੇਵੇਂਦਰ ਨਾਥ ਮਹਿਤੋ ਨੇ ਲਾਠੀਚਾਰਜ 'ਤੇ ਨਾਰਾਜ਼ਗੀ ਪ੍ਰਗਟਾਉਂਦੇ ਹੋਏ ਕਿਹਾ ਕਿ ਹੁਣ ਵਿਦਿਆਰਥੀਆਂ ਦੀ ਸਿਰਫ਼ ਮੁੱਖ ਮੰਤਰੀ ਨਾਲ ਹੀ ਗੱਲ ਹੋਵੇਗੀ, ਸਰਕਾਰ ਦੇ ਪੱਧਰ 'ਤੇ ਗਠਿਤ ਮੰਤਰੀਆਂ ਦੀ ਚਾਰ ਮੈਂਬਰੀ ਕਮੇਟੀ ਨਾਲ ਕੋਈ ਗੱਲਬਾਤ ਨਹੀਂ ਹੋਵੇਗੀ। ਪੁਲਿਸ ਨੂੰ ਝਕਾਨੀ ਦਿੰਦੇ ਹੋਏ ਵਿਦਿਆਰਥੀ ਵਿਧਾਨ ਸਭਾ ਦਾ ਮੁੱਖ ਮਾਰਗ ਛੱਡ ਕੇ ਖੇਤਾਂ ਤੇ ਹੋਰ ਰਸਤਿਆਂ ਤੋਂ ਹੁੰਦੇ ਹੋਏ ਕੰਪਲੈਕਸ ਤੱਕ ਪਹੁੰਚ ਗਏ। ਕਾਫ਼ੀ ਸਮਝਾਉਣ ਤੋਂ ਬਾਅਦ ਵੀ ਜਦੋਂ ਵਿਦਿਆਰਥੀ ਨਾ ਮੰਨੇ ਤਾਂ ਪਹਿਲਾਂ ਉਨ੍ਹਾਂ 'ਤੇ ਪਾਣੀ ਦੀ ਵਾਛੜ ਕੀਤੀ ਗਈ, ਫਿਰ ਅੱਥਰੂ ਗੈਸ ਦੇ ਗੋਲੇ ਛੱਡੇ ਗਏ। ਸਦਨ ਦੀ ਕਾਰਵਾਈ ਲਗਪਗ ਚਾਰ ਵਜੇ ਖ਼ਤਮ ਹੋਣ ਦੇ ਬਾਵਜੂਦ ਵਿਦਿਆਰਥੀ ਉੱਥੇ ਡਟੇ ਰਹੇ।

# ਪੰਜਾਬੀ ਪੁਲਿਸ ਅਫਸਰ ਦੀ ਕੈਨੇਡਾ 'ਚ ਹਾਦਸੇ 'ਚ ਮੌਤ

**ਜਗਰਾਓ:**ਕੈਨੇਡਾ 'ਚ ਪੁਲਿਸ ਅਧਿਕਾਰੀ ਜਗਰਾਓਂ ਦੇ ਪਿੰਡ ਗੁੜੇ ਦੀ ਰਮਨਦੀਪ ਕੌਰ ਦੀ ਉੱਥੇ ਬਰੈਂਪਟਨ 'ਚ ਵਾਪਰੇ ਸੜਕ ਹਾਦਸੇ 'ਚ



ਮੌਤ ਹੋ ਗਈ। ਰਮਨਦੀਪ ਕੌਰ 8 ਸਾਲ ਪਹਿਲਾਂ ਕੈਨੇਡਾ ਦੇ ਵਿਨੀਪੈਗ ਗਈ ਸੀ। ਬੀਤੇ ਕੱਲ੍ਹ ਪੁਲਿਸ ਅਫਸਰ ਰਮਨਦੀਪ ਕੌਰ ਆਪਣੇ ਸਾਥੀ ਪੁਲਿਸ ਅਫਸਰਾਂ ਨਾਲ ਪੁਲਿਸ ਵਾਹਨ 'ਤੇ ਇੱਕ ਮਹਿਲਾ ਮੁਜ਼ਰਮ ਨੂੰ ਜ਼ੇਲ੍ਹ ਛੱਡਣ ਜਾ ਰਹੇ ਸਨ। ਇਸ ਦੌਰਾਨ ਹਾਦਸਾ ਹੋਇਆ ਤੇ ਰਮਨਦੀਪ ਦੀ ਮੌਤ ਹੋ ਗਈ।

# ਵ੍ਹਾਈਟ ਹਾਊਸ ਦੇ 400 ਮਿਲੀਅਨ ਡਾਲਰ ਦੇ ਬਾਲਰੂਮ 'ਤੇ ਕਾਨੂੰਨੀ ਰੋਕ ਵਿਰੁੱਧ ਟਰੰਪ ਜਾਣਗੇ ਸੁਪਰੀਮ ਕੋਰਟ

**ਨਿਊਯਾਰਕ:**ਅਮਰੀਕਾ ਦੀ ਸੰਘੀ ਅਪੀਲ ਅਦਾਲਤ ਨੇ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਵ੍ਹਾਈਟ ਹਾਊਸ ਵਿਚ ਬਣ ਰਹੇ ਬਾਲਰੂਮ ਦੀ ਜ਼ਮੀਨ ਤੋਂ ਉੱਪਰਲੀ ਉਸਾਰੀ 'ਤੇ ਲੱਗੀ ਰੋਕ ਬਰਕਰਾਰ ਰੱਖੀ ਹੈ। ਤਿੰਨ ਜੱਜਾਂ ਦੇ ਬੈਂਚ ਨੇ 2-1 ਦੇ ਫੈਸਲੇ ਵਿਚ ਕਿਹਾ ਕਿ ਕਾਂਗਰਸ ਦੀ ਮਨਜ਼ੂਰੀ ਤੋਂ ਬਿਨਾਂ ਇਸ ਪ੍ਰਾਜੈਕਟ ਨੂੰ ਅੱਗੇ ਨਹੀਂ ਵਧਾਇਆ ਜਾ ਸਕਦਾ। ਟਰੰਪ ਨੇ ਫੈਸਲੇ ਨੂੰ ਗਲਤ ਦੱਸਦਿਆਂ ਇਸ ਵਿਰੁੱਧ ਤੁਰੰਤ ਸੁਪਰੀਮ ਕੋਰਟ ਜਾਣ ਦਾ ਐਲਾਨ ਕੀਤਾ ਹੈ। ਕਰੀਬ 400 ਮਿਲੀਅਨ ਡਾਲਰ ਦੀ ਲਾਗਤ ਵਾਲਾ ਇਹ ਬਾਲਰੂਮ ਲਗਭਗ 90 ਹਜ਼ਾਰ ਵਰਗ ਫੁੱਟ 'ਚ ਬਣਾਇਆ ਜਾ ਰਿਹਾ ਹੈ। ਇਸ ਦੀ ਉਸਾਰੀ ਲਈ ਵ੍ਹਾਈਟ ਹਾਊਸ ਦਾ ਇਤਿਹਾਸਕ ਈਸਟ ਵਿੰਗ ਢਾਹ ਦਿੱਤਾ ਗਿਆ ਸੀ। ਇਤਿਹਾਸਕ ਇਮਾਰਤਾਂ ਦੀ ਸੰਭਾਲ ਕਰਨ ਵਾਲੀ ਸੰਸਥਾ ਨੈਸ਼ਨਲ ਟਰੱਸਟ ਫਾਰ ਹਿਸਟੋਰਿਕ ਪ੍ਰਿਜ਼ਰਵੇਸ਼ਨ ਨੇ ਇਸ ਕਾਰਵਾਈ ਵਿਰੁੱਧ ਅਦਾਲਤ ਵਿੱਚ ਕੇਸ ਦਾਇਰ ਕੀਤਾ ਸੀ। ਜੱਜ ਪੈਟ੍ਰਿਸ਼ੀਆ ਮਿਲੈੱਟ ਅਤੇ ਬੈਡਲੀ ਗਾਰਸੀਆ ਨੇ ਬਹੁਮਤ ਦੇ ਫੈਸਲੇ 'ਚ ਕਿਹਾ ਕਿ



ਵ੍ਹਾਈਟ ਹਾਊਸ -ਕਿਸੇ ਇੱਕ ਰਾਸ਼ਟਰਪਤੀ ਦੀ ਨਿੱਜੀ ਜਾਇਦਾਦ ਨਹੀਂ ਹੈ। ਰਾਸ਼ਟਰਪਤੀ ਇੱਥੇ ਕੁਝ ਸਮੇਂ ਲਈ ਰਹਿਣ ਵਾਲਾ ਹੁੰਦਾ ਹੈ, ਜਦਕਿ ਇਹ ਇਮਾਰਤ ਮੌਜੂਦਾ ਤੇ ਭਵਿੱਖ ਦੇ ਸਾਰੇ ਰਾਸ਼ਟਰਪਤੀਆਂ ਸਮੇਤ ਅਮਰੀਕੀ ਲੋਕਾਂ ਦੀ ਸਾਂਝੀ ਇਤਿਹਾਸਕ ਧਰੋਹਰ ਹੈ।

# ਜਾਖੜ ਨੇ ਕਾਂਗਰਸ ਨੂੰ ਡੋਬਿਆ: ਰਾਜਾ ਵੜਿੰਗ




**ਨੰਗਲ:**ਪੰਜਾਬ ਕਾਂਗਰਸ ਵੱਲੋਂ ਅੱਜ ਨੰਗਲ ਵਿਚ ਸਾਬਕਾ ਸਪੀਕਰ ਰਾਣਾ ਕੇਪੀ ਸਿੰਘ ਦੀ ਅਗਵਾਈ ਵਿਚ 'ਹਰ ਬੂਥ ਕਾਂਗਰਸ ਮਜ਼ਬੂਤ ਰੈਲੀ ਕੀਤੀ ਗਈ। ਰੈਲੀ ਵਿਚ ਆਲ ਇੰਡੀਆ ਕਾਂਗਰਸ ਕਮੇਟੀ ਦੇ ਜਨਰਲ ਸਕੱਤਰ ਭੁਪੇਸ਼ ਬਘੇਲ ਤੇ ਪੰਜਾਬ ਕਾਂਗਰਸ ਕਮੇਟੀ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਵਿਸ਼ੇਸ਼ ਤੌਰ 'ਤੇ ਸ਼ਮੂਲੀਅਤ ਕੀਤੀ। ਰੈਲੀ 'ਚ ਬਲਬੀਰ ਸਿੰਘ ਸਿੱਧੂ ਸਾਬਕਾ ਮੰਤਰੀ ਪੰਜਾਬ, ਸੁਖਵਿੰਦਰ ਸਿੰਘ ਡੈਨੀ ਸਕੱਤਰ ਪੰਜਾਬ ਪ੍ਰਦੇਸ਼ ਕਾਂਗਰਸ, ਸੂਰਜ ਠਾਕੁਰ ਮੈਂਬਰ ਆਲ ਇੰਡੀਆ ਕਾਂਗਰਸ ਕਮੇਟੀ ਤੇ ਸਿਮਰਜੀਤ ਸਿੰਘ ਬੈਂਸ ਨੇ ਵੀ ਹਾਜ਼ਰੀ ਭਰੀ।

ਇਸ ਮੌਕੇ ਬੋਲਦਿਆਂ ਪੰਜਾਬ ਮਾਮਲਿਆਂ ਦੇ ਇੰਚਾਰਜ ਤੇ ਆਲ ਇੰਡੀਆ ਕਾਂਗਰਸ ਕਮੇਟੀ ਦੇ ਜਨਰਲ ਸਕੱਤਰ ਭੂਪੇਸ਼ ਬਘੇਲ ਨੇ ਕਿਹਾ ਕਿ ਅੱਜ ਕਾਂਗਰਸ ਨੂੰ ਬੂਥ ਪੱਧਰ 'ਤੇ ਮਜ਼ਬੂਤ ਕਰਨ ਦੀ ਲੋੜ ਹੈ ਅਤੇ ਲੋਕ ਕਾਂਗਰਸ ਦੀ ਸਰਕਾਰ ਲਿਆਉਣਾ ਚਾਹੁੰਦੇ ਹਨ । ਉਨ੍ਹਾਂ ਕਿਹਾ ਕਿ ਤੁਸੀਂ ਅਕਾਲੀ-ਭਾਜਪਾ ਸਰਕਾਰ ਅਤੇ ਫਿਰ ਆਮ ਆਦਮੀ ਪਾਰਟੀ ਦੀ ਸਰਕਾਰ ਨੂੰ ਵੀ ਦੇਖ ਲਿਆ ਹੈ। ਇਸ ਵਾਰ ਕਾਂਗਰਸ ਪਾਰਟੀ ਨੂੰ ਵੀ ਮੌਕਾ ਦਿੱਤਾ ਜਾਵੇ ਤਾਂ ਜੋ ਪੰਜਾਬ ਤਰੱਕੀਆਂ ਦੀ ਲੀਹ 'ਤੇ ਚੱਲ ਸਕੇ। ਇਸ ਮੌਕੇ ਪੰਜਾਬ ਕਾਂਗਰਸ ਕਮੇਟੀ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਕਿਹਾ ਕਿ ਉਹ ਕਾਂਗਰਸ ਪਾਰਟੀ ਦੇ ਨਿੱਕੇ ਜਿਹੇ ਸਿਪਾਹੀ ਹਨ ਅਤੇ ਉਨ੍ਹਾਂ ਨੂੰ ਕਿਸੇ ਅਹੁਦੇ ਦੀ ਲੋੜ ਨਹੀਂ। ਭਾਵੇਂ ਮੁੱਖ ਮੰਤਰੀ ਕੋਈ ਵੀ ਬਣੇ, ਉਨ੍ਹਾਂ ਦਾ ਟੀਚਾ ਸੂਬੇ 'ਚ ਕਾਂਗਰਸ ਦੀ ਸਰਕਾਰ ਬਣਾਉਣਾ ਹੈ।



ਰਾਜਾ ਵੜਿੰਗ ਨੇ ਕਿਹਾ ਕਿ ਜਦੋਂ ਮੈਨੂੰ ਪੰਜਾਬ ਦੀ ਕਮਾਂਡ ਸੌਂਪੀ ਗਈ ਸੀ ਤਾਂ ਸਭ ਵਿਦੇਸ਼ਾਂ ਵਿਚ ਅਤੇ ਹੋਰ ਥਾਵਾਂ 'ਤੇ ਭੱਜ ਗਏ ਸਨ। ਮਾਲਵੇ ਵਿਚੋਂ ਕਾਂਗਰਸ ਨੂੰ 69 'ਚੋਂ ਦੋ ਸੀਟਾਂ ਹੀ ਆਈਆਂ ਸਨ ਅਤੇ ਕੈਪਟਨ ਅਮਰਿੰਦਰ ਸਿੰਘ, 'ਜੋ ਕਿ ਦੋ ਵਾਰ ਦਾ ਮੁੱਖ ਮੰਤਰੀ ਸੀ, ਆਪਣੀ ਸਰਕਾਰ ਹੁੰਦਿਆਂ ਅੱਠ ਸੀਟਾਂ ਲੈ ਸਕਿਆ ਸੀ ਪਰ ਮੈਂ ਬਿਨਾਂ ਸਰਕਾਰ ਤੋਂ ਸੱਤ ਸੀਟਾਂ ਜਿੱਤ ਗਿਆ। ਉਨ੍ਹਾਂ ਵੱਲੋਂ ਸੁਨੀਲ ਜਾਖੜ ਦੀ ਗੱਲ ਕਰਦਿਆਂ ਦਗਾਬਾਜ਼ ਦਾ ਨਾਂ ਦੇ ਕੇ ਕਿਹਾ ਕਿ ਉਨ੍ਹਾਂ ਨੇ ਕਾਂਗਰਸ ਵਿਚ ਰਹਿ ਕੇ ਪਾਰਟੀ ਨੂੰ ਡੋਬਿਆ, ਕਿਉਂਕਿ ਉਨ੍ਹਾਂ ਦਾ ਅਮਿਤ ਸ਼ਾਹ ਨਾਲ ਗੁਪਤ ਸਮਝੌਤਾ ਹੋ ਚੁੱਕਾ ਸੀ ਜਿਸ 'ਤੇ ਚਲਦਿਆਂ ਕਾਂਗਰਸ 80 ਸੀਟਾਂ ਜਿੱਤਦੀ-ਜਿੱਤਦੀ 18 ਸੀਟਾਂ 'ਤੇ ਆ ਗਈ। ਉਨ੍ਹਾਂ ਕਿਹਾ ਕਿ ਉਹੀ ਜਾਖੜ ਫਿਰ ਭਾਜਪਾ ਦਾ ਪੰਜਾਬ ਪ੍ਰਧਾਨ ਬਣ ਗਿਆ। ਉਨ੍ਹਾਂ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਕਾਂਗਰਸ ਦਾ ਸਾਥ ਦੇਣ। ਇਸ ਮੌਕੇ ਸਾਬਕਾ ਸਪੀਕਰ ਰਾਣਾ ਕੰਵਰਪਾਲ ਸਿੰਘ ਨੇ ਕਿਹਾ ਕਿ 2022 ਵਿਚ ਲੋਕਾਂ ਨੂੰ ਝੂਠੇ ਵਾਅਦਿਆਂ ਨਾਲ ਠੱਗ ਲਿਆ ਗਿਆ, ਪਰ ਇਸ ਵਾਰ ਲੋਕ ਉਨ੍ਹਾਂ ਦਾ ਸਾਥ ਨਹੀਂ ਦੇਣਗੇ।

### ਚੰਨੀ ਦੇ ਨਾਅਰਿਆਂ ਤੋਂ ਬਿਨਾਂ ਕਾਂਗਰਸ ਦੀ ਪਹਿਲੀ ਰੈਲੀ

ਨੰਗਲ 'ਚ ਕਾਂਗਰਸ ਵੱਲੋਂ ਕੀਤੀ ਗਈ ਰੈਲੀ ਵਿਚ ਅੱਜ ਪਹਿਲੀ ਵਾਰ ਹੋਇਆ ਕਿ 'ਚਰਨਜੀਤ ਸਿੰਘ ਚੰਨੀ ਜ਼ਿੰਦਾਬਾਦ' ਦੇ ਨਾਅਰੇ ਨਹੀਂ ਲੱਗੇ। ਇਸ ਲਈ ਜਿੱਥੇ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਰਾਣਾ ਕੰਵਰਪਾਲ ਸਿੰਘ ਨੂੰ ਪੰਜਾਬ ਕਾਂਗਰਸ ਦਾ ਚਾਣਕਿਆ ਕਹਿ ਕੇ ਨਿਵਾਜਿਆ, ਉੱਥੇ ਹੀ ਸੁਖਵਿੰਦਰ ਸਿੰਘ ਵਿਸਕੀ ਦੀ ਅਗਵਾਈ ਵਿੱਚ ਕੀਤੀ ਗਈ ਨਾਕਾਬੰਦੀ ਦੀ ਸ਼ਲਾਘਾ ਵੀ ਕੀਤੀ।

ਦੱਸਣਾ ਬਣਦਾ ਹੈ ਕਿ ਐਂਟਰੀ ਪੁਆਇੰਟ ਤੋਂ ਲੈ ਕੇ ਗੇਟਾਂ ਤੱਕ ਇਸ ਤਰ੍ਹਾਂ ਦੀ ਵਿਉਂਤ ਬਣਾਈ ਗਈ ਸੀ ਕਿ ਕੋਈ ਵੀ ਗੈਰ-ਕਾਂਗਰਸੀ ਜਾਂ ਫਿਰ ਅਣਪਛਾਤਾ ਵਿਅਕਤੀ ਅੰਦਰ ਨਹੀਂ ਜਾ ਸਕਦਾ ਸੀ, ਜਿੱਥੇ ਪਹਿਲੀ ਐਂਟਰੀ 'ਤੇ ਬਲਾਕ ਕਾਂਗਰਸ ਕਮੇਟੀ ਦੇ ਪ੍ਰਧਾਨ ਸੰਜੇ ਸਾਹਨੀ ਅਤੇ ਜ਼ਿਲ੍ਹਾ ਕਾਂਗਰਸ ਕਮੇਟੀ ਦੇ ਪ੍ਰਧਾਨ ਅਸ਼ਵਨੀ ਸ਼ਰਮਾ ਖੜ੍ਹੇ ਹੋਏ ਸਨ। ਉੱਥੇ ਹੀ ਮੁੱਖ ਐਂਟਰੀ ਤੇ ਸੁਖਵਿੰਦਰ ਸਿੰਘ ਵਿਸਕੀ ਅਤੇ ਹੋਰ ਲੀਡਰ ਖੜ੍ਹੇ ਕੀਤੇ ਗਏ ਸਨ ਤਾਂ ਜੋ ਕੋਈ ਅਣਪਛਾਤਾ ਵਿਅਕਤੀ ਅੰਦਰ ਨਾ ਜਾ ਸਕੇ। ਇਸ ਦੇ ਨਾਲ ਹੀ ਐਂਟਰੀ ਲਈ ਇੱਕੋ ਦਰਵਾਜ਼ਾ ਰੱਖਿਆ ਗਿਆ ਸੀ ਤੇ ਬਾਕੀ ਸਾਰੇ ਦਰਵਾਜ਼ੇ ਬੰਦ ਰੱਖੇ ਗਏ ਸਨ। ਦੂਜੇ ਪਾਸੇ, ਪੰਜਾਬ ਪੁਲਿਸ ਵੱਲੋਂ ਵੀ ਬਿਹਤਰ ਪ੍ਰਬੰਧ ਕੀਤੇ ਗਏ ਸਨ, ਜਿਸ ਵਿਚ ਮਹਿਲਾ ਪੁਲਿਸ ਵੀ ਭਾਰੀ ਗਿਣਤੀ 'ਚ ਲਗਾਈ ਗਈ ਸੀ।

# ਦਿੱਲੀ ਦੇ ਉਪ ਰਾਜਪਾਲ ਤਰਨਜੀਤ ਸਿੰਘ ਸੰਧੂ ਸ੍ਰੀ ਹਰਿਮੰਦਰ ਸਾਹਿਬ ਹੋਏ ਨਤਮਸਤਕ



**ਅੰਮ੍ਰਿਤਸਰ:**ਦਿੱਲੀ ਦੇ ਉਪ ਰਾਜਪਾਲ ਤਰਨਜੀਤ ਸਿੰਘ ਸੰਧੂ ਸਮੁੰਦਰੀ ਨੇ ਸ੍ਰੀ ਹਰਿਮੰਦਰ ਸਾਹਿਬ ਮੱਥਾ ਟੇਕਿਆ। ਅਤੇ ਸਰਬਤ ਦੇ ਭਲੇ ਦੀ ਅਰਦਾਸ ਕੀਤੀ। ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਤਰਨਜੀਤ ਸਿੰਘ ਸੰਧੂ ਸਮੁੰਦਰੀ ਨੇ ਕਿਹਾ ਕਿ ਅੰਮ੍ਰਿਤਸਰ ਨਾਲ ਉਨ੍ਹਾਂ ਦਾ ਪੁਰਾਣਾ ਰਿਸ਼ਤਾ ਹੈ। ਅਤੇ ਉਨ੍ਹਾਂ ਦਾ ਪਰਿਵਾਰਕ ਲਗਾਅ ਵੀ ਹੈ। ਉਹ ਜਦੋਂ ਵੀ ਅੰਮ੍ਰਿਤਸਰ ਆਉਂਦੇ ਹਨ, ਸ੍ਰੀ ਦਰਬਾਰ ਸਾਹਿਬ ਮੱਥਾ ਜ਼ਰੂਰ ਟੇਕਦੇ ਹਨ। ਉਨ੍ਹਾਂ ਨੇ ਇਤਿਹਾਸ ਦੇ ਬਾਰੇ ਗੱਲ ਕਰਦੇ ਹੋਏ ਕਿਹਾ 1920 ਤੋਂ 1926 'ਚ ਪੰਜ ਮੋਰਚੇ ਸ਼ੁਰੂ ਹੋਏ ਸਨ, ਜਿਨ੍ਹਾਂ ਵਿੱਚ 'ਗੁਰੂ ਕਾ ਬਾਗ' ਅਤੇ 'ਚਾਬੀਆਂ ਵਾਲੇ ਮੋਰਚੇ' ਅਹਿਮ ਹਨ। ਜੋ ਸਫਲ ਅਹਿੰਸਕ ਮੋਰਚੇ ਸਨ। ਉਨ੍ਹਾਂ ਕਿਹਾ ਸਾਡਾ ਵਿਰਸਾ ਬੜਾ ਹੀ ਗੌਰਵਮਈ ਹੈ। ਇਸ ਲਈ ਆਪਣੇ ਬੱਚਿਆਂ ਨੂੰ ਇਤਿਹਾਸ ਤੋਂ ਜਾਣੂ ਕਰਵਾਇਆ ਜਾਵੇ ਅਤੇ ਉਨ੍ਹਾਂ ਨੂੰ ਇਨ੍ਹਾਂ ਦੋਵੇਂ ਮੋਰਚਿਆਂ ਬਾਰੇ ਦੱਸਿਆ ਜਾਵੇ। ਉਨ੍ਹਾਂ ਕਿਹਾ ਕਿ ਸਿੱਖਾਂ, ਹਿੰਦੂ ਮੁਸਲਮਾਨਾਂ ਨੇ ਮਿਲ ਕੇ 'ਗੁਰੂ ਕੇ ਬਾਗ਼' ਦੇ ਮੋਰਚੇ ਵਿਚ ਹਿੱਸਾ ਲਿਆ ਅਤੇ ਬਿਨਾਂ ਕੋਈ ਖ਼ੂਨ ਖ਼ਰਾਬਾ ਹੋਏ ਇਹ ਮੋਰਚਾ ਸਫ਼ਲ ਹੋਇਆ। ਉਨ੍ਹਾਂ ਕਿਹਾ ਕਿ 1917 'ਚ ਸ. ਤੇਜਾ ਸਿੰਘ ਸਮੁੰਦਰੀ ਵਲੋਂ ਸਰਹਾਲੀ ਵਿਖੇ ਦੋ ਸਕੂਲ ਸਥਾਪਤ ਕੀਤੇ ਸਨ, ਜੋ ਅੱਜ ਵੀ ਚਲ ਰਹੇ ਹਨ ਅਤੇ ਇਨ੍ਹਾਂ ਸਕੂਲਾਂ ਤੋਂ ਤਲੀਮ ਹਾਸਲ ਕਰਨ ਵਾਲੇ ਵਿਦਿਆਰਥੀ ਉੱਚ ਅਹੁਦਿਆਂ 'ਤੇ ਰਹੇ ਹਨ। ਉਨ੍ਹਾਂ ਕਿਹਾ ਕਿ ਸਿਆਸਤ ਵਿਚ ਇਕ ਦੂਸਰੇ 'ਤੇ ਜਿੰਨ੍ਹਾਂ ਮਰਜ਼ੀ ਘੱਟਾ ਸੁਟਿਆ ਜਾਵੇ ਪਰ ਬੱਚਿਆਂ ਦੇ ਭਵਿੱਖ ਬਣਾਉਣਾ ਲਈ ਸਿੱਖਿਆ ਵੱਲ ਵਿਸ਼ੇਸ਼ ਧਿਆਨ ਦੇਣ ਦੀ ਲੋੜ ਹੈ।

# ਨੀਟ ਪੇਪਰ ਦੇ ਮਾਹਿਰ ਹੀ ਨਿਕਲੇ ਕਸੂਰਵਾਰ

**ਨਵੀਂ ਦਿੱਲੀ:**ਨੀਟ ਪੇਪਰ ਲੀਕ ਮਾਮਲੇ ਵਿਚ ਸੀਬੀਆਈ ਵੱਲੋਂ ਦਿੱਤੀ ਗਈ ਜਾਣਕਾਰੀ ਹੈਰਾਨ ਕਰਨ ਵਾਲੀ ਹੈ ਕਿ ਨੈਸ਼ਨਲ ਟੈਸਟਿੰਗ ਏਜੰਸੀ ਦੇ ਤਿੰਨ ਮਾਹਿਰਾਂ ਨੇ ਹੀ ਪ੍ਰਸ਼ਨ ਪੱਤਰ ਲੀਕ ਕੀਤੇ ਸਨ। ਇਨ੍ਹਾਂ ਨੇ ਖ਼ੁਫ਼ੀਆ ਪ੍ਰਸ਼ਨ ਤਿਆਰ ਕਰਨ ਅਤੇ ਅਨੁਵਾਦ ਦੀ ਪ੍ਰਕਿਰਿਆ ਦੌਰਾਨ ਪ੍ਰੀਖਿਆ ਸਮੱਗਰੀ ਬਾਹਰ ਕੱਢੀ ਅਤੇ ਇਸ ਨੂੰ ਵਿਚੋਲਿਆਂ ਜ਼ਰੀਏ ਉਨ੍ਹਾਂ ਉਮੀਦਵਾਰਾਂ ਤੱਕ ਪਹੁੰਚਾਇਆ ਜੋ ਛਲ-ਕਪਟ ਨਾਲ ਨੀਟ ਪਾਸ ਕਰਨਾ ਚਾਹੁੰਦੇ ਸਨ। ਇਨ੍ਹਾਂ ਦਾ ਸਾਥ ਕੋਚਿੰਗ ਸੈਂਟਰ ਚਲਾਉਣ ਵਾਲਿਆਂ ਨੇ ਵੀ ਦਿੱਤਾ। ਇਹ ਤਿੰਨੋਂ ਅਧਿਆਪਕ ਸਨ, ਜੋ ਐੱਨਟੀਏ ਨੂੰ ਆਪਣੀਆਂ ਸੇਵਾਵਾਂ ਦੇ ਰਹੇ ਸਨ। ਸਾਫ਼ ਹੈ ਕਿ ਜਿਨ੍ਹਾਂ 'ਤੇ ਪ੍ਰੀਖਿਆ ਦੀ ਗੁਪਤਤਾ ਬਣਾਈ ਰੱਖਣ ਦੀ ਜ਼ਿੰਮੇਵਾਰੀ ਸੀ, ਉਨ੍ਹਾਂ ਨੇ ਹੀ ਇਸ ਵਿਚ ਸੰਨ੍ਹ ਮਾਰਨ ਦਾ ਕੰਮ ਕੀਤਾ। ਇਹ ਇਕ ਤਰ੍ਹਾਂ ਨਾਲ 'ਵਾੜ ਖੇਤ ਨੂੰ ਖਾਵੇ' ਵਾਲਾ ਹੀ ਮਾਮਲਾ ਹੈ। ਇਸ ਤੋਂ ਵੱਡੀ ਤ੍ਰਾਸਦੀ ਹੋਰ ਕੋਈ ਨਹੀਂ ਹੋ ਸਕਦੀ ਕਿ ਜ਼ਿੰਮੇਵਾਰ ਲੋਕ ਹੀ ਗ਼ੈਰ-ਜ਼ਿੰਮੇਵਾਰੀ ਦਾ ਸਬੂਤ ਦੇਣ। ਇਨ੍ਹਾਂ ਅਧਿਆਪਕਾਂ ਨੇ ਆਪਣੀਆਂ ਹਰਕਤਾਂ ਨਾਲ 22 ਲੱਖ ਤੋਂ ਵੱਧ ਵਿਦਿਆਰਥੀਆਂ ਨੂੰ ਦੁਬਾਰਾ ਪ੍ਰੀਖਿਆ ਦੇਣ ਲਈ ਮਜਬੂਰ ਹੀ ਨਹੀਂ ਕੀਤਾ, ਐੱਨਟੀਏ ਦੀ ਬਦਨਾਮੀ ਵੀ ਕਰਵਾਈ ਅਤੇ ਸਰਕਾਰ ਦੇ ਸਾਹਮਣੇ ਮੁਸੀਬਤਾਂ ਖੜ੍ਹੀਆਂ ਕੀਤੀਆਂ। ਇਸ ਤੋਂ ਸੰਤੁਸ਼ਟ ਨਹੀਂ ਹੋਇਆ ਜਾ ਸਕਦਾ ਕਿ ਪੇਪਰ ਲੀਕ ਰੋਕੂ ਕਾਨੂੰਨ ਨੂੰ ਬਹੁਤ ਸਖ਼ਤ ਬਣਾਇਆ ਗਿਆ ਹੈ ਅਤੇ ਨੀਟ ਪੇਪਰ ਲੀਕ ਮਾਮਲੇ ਦੀ ਸੁਣਵਾਈ ਫਾਸਟ-ਟ੍ਰੈਕ ਕੋਰਟ ਨੂੰ ਸੌਂਪੀ ਗਈ ਹੈ, ਕਿਉਂਕਿ ਗੱਲ ਉਦੋਂ ਬਣੇਗੀ ਜਦੋਂ ਪੇਪਰ ਲੀਕ ਦੇ ਦੋਸ਼ੀਆਂ ਨੂੰ ਜਲਦ ਤੋਂ ਜਲਦ ਸਖ਼ਤ ਸਜ਼ਾ ਮਿਲੇਗੀ। ਇਹ ਸਜ਼ਾ ਅਜਿਹੀ ਹੋਣੀ ਚਾਹੀਦੀ ਹੈ ਜੋ ਨਜ਼ੀਰ ਬਣ ਸਕੇ ਅਤੇ ਪ੍ਰੀਖਿਆ ਵਿਚ ਸੰਨ੍ਹਮਾਰੀ ਕਰਨ ਵਾਲਿਆਂ ਦੇ ਮਨਾਂ ਵਿਚ ਖ਼ੌਫ਼ ਪੈਦਾ ਕਰ ਸਕੇ। ਨੀਟ ਪੇਪਰ ਲੀਕ ਮਾਮਲੇ ਵਿਚ ਇਹ ਵੀ ਧਿਆਨ ਰਹੇ ਕਿ ਐੱਨਟੀਏ ਨੂੰ ਸੇਵਾਵਾਂ ਦੇ ਰਹੇ ਅਧਿਆਪਕ ਆਪਣੇ ਨਾਪਾਕ ਇਰਾਦੇ ਵਿਚ ਇਸ ਲਈ ਕਾਮਯਾਬ ਨਹੀਂ ਰਹੇ, ਕਿਉਂਕਿ ਉਹ ਬੁਰੀ ਨੀਅਤ ਵਾਲੇ ਸਨ। ਉਹ ਇਸ ਲਈ ਵੀ ਕਾਮਯਾਬ ਹੋਏ, ਕਿਉਂਕਿ ਐੱਨਟੀਏ ਨੇ ਪ੍ਰੀਖਿਆ ਦੀ ਗੁਪਤਤਾ ਬਣਾਈ ਰੱਖਣ ਲਈ ਬੁਨਿਆਦੀ ਜ਼ਰੂਰੀ ਉਪਾਅ ਨਹੀਂ ਕੀਤੇ। ਉਸ ਨੇ ਪ੍ਰਸ਼ਨ ਪੱਤਰ ਤਿਆਰ ਕਰਨ ਦੀ ਪ੍ਰਕਿਰਿਆ ਇਸ ਤਰ੍ਹਾਂ ਰੱਖੀ ਕਿ ਮੁਲਜ਼ਮ ਅਧਿਆਪਕਾਂ ਦੀ ਸਾਰੇ ਪ੍ਰਸ਼ਨਾਂ ਤੱਕ ਪਹੁੰਚ ਬਹੁਤ ਆਸਾਨ ਹੋ ਗਈ। ਮਾੜੀ ਗੱਲ ਇਹ ਵੀ ਰਹੀ ਕਿ ਪ੍ਰਸ਼ਨ ਪੱਤਰ ਤਿਆਰ ਕਰਨ ਦੀ ਪ੍ਰਕਿਰਿਆ ਦੀ ਸੀਸੀਟੀਵੀ ਨਾਂਲ ਸਟੀਕ ਨਿਗਰਾਨੀ ਵੀ ਨਹੀਂ ਕੀਤੀ ਗਈ। ਸਮਝਣਾ ਮੁਸ਼ਕਲ ਹੈ ਕਿ ਮੁਲਜ਼ਮ ਅਧਿਆਪਕਾਂ ਨੂੰ ਪੂਰਾ ਪ੍ਰਸ਼ਨ ਪੱਤਰ ਤਿਆਰ ਕਰਨ ਅਤੇ ਉਸ ਦਾ ਅਨੁਵਾਦ ਕਰਨ ਦੀ ਸਹੂਲਤ ਕਿਉਂ ਦਿੱਤੀ ਗਈ? ਇਸ ਪ੍ਰਸ਼ਨ ਦਾ ਵੀ ਜਵਾਬ ਨਹੀਂ ਮਿਲ ਰਿਹਾ ਹੈ ਕਿ ਨੀਟ ਪ੍ਰਸ਼ਨ ਪੱਤਰ ਦੇ ਕਈ ਸੈੱਟ ਕਿਉਂ ਨਹੀਂ ਤਿਆਰ ਕੀਤੇ ਗਏ? ਅਜਿਹਾ ਲੱਗਦਾ ਹੈ ਕਿ ਐੱਨਟੀਏ ਦੇ ਸੀਨੀਅਰ ਅਧਿਕਾਰੀ ਇਸ ਤੋਂ ਜਾਣੂਹੀ ਨਹੀਂ ਸਨ ਕਿ ਪ੍ਰੀਖਿਆ ਵਿਚ ਸੰਨ੍ਹਮਾਰੀ ਕਰਨ ਵਾਲਾ ਇਕ ਮਾਫ਼ੀਆ ਪੈਦਾ ਹੋ ਗਿਆ ਹੈ, ਜਿਸ ਵਿਚ ਕੋਚਿੰਗ ਚਲਾਉਣ ਵਾਲਿਆਂ ਦੇ ਨਾਲ-ਨਾਲ ਅਧਿਆਪਕ ਵੀ ਸ਼ਾਮਲ ਹੋ ਸਕਦੇ ਹਨ। ਇਹ ਮਾਮਲਾ ਇਸ ਪਾਸੇ ਵੀ ਸੰਕੇਤ ਕਰਦਾ ਹੈ ਕਿ ਜਿਨ੍ਹਾਂ ਅਧਿਆਪਕਾਂ ਤੋਂ ਪ੍ਰੀਖਿਆਵਾਂ ਦੀ ਪਾਕੀਜ਼ਗੀ ਬਣਾਈ ਰੱਖਣ ਦੀ ਉਮੀਦ ਕੀਤੀ ਜਾਂਦੀ ਹੈ, ਉਹੀ ਨੈਤਿਕਤਾ ਨੂੰ ਤਿਲਾਂਜਲੀ ਦੇਣ ਵਾਲੇ ਅਪਰਾਧੀ ਨਿਕਲੇ।



ਸਪੱਸ਼ਟ ਹੈ ਕਿ ਇਹ ਸਮਾਜ ਵਿਚ ਨੈਤਿਕ ਗਿਰਾਵਟ ਨੂੰ ਵੀ ਦਰਸਾਉਂਦਾ ਹੈ। ਸੀਬੀਆਈ ਦੇ ਉਕਤ ਖ਼ੁਲਾਸੇ ਤੋਂ ਬਾਅਦ ਸਰਕਾਰ ਤੇ ਪ੍ਰਤੀਯੋਗੀ ਪ੍ਰੀਖਿਆਵਾਂ ਲੈਣ ਵਾਲੀਆਂ ਏਜੰਸੀਆਂ ਨੂੰ ਬਹੁਤ ਜ਼ਿਆਦਾ ਚੌਕਸ ਹੋ ਜਾਣ ਦੀ ਜ਼ਰੂਰਤ ਹੈ ਤਾਂ ਜੋ ਪੇਪਰ ਲੀਕ ਹੋਣ ਦੀਆਂ ਘਟਨਾਵਾਂ 'ਤੇ ਲਗਾਮ ਲੱਗ ਸਕੇ।

# ਪਿੰਡ ਕੋਟਲਾ ਹੇਰਾਂ 'ਚ ਖ਼ਾਲਿਸਤਾਨੀ ਨਾਅਰਿਆਂ ਨੇ ਫੈਲਾਈ ਸਨਸਨੀ

**ਨਕੋਦਰ**:ਆਜ਼ਾਦੀ ਦਿਹਾੜੇ ਤੋਂ ਪਹਿਲਾਂ ਨਕੋਦਰ ਦੇ ਪਿੰਡ ਕੋਟਲਾ ਹੇਰਾਂ ਸਥਿਤ ਸਰਕਾਰੀ ਸਕੂਲ ਨੂੰ ਲੈ ਕੇ ਖਾਲਿਸਤਾਨੀ ਨਾਅਰਿਆਂ ਤੇ ਝੰਡਾ ਲਹਿਰਾਉਣ ਦੇ ਦਾਅਵੇ ਨੇ ਇਲਾਕੇ 'ਚ ਚਰਚਾ ਛੇੜ ਦਿੱਤੀ। ਹਾਲਾਂਕਿ ਪੁਲਿਸ ਵੱਲੋਂ ਕੀਤੀ ਗਈ ਜਾਂਚ 'ਚ ਸਕੂਲ 'ਚ ਖਾਲਿਸਤਾਨੀ ਝੰਡਾ ਲਹਿਰਾਉਣ ਦੀ ਗੱਲ ਨੂੰ ਬੇਬੁਨਿਆਦ ਪਾਇਆ ਗਿਆ ਹੈ।




ਜਾਣਕਾਰੀ ਮੁਤਾਬਕ ਪਾਬੰਦੀਸ਼ੁਦਾ ਜਥੇਬੰਦੀ 'ਸਿੱਖਸ ਫਾਰ ਜਸਟਿਸ' ਨਾਲ ਜੁੜੇ ਗੁਰਪਤਵੰਤ ਸਿੰਘ ਪੰਨੂ ਵੱਲੋਂ ਸੋਸ਼ਲ ਮੀਡੀਆ 'ਤੇ ਇਕ ਵੀਡੀਓ ਜਾਰੀ ਕਰ ਕੇ ਦਾਅਵਾ ਕੀਤਾ ਗਿਆ ਸੀ ਕਿ ਪਿੰਡ ਕੋਟਲਾ ਹੇਰਾਂ ਦੇ ਸਰਕਾਰੀ ਸਕੂਲ 'ਚ ਵੱਖਵਾਦੀ ਨਾਅਰੇ ਲਿਖੇ ਗਏ ਹਨ ਤੇ ਪ੍ਰਿੰਸੀਪਲ ਦਫ਼ਤਰ ਦੇ ਬਾਹਰ ਖਾਲਿਸਤਾਨੀ ਝੰਡਾ ਲਹਿਰਾਇਆ ਗਿਆ ਹੈ। ਵੀਡੀਓ ਸਾਹਮਣੇ ਆਉਣ ਤੋਂ ਬਾਅਦ ਨਕੋਦਰ ਪੁਲਿਸ ਤੁਰੰਤ ਹਰਕਤ 'ਚ ਆਈ। ਡੀਐੱਸਪੀ ਨਕੋਦਰ ਓਕਾਰ ਸਿੰਘ ਬਰਾੜ ਤੇ ਥਾਣਾ ਸਦਰ ਨਕੋਦਰ ਦੀ ਟੀਮ ਨੇ ਮੌਕੇ 'ਤੇ ਪਹੁੰਚ ਕੇ ਸਕੂਲ ਕੰਪਲੈਕਸ ਦੀ ਜਾਂਚ ਕੀਤੀ।



### ਪੁਲਿਸ ਨੂੰ ਕੋਈ ਵੀ ਝੰਡਾ ਨਹੀਂ ਮਿਲਿਆ

ਪੁਲਿਸ ਅਨੁਸਾਰ ਸਕੂਲ ਦੀ ਕੰਧ 'ਤੇ ਲਿਖੇ ਕੁਝ ਸ਼ੱਕੀ ਨਾਅਰੇ ਵੀ ਪੁਲਿਸ ਦੇ ਪੁੱਜਣ ਤੋਂ ਪਹਿਲਾਂ ਕਿਸੇ ਵਿਅਕਤੀ ਵੱਲੋਂ ਕਾਲਖ ਪੋਤ ਕੇ ਮਿਟਾਏ ਜਾ ਚੁੱਕੇ ਸਨ। ਸਕੂਲ ਪ੍ਰਿੰਸੀਪਲ ਨੇ ਵੀ ਸਪੱਸ਼ਟ ਕੀਤਾ ਕਿ ਸਕੂਲ 'ਚ ਝੰਡਾ ਲਹਿਰਾਉਣ ਵਰਗੀ ਕੋਈ ਘਟਨਾ ਨਹੀਂ ਵਾਪਰੀ। ਡੀਐੱਸਪੀ ਓਂਕਾਰ ਸਿੰਘ ਬਰਾੜ ਨੇ ਕਿਹਾ ਕਿ ਜਾਂਚ ਦੌਰਾਨ ਸਕੂਲ 'ਚ ਅਜਿਹਾ ਕੋਈ ਝੰਡਾ ਨਹੀਂ ਮਿਲਿਆ ਤੇ ਵੀਡੀਓ 'ਚ ਕੀਤੇ ਗਏ ਦਾਅਵੇ ਤੱਥਾਂ ਨਾਲ ਮੇਲ ਨਹੀਂ ਖਾਂਦੇ। ਉਨ੍ਹਾਂ ਕਿਹਾ ਕਿ ਭਰਮਾਊ ਜਾਣਕਾਰੀ ਫੈਲਾ ਕੇ ਮਾਹੌਲ ਖ਼ਰਾਬ ਕਰਨ ਦੀ ਕੋਸ਼ਿਸ਼ ਕਰਨ ਵਾਲਿਆਂ ਖ਼ਿਲਾਫ਼ ਕਾਰਵਾਈ ਕੀਤੀ ਜਾ ਰਹੀ ਹੈ। ਪੁਲਿਸ ਨੇ ਇਸ ਮਾਮਲੇ 'ਚ ਅਣਪਛਾਤਿਆਂ ਖ਼ਿਲਾਫ਼ ਕੇਸ ਦਰਜ ਕਰ ਲਿਆ ਹੈ।

**ਵੀਡੀਓ ਸਾਹਮਣੇ ਆਉਣ ਤੋਂ ਬਾਅਦ ਨਕੋਦਰ ਪੁਲਿਸ ਤੁਰੰਤ ਹਰਕਤ 'ਚ ਆਈ।**


# ਪੰਜਾਬੀ ਕਲਮਾਂ ਦਾ ਕਾਫ਼ਲਾ ਟਰਾਂਟੋ ਵਲੋਂ ਨਾਵਲਕਾਰ ਨਾਨਕ ਸਿੰਘ ਨੂੰ ਸਮਰਪਿਤ ਸਮਾਗਮ

**ਟਰਾਂਟੋ: (ਉਂਕਾਰਪ੍ਰੀਤ):** ਪੰਜਾਬੀ ਕਲਮਾਂ ਦਾ ਕਾਫ਼ਲਾ ਟਰਾਂਟੋ ਦੀ ਜੁਲਾਈ 2026 ਦੀ ਮੀਟਿੰਗ ਪੰਜਾਬੀ ਨਾਵਲ ਦੇ ਪਿਤਾਮਾ ਸਰਦਾਰ ਨਾਨਕ ਸਿੰਘ ਨੂੰ ਸਮਰਪਿਤ ਰਹੀ। ਮੀਟਿੰਗ ਦੀ ਸ਼ੁਰੂਆਤ ਉੱਘੀ ਸ਼ਾਇਰਾ ਸੁਖਚਰਨਜੀਤ ਕੌਰ ਗਿੱਲ ਵਲੋਂ ਨਾਨਕ ਸਿੰਘ ਬਾਰੇ ਵਿਸ਼ੇਸ਼ ਪੇਪਰ ਨਾਲ ਹੋਈ। ਆਪਣੇ ਪੇਪਰ ਵਿਚ ਜਿੱਥੇ ਉਨ੍ਹਾਂ ਨੇ ਨਾਨਕ ਸਿੰਘ ਦੀ ਸਮੁੱਚੀ ਸੰਘਰਸ਼ਮਈ ਨਿੱਜੀ ਜੀਵਨੀ ਅਤੇ ਉਨ੍ਹਾਂ ਦੇ ਸਾਹਿਤਕ ਸਫ਼ਰ ਬਾਰੇਜਾਣਕਾਰੀ ਸਾਂਝੀ ਕੀਤੀ। ਉਨ੍ਹਾਂ ਨੇ ਨਾਨਕ ਸਿੰਘ ਤੋਂ ਪਹਿਲੇ ਨਾਵਲਕਾਰ ਭਾਈ ਵੀਰ ਸਿੰਘ ਦੇ ਨਾਵਲਾਂ ਦਾ ਤੁਲਨਾਤਮਿਕ ਥੀਸਸ ਪੇਸ਼ ਕਰਦਿਆਂ ਨਾਨਕ ਸਿੰਘ ਦੇ ਨਾਵਲਾਂ ਨੂੰ ਕਹਾਣੀ ਰਸ ਨਾਲ ਭਰਪੂਰ, ਅਤੇ ਹਰ ਸਮਾਜਿਕ ਗਿਰਾਵਟ ਨੂੰ ਪ੍ਰਸ਼ਨ ਹੇਠ ਲਿਆਉਣ ਦੀ ਪਹਿਲ ਵਾਲੇ ਨਾਵਲਾਂ ਵਜੋਂ ਉਭਾਰਦਿਆਂ ਉਨ੍ਹਾਂ ਦੀ ਲੋਕ ਪੱਖੀ ਪਹੁੰਚ ਨੂੰ ਨਵੇਂ ਪੰਜਾਬੀ ਨਾਵਲ ਦਾ ਮੂੰਹ ਮੁਹਾਂਦਰਾ ਘੜਨ ਅਤੇ ਉਸਾਰਨ ਵਾਲੇ ਆਖਿਆ।

ਇਸ ਮੌਕੇ ਕਾਫ਼ਲੇ ਵਲੋਂ ਨਾਨਕ ਸਿੰਘ ਦੀ ਜੀਵਨੀ, ਸਾਹਿਤ ਕਾਰਜ ਅਤੇ ਮਹੱਤਤਾ ਨੂੰ ਉਜਾਗਰ ਕਰਦਾ ਉਂਕਾਰਪ੍ਰੀਤ ਦਾ ਤਿਆਰ ਕੀਤਾ ਵਿਸ਼ੇਸ਼ ਪੈਂਫਲਿਟ ਵੀ ਲੋਕ ਅਰਪਣ ਕੀਤਾ ਗਿਆ।

ਕਾਫ਼ਲਾ ਮਿਲਣੀ ਦਾ ਅਗਲਾ ਭਾਗ ਬਲਦੇਵ ਸਿੰਘ ਢੀਂਡਸਾ ਦੇ ਕਹਾਣੀ ਸੰਗ੍ਰਹਿ 'ਡੁੱਬਦੇ ਸੂਰਜ' 'ਤੇ ਗੋਸ਼ਟੀ ਸੀ। ਇਸ ਵਿਚ ਕੁਲਵਿੰਦਰ ਖਹਿਰਾ ਵਲੋਂ 'ਡੁੱਬਦੇ ਸੂਰਜ' ਪੁਸਤਕ ਵਿਚਲੀਆਂ ਕਹਾਣੀਆਂ ਦੇ ਵਿਸ਼ਾ-ਵਸਤੂ ਅਤੇ ਕਲਾਤਮਿਕ ਪੱਖ ਨੂੰ ਵਿਚਾਰਦਾ ਵਿਸ਼ੇਸ਼ ਪਰਚਾ ਪੇਸ਼ ਕੀਤਾ ਗਿਆ। ਆਪਣੇ ਪਰਚੇ ਵਿਚ ਕੁਲਵਿੰਦਰ ਖ਼ਹਿਰਾ ਨੇ ਕਿਹਾ ਕਿ ਕਹਾਣੀਆਂ ਪਾਤਰ-ਮੁਖੀ ਨਾ ਹੋ ਕੇ ਵਿਸ਼ਾ-ਮੁਖੀ ਹਨ ਜਿਨ੍ਹਾਂ ਵਿਚ ਲੇਖਕ ਇੱਕ ਵਿਸ਼ੇ ਨੂੰ ਆਪਣਾ ਕੇਂਦਰ-ਬਿੰਦੂ ਬਣਾ ਕੇ ਇੱਕੋ ਕਹਾਣੀ ਵਿਚ ਨਿੱਕੀਆਂ-ਨਿੱਕੀਆਂ ਘਟਨਾਵਾਂ ਦਾ ਸਮੂਹ ਪੇਸ਼ ਕਰਦਿਆਂ ਅਨੇਕਾਂ ਉਦਾਹਰਣਾਂ ਰਾਹੀਂ ਆਪਣੀ ਗੱਲ ਕਹਿਣ ਦੀ ਵਿਧੀ ਅਪਣਾਉਂਦਾ ਹੈ। ਇਨ੍ਹਾਂ ਕਹਾਣੀਆਂ ਦਾ ਮੂਲ਼ ਸਰੋਕਾਰ ਸਮਾਜੀ ਕਰੂਰਤਾ ਉਜਾਗਰ ਕਰਕੇ ਲੋਕਾਂ ਵਿਚ ਜਾਗ੍ਰਿਤੀ ਪੈਦਾ ਕਰਨਾ ਪ੍ਰਤੀਤ ਹੁੰਦਾ ਹੈ।







ਇਹ ਸ਼ਾਇਦ ਲੇਖਕ ਦਾ ਆਪਣੇ ਸਿਆਸੀ ਪਿਛੋਕੜ ਦਾ ਅਸਰ ਹੈ ਕਿ ਉਸਦੀਆਂ ਕਈ ਕਹਾਣੀਆਂ ਦੇ ਪਾਤਰ ਨਕਸਲੀ ਦੌਰ ਨਾ਼ਲ ਸਬੰਧਤ ਹਨ ਪਰ ਇਹ ਨਿਰਣਾ ਕਰਨਾ ਮੁਸ਼ਕਲ ਹੈ ਕਿ ਅੱਜ ਲੇਖਕ ਦੀ ਉਸ ਦੌਰ ਬਾਰੇ ਸੋਚ ਕੀ ਹੈ? ਕੁੱਲ ਮਿ਼ਲਾ ਕੇ ਬਲਦੇਵ ਸਿੰਘ ਢੀਂਡਸਾ ਦੀ ਇਹ ਕਿਤਾਬ ਸਾਡੇ ਸਮਾਜ ਦੀਆਂ ਕਰੂਰ ਤਹਿਆਂ ਨੂੰ ਫਰੋਲਦੀਆਂ ਕਹਾਣੀਆਂ ਦਾ ਗੁਲਦਸਤਾ ਹੈ ਜੋ ਸਾਨੂੰ ਆਪਣੇ ਅੰਦਰੀਂ ਝਾਤ ਮਾਰਨ ਲਈ ਅਤੇ ਆਪਣੀ ਕਹਿਣੀ ਅਤੇ ਕਰਨੀ ਦੇ ਫਾਸਲੇ ਨੂੰ ਨਾਪਣ ਲਈ ਮਜਬੂਰ ਕਰਦਾ ਹੈ।

ਕੁਲਵਿੰਦਰ ਖਹਿਰਾ ਦੇ ਪਰਚੇ ਉਪਰੰਤ ਕਹਾਣੀਕਾਰ ਜਰਨੈਲ ਸਿੰਘ ਨੇ 'ਡੁੱਬਦੇ ਸੂਰਜ' ਵਿਚਲੀਆਂ ਕਹਾਣੀਆਂ ਦੇ ਪ੍ਰਮੁੱਖ ਗੁਣਾਂ ਅਤੇ ਇਨ੍ਹਾਂ ਵਿਚਲੀ ਹੋਰ ਪਰਪੱਕਤਾ ਦੀ ਸੰਭਾਵਨਾ ਨੂੰ ਰੌਸ਼ਨੀ 'ਚ ਲਿਆਂਦਾ। ਉਨ੍ਹਾਂ ਨੇ ਜਿੱਥੇ ਇਨ੍ਹਾਂ ਕਹਾਣੀ ਵਿਚਲੇ ਵਿਸ਼ਾ ਵਸਤੂ, ਲੇਖਕ ਦੇ ਵਿਸ਼ਿਆਂ ਬਾਰੇ ਗਿਆਨ, ਯਥਾਰਥਕ ਪੇਸ਼ਕਾਰੀ, ਸ਼ਬਦ ਭੰਡਾਰ, ਕਥਾ ਰੌਚਕਤਾ ਦੀ ਸਰਾਹਨਾ ਕੀਤੀ ਉਥੇ ਕਹਾਣੀਆਂ ਵਿਚ ਰਹਿ ਗਈਆਂ ਪਾਤਰ ਉਸਾਰੀ ਦੀਆਂ ਕੁਝ ਊਣਤਾਈਆਂ ਨੂੰ ਵੀ ਨੋਟ ਕੀਤਾ।

ਉਪਰੰਤ ਕਹਾਣੀਕਾਰ ਬਲਦੇਵ ਢੀਂਡਸਾ ਨੇ ਜਿੱਥੇ ਪਰਚਾਕਾਰਾਂ ਅਤੇ ਕਹਾਣੀਆਂ ਬਾਰੇ ਪੇਸ਼ ਵਿਚਾਰਾਂ ਦਾ ਸਵਾਗਤ ਤੇ ਧੰਨਵਾਦ ਕੀਤਾ ਉਥੇ ਕਾਫ਼ਲੇ ਵਲੋਂ ਉਨ੍ਹਾਂ ਦੀ ਕਿਤਾਬ 'ਤੇ ਗੋਸ਼ਟੀ ਲਈ ਵੀ ਧੰਨਵਾਦ ਕੀਤਾ।

ਇਸ ਕਾਫ਼ਲਾ ਮਿਲਣੀ ਦੇ ਅਗਲੇ ਭਾਗ ਵਿਚ ਦੋ ਪੁਸਤਕਾਂ ਲੋਕ ਅਰਪਣ ਕੀਤੀਆਂ ਗਈਆਂ ਜਿਨ੍ਹਾਂ 'ਚ ਉਂਕਾਰਪ੍ਰੀਤ ਦੀ ਵਾਰਤਕ ਪੁਸਤਕ, 'ਕਣ-ਕਣ ਕਥਾ' ਅਤੇ ਗੁਰਮਿੰਦਰ ਕੈਂਡੋਵਾਲ ਦੇ ਗੀਤਾਂ ਦੀ ਪੁਸਤਕ 'ਸਾਡੀ ਜਾਨ ਤੇ ਬਣੀ ਏ' ਸ਼ਾਮਲ ਸਨ। 'ਸਾਡੀ ਜਾਨ ਤੇ ਬਣੀ ਏ' ਪੁਸਤਕ ਬਾਰੇ ਜਿੱਥੇ ਇਸਦੇ ਲੇਖਕ ਗੁਰਮਿੰਦਰ ਕੈਂਡੋਵਾਲ ਦਾ ਵੀਡੀਓ ਸੁਨੇਹਾ ਹਾਜ਼ਰੀਨ ਨਾਲ ਸਾਂਝਾ ਕੀਤਾ ਗਿਆ ਅਤੇ ਉੱਘੇ ਮੀਡੀਆਕਾਰ ਡਾ. ਬਲਵਿੰਦਰ ਹੁਰਾਂ ਵਲੋਂ ਇਸ ਬਾਰੇ ਸਵਾਗਤੀ ਸ਼ਬਦ ਕਹੇ ਗਏ ਉਥੇ ਹੀ ਪੁਸਤਕ 'ਕਣ-ਕਣ ਕਥਾ' ਬਾਰੇ ਉਂਕਾਰਪ੍ਰੀਤ ਵਲੋਂ ਮੁੱਢਲੀ ਜਾਣ-ਪਛਾਣ ਦੀ ਸਾਂਝ ਪਾਈ ਗਈ।

ਕਾਫ਼ਲੇ ਦੀ ਇਸ ਭਾਵਪੂਰਤ ਸਾਹਿਤਕ ਮਿਲਣੀ 'ਚ ਉੱਘੀ ਕਵਿੱਤਰੀ ਸੁਰਿੰਦਰ ਗਿੱਲ ਜੈਪਾਲ ਅਤੇ ਨਾਮਵਰ ਕਹਾਣੀਕਾਰ ਜਤਿੰਦਰ ਹਾਂਸ ਦੀ ਵੀ ਮਾਣਮੱਤੀ ਹਾਜ਼ਰੀ ਰਹੀ। ਮੈਡਮ ਜੈਪਾਲ ਨੇ ਆਪਣੀਆਂ ਚੋਣਵੀਆਂ ਨਜ਼ਮਾਂ ਸਾਂਝੀਆਂ ਕੀਤੀਆਂ। ਉਨ੍ਹਾਂ ਦੀ ਕਾਵਿ/ਨਿਬੰਧ ਪੁਸਤਕ 'ਪੌਣਾ ਮੀਲ ਸਰਹੱਦ' ਬਾਰੇ ਪਿਆਰਾ ਸਿੰਘ ਕੁੱਦੋਵਾਲ ਨੇ ਵਿਚਾਰ ਪੇਸ਼ ਕੀਤੇ। ਕਹਾਣੀਕਾਰ ਜਤਿੰਦਰ ਹਾਂਸ ਬਾਰੇ ਮੁੱਢਲੇ ਸਵਾਗਤੀ ਸ਼ਬਦ ਅਤੇ ਉਨ੍ਹਾਂ ਦੀ ਪੰਜਾਬੀ ਕਹਾਣੀਕਾਰ ਵਜੋਂ ਮਹੱਤਤਾ ਉਜਾਗਰ ਕਰਦੇ ਸੰਖੇਪ ਸ਼ਬਦ ਉੱਘੀ ਕਵਿੱਤਰੀ ਪਰਮਜੀਤ ਦਿਓਲ ਅਤੇ ਕਹਾਣੀਕਾਰ ਜਰਨੈਲ ਸਿੰਘ ਵਲੋਂ ਪੇਸ਼ ਕੀਤੇ ਗਏ। ਉਪਰੰਤ ਜਤਿੰਦਰ ਹਾਂਸ ਵੀ ਹਾਜ਼ਰੀਨ ਦੇ ਰੂ-ਬ-ਰੂ ਹੋਏ ਅਤੇ ਕਾਫ਼ਲੇ ਦਾ ਧੰਨਵਾਦ ਕੀਤਾ।

ਇਸ ਸਮਾਗਮ ਦਾ ਕਵਿਤਾ ਭਾਗ ਹਾਲ ਹੀ ਵਿਚ ਵਿਛੋੜਾ ਦੇ ਗਏ ਕਾਫ਼ਲੇ ਦੇ ਪੁਰਾਣੇ ਮੈਂਬਰ ਅਤੇ ਸੰਜੀਦਾ ਕਵੀ ਗੁਰਬਚਨ ਚਿੰਤਕ ਹੁਰਾਂ ਦੀ ਨਿੱਘੀ ਯਾਦ ਨੂੰ ਸਮਰਪਿਤ ਸੀ। ਕਵੀ ਦਰਬਾਰ ਵਿਚ ਭਾਗ ਲੈਣ ਵਾਲੇ ਸ਼ਾਇਰਾਂ ਵਿਚ ਪਿਆਰਾ ਸਿੰਘ ਕੁੱਦੋਵਾਲ, ਪ੍ਰਤੀਕ ਆਰਟਿਸਟ, ਸੰਦੀਪ ਧਨੋਆ, ਸੁਰਿੰਦਰਜੀਤ ਕੌਰ, ਮਲਵਿੰਦਰ, ਸੁਖਚਰਨਜੀਤ ਕੌਰ ਗਿੱਲ, ਲਖਵੀਰ ਸਿੰਘ ਕਾਹਲੋਂ, ਹਰਦਿਆਲ ਝੀਤਾ, ਪਰਮਜੀਤ ਦਿਓਲ, ਕਿਰਪਾਲ ਕੰਵਲ, ਪਰਮਜੀਤ ਢਿੱਲੋਂ ਅਤੇ ਪ੍ਰਭਜੋਤ ਰਾਠੌਰ ਸ਼ਾਮਲ ਸਨ।

ਤਕਰੀਬਨ ਚਾਰ ਘੰਟੇ ਚੱਲੀ ਇਸ ਭਾਵਪੂਰਤ ਮੀਟਿੰਗ ਵਿਚ ਵੱਡੀ ਗਿਣਤੀ 'ਚ ਸ਼ਾਮਿਲ ਲੇਖਕਾਂ, ਪਾਠਕਾਂ ਅਤੇ ਬੁੱਧੀਜੀਵੀਆਂ ਨੇ ਇਸ ਸਾਹਿਤਕ ਸਮਾਗਮ ਨੂੰ ਮਾਣਿਆ। ਇਸ ਸਮਾਗਮ ਦੀ ਰਿਫਰੈਸ਼ਮੈਂਟ ਸੇਵਾ ਇਸ ਵਾਰ 'ਰੂਹ ਪੰਜਾਬ ਦੀ' ਕਲਾਤਮਿਕ ਗਰੁੱਪ ਦੇ ਸਾਥੀਆਂ ਵਲੋਂ ਨਿਭਾਈ ਗਈ। ਸਮੁੱਚੇ ਸਮਾਗਮ ਨੂੰ ਭੁਪਿੰਦਰ ਦੂਲੇ ਹੁਰਾਂ ਵਲੋਂ ਬਾਖ਼ੂਬੀ ਸੂਤਰਬੱਧ ਤੇ ਸੰਚਾਲਿਤ ਕੀਤਾ ਗਿਆ। ਕਾਫਲੇ ਦੀ ਇਹ ਮਿਲਣੀ ਅਗਸਤ ਵਿਚ 29 ਤਰੀਕ ਨੂੰ ਮੁੜ ਮਿਲਣ ਦੇ ਖ਼ੂਬਸੂਰਤ ਇਕਰਾਰ ਨਾਲ ਆਪਣੇ ਸਿਖਰ 'ਤੇ ਪਹੁੰਚੀ।

# ਸਰੀ ਵਿਚ 30ਵਾਂ 'ਮੇਲਾ ਗ਼ਦਰੀ ਬਾਬਿਆਂ ਦਾ' ਸ਼ਾਨੋ-ਸ਼ੌਕਤ ਨਾਲ ਮਨਾਇਆ

**ਸਰੀ (ਹਰਦਮ ਮਾਨ):** ਭਾਰਤ ਦੀ ਆਜ਼ਾਦੀ ਦੇ ਮਹਾਨ ਸੰਘਰਸ਼ ਅਤੇ ਵਿਦੇਸ਼ਾਂ ਵਿਚ ਪੰਜਾਬੀਆਂ ਦੇ ਹੱਕਾਂ ਲਈ ਆਪਣੀਆਂ ਜਾਨਾਂ ਨਿਛਾਵਰ ਕਰਨ ਵਾਲੇ ਗ਼ਦਰੀ ਬਾਬਿਆਂ ਦੀ ਅਦੁੱਤੀ ਕੁਰਬਾਨੀ ਨੂੰ ਨਮਨ ਕਰਦਿਆਂ ਪ੍ਰੋ. ਮੋਹਨ ਸਿੰਘ ਮੈਮੋਰੀਅਲ ਫਾਊਂਡੇਸ਼ਨ ਕੈਨੇਡਾ ਵੱਲੋਂ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਕੌਮਾਂਤਰੀ ਪੱਧਰ ਦਾ 30ਵਾਂ 'ਮੇਲਾ ਗ਼ਦਰੀ ਬਾਬਿਆਂ ਦਾ' ਸਰੀ ਦੇ ਬੇਅਰ ਕਰੀਕ ਪਾਰਕ ਵਿਚ ਸ਼ਾਨੋ-ਸ਼ੌਕਤ ਅਤੇ ਉਤਸ਼ਾਹ ਨਾਲ ਮਨਾਇਆ ਗਿਆ। ਹਜ਼ਾਰਾਂ ਦੀ ਗਿਣਤੀ ਵਿਚ ਪਹੁੰਚੇ ਲੋਕਾਂ ਦੀ ਭਰਵੀਂ ਹਾਜ਼ਰੀ ਨੇ ਇਹ ਸਾਬਤ ਕਰ ਦਿੱਤਾ ਕਿ ਗ਼ਦਰੀ ਬਾਬਿਆਂ ਦੀ ਸੋਚ ਅਤੇ ਸ਼ਹਾਦਤ ਅੱਜ ਵੀ ਪੰਜਾਬੀ ਭਾਈਚਾਰੇ ਦੇ ਦਿਲਾਂ ਵਿਚ ਜ਼ਿੰਦਾ ਹੈ।

ਵਿਸ਼ਾਲ ਮੈਦਾਨ ਵਿਚ ਸਜਾਏ ਗਏ ਮੰਚ ਤੋਂ ਲੋਕ ਗਾਇਕ ਸੁਖਵਿੰਦਰ ਸੁੱਖੀ, ਗੋਰਾ ਚੱਕ ਵਾਲਾ, ਗੁਰਵਿੰਦਰ ਬਰਾੜ, ਮਨਜੋਤ ਢਿੱਲੋਂ, ਪ੍ਰੀਆ ਨਿੱਝਰ, ਲਾਡੀ ਪੁਆਧੀ, ਗੋਪੀ ਬਰਾੜ, ਅਨਮੋਲ ਵਿਰਕ, ਰਿਦਮ ਸ਼ਰਮਾ, ਈਸ਼ਾਨ ਸ਼ਰਮਾ, ਫਤਿਹਦੀਪ ਸਿੰਘ, ਦੋਗਾਣਾ ਜੋੜੀ ਲੱਖਾ-ਨਾਜ ਅਤੇ ਅਨਮੋਲ ਰਤਨ ਭੰਗੜਾ ਗਰੁੱਪ ਨੇ ਆਪਣੀਆਂ ਦਿਲਕਸ਼ ਪੇਸ਼ਕਾਰੀਆਂ ਨਾਲ ਦਰਸ਼ਕਾਂ ਦਾ ਖ਼ੂਬ ਮਨੋਰੰਜਨ ਕੀਤਾ। ਗੁਰਦੀਪ ਭੁੱਲਰ ਦੀ ਕੋਰੀਓਗ੍ਰਾਫੀ ਨੇ ਵੀ ਖ਼ੂਬ ਵਾਹ-ਵਾਹ ਖੱਟੀ ਅਤੇ ਸਰੀ ਦੀਆਂ ਪੰਜਾਬਣਾਂ ਵੱਲੋਂ ਪੇਸ਼ ਕੀਤਾ ਗਿਆ ਗਿੱਧਾ ਪੰਜਾਬ ਦੇ ਪੇਂਡੂ ਵਿਰਸੇ ਦੀ ਸੁੰਦਰ ਝਲਕ ਬਣਿਆ। ਸ਼ਾਮ ਤੱਕ ਚੱਲੇ ਇਸ ਮੇਲੇ ਦੌਰਾਨ ਨੌਜਵਾਨਾਂ, ਬਜ਼ੁਰਗਾਂ, ਔਰਤਾਂ ਸਭ ਨੇ ਖੁੱਲ੍ਹ ਕੇ ਸੰਗੀਤ ਦੀਆਂ ਸੁਰਾਂ ਦਾ ਆਨੰਦ ਮਾਣਿਆ।

ਦੇਸ਼ ਭਗਤ ਯਾਦਗਾਰ ਹਾਲ ਕਮੇਟੀ ਜਲੰਧਰ ਦੇ ਸੀਨੀਅਰ ਮੈਂਬਰ ਕਾਮਰੇਡ ਚਿਰੰਜੀ ਲਾਲ ਨੇ ਆਪਣੇ ਸੰਬੋਧਨ ਵਿਚ ਗ਼ਦਰੀ ਬਾਬਿਆਂ ਦੀਆਂ ਅਮਰ ਕੁਰਬਾਨੀਆਂ ਨੂੰ ਯਾਦ ਕਰਦਿਆਂ ਕਿਹਾ ਕਿ ਪਰਵਾਸੀ ਪੰਜਾਬੀਆਂ ਵੱਲੋਂ ਇਤਿਹਾਸਕ ਵਿਰਾਸਤ ਨੂੰ ਇਸ ਤਰ੍ਹਾਂ ਸੰਭਾਲਣਾ ਆਉਣ ਵਾਲੀਆਂ ਪੀੜ੍ਹੀਆਂ ਲਈ ਪ੍ਰੇਰਣਾ ਦਾ ਸਰੋਤ ਹੈ।














ਉਨ੍ਹਾਂ ਨੇ ਮੇਲੇ ਦੇ ਪ੍ਰਬੰਧਕਾਂ ਨੂੰ ਵਧਾਈ ਦਿੰਦਿਆਂ ਇਸ ਉਪਰਾਲੇ ਦੀ ਭਰਪੂਰ ਸ਼ਲਾਘਾ ਕੀਤੀ। ਸਰੀ ਦੀ ਮੇਅਰ ਬਰੈਂਡਾ ਲੌਕ, ਸਾਬਕਾ ਮੇਅਰ ਡੱਗ ਮੈਕੱਲਮ, ਐਮ.ਪੀ. ਸੁਖ ਧਾਲੀਵਾਲ, ਮੰਤਰੀ ਜਗਰੂਪ ਬਰਾੜ, ਡਾ. ਸਾਧੂ ਬਿਨਿੰਗ, ਐਮ.ਐਲ.ਏ. ਮਨਦੀਪ ਸਿੰਘ ਧਾਲੀਵਾਲ ਅਤੇ ਮੇਅਰ ਉਮੀਦਵਾਰ ਹੋਨਵੀਰ ਰੰਧਾਵਾ ਨੇ ਗ਼ਦਰੀ ਬਾਬਿਆਂ ਵੱਲੋਂ ਭਾਰਤ ਦੀ ਆਜ਼ਾਦੀ ਪ੍ਰਤੀ ਜਜ਼ਬੇ ਅਤੇ ਕੁਰਬਾਨੀਆਂ ਨੂੰ ਯਾਦ ਕਰਦਿਆਂ ਕਿਹਾ ਕਿ ਉਨ੍ਹਾਂ ਸਦਕਾ ਹੀ ਅੱਜ ਪੰਜਾਬੀ ਭਾਈਚਾਰਾ ਕੈਨੇਡਾ ਵਿਚ ਮਾਣਮੱਤਾ ਜੀਵਨ ਜਿਉਂ ਰਿਹਾ ਹੈ।

ਇਸ ਮੌਕੇ ਡਾ. ਹਾਕਮ ਭੁੱਲਰ, ਸੋਹਣ ਸਿੰਘ ਪੂਨੀ, ਕਾਮਰੇਡ ਚਿਰੰਜੀ ਲਾਲ, ਪਰਮਿੰਦਰ ਸਵੈਚ ਅਤੇ ਸਤਿੰਦਰਪਾਲ ਸਿੰਘ ਸਿੱਧਵਾਂ (ਟੋਰਾਂਟੋ) ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ।

ਮੇਲੇ ਵਿਚ ਕੌਂਸਲਰ ਉਮੀਦਵਾਰ ਰਿੱਕੀ ਬਾਜਵਾ, ਮਨਦੀਪ ਨਾਗਰਾ, ਮੀਰਾ ਗਿੱਲ, ਡੱਗ ਐਲਫਰਡ, ਸੁਹਾਨਾ ਗਿੱਲ, ਆਸ਼ੀਆਨਾ ਹਨੀਫ, ਪਰਮਿੰਦਰ ਚੌਹਾਨ, ਗਗਨ ਨਾਹਲ, ਕੌਂਸਲਰ ਲਿੰਡਾ ਐਨਿਸ, ਸੁਖਵਿੰਦਰਪਾਲ ਸਿੰਘ, ਇੰਗਲੈਂਡ ਤੋਂ ਸਮਾਜ ਸੇਵੀ ਮੰਗਤ ਸਿੰਘ ਪਲਾਹੀ, ਕੁੰਦਨ ਸਿੰਘ ਰਾਣਾ, ਅਜਮੇਰ ਸਿੰਘ ਢਿੱਲੋਂ, ਅੰਮ੍ਰਿਤਪਾਲ ਢੋਟ, ਗਿਆਨੀ ਨਰਿੰਦਰ ਸਿੰਘ, ਪ੍ਰੀਤਮ ਸਿੰਘ ਭਰੋਵਾਲ, ਸੁਰਜੀਤ ਸਿੰਘ ਮਾਧੋਪੁਰੀ, ਪਰਮਿੰਦਰ ਸਵੈਚ, ਗੈਰੀ ਥਿੰਦ, ਅੰਗਰੇਜ਼ ਬਰਾੜ, ਸੀ.ਜੇ. ਸਿੱਧੂ, ਮਹੇਸ਼ਇੰਦਰ ਸਿੰਘ ਮਾਂਗਟ, ਜੋਗਿੰਦਰ ਸਿੰਘ, ਜਰਨੈਲ ਸਿੰਘ ਖੰਡੋਲੀ, ਨਵਪ੍ਰੀਤ ਸਿੰਘ ਰੰਗੀ ਅਤੇ ਦੇਸ ਪ੍ਰਦੇਸ ਟਾਈਮਜ਼ ਦੇ ਸੰਪਾਦਕ ਸੁਖਵਿੰਦਰ ਸਿੰਘ ਚੋਹਲਾ ਸਮੇਤ ਕਈ ਪ੍ਰਮੁੱਖ ਸ਼ਖ਼ਸੀਅਤਾਂ ਨੇ ਸ਼ਿਰਕਤ ਕੀਤੀ।

ਮੇਲੇ ਦੇ ਪ੍ਰਬੰਧਕ ਸਾਹਿਬ ਸਿੰਘ ਥਿੰਦ, ਗੁਰਬਾਜ ਸਿੰਘ ਬਰਾੜ, ਕਿਰਨਪਾਲ ਸਿੰਘ ਗਰੇਵਾਲ, ਰਮਿੰਦਰ ਧਾਮੀ, ਸੰਦੀਪ ਤੂਰ, ਸੁਖਬੀਰ ਬੀਹਲਾ ਅਤੇ ਜਸਪਾਲ ਥਿੰਦ ਨੇ ਸਮੂਹ ਸਹਿਯੋਗੀਆਂ, ਕਲਾਕਾਰਾਂ ਅਤੇ ਹਾਜ਼ਰੀਨ ਦਾ ਧੰਨਵਾਦ ਪ੍ਰਗਟ ਕੀਤਾ। ਇਸ ਮੌਕੇ ਪ੍ਰਸਿੱਧ ਸੰਗੀਤਕਾਰ ਤੇਜਵੰਤ ਕਿੱਟੂ ਨੇ ਅਗਲੇ ਸਾਲ ਤੋਂ ਮੇਲੇ ਵਿਚ ਸੰਗੀਤਕ ਮੁਕਾਬਲੇ ਸ਼ੁਰੂ ਕਰਨ ਦਾ ਸੁਝਾਅ ਦਿੰਦਿਆਂ ਹਰ ਸੰਭਵ ਸਹਿਯੋਗ ਦਾ ਐਲਾਨ ਕੀਤਾ। ਮੇਲੇ ਵਿਚ ਵੱਖ-ਵੱਖ ਸਮਾਜਿਕ, ਸਾਹਿਤਕ ਅਤੇ ਵਪਾਰਕ ਸਟਾਲਾਂ ਨੇ ਵੀ ਲੋਕਾਂ ਦਾ ਖ਼ੂਬ ਧਿਆਨ ਖਿੱਚਿਆ। ਗੁਲਾਟੀ ਪਬਲਿਸ਼ਰ ਵੱਲੋਂ ਲਾਈ ਗਈ ਪੁਸਤਕ ਪ੍ਰਦਰਸ਼ਨੀ ਵਿਸ਼ੇਸ਼ ਆਕਰਸ਼ਣ ਦਾ ਕੇਂਦਰ ਰਹੀ, ਜਿੱਥੇ ਨਾਮਵਰ ਸ਼ਾਇਰ ਜਸਵਿੰਦਰ, ਹਰਦਮ ਮਾਨ, ਜਸਵੀਰ ਸਿੰਘ ਭਲੂਰੀਆ ਅਤੇ ਪ੍ਰੋ. ਅਮਰਜੀਤ ਭੁੱਲਰ ਨੇ ਲੋਕਾਂ ਨੂੰ ਪੁਸਤਕਾਂ ਪੜ੍ਹਨ ਲਈ ਪ੍ਰੇਰਿਆ।

# ਈ.ਡੀ. ਵਲੋਂ ਅਨਿਲ ਅੰਬਾਨੀ ਗਰੁੱਪ ਦੀਆਂ ਕੰਪਨੀਆਂ ਤੇ ਸਾਬਕਾ ਅਧਿਕਾਰੀਆਂ ਖਿਲਾਫ਼ ਦੋਸ਼ ਪੱਤਰ ਦਾਖ਼ਲ



**ਨਵੀਂ ਦਿੱਲੀ:** ਇਨਫੋਰਸਮੈਂਟ ਡਾਇਰੈਕਟੋਰੇਟ (ਈ. ਡੀ.) ਨੇ ਕਿਹਾ ਕਿ ਉਸ ਨੇ ਰਿਲਾਇੰਸ ਅਨਿਲ ਅੰਬਾਨੀ ਗਰੁੱਪ ਦੀਆਂ ਕੰਪਨੀਆਂ ਤੇ ਉਨ੍ਹਾਂ ਦੇ ਸਾਬਕਾ ' ਅਧਿਕਾਰੀਆਂ ਨਾਲ ਹਵਾਲਾ ਰਾਸ਼ੀ ਦੇ ਦੋ ਵੱਖ-ਵੱਖ ਮਾਮਲਿਆਂ 'ਚ ਦੋਸ਼ ਪੱਤਰ ਦਾਖ਼ਲ ਕੀਤੇ। . ਪਹਿਲੇ ਮਾਮਲੇ 'ਚ ਦਵਾਰਕਾ 'ਚ ਹਵਾਲਾ ਰਾਸ਼ੀ ਰੋਕਥਾਮ ਐਕਟ ਦੀ ਇਕ ਵਿਸ਼ੇਸ਼ ਅਦਾਲਤ 'ਚ ਰਿਲਾਇੰਸ ਇਨਫਰਾਸਟਰੱਕਚਰ ਲਿਮਟਿਡ, ਰਿਲਾਇੰਸ ਗਰੁੱਪ ਦੇ ਸਾਬਕਾ ਅਧਿਕਾਰੀ ਸਤੀਸ਼ ਸੇਠ (70) ਤੇ ਹੋਰਾਂ ਦੇ ਖਿਲਾਫ਼ ਮੁਕੱਦਮਾ ਸ਼ਿਕਾਇਤ ਦਾਖ਼ਲ ਕਮਿਊਨੀਕੇਸ਼ਨ ਲਿਮ. ਨਾਲ ਜੁੜਿਆ ਹੈ, ਜਿਸ 'ਚ ਜਾਂਚ ਏਜੰਸੀ ਨੇ. ਰਾਊਜ਼ ਅਵੈਨਿਊ ਦੀ ਇਕ ਵਿਸ਼ੇਸ਼ ਅਦਾਲਤ 'ਚ ਪੂਰਕ ਦੋਸ਼ ਪੱਤਰ ਦਾਖ਼ਲ ਕੀਤਾ। ਇਸ ਮਾਮਲੇ 'ਚ ਮੁੱਖ ਦੋਸ਼ ਪੱਤਰ ਮਾਰਚ 'ਚ ਦਾਖ਼ਲ ਕੀਤਾ ਗਿਆ ਸੀ। ਜਾਂਚ ਏਜੰਸੀ ਨੇ ਕਿਹਾ ਕਿ ਹਵਾਲਾ ਰਾਸ਼ੀ ਰੋਕੂ ਐਕਟ ਤਹਿਤ ਦਾਖ਼ਲ ਦੋਸ਼ ਪੱਤਰਾਂ 'ਚ ਰਿਲਾਇੰਸ ਕਮਿਊਨੀਕੇਸ਼ਨ, ਰਿਲਾਇੰਸ ਟੈਲੀਕਾਮ ਲਿਮਟਡ ਤੇ ਸਾਬਕਾ ਅਧਿਕਾਰੀਆਂ ਸੇਠ, ਗੌਤਮ ਦੋਸ਼ੀ, ਅਮਿਤਾਭ ਝੁਨਝੁਨਵਾਲਾ ਤੇ ਹੋਰਾਂ ਨੂੰ ਦੋਸ਼ੀ ਬਣਾਇਆ ਗਿਆ ਹੈ।

# ਸਾਊਦੀ - ਪਾਕਿ - ਤੁਰਕੀ ਵਿਚਾਲੇ ਤਿੰਨ-ਪੱਖੀ ਰੱਖਿਆ ਸਮਝੌਤਾ

## 'ਮੱਕਾ ਸਾਂਝੇ ਸਲਾਮਤੀ ਸਮਝੌਤੇ' ਤਹਿਤ ਇਕ 'ਤੇ ਹਮਲਾ ਮੰਨਿਆ ਜਾਵੇਗਾ ਤਿੰਨਾਂ ਦੇਸ਼ਾਂ 'ਤੇ ਹਮਲਾ



**ਨਵੀਂ ਦਿੱਲੀ:**ਪਿਛਲੇ ਇਕ ਸਾਲ ਤੋਂ ਚੱਲ ਰਹੀਆਂ ਚਰਚਾਵਾਂ 'ਤੇ ਵਿਰਾਮ ਲਗਾਉਂਦਿਆਂ ਪਾਕਿਸਤਾਨ, ਸਾਊਦੀ ਅਰਬ ਅਤੇ ਤੁਰਕੀ ਨੇ ਸ਼ੁੱਕਰਵਾਰ ਨੂੰ 'ਮੱਕਾ ਸਾਂਝਾ ਰੱਖਿਆ ਸਮਝੌਤੇ' ਦਾ ਐਲਾਨ ਕੀਤਾ। ਇਸ ਨੂੰ ਸਿਰਫ ਖਾੜੀ ਖੇਤਰ ਲਈ ਹੀ ਨਹੀਂ, ਸਗੋਂ ਅਮਰੀਕਾ ਦੀ ਪੱਛਮੀ ਏਸ਼ੀਆ ਨੀਤੀ ਅਤੇ ਭਾਰਤ ਦੇ ਰਣਨੀਤਕ ਹਿੱਤਾਂ ਦੇ ਲਿਹਾਜ਼ ਨਾਲ ਵੀ ਮਹੱਤਵਪੂਰਨ ਘਟਨਾ ਮੰਨਿਆ ਜਾ ਰਿਹਾ ਹੈ। ਸਾਊਦੀ ਅਰਬ ਦੇ ਕ੍ਰਾਊਨ ਪ੍ਰਿੰਸ ਤੇ ਪ੍ਰਧਾਨ ਮੰਤਰੀ ਮੁਹੰਮਦ ਬਿਨ ਸਲਮਾਨ, ਤੁਰਕੀ ਦੇ ਰਾਸ਼ਟਰਪਤੀ ਰਜਬ ਤਈਅਬ ਅਰਦੋਆਨ ਅਤੇ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਸ਼ਹਬਾਜ਼ ਸ਼ਰੀਫ਼ ਨੇ ਸਮਝੌਤੇ 'ਤੇ ਦਸਤਖ਼ਤ ਕੀਤੇ।

ਸਮਝੌਤੇ ਦਾ ਸਭ ਤੋਂ ਅਹਿਮ ਨਿਯਮ ਇਹ ਹੈ ਕਿ ਤਿੰਨੋਂ ਦੇਸ਼ਾਂ ਵਿੱਚੋਂ ਕਿਸੇ ਇੱਕ 'ਤੇ ਹਮਲਾ ਹੋਣਾ ਸਾਰਿਆਂ 'ਤੇ ਹਮਲਾ ਮੰਨਿਆ ਜਾਵੇਗਾ। ਮਾਹਰਾਂ ਦਾ ਮੰਨਣਾ ਹੈ ਕਿ ਜੇ ਭਵਿੱਖ ਵਿਚ ਭਾਰਤ-ਪਾਕਿਸਤਾਨ ਵਿਚਕਾਰ ਕਿਸੇ ਕਿਸਮ ਦੀ ਫੌਜੀ ਕਾਰਵਾਈ ਹੋਵੇ, ਤਾਂ ਇਸ ਨਿਯਮ ਦੀ ਵਿਆਖਿਆ ਭਾਰਤ ਲਈ ਨਵੀਆਂ ਰਣਨੀਤਿਕ ਚੁਣੌਤੀਆਂ ਖੜੀਆਂ ਕਰ ਸਕਦੀ ਹੈ। ਹਾਲਾਂਕਿ, ਇਸ ਦੀ ਵਰਤਮਾਨ ਸਥਿਤੀ ਸੰਬੰਧਿਤ ਦੇਸ਼ਾਂ ਦੀ ਰਾਜਨੀਤਿਕ ਅਤੇ ਕੂਟਨੀਤਿਕ ਪ੍ਰਤੀਕਿਰਿਆ 'ਤੇ ਨਿਰਭਰ ਕਰੇਗੀ। ਭਾਰਤ ਸਰਕਾਰ ਨੇ ਇਸ ਸਮਝੌਤੇ 'ਤੇ ਸੰਜਮ ਵਾਲੀ ਪ੍ਰਤੀਕਿਰਿਆ ਦਿੱਤੀ ਹੈ, ਪਰ ਵਿਦੇਸ਼ ਮੰਤਰਾਲੇ ਦੇ ਕਈ ਸਾਬਕਾ ਡਿਪਲੋਮੈਟਾਂ ਤੇ ਕੂਟਨੀਤੀਵਾਨਾਂ ਨੇ ਇਸ ਨੂੰ ਭਾਰਤ ਦੀ ਸੁਰੱਖਿਆ ਅਤੇ ਵਿਦੇਸ਼ ਨੀਤੀ ਦੇ ਨਜ਼ਰੀਏ ਤੋਂ ਮਹੱਤਵਪੂਰਨ ਮੰਨਿਆ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਆਪਰੇਸ਼ਨ ਸਿੰਦੂਰ ਦੌਰਾਨ ਤੁਰਕੀ ਵੱਲੋਂ ਪਾਕਿਸਤਾਨ ਨੂੰ ਮਿਲੇ ਕਥਿਤ ਸਮਰਥਨ ਤੋਂ ਬਾਅਦ ਹੁਣ ਭਾਰਤ ਨੂੰ ਸਊਦੀ ਅਰਬ ਅਤੇ ਪਾਕਿਸਤਾਨ ਦੇ ਰੱਖਿਆ ਸਹਿਯੋਗ 'ਤੇ ਵੀ ਧਿਆਨ ਦੇਣਾ ਹੋਵੇਗਾ। ਵਿਦੇਸ਼ ਮੰਤਰਾਲੇ ਦੇ ਬੁਲਾਰੇ ਰਣਧੀਰ ਜੈਸਵਾਲ ਨੇ ਕਿਹਾ ਕਿ ਅਸੀਂ ਇਸ ਤਰ੍ਹਾਂ ਦੀਆਂ ਗਤੀਵਿਧੀਆਂ 'ਤੇ ਬਹੁਤ ਨਜ਼ਦੀਕੀ ਨਜ਼ਰ ਰੱਖੇ ਹੋਏ ਹਾਂ। ਵਿਦੇਸ਼ ਮੰਤਰਾਲੇ ਦੇ ਅਧਿਕਾਰੀਆਂ ਅਨੁਸਾਰ, ਇਸ ਸਮਝੌਤੇ ਦੀ ਤਿਆਰੀ ਪਿਛਲੇ ਇਕ ਸਾਲ ਤੋਂ ਚੱਲ ਰਹੀ ਸੀ, ਪਰ ਪੱਛਮੀ ਏਸ਼ੀਆ ਦੇ ਹਾਲੀਆ ਘਟਨਾਕ੍ਰਮਾਂ ਨੇ ਇਸ ਨੂੰ ਅੰਤਿਮ ਰੂਪ ਦੇਣ ਦੀ ਪ੍ਰਕਿਰਿਆ ਤੇਜ਼ ਕਰ ਦਿੱਤੀ। ਇਸ ਸੰਭਾਵਨਾ ਨੂੰ ਦੇਖਦੇ ਹੋਏ, ਰਾਸ਼ਟਰੀ ਸੁਰੱਖਿਆ ਸਲਾਹਕਾਰ ਅਜੀਤ ਡੋਭਾਲ ਨੇ ਇਸ ਸਾਲ ਫਰਵਰੀ, ਅਪ੍ਰੈਲ ਅਤੇ ਜੁਲਾਈ ਵਿਚ ਤਿੰਨ ਵਾਰ ਸਾਊਦੀ ਅਰਬ ਦਾ ਦੌਰਾ ਕੀਤਾ ਅਤੇ ਉੱਥੋਂ ਦੇ ਰਾਸ਼ਟਰੀ ਸੁਰੱਖਿਆ ਸਲਾਹਕਾਰ ਅਤੇ ਵਿਦੇਸ਼ ਮੰਤਰੀ ਨਾਲ ਵੱਖ-ਵੱਖ ਪੱਧਰਾਂ 'ਤੇ ਗੱਲਬਾਤ ਕੀਤੀ। ਸਾਬਕਾ ਵਿਦੇਸ਼ ਸਕੱਤਰ ਟੀਐੱਸ ਤਿਰੁਮੂਰਤੀ ਨੇ ਇਸ ਸਮਝੌਤੇ ਨੂੰ ਪੱਛਮੀ ਏਸ਼ੀਆ ਦੇ ਤਾਜ਼ਾ ਘਟਨਾਕ੍ਰਮਾਂ ਦੀ ਪਿੱਠਭੂਮੀ 'ਚ ਮਹੱਤਵਪੂਰਨ ਦੱਸਦੇ ਹੋਏ ਕਿਹਾ ਕਿ ਇਹ ਭਾਰਤ ਲਈ ਚੰਗੀ ਖ਼ਬਰ ਨਹੀਂ ਹੈ। ਸਾਬਕਾ ਵਿਦੇਸ਼ ਸਕੱਤਰ ਕੰਵਲ ਸਿਬਲ ਨੇ ਵੀ ਇਸ ਸਮਝੌਤੇ 'ਤੇ ਸਵਾਲ ਚੁੱਕਦੇ ਹੋਏ ਕਿਹਾ ਕਿ ਸ਼ੁ ਪਹਿਲੀ ਨਿਗਾਹ 'ਚ ਇਹ ਭਾਰਤੀ ਹਿੱਤਾਂ ਲਈ ਨਕਾਰਾਤਮਕ ਲੱਗਦਾ ਹੈ। ਉਨ੍ਹਾਂ ਕਿਹਾ ਕਿ ਜੇ ਸਮਝੌਤੇ ਦੇ ਨਿਯਮਾਂ ਦਾ ਸ਼ਬਦੀ ਅਰਥ ਲਾਗੂ ਕੀਤਾ ਗਿਆ, ਤਾਂ ਭਵਿੱਖ 'ਚ ਪਾਕਿਸਤਾਨ ਖ਼ਿਲਾਫ ਭਾਰਤ ਦੀ ਕਿਸੇ ਜਵਾਬੀ ਫ਼ੌਜੀ ਕਾਰਵਾਈ ਦੀ ਵਿਆਖਿਆ ਕਿਸ ਤਰ੍ਹਾਂ ਹੋਵੇਗੀ, ਇਹ ਮਹੱਤਵਪੂਰਨ ਸਵਾਲ ਹੈ। ਉਨ੍ਹਾਂ ਮੁਤਾਬਕ, ਭਾਰਤ ਨੂੰ ਯੂਏਈ, ਇਜ਼ਰਾਈਲ, ਗ੍ਰੀਸ ਤੇ ਸਾਈਪ੍ਰਸ ਵਰਗੇ ਸਾਂਝੀਦਾਰ ਦੇਸ਼ਾਂ ਨਾਲ ਰਣਨੀਤਿਕ । ਸਹਿਯੋਗ ਹੋਰ ਮਜ਼ਬੂਤ ਕਰਨਾ ਚਾਹੀਦਾ ਹੈ ਅਤੇ ਈਰਾਨ ਨਾਲ ਵੀ ਗੱਲਬਾਤ ਬਣਾਈ ਰੱਖਣੀ ਚਾਹੀਦੀ ਹੈ। ਪਾਕਿਸਤਾਨ ਦੇ ਪ੍ਰਧਾਨ ਮੰਤਰੀ ਸ਼ਹਬਾਜ਼ ਸ਼ਰੀਫ਼ ਅਤੇ ਫੌਜ ਦੇ ਮੁਖੀ ਫੀਲਡ ਮਾਰਸ਼ਲ ਆਸਿਮ ਮੁਨੀਰ ਇਸ ਸਮਝੌਤੇ ਲਈ ਸਾਊਦੀ ਅਰਬ ਗਏ ਸਨ।

# ਅਮਰੀਕੀ ਅਦਾਲਤ ਨੇ ਮੇਟਾ ਨੂੰ ਨਾਬਾਲਗਾਂ ਦੀ ਮਾਨਸਿਕ ਸਿਹਤ ਲਈ ਦੱਸਿਆ ਨੁਕਸਾਨਦੇਹ




**ਸਾਂਤਾ ਫੇ:**ਅਮਰੀਕਾ ਦੇ ਨਿਊ ਮੈਕਸੀਕੋ ਦੀ ਇੱਕ ਅਦਾਲਤ ਨੇ ਵੀਰਵਾਰ ਨੂੰ ਮੇਟਾ ਨੂੰ ਕਿਸ਼ੋਰਾਂ ਦੀ ਮਾਨਸਿਕ ਸਿਹਤ ਲਈ ਬਣਾਏ ਫੰਡ 'ਚ 56.7 ਕਰੋੜ ਅਮਰੀਕੀ ਡਾਲਰ ਜਮ੍ਹਾਂ ਕਰਵਾਉਣ ਅਤੇ ਸੂਬੇ 'ਚ ਕਿਸ਼ੋਰਾਂ ਲਈ ਆਪਣੇ ਪਲੇਟਫਾਰਮ ਦੇ ਕੰਮ ਦੇ ਤਰੀਕੇ 'ਚ ਬਦਲਾਅ ਕਰਨ ਦਾ ਹੁਕਮ ਦਿੱਤਾ। ਅਦਾਲਤ ਨੇ ਮੰਨਿਆ ਕਿ ਕੰਪਨੀ ਕਿਸ਼ੋਰਾਂ ਦੀ ਮਾਨਸਿਕ ਸਿਹਤ ਨੂੰ ਨੁਕਸਾਨ ਲਈ ਜ਼ਿੰਮੇਵਾਰ ਹੈ। ਸਾਂਤਾ ਫੇ. ਦੇ ਜੱਜ ਬ੍ਰਾਇਨ ਬੀਡਸ਼ੈਡ ਨੇ ਡੈਮੋਕ੍ਰੇਟ ਅਟਾਰਨੀ ਜਨਰਲ ਰਾਊਲ ਟੋਰੇਜ਼ ਦੇ ਹੱਕ 'ਚ ਫੈਸਲਾ ਸੁਣਾਉਂਦਿਆਂ ਕਿਹਾ ਕਿ ਕੰਪਨੀ ਨੇ ਨਿਊ ਮੈਕਸੀਕੋ 'ਚ ਪਬਲਿਕ ਨਿਊਸੈਂਸ (ਜਨਤਕ ਪਰੇਸ਼ਾਨੀ) ਪੈਦਾ ਕੀਤੀ ਹੈ।

# 100 ਫ਼ੀਸਦ ਤੱਕ ਟੈਰਿਫ਼ ਵਾਲਾ ਬਿੱਲ ਅਮਰੀਕਾ ਦੀ ਸੈਨੇਟ 'ਚ ਪਾਸ



**ਵਾਸ਼ਿੰਗਟਨ:**ਅਮਰੀਕਾ ਦੀ ਸੈਨੇਟ ਨੇ ਲੰਮੇ ਸਮੇਂ ਤੋਂ ਲਟਕਦੇ ਆ ਰਹੇ ਰੂਸ ਦੇ ਤੇਲ ਅਤੇ ਗੈਸ ਦੀ ਵਿਕਰੀ 'ਤੇ ਪਾਬੰਦੀਆਂ ਨਾਲ ਸਬੰਧਤ ਬਿੱਲ ਨੂੰ ਮਨਜ਼ੂਰੀ ਦੇ ਦਿੱਤੀ ਹੈ। ਇਨ੍ਹਾਂ ਦੇਸ਼ਾਂ ਤੋਂ ਆਉਣ ਵਾਲੇ ਮਾਲ 'ਤੇ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ 100 ਫ਼ੀਸਦੀ ਤੱਕ ਟੈਰਿਫ਼ (ਦਰਾਮਦ ਟੈਕਸ) ਲਗਾ ਸਕਣਗੇ। ਹੁਣ ਇਸ ਬਿੱਲ ਨੂੰ ਸਤੰਬਰ ਮਹੀਨੇ ਦੌਰਾਨ, ਪ੍ਰਤੀਨਿਧੀ ਸਭਾ ਵਿਚ ਪੇਸ਼ ਕੀਤੇ ਜਾਣ ਦੇ ਆਸਾਰ ਹਨ। ਉੱਥੋਂ ਪਾਸ ਹੋਣ ਤੋਂ ਬਾਅਦ ਇਹ ਬਿੱਲ, ਰਾਸ਼ਟਰਪਤੀ ਕੋਲ ਜਾਵੇਗਾ ਅਤੇ ਉਨ੍ਹਾਂ ਦੇ ਦਸਤਖ਼ਤਾਂ ਤੋਂ ਬਾਅਦ ਇਹ ਪਾਬੰਦੀਆਂ ਲਾਗੂ ਹੋ ਜਾਣਗੀਆਂ। ਗ੍ਰਾਹਮ ਯੂਕਰੇਨ ਦੇ ਕੱਟੜ ਸਮਰਥਕ ਅਮਰੀਕੀ ਆਗੂ ਸਨ। ਇਸ ਬਿੱਲ ਰਾਹੀਂ ਰੂਸ 'ਤੇ ਪਾਬੰਦੀਆਂ ਲਗਾਉਣ ਦਾ ਉਦੇਸ਼ ਸਾਢੇ 4 ਸਾਲਾਂ ਤੋਂ ਯੂਕਰੇਨ ਨਾਲ ਜੰਗ ਲੜ ਰਹੇ ਰੂਸ 'ਤੇ ਆਰਥਿਕ ਦਬਾਅ ਵਧਾਉਣਾ ਹੈ, ਤਾਂ ਜੋ ਉਹ ਸਮਝੌਤਾ ਕਰਨ ਲਈ ਮਜਬੂਰ ਹੋ ਜਾਵੇ। ਰੂਸ 'ਤੇ ਪਾਬੰਦੀਆਂ ਦੇ ਹੱਕ ਵਿਚ 86 ਅਤੇ ਵਿਰੋਧ ਵਿਚ 11 ਵੋਟਾਂ ਪਈਆਂ ਹਨ।

# ਨਾਰਾਇਣ ਸਾਈਂ ਦੀ ਉਮਰ ਕੈਦ ਮੁਅੱਤਲ ਕਰਨ ਤੋਂ ਨਾਂਹ

**ਨਵੀਂ ਦਿੱਲੀ:**ਕਥਾਵਾਚਕ ਆਸਾਰਾਮ ਦੇ ਪੁੱਤਰ ਨਾਰਾਇਣ ਸਾਈ ਨੂੰ 2013 ਦੇ ਜਬਰ ਜਨਾਹ ਮਾਮਲੇ 'ਚ ਸੁਣਾਈ ਗਈ ਉਮਰ ਕੈਦ ਦੀ ਸਜ਼ਾ ਮੁਅੱਤਲ ਕਰਨ ਤੋਂ ਸੁਪਰੀਮ ਕੋਰਟ ਨੇ ਸ਼ੁੱਕਰਵਾਰ ਨੂੰ ਇਨਕਾਰ ਕਰ ਦਿੱਤਾ। ਜਸਟਿਸ ਐੱਮਐੱਸ ਸੁੰਦਰੇਸ਼ ਤੇ ਜਸਟਿਸ ਪੀਬੀ ਵਰਾਲੇ ਦੇ ਬੈਂਚ ਨੇ ਹਾਲਾਂਕਿ ਗੁਜਰਾਤ ਹਾਈ ਕੋਰਟ ਨੂੰ ਕਿਹਾ ਕਿ ਉਹ ਜਬਰ ਜਨਾਹ ਮਾਮਲੇ 'ਚ ਸਜ਼ਾ ਖ਼ਿਲਾਫ਼ ਨਾਰਾਇਣ ਸਾਈਂ ਦੀ ਅਪੀਲ 'ਤੇ ਤਿੰਨ ਮਹੀਨੇ ਦੇ ਅੰਦਰ ਫ਼ੈਸਲਾ ਕਰੇ। ਨਾਰਾਇਣ ਸਾਈ ਵੱਲੋਂ ਪੇਸ਼ ਸੀਨੀਅਰ ਵਕੀਲ ਐੱਨ ਹਰੀਹਰਨ ਨੇ ਕਿਹਾ ਕਿ ਅਪੀਲ ਦੇ ਛੇਤੀ ਨਿਪਟਾਰੇ ਦੀ ਅਰਜ਼ੀ ਦੇ ਬਾਵਜੂਦ ਉਸ'ਤੇ ਸੁਣਵਾਈ ਨਹੀਂ ਹੋਈ।



# ਰਾਹੁਲ ਨੇ ਕੈਪਟਨ ਨੂੰ ਦੱਸਿਆ ਪਸੰਦੀਦਾ ਆਗੂ

## ਕੈਪਟਨ ਨੇ ਕਿਹਾ, 'ਮੈਂ ਭਾਜਪਾ ਲਈ ਪ੍ਰਤੀਬੱਧ'



**ਚੰਡੀਗੜ੍ਹ:**ਪੰਜਾਬ ਵਿਚ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਕਾਂਗਰਸ ਵਿਚ ਚੱਲ ਰਹੀ ਖਿੱਚੋਤਾਣ ਦਰਮਿਆਨ ਲੋਕ ਸਭਾ ਵਿਚ ਵਿਰੋਧੀ ਧਿਰ ਦੇ ਆਗੂ ਰਾਹੁਲ ਗਾਂਧੀ ਦੇ ਇਕ ਬਿਆਨ ਨੇ ਸਿਆਸੀ ਹਲਕਿਆਂ ਵਿਚ ਨਵੀਂ ਚਰਚਾ ਛੇੜ ਦਿੱਤੀ ਹੈ। ਦਿੱਲੀ ਵਿਚ ਕਰਵਾਏ ਗਏ ਜੈੱਨ- ਜ਼ੀ ਸੰਵਾਦ ਪ੍ਰੋਗਰਾਮ ਦੌਰਾਨ ਜਦੋਂ ਰਾਹੁਲ ਗਾਂਧੀ ਤੋਂ ਪੁੱਛਿਆ ਗਿਆ ਕਿ ਭਾਜਪਾ ਵਿਚ ਉਨ੍ਹਾਂ ਦੇ ਪਸੰਦੀਦਾ ਆਗੂ ਕੌਣ ਹਨ? ਤਾਂ ਉਨ੍ਹਾਂ ਨੇ ਝੱਟ ਜਵਾਬ ਦਿੱਤਾ।

ਕਾਂਗਰਸ ਸੰਸਦ ਮੈਂਬਰ ਰਾਹੁਲ ਨੇ ਗਾਂਧੀ ਕਿਹਾ, ਯਕੀਨੀ ਤੌਰ 'ਤੇ 'ਅਮਰਿੰਦਰ ਅੰਕਲ'। ਮੈਂ ਉਨ੍ਹਾਂ ਨਾਲ ਆਸਾਨੀ ਨਾਲ ਬੰ ਘੁਲ-ਮਿਲ ਜਾਂਦਾ ਹਾਂ, ਉਹ ਬਹੁਤ ਹੀ ਸਹਿਜ ਹਨ ਅਤੇ ਫ਼ੌਜੀ ਇਤਿਹਾਸ ਦੇ ਮਾਹਰ ਹਨ, ਇਸ ਲਈ ਮੈਨੂੰ ਪਸੰਦ ਹਨ। ਹੈਲੋ ਅੰਕਲ ਅਮਰਿੰਦਰ'। ਰਾਹੁਲ ਦਾ ਇਹ ਬਿਆਨ ਸਾਹਮਣੇ ਆਉਂਦੇ ਹੀ ਕੈਪਟਨ ਅਮਰਿੰਦਰ ਦੀ ਕਾਂਗਰਸ ਵਿਚ ਸੰਭਾਵੀ ਵਾਪਸੀ ਬਾਰੇ ਚਰਚਾ ਨੂੰ ਸ਼ੁਰੂ ਹੋ ਗਈ।

ਇਸ ਦੌਰਾਨ ਕੈਪਟਨ ਅਮਰਿੰਦਰ ਸਿੰਘ ਨੇ ਪੀਟੀਆਈ ਨਾਲ ਫੋਨ 'ਤੇ ਕਿਹਾ ਕਿ ਰਾਹੁਲ ਦਾ ਉਨ੍ਹਾਂ ਬਾਰੇ ਚੰਗਾ ਬੋਲਣਾ ਵਧੀਆ ਲੱਗਾ। ਉਹ ਰਾਹੁਲ ਅਤੇ ਪ੍ਰਿਅੰਕਾ ਗਾਂਧੀ ਨੂੰ ਬਚਪਨ ਤੋਂ ਜਾਣਦੇ ਹਨ ਅਤੇ ਉਨ੍ਹਾਂ ਦੇ ਪਿਤਾ ਤੇ ਸਾਬਕਾ ਪ੍ਰਧਾਨ ਮੰਤਰੀ ਮਰਹੂਮ ਰਾਜੀਵ ਗਾਂਧੀ ਮੇਰੇ ਸਾਥੀ ਅਤੇ ਮਿੱਤਰ ਸਨ। ਦੁਨੀਆ ਦੇ ਹਰ ਕੋਨੇ ਵਿਚ ਨਿੱਜੀ ਸਬੰਧ ਸਿਆਸੀ ਪ੍ਰਤੀਬੱਧਤਾ ਤੋਂ ਵੱਖਰੇ ਹੁੰਦੇ ਹਨ। ਉਨ੍ਹਾਂ ਦੇ ਨਿੱਜੀ ਤੇ ਪਰਿਵਾਰਕ ਸਬੰਧ ਰਾਹੁਲ ਅਤੇ ਉਨ੍ਹਾਂ ਦੀ ਮਾਂ ਸੋਨੀਆ ਗਾਂਧੀ ਨਾਲ ਸਦਾ ਰਹਿਣਗੇ ਪਰ ਸਿਆਸੀ ਤੌਰ 'ਤੇ ਉਹ ਭਾਜਪਾ ਲਈ ਪ੍ਰਤੀਬੱਧ ਹਨ।

ਰਾਹੁਲ ਗਾਂਧੀ ਨੇ ਪ੍ਰੋਗਰਾਮ ਦੀ ਵੀਡੀਓ ਇੰਟਰਨੈੱਟ ਮੀਡੀਆ ਪਲੇਟਫਾਰਮ 'ਤੇ ਵੀ ਸਾਂਝੀ ਕੀਤੀ। ਇਸ ਨਾਲ ਇਕ ਵਾਰੀ ਫਿਰ ਚਰਚਾ ਸ਼ੁਰੂ ਹੋ ਗਈ ਕਿ ਕੈਪਟਨ ਦੀ ਕਾਂਗਰਸ ਵਿਚ ਵਾਪਸੀ ਹੋ ਸਕਦੀ ਹੈ। ਇਹ ਚਰਚਾ ਪਹਿਲਾਂ ਵੀ ਸ਼ੁਰੂ ਹੋਈ ਸੀ ਜਦੋਂ ਕੈਪਟਨ ਨੇ ਕਿਹਾ ਸੀ ਕਿ ਕਾਂਗਰਸ ਵਿਚ ਫ਼ੈਸਲੇ ਉਨ੍ਹਾਂ ਤੋਂ ਪੁੱਛ ਕੇ ਕੀਤੇ ਜਾਂਦੇ ਸਨ ਪਰ ਭਾਜਪਾ ਵਿਚ ਅਜਿਹਾ ਨਹੀਂ ਹੈ। ਉਨ੍ਹਾਂ ਨੇ ਕਾਂਗਰਸ ਨੂੰ ਪਰਿਵਾਰ ਵਾਂਗ ਦੱਸਦੇ ਹੋਏ ਕਿਹਾ ਸੀ ਕਿ ਰਾਹੁਲ ਗਾਂਧੀ ਹਮੇਸ਼ਾ ਸੁੱਖ-ਦੁੱਖ ਵਿਚ ਸੰਪਰਕ ਕਰਦੇ ਰਹੇ ਜਦਕਿ ਭਾਜਪਾ ਵਿਚ ਅਜਿਹਾ ਆਪਣਾਪਣ ਮਹਿਸੂਸ ਨਹੀਂ ਹੋਇਆ। ਰਾਹੁਲ ਗਾਂਧੀ ਦਾ ਇਹ ਬਿਆਨ ਅਜਿਹੇ ਸਮੇਂ 'ਤੇ ਆਇਆ ਹੈ, ਜਦੋਂ ਪੰਜਾਬ ਕਾਂਗਰਸ ਧੜੇਬਾਜ਼ੀ ਨਾਲ ਜੂਝ ਰਹੀ ਹੈ।

ਕਾਂਗਰਸ ਦੇ ਸੂਬਾ ਅਮਰਿੰਦਰ ਰਾਜਾ ਵੜਿੰਗ ਨੇ ਇਕ ਦਿਨ ਪਹਿਲਾਂ ਹੀ ਲੁਧਿਆਣਾ ਵਿਚ ਕਿਹਾ ਸੀ ਕਿ ਇਕ ਹਫ਼ਤੇ ਦੇ ਅੰਦਰ ਪਾਰਟੀ ਵਿਚ ਸਭ ਕੁਝ ਠੀਕ ਹੋ ਜਾਵੇਗਾ, ਨਹੀਂ ਤਾਂ ਰਾਹੁਲ ਗਾਂਧੀ ਕੋਈ ਵੱਡਾ ਫ਼ੈਸਲਾ ਲੈ ਸਕਦੇ ਹਨ। ਇਸ ਦੌਰਾਨ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦੇ ਨਜ਼ਦੀਕੀ ਵਿਧਾਇਕ ਰਾਣਾ ਗੁਰਜੀਤ ਸਿੰਘ ਨੇ ਕਿਹਾ ਕਿ ਜੇ ਕੈਪਟਨ ਅਮਰਿੰਦਰ ਸਿੰਘ ਕਾਂਗਰਸ ਵਿਚ ਵਾਪਸ ਆਉਂਦੇ ਹਨ ਤਾਂ ਉਨ੍ਹਾਂ ਦਾ ਸਵਾਗਤ ਕੀਤਾ ਜਾਵੇਗਾ। ਕਾਂਗਰਸੀ ਆਗੂ ਪਰਗਟ ਸਿੰਘ ਵੀ ਕਹਿ ਚੁੱਕੇ ਹਨ ਕਿ ਕੈਪਟਨ ਦੋ ਵਾਰ ਪੰਜਾਬ ਦੇ ਮੁੱਖ ਮੰਤਰੀ ਰਹਿ ਚੁੱਕੇ ਹਨ ਤੇ ਉਨ੍ਹਾਂ ਦੇ ਤਜਰਬੇ ਦਾ ਲਾਭ ਪਾਰਟੀ ਨੂੰ ਮਿਲ ਸਕਦਾ ਹੈ। ਪੰਜਾਬ ਕਾਂਗਰਸ ਅਜਿਹੀ ਅਗਵਾਈ ਦੀ ਭਾਲ ਕਰ ਰਹੀ ਹੈ, ਜਿਸ ਦੇ ਪਿੱਛੇ ਸਾਰੀ ਪਾਰਟੀ ਇਕੱਠੀ ਹੋ ਸਕੇ। ਕੈਪਟਨ ਵਿੱਚੋਂ ਜਾਣ ਪਿੱਛੋਂ ਕਾਂਗਰਸ ਦਾ ਜੱਟ ਵੋਟ ਬੈਂਕ ਪ੍ਰਭਾਵਤ ਹੋਇਆ ਹੈ।

# ਹਸੀਨਾ ਦੇ ਬਿਆਨ ਨਾਲ ਲੈਣਾ-ਦੇਣਾ ਨਹੀਂ: ਜੈਸਵਾਲ




**ਨਵੀਂ ਦਿੱਲੀ:**ਵਿਦੇਸ਼ ਮੰਤਰਾਲੇ ਦੇ ਬੁਲਾਰੇ ਰਣਧੀਰ ਜੈਸਵਾਲ ਨੇ ਸ਼ੁੱਕਰਵਾਰ ਨੂੰ ਸਾਫ਼ ਕੀਤਾ ਕਿ ਬੰਗਲਾਦੇਸ਼ ਦੀ ਸਾਬਕਾ ਪ੍ਰਧਾਨ ਮੰਤਰੀ ਸ਼ੇਖ ਹਸੀਨਾ ਦਾ ਬੁੱਧਵਾਰ ਨੂੰ ਮੀਡੀਆ ਵਿਚ ਦਿੱਤਾ ਗਿਆ। ਬਿਆਨ ਇੱਕ ਪ੍ਰਾਈਵੇਟ ਮੀਡੀਆ ਸੰਸਥਾ ਦੁਆਰਾ ਕਰਵਾਏ ਪ੍ਰੋਗਰਾਮ ਦਾ ਹਿੱਸਾ ਸੀ। ਭਾਰਤ ਸਰਕਾਰ ਦਾ ਇਸ ਨਾਲ ਕੋਈ ਸਬੰਧ ਨਹੀਂ ਹੈ ਅਤੇ ਉਹ ਉਥੇ ਕਹੀਆਂ ਗਈਆਂ ਗੱਲਾਂ ਦਾ ਸਮਰਥਨ ਨਹੀਂ ਕਰਦੀ, ਖਾਸ ਕਰ ਕੇ ਬੰਗਲਾਦੇਸ਼ ਸਰਕਾਰ ਬਾਰੇ ਜੋ ਕੁਝ ਕਿਹਾ ਗਿਆ। ਇਹ ਬਿਆਨ ਬੰਗਲਾਦੇਸ਼ ਦੀ ਤਿੱਖੀ ਪ੍ਰਤੀਕਿਰਿਆ ਮਗਰੋਂ ਆਇਆ ਹੈ। ਜੈਸਵਾਲ ਨੇ ਦੁਹਰਾਇਆ ਕਿ ਸਰਕਾਰ ਨੇ ਪਹਿਲਾਂ ਵੀ ਇਹ ਸਪੱਸ਼ਟ ਕੀਤਾ ਸੀ ਕਿ ਇਹ ਨਿੱਜੀ ਪ੍ਰੋਗਰਾਮ ਸੀ। ਸ਼ੇਖ ਹਸੀਨਾ ਨੇ 5 ਅਗਸਤ ਨੂੰ ਨਵੀਂ ਦਿੱਲੀ 'ਚ ਫਾਰੇਨ ਕਰੇਸਪਾਂਡੈਂਟਸ ਕਲੱਬ ਆਫ਼ ਸਾਊਥ ਏਸ਼ੀਆ ਵੱਲੋਂ ਕਰਵਾਈ ਵਰਚੁਅਲ ਪ੍ਰੈੱਸ ਕਾਨਫਰੰਸ 'ਚ ਹਿੱਸਾ ਲਿਆ।

# ਬਘੇਲ ਮਾਮਲੇ 'ਚ ਸੁਪਰੀਮ ਕੋਰਟ ਵਲੋਂ ਦਖ਼ਲ ਤੋਂ ਨਾਂਹ



**ਨਵੀਂ ਦਿੱਲੀ:**ਸੁਪਰੀਮ ਕੋਰਟ ਨੇ ਛੱਤੀਸਗੜ੍ਹ ਹਾਈ ਕੋਰਟ ਦੇ ਉਸ ਆਦੇਸ਼ ਵਿਚ ਦਖ਼ਲ ਦੇਣ ਤੋਂ ਇਨਕਾਰ ਕਰ ਦਿੱਤਾ, ਜਿਸ ਵਿਚ 2023 'ਚ ਪਟਨ ਵਿਧਾਨ ਸਭਾ ਸੀਟ ਤੋਂ ਛੱਤੀਸਗੜ੍ਹ ਦੇ ਸਾਬਕਾ ਮੁੱਖ ਮੰਤਰੀ ਭੂਪੇਸ਼ ਬਘੇਲ ਦੀ ਚੋਣ ਨੂੰ ਚੁਣੌਤੀ ਦੇਣ ਵਾਲੀ ਪਟੀਸ਼ਨ ਨੂੰ ਖ਼ਾਰਜ ਕਰਨ ਤੋਂ ਮਨ੍ਹਾ ਕਰ ਦਿੱਤਾ ਗਿਆ ਸੀ। ਹਾਲਾਂਕਿ, ਸੁਪਰੀਮ ਕੋਰਟ ਨੇ ਕਿਹਾ ਕਿ ਬਘੇਲ ਨੂੰ ਸੁਣਵਾਈ ਦੌਰਾਨ ਹਾਈ ਕੋਰਟ ਦੇ ਚੋਣ ਟ੍ਰਿਬਿਊਨਲ ਦੇ ਸਾਹਮਣੇ ਆਪਣੀਆਂ ਸਾਰੀਆਂ ਦਲੀਲਾਂ ਰੱਖਣ ਦੀ ਛੋਟ ਹੋਵੇਗੀ।

# ਮਕਬੂਜ਼ਾ ਕਸ਼ਮੀਰ 'ਚ ਹੋਣ ਵਾਲੀ ਵੋਟਿੰਗ ਅਣਮਿੱਥੇ ਸਮੇਂ ਲਈ ਮੁਲਤਵੀ

**ਜੰਮੂ:** ਪਾਕਿਸਤਾਨ ਦੇ ਕਬਜ਼ੇ ਵਾਲੇ ਕਸ਼ਮੀਰ (ਪੀ.ਓ.ਕੇ.) ਵਿਚ ਹੋਣ ਵਾਲੀ ਵੋਟਿੰਗ ਮੁਲਤਵੀ ਕਰ ਦਿੱਤੀ ਗਈ ਹੈ। ਮੀਡੀਆ ਰਿਪੋਰਟਾਂ ਅਨੁਸਾਰ ਪੀ. ਓ. ਕੇ. ਵਿਚ ਚੱਲ ਰਹੇ ਵਿਰੋਧ ਪ੍ਰਦਰਸ਼ਨਾਂ ਕਾਰਨ ਚੋਣਾਂ ਅਣਮਿੱਥੇ ਸਮੇਂ ਲਈ ਮੁਲਤਵੀ ਕਰ ਦਿੱਤੀਆਂ ਗਈਆਂ ਹਨ। ਇਸ ਤੋਂ ਪਹਿਲਾਂ ਪ੍ਰਧਾਨ ਮੰਤਰੀ ਸ਼ਾਹਬਾਜ਼ ਸ਼ਰੀਫ ਦੀ ਪਾਰਟੀ ਪਾਕਿਸਤਾਨ ਮੁਸਲਿਮ ਲੀਗ-ਨਵਾਜ਼ (ਪੀ. ਐਮ. ਐਲ.ਐਨ.) ਨੇ ਦੋ ਪੜਾਵਾਂ 'ਚ ਕੁੱਲ 24 ਸੀਟਾਂ ਜਿੱਤੀਆਂ ਸਨ, ਜਿਸ ਦੇ ਚਲਦਿਆਂ ਪੀ. ਐਮ. ਐਲ.-ਐਨ.ਐਨ ਦਾ ਪੀ. ਓ. ਕੇ. ਵਿਚ ਸਰਕਾਰ ਬਣਾਉਣਾ ਤੈਅ ਸੀ ਅਤੇ ਸਾਬਕਾ ਬਰਖ਼ਾਸਤ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ਼ ਨੇ ਮਕਬੂਜ਼ਾ ਕਸ਼ਮੀਰ ਦਾ ਪ੍ਰਧਾਨ ਮੰਤਰੀ ਬਣਨ ਦੀ ਇੱਛਾ ਵੀ ਜ਼ਾਹਿਰ ਕੀਤੀ ਸੀ। ਦੂਜੇ ਪਾਸੇ, ਭਾਰਤ ਨੇ ਪੀ.ਓ. ਕੇ. ਵਿਚ ਹੋ ਰਹੀਆਂ ਚੋਣਾਂ ਦਾ ਵਿਰੋਧ ਕਰਦਿਆਂ ਕਿਹਾ ਸੀ ਕਿ ਪਾਕਿਸਤਾਨ ਇਨ੍ਹਾਂ' ਚੋਣਾਂ



ਦੀ ਵਰਤੋਂ ਮਕਬੂਜ਼ਾ ਕਸ਼ਮੀਰ 'ਤੇ ਆਪਣੇ ਗੈਰ-ਕਾਨੂੰਨੀ ਕਬਜ਼ੇ ਨੂੰ ਛੁਪਾਉਣ ਅਤੇ ਉੱਥੇ ਹੋ. ਰਹੇ ਮਨੁੱਖੀ ਅਧਿਕਾਰਾਂ ਦੇ ਉਲੰਘਣ ਤੋਂ ਦੁਨੀਆ ਦਾ ਧਿਆਨ ਹਟਾਉਣ ਲਈ ਕਰ ਰਿਹਾ ਹੈ।

# ਪੰਜਾਬ ਭਾਜਪਾ ਦੇ ਜਥੇਬੰਦਕ ਢਾਂਚੇ 'ਚ ਫੇਰਬਦਲ ਬਾਰੇ ਉੱਠੇ ਵਿਰੋਧ ਮਗਰੋਂ ਹਾਈਕਮਾਨ ਨੇ ਸੰਭਾਲਿਆ ਮੋਰਚਾ

**ਚੰਡੀਗੜ੍ਹ:** ਪੰਜਾਬ ਭਾਜਪਾ ਦੇ ਜਥੇਬੰਦਕ ਢਾਂਚੇ 'ਚ ਫ਼ੇਰਬਦਲ ਨੂੰ ਲੈ ਕੇ ਪੈਦਾ ਹੋਇਆ ਅੰਦਰੂਨੀ ਰੋਸ ਹੁਣ ਹਾਈਕਮਾਨ ਦੇ ਦਰਵਾਜ਼ੇ ਤੱਕ ਪਹੁੰਚ ਗਿਆ ਹੈ। ਸੂਬੇ ਦੇ ਕਈ ਸੀਨੀਅਰ ਆਗੂਆਂ ਵਲੋਂ ਖੁੱਲ੍ਹ ਕੇ ਨਾਰਾਜ਼ਗੀ ਜ਼ਾਹਰ ਕਰਨ, ਅਸਤੀਫ਼ਿਆਂ ਅਤੇ ਵਿਰੋਧ ਦੇ ਸੁਰ ਤੇਜ਼ ਹੋਣ ਮਗਰੋਂ ਕੇਂਦਰੀ ਲੀਡਰਸ਼ਿਪ ਨੇ ਮਾਮਲੇ ਨੂੰ ਗੰਭੀਰਤਾ ਨਾਲ ਲੈਂਦਿਆਂ ਹਾਲਤ ਦੀ ਨਬਜ਼ ਟਟੋਲਣ ਲਈ ਟੀਮ ਪੰਜਾਬ ਭੇਜੀ ਹੈ। ਕੇਂਦਰੀ ਟੀਮ ਪੰਜਾਬ ਭਾਜਪਾ ਦੇ ਮੌਜੂਦਾ ਜਥੇਬੰਦਕ ਢਾਂਚੇ ਅਤੇ ਸਿਆਸੀ ਹਾਲਾਤ ਦੀ ਵਿਸਥਾਰ ਨਾਲ ਸਮੀਖਿਆ ਕਰੇਗੀ।



ਟੀਮ ਵਲੋਂ ਸੂਬੇ ਦੇ ਸੀਨੀਅਰ ਆਗੂਆਂ, ਸਾਬਕਾ ਅਹੁਦੇਦਾਰਾਂ ਅਤੇ ਹੋਰ ਸੰਬੰਧਿਤ ਆਗੂਆਂ ਨਾਲ ਗੱਲਬਾਤ ਕਰਕੇ ਜਥੇਬੰਦਕ ਢਾਂਚੇ 'ਚ ਫ਼ੇਰਬਦਲ ਨੂੰ ਲੈ ਕੇ ਪੈਦਾ ਹੋਏ ਵਿਰੋਧ ਦੇ ਕਾਰਨਾਂ ਦੀ ਜਾਣਕਾਰੀ ਇਕੱਤਰ ਕੀਤੀ ਜਾਵੇਗੀ। ਟੀਮ ਵਲੋਂ ਤਿਆਰ ਕੀਤੀ ਜਾਣ ਵਾਲੀ ਸਮੁੱਚੀ ਰਿਪੋਰਟ ਭਾਜਪਾ ਦੇ ਕੌਮੀ ਪ੍ਰਧਾਨ ਨਿਤੀਨ ਨਬੀਨ ਅਤੇ ਕੌਮੀ ਜਨਰਲ ਸਕੱਤਰ (ਸੰਗਠਨ) ਬੀ.ਐਲ. ਸੰਤੋਸ਼ ਨੂੰ ਸੌਂਪੀ ਜਾਵੇਗੀ। ਇਸ ਰਿਪੋਰਟ ਦੇ ਆਧਾਰ 'ਤੇ ਪੰਜਾਬ ਭਾਜਪਾ ਦੇ ਜਥੇਬੰਦਕ ਢਾਂਚੇ ਅਤੇ ਮੌਜੂਦਾ ਵਿਵਾਦ ਸਬੰਧੀ ਅਗਲੇ ਫ਼ੈਸਲੇ ਲਏ ਜਾਣ ਦੀ ਸੰਭਾਵਨਾ ਹੈ।

# ਸੁਵੇਂਦੂ ਵਲੋਂ ਜਬਰ-ਜਨਾਹ ਤੇ ਕਤਲ ਮਾਮਲੇ ਦੀ ਨਵੀਂ ਜਾਂਚ ਦੇ ਹੁਕਮ

**ਕੋਲਕਾਤਾ:** ਪੱਛਮੀ ਬੰਗਾਲ ਦੇ ਮੁੱਖ ਮੰਤਰੀ ਸੁਵੇਂਦੂ ਅਧਿਕਾਰੀ ਨੇ ਐਤਵਾਰ ਨੂੰ ਸਰਕਾਰੀ ਆਰ.ਜੀ. ਕਰ ਮੈਡੀਕਲ ' ਕਾਲਜ



ਅਤੇ ਹਸਪਤਾਲ ਵਿਚ ਇੱਕ ਡਾਕਟਰ ਨਾਲ ਹੋਏ ਜਬਰ ਜਨਾਹ ਅਤੇ ਕਤਲ ਮਾਮਲੇ ਦੀ ਨਵੀਂ ' ਜਾਂਚ ਦਾ ਐਲਾਨ ਕੀਤਾ। ਇਹ ਇੱਕ ਅਜਿਹੀ ਘਟਨਾ ਜਿਸ ਨੇ ਪੂਰੇ ਦੇਸ਼ ਨੂੰ ਹਿਲਾ ਕੇ ਰੱਖ ਦਿੱਤਾ ਸੀ। ਅਧਿਕਾਰੀ ਨੇ ਕਿਹਾ ਕਿ ਸਰਕਾਰ ਨੇ ਇਹ ਫੈਸਲਾ ਮ੍ਰਿਤਕ ਡਾਕਟਰ ਦੀ ਮਾਂ, ਜੋ ਹੁਣ ਭਾਜਪਾ ਵਿਧਾਇਕ ਹੈ, ਦੀ ਬੇਨਤੀ ਤੋਂ ਬਾਅਦ ਲਿਆ ਹੈ। ਉਨ੍ਹਾਂ ਕਿਹਾ ਕਿ ਰਤਨਾ ਦੇਬਨਾਥ ਨੇ ਮੈਨੂੰ ਨਵੀਂ ਜਾਂਚ ਦੀ ਬੇਨਤੀ ਕਰਦੇ ਹੋਏ ਪੱਤਰ ਲਿਖਿਆ ਸੀ। ਮੁੱਖ ਸਕੱਤਰ ਅਤੇ ਮਾਹਿਰਾਂ ਦੀ ਇੱਕ ਟੀਮ ਨਾਲ ਵਿਆਪਕ ਵਿਚਾਰ-ਵਟਾਂਦਰੇ ਤੋਂ ਬਾਅਦ, ਮੈਂ ਵਿਸ਼ੇਸ਼ ਕਮਿਸ਼ਨ ਐਕਟ, 1952 ਦੇ ਤਹਿਤ ਇੱਕ ਨਵੀਂ ਜਾਂਚ ਦਾ ਐਲਾਨ ਕਰ ਰਿਹਾ ਹਾਂ ਅਧਿਕਾਰੀ ਨੇ ਦਾਅਵਾ ਕੀਤਾ ਕਿ ਪੁਲਿਸ ਇਸ ਮਾਮਲੇ ਵਿਚ ਆਪਣੇ ਫਰਜ਼ ਨਿਭਾਉਣ ਵਿਚ ਅਸਫਲ ਰਹੀ ਹੈ। ਉਨ੍ਹਾਂ ਪੀੜਤਾ ਦੇ ਸਸਕਾਰ ਦੇ ਆਲੇ ਦੁਆਲੇ ਕਥਿਤ ਬੇਨਿਯਮੀਆਂ ਦੀ ਇੱਕ ਵੱਖਰੀ ਜਾਂਚ ਦੇ ਹੁਕਮ ਵੀ ਦਿੱਤੇ ਤੇ ਬੈਰਕਪੁਰ ਪੁਲਿਸ ਕਮਿਸ਼ਨਰ ਨੂੰ ਐਫ.ਆਈ.ਆਰ. ਦਰਜ ਕਰਨ ਦੇ ਨਿਰਦੇਸ਼ ਦਿੱਤੇ।

# ਭਾਰਤ ਭਾਰੀ ਮਹਿੰਗਾਈ ਦੀ ਮਾਰ ਹੇਠ

**ਨਵੀਂ ਦਿੱਲੀ:** ਦੇਸ਼ ਵਿਚ ਮਹਿੰਗਾਈ ਇਕ ਵਾਰ ਫਿਰ ਸਿਖ਼ਰਾਂ ਨੂੰ ਛੂਹ ਰਹੀ ਹੈ। ਪਿਛਲੇ ਕਈ ਦਹਾਕਿਆਂ ਤੋਂ ਮਹਿੰਗਾਈ ਦਾ ਚੱਕਰ ਲਗਾਤਾਰ ਜਾਰੀ ਹੈ। ਇਸੇ ਦੇ ਚਲਦਿਆਂ ਮੌਜੂਦਾ ਦੌਰ ਵਿਚ ਵੀ ਸਭ ਵਸਤੂਆਂ ਤੇ ਖ਼ੁਰਾਕ ਪਦਾਰਥਾਂ ਦੀਆਂ ਕੀਮਤਾਂ 'ਚ ਵਾਧਾ ਹੋ ਰਿਹਾ ਹੈ। ਖ਼ੁਰਾਕ ਪਦਾਰਥਾਂ ਦੀਆਂ ਕੀਮਤਾਂ 'ਚ ਹੋਏ ਇਕਦਮ ਵਾਧੇ ਨੇ ਦੇਸ਼ ਦੇ 90 ਫ਼ੀਸਦੀ ਲੋਕਾਂ ਨੂੰ ਮੁਸ਼ਕਿਲ ਵਿਚ ਪਾ ਦਿੱਤਾ ਹੈ। ਘਰ ਦੀ ਰਸੋਈ ਵਿਚ ਰੋਜ਼ਾਨਾ ਵਰਤੀਆਂ ਜਾਂਦੀਆਂ ਖ਼ੁਰਾਕੀ ਵਸਤੂਆਂ ਆਟਾ, ਖੰਡ, ਦਾਲਾਂ, ਚੌਲ, ਤੇਲਾਂ ਆਦਿ ਦੀਆਂ ਕੀਮਤਾਂ 'ਚ ਹੈਰਾਨੀਜਨਕ ਵਾਧਾ ਹੋਣ ਨਾਲ ਜਿੱਥੇ ਆਮ ਆਦਮੀ ਦੇ ਘਰ-ਪਰਿਵਾਰ ਦਾ ਬਜਟ ਹਿੱਲ ਗਿਆ ਹੈ, ਉੱਥੇ ਨੌਕਰੀਪੇਸ਼ਾ ਲੋਕਾਂ ਦੀ ਆਰਥਿਕਤਾ ਵੀ ਬੁਰੀ ਤਰ੍ਹਾਂ ਪ੍ਰਭਾਵਿਤ ਹੋਈ ਹੈ। ਵੈਸੇ ਵੀ ਦੇਸ਼ ਵਿਚ ਅਗਸਤ ਮਹੀਨੇ ਤੋਂ ਤਿਉਹਾਰਾਂ ਦਾ ਸੀਜ਼ਨ ਸ਼ੁਰੂ ਹੋ ਜਾਂਦਾ ਹੈ, ਜੋ ਰੱਖੜੀ ਤੋਂ ਲੈ ਕੇ ਦੀਵਾਲੀ ਤੱਕ ਦੇਸ਼ ਦੇ ਲੋਕਾਂ ਵਿਚ ਇਕ ਉਤਸ਼ਾਹ ਜਗਾਈ ਰੱਖਦਾ ਹੈ।ਇਸ ਸਮੇਂ ਦੌਰਾਨ ਅਕਸਰ ਆਮ ਲੋਕਾਂ ਦਾ ਘਰੇਲੂ ਖ਼ਰਚ ਵਧ ਜਾਂਦਾ ਤੇ ਇਸੇ ਸਮੇਂ ਦੌਰਾਨ ਮਹਿੰਗਾਈ ਵੀ ਵਧਣੀ ਸ਼ੁਰੂ ਹੋ ਜਾਂਦੀ ਹੈ।



ਪਰ ਇਸ ਸਾਲ ਵਸਤੂਆਂ ਤੇ ਖਾਧ ਪਦਾਰਥਾਂ ਦੀ ਕੀਮਤਾਂ ਵਿਚ ਵਾਧੇ ਦਾ ਅਜਿਹਾ ਦੌਰ ਸ਼ੁਰੂ ਹੋਇਆ, ਜੋ ਲਗਾਤਾਰ ਜਾਰੀ ਹੈ। ਦਾਲਾਂ ਤੇ ਸਬਜ਼ੀਆਂ ਦੇ ਭਾਅ ਵਧਣ ਦੇ ਨਾਲ ਹੀ ਫ਼ਲਾਂ ਖ਼ਾਸ ਕਰਕੇ ਸੇਬ, ਪਪੀਤੇ ਤੇ ਅੰਬ ਮਹਿੰਗੇ ਹੋ ਜਾਣ ਨਾਲ ਇਹ ਆਮ ਲੋਕਾਂ ਦੀ ਪਹੁੰਚ ਤੋਂ ਬਾਹਰ . ਹੋ ਗਏ ਹਨ। ਪਿਛਲੇ 2-3 ਸਾਲਾਂ ਤੋਂ ਚੌਲਾਂ ਦੇ ਭਾਅ ਤਾਂ ਲਗਾਤਾਰ ਵਧ ਹੀ ਰਹੇ ਸਨ, ਪਰ ਹੁਣ ਖਾਣ ਵਾਲੇ ਤੇਲ ਤੇ ਘਿਓ ਦੀਆਂ ਕੀਮਤਾਂ 'ਚ ਹੋਏ ਵਾਧੇ ਨੇ ਤੜਕੇ ਦਾ ਸੁਆਦ ਵਿਗਾੜ ਕੇ ਰੱਖ ਦਿੱਤਾ ਹੈ। ਹੋਰ ਤਾਂ ਹੋਰ ਨਮਕ ਦੀਆਂ ਕੀਮਤਾਂ ਤੱਕ ਵਧ ਗਈਆਂ ਹਨ। ਜਿਉਣ ਲਈ ਜ਼ਰੂਰੀ ਸਭ ਵਸਤੂਆਂ ਲਗਾਤਾਰ ਮਹਿੰਗੀਆਂ ਹੋਈਆਂ ਹਨ, ਪਰ ਖਾਧ ਪਦਾਰਥਾਂ ਦੇ ਵਧਦੇ ਭਾਅ ਆਮ ਆਦਮੀ ਨੂੰ ਚਿੰਤਾ ਵਿਚ ਪਾ ਰਹੇ ਹਨ।ਰਿਜ਼ਰਵ ਬੈਂਕ ਆਫ਼ ਇੰਡੀਆ ਨੇ ਵੀ ਮੰਨਿਆ ਹੈ ਕਿ ਇਸ ਸਾਲ ਮਹਿੰਗਾਈ ਦੀ ਦਰ ਵਿਚ ਅਚਾਨਕ ਵਾਧਾ ਹੋਇਆ ਹੈ। ਸੋਨਾ ਤੇ ਚਾਂਦੀ ਤਾਂ ਹੁਣ ਗਰੀਬ ਤੇ ਆਮ ਮੱਧ ਵਰਗ ਦੇ ਪਰਿਵਾਰਾਂ ਲਈ ਸੁਪਨੇ ਵਿਚ ਦਿਸਣ ਵਾਲੀਆਂ ਵਸਤੂਆਂ ਬਣ ਕੇ ਰਹਿ ਗਈਆਂ ਹਨ।

ਭਾਵੇਂ ਰੂਸ-ਯੂਕਰੇਨ ਯੁੱਧ ਸਾਡੇ ਤੋਂ ਹਜ਼ਾਰਾਂ ਮੀਲ ਦੂਰ ਹੋ ਰਿਹਾ ਹੈ, ਪਰ ਇਸ ਦੇ ਬਾਰੂਦੀ ਸੇਕ ਨੇ ਪੂਰੀ ਦੁਨੀਆ ਨੂੰ ਚਿੰਤਾ ਵਿਚ ਪਾਇਆ ਹੋਇਆ ਹੈ। ਜਦਕਿ ਅਮਰੀਕਾ-ਇਜ਼ਰਾਈਲ ਦੇ ਈਰਾਨ ਖ਼ਿਲਾਫ਼ ਯੁੱਧ ਨੇ ਤਾਂ ਭਾਰਤ ਸਮੇਤ ਬਹੁਤੇ ਦੇਸ਼ਾਂ ਨੂੰ ਸਿੱਧੇ ਤੌਰ 'ਤੇ ਪ੍ਰਭਾਵਿਤ ਕੀਤਾ ਹੈ। ਇਨ੍ਹਾਂ ਦੋਵੇਂ ਯੁੱਧਾਂ 'ਚ ਖਰਚ ਹੋ ਰਹੇ ਅਰਬਾਂ-ਖਰਬਾਂ ਡਾਲਰਾਂ ਦੀ ਭਰਪਾਈ ਵੀ ਤਾਂ ਅਖੀਰ ਦੁਨੀਆ ਭਰ ਦੇ ਆਮ ਲੋਕਾਂ ਤੋਂ ਹੀ ਕੀਤੀ ਜਾਵੇਗੀ। ਮੌਨਸੂਨ ਦੇ ਆਉਣ ਵਿਚ ਦੇਰੀ ਤੇ ਇਸ ਦੇ ਰਸਤੇ 'ਚ ਖੜ੍ਹੀ ਹੋ ਰਹੀ ਰੁਕਾਵਟ ਵੀ ਕੀਮਤਾਂ ਵਧਣ ਦਾ ਸਬੱਬ ਬਣ ਸਕਦੀ ਹੈ। ਸਾਉਣੀ ਦੀਆਂ ਫ਼ਸਲਾਂ ਦੀ ਬਿਜਾਈ ਵਿਚ ਹੋ ਰਹੀ ਦੇਰੀ ਨਾਲ ਕੀਮਤਾਂ ਦੇ ਵਾਧੇ ਨੂੰ ਹੋਰ ਬਲ ਮਿਲਣ ਦੀ ਸੰਭਾਵਨਾ ਹੈ। ਵਪਾਰੀ ਵਰਗ ਵਲੋਂ ਨਿੱਜੀ ਲਾਭ ਵਧਾਉਣ ਨਾਲ ਵੀ ਕੀਮਤਾਂ ਵਧਣ ਲਈ ਇਕ ਮਾਹੌਲ ਬਣ ਜਾਂਦਾ ਹੈ।

ਬਿਨਾਂ ਸ਼ੱਕ ਇਹ ਹਾਲਾਤ ਕਿਸੇ ਵੀ ਦੇਸ਼ ਦੇ ਆਮ ਲੋਕਾਂ ਲਈ ਠੀਕ ਨਹੀਂ ਹਨ। ਇਸ ਤਰ੍ਹਾਂ ਭਾਰਤ ਵਿਚ ਇਕ ਅਜਿਹਾ ਮਾਹੌਲ ਬਣ ਗਿਆ ਹੈ, ਜਿਸ ਨਾਲ ਆਮ ਆਦਮੀ ਦਾ ਜੀਵਨ ਬਹੁਤ ਮੁਸ਼ਕਿਲ ਹੁੰਦਾ ਜਾ ਰਿਹਾ ਹੈ। ਦੇਸ਼ ਵਿਚ ਅਗਲੇ ਕੁਝ ਮਹੀਨੇ ਤਿਉਹਾਰ ਸੀਜ਼ਨ ਦੇ ਹੋਣ ਕਾਰਨ ਭਵਿੱਖ ਵਿਚ ਵੀ ਮਹਿੰਗਾਈ ਦੀ ਸਥਿਤੀ ਵਿਚ ਬਦਲਾਅ ਆਉਣ ਦੀ ਕੋਈ ਸੰਭਾਵਨਾ ਨਹੀਂ ਜਾਪਦੀ। ਕਿਸੇ ਵੀ ਲੋਕਤੰਤਰਿਕ ਦੇਸ਼ ਵਿਚ ਲੋਕਾਂ ਦੇ ਅਧਿਕਾਰਾਂ ਦੀ ਰੱਖਿਆ ਤੇ ਲੋੜਾਂ ਦੀ ਪੂਰਤੀ ਕਰਨ ਦੀ ਜ਼ਿੰਮੇਵਾਰੀ ਸਰਕਾਰਾਂ ਦੀ ਹੁੰਦੀ ਹੈ। ਭਾਵੇਂ ਜੰਗਾਂ ਦਾ ਨਿਪਟਾਰਾ ਦੂਜੇ ਦੇਸ਼ਾਂ ਦੇ ਹੱਥ ਹੈ ਅਤੇ ਸਮੇਂ 'ਤੇ ਮੌਨਸੂਨ ਆਉਣੀ ਕੁਦਰਤ 'ਤੇ ਨਿਰਭਰ ਹੈ, ਪਰ ਤਾਂ ਵੀ ਦੇਸ਼ ਦੀਆਂ ਸਰਕਾਰਾਂ ਵਸਤੂਆਂ ਦੇ ਭੰਡਾਰਨ ਅਤੇ ਬੇਲੋੜੇ ਮੁੱਲ ਵਾਧੇ 'ਤੇ ਰੋਕ ਲਾ ਕੇ ਆਮ ਲੋਕਾਂ ਨੂੰ ਮਹਿੰਗਾਈ ਤੋਂ ਰਾਹਤ ਦੇ ਸਕਦੀਆਂ ਹਨ। ਸਰਕਾਰ ਤਿਉਹਾਰਾਂ ਮੌਕੇ ਥੋੜ੍ਹੀ ਜਿਹੀ ਚੌਕਸੀ ਵਧਾ ਕੇ ਮਹਿੰਗਾਈ ਅਤੇ ਕੀਮਤਾਂ 'ਤੇ ਕਾਬੂ ਪਾ ਸਕਦੀ ਹੈ। ਅਸੀਂ ਸਮਝਦੇ ਹਾਂ ਕਿ ਸਰਕਾਰਾਂ ਮਹਿੰਗਾਈ ਦੇ ਮੁੱਦੇ ਨੂੰ ਲੈ ਕੇ ਜਿੰਨੀਆਂ ਸੰਵੇਦਨਸ਼ੀਲ ਰਹਿਣਗੀਆਂ, ਉਨੀਆਂ ਹੀ ਲੋਕਾਂ ਦੀਆਂ. ਮੁਸ਼ਕਿਲਾਂ ਘਟ ਸਕਦੀਆਂ ਹਨ।

# ਵਿਦਿਆਰਥੀਆਂ ਵਿਰੁੱਧ ਪੁਲਿਸ ਦੀ 'ਬੇਰਹਿਮੀ' ਬਾਰੇ ਅਮਿਤ ਸ਼ਾਹ ਨੂੰ ਦੇਣਾ ਪਵੇਗਾ ਜਵਾਬ: ਰਾਹੁਲ ਗਾਂਧੀ

**ਨਵੀਂ ਦਿੱਲੀ:** ਕਾਂਗਰਸ ਨੇਤਾ ਰਾਹੁਲ ਗਾਂਧੀ ਨੇ ਐਤਵਾਰ ਨੂੰ ਪ੍ਰਦਰਸ਼ਨਕਾਰੀ ਵਿਦਿਆਰਥੀਆਂ ਵਿਰੁੱਧ ਪੁਲਿਸ ਬੇਰਹਿਮੀ 'ਤੇ ਗ੍ਰਹਿ ਮੰਤਰੀ ਅਮਿਤ ਸ਼ਾਹ ਦੀ ਚੁੱਪੀ 'ਤੇ ਸਵਾਲ ਉਠਾਇਆ ਅਤੇ ਕਿਹਾ ਕਿ, ਜਲਦੀ ਜਾਂ ਬਾਅਦ ਵਿਚ, ਭਾਜਪਾ ਨੇਤਾ ਨੂੰ ਇਸ ਅਪਰਾਧ ਲਈ ਜਵਾਬ ਦੇਣਾ ਪਵੇਗਾ। ਰਾਹੁਲ ਗਾਂਧੀ ਨੇ ਜ਼ਿਕਰ ਕੀਤਾ ਕਿ ਪ੍ਰਯਾਗਰਾਜ ਵਿਚ ਆਪਣੇ 'ਛਾਤਰੋਂ ਕੀ ਗੂੰਜ' (ਵਿਦਿਆਰਥੀਆਂ

**ਰਾਹੁਲ ਗਾਂਧੀ ਨੇ ਕਿਹਾ ਕਿ ਪੇਪਰ ਲੀਕ ਦੇ ਦੋਸ਼ਾਂ ਵਿਰੁੱਧ ਦਿੱਲੀ ਦੇ ਜੰਤਰ-ਮੰਤਰ 'ਤੇ ਪ੍ਰਦਰਸ਼ਨ ਕਰ ਰਹੇ ਵਿਦਿਆਰਥੀਆਂ ਨੂੰ ਆਪਣਾ ਅੰਦੋਲਨ ਖਤਮ ਕੀਤੇ ਕਈ ਦਿਨ ਬੀਤ ਚੁੱਕੇ ਹਨ, ਫਿਰ ਵੀ ਸ਼ਾਹ ਨੇ ਦਿੱਲੀ ਪੁਲਿਸ ਦੁਆਰਾ ਉਨ੍ਹਾਂ ਵਿਰੁੱਧ ਕੀਤੀ ਗਈ ਕਾਰਵਾਈ ਬਾਰੇ ਇੱਕ ਵੀ ਸ਼ਬਦ ਨਹੀਂ ਬੋਲਿਆ ਹੈ।**

ਦੀ ਆਵਾਜ਼) ਪ੍ਰੋਗਰਾਮ ਦੌਰਾਨ, ਇੱਕ ਵਿਦਿਆਰਥੀ ਨੇ ਉਨ੍ਹਾਂ ਨੂੰ ਕਿਹਾ ਕਿ ਉਨ੍ਹਾਂ ਕੋਲ ਕੋਈ ਹੋਰ ਵਿਕਲਪ ਨਹੀਂ ਬਚਿਆ ਹੈ। ਹਿੰਦੀ ਵਿਚ ਐਕਸ 'ਤੇ ਇੱਕ ਪੋਸਟ ਵਿਚ, ਗਾਂਧੀ ਨੇ



ਕਿਹਾ, 'ਕੱਲ੍ਹ ਪ੍ਰਯਾਗਰਾਜ ਵਿਚ, ਇੱਕ ਵਿਦਿਆਰਥੀ ਨੇ ਮੈਨੂੰ ਬਿਲਕੁਲ ਇਹੀ ਦੱਸਿਆ: ਸਾਲਾਂ ਦੀ ਤਿਆਰੀ, ਪਰਿਵਾਰਕ ਜ਼ਮੀਨ ਵੇਚਣਾ, ਮਾਪਿਆਂ 'ਤੇ ਕਰਜ਼ੇ ਦਾ ਬੋਝ ਅਤੇ ਫਿਰ ਵੀ ਨਤੀਜਾ ਕੁਝ ਨਹੀਂ। ਲੋਕ ਸਭਾ ਵਿਚ ਵਿਰੋਧੀ ਧਿਰ ਦੇ ਨੇਤਾ ਨੇ ਅੱਗੇ ਕਿਹਾ ਕਿ ਇਹ ਵਿਦਿਆਰਥੀ ਦੀ ਅਸਫਲਤਾ ਨਹੀਂ ਸੀ, ਸਗੋਂ ਉਸ ਸਿਸਟਮ ਦੀ ਅਸਫਲਤਾ ਸੀ ਜਿਸ ਨੇ ਉਸ ਦੀ ਮਿਹਨਤ ਦਾ ਫਲ ਨਹੀਂ ਦਿੱਤਾ।

ਉਨ੍ਹਾਂ ਕਿਹਾ ਕਿ ਪੇਪਰ ਲੀਕ ਦੇ ਦੋਸ਼ਾਂ ਵਿਰੁੱਧ ਦਿੱਲੀ ਦੇ ਜੰਤਰ-ਮੰਤਰ 'ਤੇ ਪ੍ਰਦਰਸ਼ਨ ਕਰ ਰਹੇ ਵਿਦਿਆਰਥੀਆਂ ਨੂੰ ਆਪਣਾ ਅੰਦੋਲਨ ਖਤਮ ਕੀਤੇ ਕਈ ਦਿਨ ਬੀਤ ਚੁੱਕੇ ਹਨ, ਫਿਰ ਵੀ ਸ਼ਾਹ ਨੇ ਦਿੱਲੀ ਪੁਲਿਸ ਦੁਆਰਾ ਉਨ੍ਹਾਂ ਵਿਰੁੱਧ ਕੀਤੀ ਗਈ ਕਾਰਵਾਈ ਬਾਰੇ ਇੱਕ ਵੀ ਸ਼ਬਦ ਨਹੀਂ ਬੋਲਿਆ ਹੈ। ਰਾਹੁਲ ਗਾਂਧੀ ਨੇ ਕਿਹਾ ਕਿ ਮੁਆਫੀ ਮੰਗਣ ਦੀ ਬਜਾਏ, ਮੋਦੀ ਜੀ 'ਮੁਆਫੀ' ਵੰਡਣ ਵਿਚ ਰੁੱਝੇ ਹੋਏ ਹਨ।

# ਸ਼੍ਰੋਮਣੀ ਅਕਾਲੀ ਦਲ (ਬ) ਨੇ ਪੰਜਾਬ ਦੇ ਹਿਤਾਂ ਲਈ ਮਿਲਿਆ ਸੁਨਹਿਰੀ ਮੌਕਾ ਗੁਆਇਆ: ਢੀਂਡਸਾ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ (ਬ) ਵਲੋਂ ਮਹਿਲਾ ਰਾਖਵਾਂਕਰਨ ਬਿੱਲ ਅਤੇ ਹੱਦਬੰਦੀ ਬਿੱਲ ਨੂੰ ਜਲਦ ਤੋਂ ਜਲਦ ਪਾਸ ਕਰਨ ਦੀ ਕੇਂਦਰ ਸਰਕਾਰ ਤੋਂ ਕੀਤੀ ਮੰਗ 'ਤੇ ਤਿੱਖੀ ਪ੍ਰਤੀਕਿਰਿਆ ਦਿੰਦਿਆਂ ਸ਼੍ਰੋਮਣੀ ਅਕਾਲੀ ਦਲ (ਪੁਨਰ-ਸੁਰਜੀਤ) ਦੇ ਸੀਨੀਅਰ ਆਗੂ ਤੇ ਸਾਬਕਾ ਮੰਤਰੀ ਪਰਮਿੰਦਰ ਸਿੰਘ ਢੀਂਡਸਾ ਨੇ ਕਿਹਾ ਕਿ ਬਿਨਾ



ਸ਼ਰਤ ਇਨ੍ਹਾਂ ਬਿੱਲਾਂ ਦੀ ਹਮਾਇਤ ਕਰਕੇ ਸ਼੍ਰੋਮਣੀ ਅਕਾਲੀ ਦਲ (ਬ) ਨੇ ਪੰਜਾਬ ਅਤੇ ਪੰਥਕ ਹਿੱਤਾਂ ਨਾਲ ਜੁੜੀਆਂ ਲੰਬੇ ਸਮੇਂ ਤੋਂ ਲਟਕਦੀਆਂ ਮੰਗਾਂ ਮਨਵਾਉਣ ਲਈ ਮਿਲਿਆ ਇਕ ਸੁਨਹਿਰੀ ਮੌਕਾ ਗੁਆ ਦਿੱਤਾ ਹੈ। ਉਨ੍ਹਾਂ ਸਵਾਲ ਕੀਤਾ ਕਿ ਜਿਹੜਾ ਬਿੱਲ ਕੁਝ ਸਮਾਂ ਪਹਿਲਾਂ ਸੰਸਦ ਵਿਚ ਸੰਸਦ ਮੈਂਬਰ ਬੀਬਾ ਹਰਸਿਮਰਤ ਕੌਰ ਬਾਦਲ ਵਲੋਂ ਜ਼ੋਰਦਾਰ ਢੰਗ ਨਾਲ ਲੋਕ ਵਿਰੋਧੀ ਦੱਸ ਕੇ ਰੱਦ ਕਰਨ ਦੀ ਮੰਗ ਕੀਤੀ ਗਈ ਸੀ, ਉਹ ਅਚਾਨਕ ਅੱਜ ਲੋਕ ਹਿੱਤ ਵਿਚ ਕਿਵੇਂ ਬਦਲ ਗਿਆ।

# ਧਰਮੇਂਦਰ ਪ੍ਰਧਾਨ ਵਲੋਂ ਅਸਤੀਫ਼ੇ ਪਿੱਛੇ ਜੈਨ-ਜ਼ੀ ਨੂੰ ਗੁਮਰਾਹ ਕਰਨ ਦੀ 'ਸਾਜ਼ਿਸ਼' ਦਾ ਦਾਅਵਾ

**ਭੁਬਨੇਸ਼ਵਰ:** ਭਾਰਤੀ ਜਨਤਾ ਪਾਰਟੀ ਦੇ ਸੀਨੀਅਰ ਆਗੂ ਅਤੇ ਸੰਬਲਪੁਰ ਤੋਂ ਸੰਸਦ ਮੈਂਬਰ ਧਰਮੇਂਦਰ ਪ੍ਰਧਾਨ ਨੇ ਦਾਅਵਾ ਕੀਤਾ ਹੈ ਕਿ ਨੀਟ ਪੇਪਰ ਲੀਕ ਮਾਮਲੇ ਦੌਰਾਨ ਚੱਲੇ ਪ੍ਰਦਰਸ਼ਨਾਂ ਦੌਰਾਨ ਜੈਨ-ਜ਼ੀ (ਨੌਜਵਾਨ ਪੀੜ੍ਹੀ) ਨੂੰ ਗੁਮਰਾਹ ਕਰਨ ਦੀਆਂ ਕੋਸ਼ਿਸ਼ਾਂ ਕੀਤੀਆਂ ਗਈਆਂ ਸਨ, ਜਿਸ ਕਰਕੇ ਉਨ੍ਹਾਂ ਨੂੰ ਕੇਂਦਰੀ ਸਿੱਖਿਆ ਮੰਤਰੀ ਦੇ ਅਹੁਦੇ ਤੋਂ ਅਸਤੀਫ਼ਾ ਦੇਣਾ ਪਿਆ। ਨਵੀਂ ਦਿੱਲੀ ਦੇ ਜੰਤਰ-ਮੰਤਰ ਵਿਖੇ ਹੋਏ ਭਾਰੀ ਵਿਰੋਧ ਪ੍ਰਦਰਸ਼ਨਾਂ ਦਰਮਿਆਨ ਅਸਤੀਫ਼ਾ ਦੇਣ ਤੋਂ ਠੀਕ ਦੋ ਹਫ਼ਤਿਆਂ ਬਾਅਦ ਇਥੇ ਜੀ.ਐਮ. ਯੂਨੀਵਰਸਿਟੀ 'ਚ ਵਿਦਿਆਰਥੀਆਂ ਅਤੇ ਅਧਿਆਪਕਾਂ ਨੂੰ ਸੰਬੋਧਨ ਕਰਦਿਆਂ ਪ੍ਰਧਾਨ ਨੇ ਆਪਣੀ ਚੁੱਪ ਤੋੜੀ। ਉਨ੍ਹਾਂ ਕਿਹਾ ਕਿ ਜੈਨ-ਜ਼ੀ



ਸਾਡੇ ਬੱਚੇ ਹਨ ਅਤੇ ਕੁਝ ਲੋਕਾਂ ਨੇ ਉਨ੍ਹਾਂ ਨੂੰ ਭਟਕਾਉਣ ਦੀ ਕੋਸ਼ਿਸ਼ ਕੀਤੀ, ਜਦਕਿ ਉਨ੍ਹਾਂ ਦਾ ਆਪਣਾ ਕੋਈ ਨਿੱਜੀ ਸੁਆਰਥ ਨਹੀਂ ਸੀ। ਉਨ੍ਹਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਮੁਲਾਕਾਤ ਕਰਕੇ ਆਪ ਮੰਤਰੀ ਮੰਡਲ ਤੋਂ ਅਸਤੀਫ਼ੇ ਦੀ ਪੇਸ਼ਕਸ਼ ਕੀਤੀ ਸੀ।

ਪੰਜਾਬ ਟਾਈਮਜ਼

*15 ਅਗਸਤ, ਸ਼ਨਿਚਰਵਾਰ*

# ਸੰਘ ਪਰਿਵਾਰ ਦੀ ਪਰੇਸ਼ਾਨੀ

*ਸਾਲ 2014 ਵਿਚ ਭਾਰਤ ਦੀ ਸੱਤਾ ਉੱਤੇ ਕਬਜ਼ਾ ਕਰਨ ਤੋਂ ਬਾਅਦ ਸੰਘ ਪਰਿਵਾਰ ਭਾਰਤ ਦੀਆਂ ਸਾਰੀਆਂ ਸੰਵਿਧਾਨਕ ਸੰਸਥਾਵਾਂ ਨੂੰ ਜਿਸ ਤੇਜ਼ੀ ਨਾਲ ਸੰਘੀ ਰੰਗ ਵਿਚ ਰੰਗਣ ਲਈ ਉਤਾਵਲਾ ਹੋਇਆ ਪਿਆ ਹੈ, ਉਸ ਦੇ ਨਤੀਜੇ ਅੱਜ-ਕੱਲ੍ਹ ਉਲਟੇ ਆਉਣ ਲੱਗੇ ਪ੍ਰਤੀਤ ਹੋ ਰਹੇ ਹਨ। ਸ਼ਾਇਦ ਇਸੇ ਕਰਕੇ 'ਜੈਨ-ਜ਼ੀ' ਅੰਦੋਲਨ ਬਾਰੇ ਮੋਹਨ ਭਾਗਵਤ ਦਾ ਤਾਜ਼ਾ ਬਿਆਨ ਸੰਘ ਪਰਿਵਾਰ ਲਈ ਇਕ ਗੰਭੀਰ ਮਸ਼ਵਰਾ ਹੈ। ਭਾਗਵਤ ਨੇ 'ਜੈਨ-ਜ਼ੀ' ਬਾਰੇ ਗੱਲ ਕਰਦਿਆਂ ਬਹੁਤ ਅਹਿਮ ਗੱਲਾਂ ਕਹਿ ਕੇ ਸੰਘ ਪਰਿਵਾਰ, ਖਾਸ ਕਰਕੇ ਸਰਕਾਰ ਨੂੰ ਸੁਨੇਹਾ ਦੇ ਦਿੱਤਾ ਹੈ ਕਿ ਉਹ ਸਮਾਂ ਆ ਗਿਆ ਹੈ, ਜਦੋਂ ਭਾਜਪਾ ਨੂੰ ਆਪਣਾ ਰਸਤਾ ਬਦਲਣ ਦੀ ਲੋੜ ਹੈ। ਭਾਗਵਤ ਨੇ ਸਪੱਸ਼ਟ ਤੌਰ 'ਤੇ ਕਿਹਾ ਹੈ ਕਿ 'ਜੈਨ-ਜ਼ੀ ਅੰਦੋਲਨ' ਰਾਸ਼ਟਰ ਵਿਰੋਧੀ ਨਹੀਂ ਹੈ, ਇਸ ਮਾਮਲੇ 'ਚ ਉਹ ਸਾਡੇ ਨਾਲੋਂ ਕਿਤੇ ਜ਼ਿਆਦਾ ਇਮਾਨਦਾਰ ਹਨ। ਉਨ੍ਹਾਂ ਦਾ ਇਹ ਬਿਆਨ ਆਰ.ਐਸ.ਐਸ. ਦੇ ਤੀਜੇ ਨੰਬਰ ਦੇ ਨੇਤਾ ਅਤੁਲ ਲਿਮਯੇ ਲਈ ਵੱਡੀ ਫਿਟਕਾਰ ਹੈ, ਜਿਸ ਨੇ ਬੀਤੇ ਦਿਨੀਂ ਜੰਤਰ-ਮੰਤਰ ਅੰਦੋਲਨ ਨੂੰ ਰਾਸ਼ਟਰ ਵਿਰੋਧੀ ਤੇ ਸੰਵਿਧਾਨ ਵਿਰੋਧੀ ਕਿਹਾ ਸੀ। ਅਤੁਲ ਲਿਮਯੇ ਨੇ ਆਪਣੇ ਬਿਆਨ 'ਚ ਭਾਜਪਾ, ਸਰਕਾਰ ਤੇ ਸੰਘ ਦੇ ਹੋਰ ਸੰਗਠਨਾਂ ਦੇ ਬਿਆਨਾਂ ਨੂੰ ਜਾਇਜ਼ ਠਹਿਰਾਉਣ ਦੀ ਕੋਸ਼ਿਸ਼ ਕੀਤੀ ਸੀ, ਜੋ ਲਗਾਤਾਰ ਅੰਦੋਲਨ ਨੂੰ ਰਾਸ਼ਟਰ ਵਿਰੋਧੀ ਤੇ ਵਿਦੇਸ਼ੀ ਸਾਜਿਸ਼ ਦੱਸ ਰਹੇ ਸਨ। ਸੰਘ ਵਿਚ ਲਿਮਯੇ ਦੇ ਕੱਦ ਦਾ ਨੇਤਾ ਬਹੁਤ ਸੋਚ-ਸਮਝ ਕੇ ਬਿਆਨ ਦਿੰਦਾ ਹੈ ਅਤੇ ਫਿਰ ਅਜਿਹੇ ਬਿਆਨ ਦਾ ਕੋਈ ਖੰਡਨ ਵੀ ਨਹੀਂ ਕਰਦਾ। ਸੰਘ ਮੁਖੀ ਭਾਗਵਤ ਦੁਆਰਾ ਲਿਮਯੇ ਦੇ ਬਿਆਨ ਦੇ ਬਿਲਕੁਲ ਉਲਟ, ਪੂਰੇ ਅੰਦੋਲਨ ਨੂੰ ਜਾਇਜ਼ ਠਹਿਰਾਉਣਾ ਸੰਘ ਪਰਿਵਾਰ ਲਈ ਵੱਡਾ ਝਟਕਾ ਹੈ। ਜੋ ਇਸ ਗੱਲ ਦਾ ਪ੍ਰਮਾਣ ਹੈ ਕਿ ਅੰਦੋਲਨ ਨੂੰ ਲੈ ਕੇ ਸੰਘ ਅੰਦਰ ਇਕ ਰਾਇ ਨਹੀਂ ਹੈ। ਭਾਗਵਤ ਦਾ ਬਿਆਨ ਅਜਿਹੇ ਲੋਕਾਂ ਲਈ ਇਕ ਸਖ਼ਤ ਚਿਤਾਵਨੀ ਹੈ ਕਿ ਅਜੇ ਵੀ ਸਮਾਂ ਹੈ ਜਾਗ ਜਾਓ, ਨਹੀਂ ਤਾਂ ਸੰਘ ਪਰਿਵਾਰ ਨੂੰ ਕੋਈ ਨਹੀਂ ਬਚਾਅ ਸਕੇਗਾ।*

*ਭਾਗਵਤ ਨੇ ਆਪਣੇ ਬਿਆਨ ਰਾਹੀਂ ਲੋਕਤੰਤਰ ਤੇ ਜਨਤਕ ਅੰਦੋਲਨਾਂ ਦੇ ਰਿਸ਼ਤੇ ਨੂੰ ਬਹੁਤ ਹੀ ਬਾਰੀਕੀ ਨਾਲ ਰੇਖਾਂਕਿਤ ਕਰਨ ਦੀ ਕੋਸ਼ਿਸ਼ ਕੀਤੀ ਹੈ। ਉਨ੍ਹਾਂ ਕਿਹਾ 'ਲੋਕਤੰਤਰ 'ਚ ਵਿਰੋਧ ਪ੍ਰਦਰਸ਼ਨ ਵੀ ਇਕ ਗੱਲਬਾਤ ਹੈ, ਜਦੋਂ ਕੋਈ ਨਾ ਸੁਣੇ ਤਾਂ ਚੀਕਣਾ ਪੈਂਦਾ ਹੈ।' ਦਰਅਸਲ ਪਿਛਲੇ 12 ਸਾਲਾਂ ਤੋਂ ਭਾਰਤੀ ਲੋਕਤੰਤਰ 'ਚ ਲਗਾਤਾਰ ਇਕ ਬਿਰਤਾਂਤ ਬਣਾਉਣ ਦੀ ਕੋਸ਼ਿਸ਼ ਕੀਤੀ ਗਈ ਹੈ ਕਿ ਵਿਰੋਧ ਪ੍ਰਦਰਸ਼ਨ, ਧਰਨੇ ਤੇ ਅੰਦੋਲਨ ਦੇਸ਼ 'ਚ ਅਸਥਿਰਤਾ ਪੈਦਾ ਕਰ ਕੇ ਅਰਾਜਕਤਾ ਫੈਲਾਉਂਦੇ ਹਨ ਤੇ ਆਮ ਜੀਵਨ ਵਿਚ ਵਿਘਨ ਪਾਉਂਦੇ ਹਨ। ਇਸੇ ਲਈ ਹਰ ਅੰਦੋਲਨ ਭਾਵੇਂ ਉਹ ਕਿਸਾਨਾਂ ਦਾ ਜਾਂ ਸ਼ਾਹੀਨ ਬਾਗ ਦਾ ਹੋਵੇ ਉਸ ਦਾ ਵਿਰੋਧ ਕੀਤਾ ਜਾਂਦਾ ਹੈ। ਉਨ੍ਹਾਂ ਨੂੰ ਵਿਦੇਸ਼ੀ ਸਾਜ਼ਿਸ਼ ਦੱਸ ਕੇ ਅੰਦੋਲਨਾਂ ਦੇ ਅਕਸ ਨੂੰ ਵਿਗਾੜਨ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਭੁੱਖ ਹੜਤਾਲ ਕਰਨ ਦੇ ਸਿਰਫ਼ ਸ਼ੱਕ ਕਾਰਨ ਪੁਲਿਸ ਲੋਕਾਂ ਦੇ ਘਰਾਂ ਤੱਕ ਪਹੁੰਚ ਜਾਂਦੀ ਹੈ। ਸਭ ਨੂੰ ਪਤਾ ਹੈ ਕਿ ਕਿਵੇਂ ਕਿਸਾਨ ਅੰਦੋਲਨ ਨੂੰ ਖੁੱਲ੍ਹੇਆਮ ਖ਼ਾਲਿਸਤਾਨੀ ਕਿਹਾ ਗਿਆ ਤੇ ਸ਼ਾਹੀਨ ਬਾਗ ਦੇ ਅੰਦੋਲਨ ਨੂੰ ਰਾਸ਼ਟਰ ਵਿਰੋਧੀ ਦੱਸਿਆ ਜਾਂਦਾ ਰਿਹਾ। ਗੁਆਂਢੀ ਦੇਸ਼ਾਂ- ਸ੍ਰੀਲੰਕਾ, ਬੰਗਲਾਦੇਸ਼ ਤੇ ਨਿਪਾਲ 'ਚ ਜੈਨ-ਜ਼ੀ ਅੰਦੋਲਨਾਂ ਕਾਰਨ ਸੱਤਾ ਤਬਦੀਲੀ ਹੋਣ ਤੋਂ ਬਾਅਦ ਹਰੇਕ ਵਿਰੋਧ ਪ੍ਰਦਰਸ਼ਨ ਨੂੰ ਵੱਡੀ ਸਾਜ਼ਿਸ਼ ਦੱਸ ਕੇ ਲੋਕਾਂ ਨੂੰ ਡਰਾਇਆ ਜਾ ਰਿਹਾ ਹੈ। ਭਾਜਪਾ ਨੇਤਾਵਾਂ ਨੇ ਜੰਤਰ-ਮੰਤਰ 'ਤੇ ਧਰਮਿੰਦਰ ਪ੍ਰਧਾਨ ਖ਼ਿਲਾਫ਼ ਵਿਰੋਧ ਪ੍ਰਦਰਸ਼ਨ ਕਰਨ ਵਾਲੇ ਪ੍ਰਦਰਸ਼ਨਕਾਰੀਆਂ ਨੂੰ 'ਅੱਤਵਾਦੀਆਂ ਦੀ ਬੀ ਟੀਮ' ਕਿਹਾ ਤਾਂ ਭਾਜਪਾ ਦੇ ਨਵ-ਨਿਯੁਕਤ ਰਾਸ਼ਟਰੀ ਪ੍ਰਧਾਨ ਨਿਤਿਨ ਨਬੀਨ ਨੇ ਉਨ੍ਹਾਂ ਨੂੰ 'ਵਾਇਰਸ ਤੇ ਦੇਸ਼ ਦੇ ਟੁਕੜੇ ਕਰਨ ਵਾਲੇ' ਕਰਾਰ ਦਿੱਤਾ। ਭਾਜਪਾ ਸੰਸਦ ਮੈਂਬਰ ਕੰਗਨਾ ਰਣੌਤ ਨੇ ਜੈਨ-ਜ਼ੀ ਨੂੰ 'ਜੈਨ-ਗਟਰ' ਕਿਹਾ ਹੈ। ਆਰ.ਐਸ.ਐਸ. ਦੇ ਵਿਚਾਰਧਾਰਕ ਮੋਹਨਦਾਸ ਨੇ ਤਾਂ ਸਾਰੀਆਂ ਹੱਦਾਂ ਪਾਰ ਕਰਦਿਆਂ ਕਿਹਾ, 'ਮੈਂ ਹੁੰਦਾ ਤਾਂ ਉਸ ਇਲਾਕੇ 'ਚ ਕਰਫਿਊ ਲਾ ਕੇ 3 ਵਾਰ ਵਾਰਨਿੰਗ ਦੇ ਕੇ ਗੋਲੀ ਚਲਵਾ ਦਿੰਦਾ, ਕੁਝ ਲੋਕ ਮਰਦੇ ਤਾਂ ਉਨ੍ਹਾਂ ਨੂੰ ਉਠਵਾ ਕੇ ਹਸਪਤਾਲ ਭੇਜ ਦਿੰਦਾ।' ਭਾਗਵਤ ਨੇ ਵਿਰੋਧ ਪ੍ਰਦਰਸ਼ਨ ਨੂੰ ਜਾਇਜ਼ ਠਹਿਰਾ ਕੇ ਸਰਕਾਰ ਨੂੰ ਕਟਹਿਰੇ ਵਿਚ ਖੜ੍ਹਾ ਕਰ ਦਿੱਤਾ ਹੈ।*

*ਮੋਹਨ ਭਾਗਵਤ ਚੰਗੀ ਤਰ੍ਹਾਂ ਜਾਣਦੇ ਹਨ ਕਿ ਸਰਕਾਰ ਦੇ ਸਿਖ਼ਰ 'ਤੇ ਬੈਠੇ ਲੋਕਾਂ ਦੀ ਸਹਿਮਤੀ ਤੋਂ ਬਿਨਾਂ ਪ੍ਰਦਰਸ਼ਨਕਾਰੀਆਂ ਵਿਰੁੱਧ ਜ਼ੁਬਾਨੀ ਹਮਲੇ ਤੇ ਬੇਰਹਿਮੀ ਨਾਲ ਕੀਤੀ ਮਾਰਕੁੱਟ ਸੰਭਵ ਨਹੀਂ ਸੀ। ਇਸ ਲਈ ਭਾਗਵਤ ਨੇ ਉਨ੍ਹਾਂ ਨੂੰ ਵੀ ਨਸੀਹਤ ਦਿੰਦਿਆਂ ਕਿਹਾ ਹੈ ਕਿ ਲੀਡਰਸ਼ਿਪ ਸਿਰਫ਼ ਭਾਸ਼ਨ ਦੇਣ, ਪ੍ਰਚਾਰ ਕਰਨ, ਸਾਹਮਣੇ ਖੜ੍ਹੇ ਹੋਣ ਤੇ ਚੋਣਾਂ ਜਿੱਤਣ ਦਾ ਨਾਂਅ ਨਹੀਂ ਹੈ। ਇਕ ਅਸਲੀ ਨੇਤਾ ਉਹ ਹੁੰਦਾ ਹੈ, ਜੋ ਪਰਦੇ ਪਿੱਛੇ ਰਹਿ ਕੇ ਅੰਦਰੋਂ ਕੰਮ ਕਰਦਾ ਹੈ। ਉਨ੍ਹਾਂ ਦੀ ਇਹ ਟਿੱਪਣੀ ਸਿੱਧੇ ਤੌਰ 'ਤੇ ਪ੍ਰਧਾਨ ਮੰਤਰੀ ਮੋਦੀ ਤੇ ਗ੍ਰਹਿ ਮੰਤਰੀ ਅਤੇ ਸ਼ਾਹ 'ਤੇ ਨਿਸ਼ਾਨਾ ਹੈ, ਜੋ ਹਰ ਚੀਜ਼ ਦਾ ਸਿਹਰਾ ਲੈਣ ਦੀ ਕੋਸ਼ਿਸ਼ ਕਰਦਿਆਂ ਹਮੇਸ਼ਾ ਦੂਜਿਆਂ ਨੂੰ ਭਾਸ਼ਨ ਦੇਣ ਤੇ ਪ੍ਰਚਾਰ ਕਰਕੇ ਚੋਣਾਂ ਜਿੱਤਣ ਨੂੰ ਹੀ ਲੋਕਤੰਤਰ ਮੰਨਦੇ ਹਨ। ਮੋਹਨ ਭਾਗਵਤ ਨੇ 2024 ਦੀਆਂ ਚੋਣਾਂ ਤੋਂ ਬਾਅਦ ਵੀ ਕਿਹਾ ਸੀ ਕਿ ਵਿਰੋਧੀ ਦੁਸ਼ਮਣ ਨਹੀਂ ਹੁੰਦੇ, ਉਹ ਵਿਰੋਧੀ ਧਿਰ ਹੁੰਦੀ ਹੈ ਅਤੇ 'ਇਕ ਸਵੈ-ਸੇਵਕ 'ਚ ਕੋਈ ਹੰਕਾਰ ਨਹੀਂ ਹੁੰਦਾ। ਉਹ ਕਿਤੇ ਨਾ ਕਿਤੇ ਮੌਜੂਦਾ ਸੰਕਟ ਲਈ ਮੋਦੀ ਤੇ ਸ਼ਾਹ ਨੂੰ ਦੋਸ਼ੀ ਠਹਿਰਾ ਰਹੇ ਹਨ। ਸਪੱਸ਼ਟ ਹੈ ਕਿ ਹਾਲਾਤ ਰ. ਸ. ਸ. ਦੇ ਮਨਸੂਬਿਆਂ ਦੀ ਗਹਿਰਾਈ ਨੂੰ ਸਮਝਣ ਵੱਲ ਵਧ ਰਹੇ ਪ੍ਰਤੀਤ ਹੁੰਦੇ ਹਨ। ਸ਼ਾਇਦ ਮੋਹਨ ਭਾਗਵਤ ਦੇ ਬਿਆਨ ਵੀ ਇਸੇ ਪਰੇਸ਼ਾਨੀ ਦੀ ਦੇਣ ਹੋਣ। ਆਉਣ ਵਾਲਾ ਸਮਾਂ ਹੀ ਇਸ ਰਹੱਸ ਤੋਂ ਪਰਦਾ ਚੁੱਕ ਸਕੇਗਾ।*

## ਠਾਹ-ਸੋਟਾ

-ਚਾਚਾ ਬੇਲਿਹਾਜ਼

### ਖਤਰਾ ਪਾਰਟੀ?


*ਦੋ ਦਸੰਬਰ ਨੂੰ ਸੁਣਦਿਆਂ 'ਹੁਕਮਨਾਮੇ', ਸ਼ਹਿ ਭਾਜਪਾ ਦੀ ਕਹਿ ਕੇ ਭੰਡਿਆ ਸੀ।*
*'ਹਾਂਜੀ ਹਾਂਜੀ' ਸੀ ਕਿਹਾ ਫਸੀਲ ਮੋਹਰੇ, ਮਗਰੋਂ ਮੁੱਕਰ ਕੇ ਛੇਤੀ ਹੀ ਖੰਡਿਆ ਸੀ।*
*ਲਾ ਕੇ ਤੋਹਮਤਾਂ ਲਾਹੇ ਸੀ ਪਦਵੀਆਂ ਤੋਂ, 'ਜਥੇਦਾਰ ਸਾਹਿਬਾਨਾਂ' ਨੂੰ ਦੰਡਿਆ ਸੀ।*
*ਗੱਠ-ਜੋੜ ਲਈ 'ਹਾਬੜਿਆ' ਫੇਰ ਦੇਖੋ, ਚੇਤਾ ਭੁੱਲ ਗਿਆ ਪੰਥ ਨੇ ਚੰਡਿਆ ਸੀ।*
*ਰਿਸ਼ਤਾ 'ਪਹਿਲੀਆਂ' ਵੇਲੇ ਦਾ ਹੋਰ ਸੀਗਾ, ਬਦਲੀ ਹੋਈ ਹੁਣ ਭਾਈ ਸਿਨਿਆਰਟੀ ਐ।*
*ਬਾਦਲ ਦਲ 'ਤੇ ਪੰਜਾਬ ਸਿੰਹੁ ਹੱਸਦਾ ਏ, ਇਹ ਖੇਤਰੀ ਨਹੀਂ 'ਖਤਰਾ ਪਾਰਟੀ' ਐ!*

# ਜਮਹੂਰੀ ਅਮਲਾਂ ਵਿਚ ਤਣਾਅ ਅਤੇ ਜਮਹੂਰੀਅਤ ਨੂੰ ਲਗਦਾ ਖੋਰਾ



ਚੋਣਾਂ ਅਤੇ ਮਰਦਮਸ਼ੁਮਾਰੀ ਦੋ ਅਜਿਹੇ ਅਮਲ ਹਨ, ਜੋ ਜਮਹੂਰੀ ਸਰਕਾਰ ਬਣਾਉਣ ਅਤੇ ਲੋਕ ਭਲਾਈ ਦੀਆਂ ਨੀਤੀਆਂ ਬਣਾਉਣ ਵਿਚ ਬੁਨਿਆਦੀ ਭੂਮਿਕਾ ਨਿਭਾਉਂਦੇ ਹਨ। ਜਮਹੂਰੀਅਤ ਨੂੰ ਆਵਾਮ ਤੱਕ ਪਹੁੰਚਾਉਣ ਦਾ ਕੰਮ ਅਦਾਰੇ ਕਰਦੇ ਹਨ। ਅਦਾਰਿਆਂ ਰਾਹੀਂ ਹੀ ਸੰਵਿਧਾਨ ਵਿਚ ਕੀਤੇ ਵਾਅਦੇ ਵਫ਼ਾ ਹੁੰਦੇ ਹਨ ਅਤੇ ਨੀਤੀਆਂ ਵਿਚ ਤੈਅ ਟੀਚੇ ਹਾਸਿਲ ਕੀਤੇ ਜਾਂਦੇ ਹਨ। ਇਸ ਸਮਝ ਨਾਲ ਇਸ ਲੇਖ ਵਿਚ ਜਮਹੂਰੀਅਤ ਦੇ ਦੋ ਪੱਖਾਂ ਦੀ ਪੜਚੋਲ ਕੀਤੀ ਜਾ ਰਹੀ ਹੈ ਅਤੇ ਇਹ ਵੇਖਣ ਦਾ ਉਪਰਾਲਾ ਕੀਤਾ ਜਾ ਰਿਹਾ ਹੈ ਕਿ ਜਮਹੂਰੀ ਅਮਲਾਂ ਅਤੇ ਅਦਾਰਿਆਂ ਵਿਚ ਕਿਸ ਤਰ੍ਹਾਂ ਦਾ ਤਣਾਅ ਹੈ। ਇਹ ਤਣਾਅ ਕਦੋਂ ਅਤੇ ਕਿਵੇਂ ਜ਼ਾਹਰ ਹੁੰਦਾ ਹੈ?

ਇਸ ਵੇਲੇ ਚੋਣਾਂ ਅਤੇ ਮਰਦਮਸ਼ੁਮਾਰੀ ਦੇ ਦੋਵੇਂ ਕੰਮ ਚੱਲ ਰਹੇ ਹਨ। ਵੋਟਾਂ ਬਣਾਉਣ ਅਤੇ ਛਾਂਟੀ ਦਾ ਕੰਮ ਚੱਲ ਰਿਹਾ ਹੈ। ਮਰਦਮਸ਼ੁਮਾਰੀ ਦੀ ਤਿਆਰੀ ਚੱਲ ਰਹੀ ਹੈ। ਇਨ੍ਹਾਂ ਦੋਵਾਂ ਕੰਮਾਂ ਵਿਚ ਸਰਕਾਰ ਅਤੇ ਹਰ ਸ਼ਹਿਰੀ ਦਾ ਆਪਸ ਵਿਚ



**ਦਲਜੀਤ ਅਮੀ**

ਰਾਬਤਾ ਹੋਣਾ ਜ਼ਰੂਰੀ ਹੈ। ਇਨ੍ਹਾਂ ਕੰਮਾਂ ਲਈ ਸਰਕਾਰ ਨੂੰ ਵੱਡੀ ਗਿਣਤੀ ਵਿਚ ਅਮਲਾ ਦਰਕਾਰ ਹੁੰਦਾ ਹੈ, ਜੋ ਦੂਜੇ ਅਦਾਰਿਆਂ ਤੋਂ ਲਿਆ ਜਾਂਦਾ ਹੈ। ਇਸ ਮਾਮਲੇ ਵਿਚ ਸਭ ਤੋਂ ਜ਼ਿਆਦਾ ਟੇਕ ਸਰਕਾਰੀ ਸਕੂਲਾਂ ਦੇ ਅਧਿਆਪਕਾਂ ਦੇ ਨਾਲ-ਨਾਲ ਕਾਲਜਾਂ ਅਤੇ ਯੂਨੀਵਰਸਿਟੀਆਂ ਤੋਂ ਇਲਾਵਾ ਹੋਰ ਮਹਿਕਮਿਆਂ ਉੱਤੇ ਹੁੰਦੀ ਹੈ। ਪਿਛਲੇ ਦਿਨਾਂ ਵਿਚ ਇਹ ਖ਼ਬਰਾਂ ਅਖ਼ਬਾਰਾਂ ਵਿਚ ਛਪੀਆਂ ਹਨ ਕਿ ਪੰਜਾਬ ਦੇ ਕਈ ਸਕੂਲਾਂ ਦੇ ਸਮੁੱਚੇ ਅਧਿਆਪਕ ਹੀ ਇਨ੍ਹਾਂ ਕੰਮਾਂ ਲਈ ਤਾਇਨਾਤ ਹੋ ਗਏ ਹਨ ਜਿਸ ਨਾਲ ਸਕੂਲਾਂ ਦਾ ਆਪਣਾ ਕੰਮ ਰੁਕ ਗਿਆ ਹੈ। ਇਸੇ ਤਰ੍ਹਾਂ ਹੋਰ ਅਦਾਰਿਆਂ ਦਾ ਕੰਮ ਵੀ ਇਨ੍ਹਾਂ ਤਾਇਨਾਤੀਆਂ ਕਾਰਨ ਅਸਰਅੰਦਾਜ਼ ਹੋਇਆ ਹੈ। ਇਸ ਮਾਮਲੇ ਵਿਚ ਅਦਾਰਿਆਂ ਤੋਂ ਇਲਾਵਾ ਮੁਲਾਜ਼ਮ ਜਥੇਬੰਦੀਆਂ ਅਤੇ ਸਰਕਾਰੀ-ਸਿਆਸੀ ਹਲਕਿਆਂ ਵਿਚ ਇਹ ਚਰਚਾ ਹੁੰਦੀ ਰਹਿੰਦੀ ਹੈ ਕਿ ਸਕੂਲੀ ਅਧਿਆਪਕਾਂ ਉੱਤੇ ਪੜ੍ਹਾਉਣ ਤੋਂ ਇਲਾਵਾ ਵਾਧੂ ਕੰਮ ਦਾ ਬੋਝ ਜ਼ਿਆਦਾ ਹੈ।

ਸਿੱਖਿਆ ਜਮਹੂਰੀਅਤ ਦੀ ਬੁਨਿਆਦੀ ਚੂਲ ਹੈ ਅਤੇ ਇਸ ਨੇ ਜਾਗਰੂਕ ਸ਼ਹਿਰੀ ਪੈਦਾ ਕਰਕੇ ਜਮਹੂਰੀ ਅਮਲਾਂ ਵਿਚ ਆਵਾਮ ਦੀ ਸ਼ਮੂਲੀਅਤ ਯਕੀਨੀ ਬਣਾਉਣੀ ਹੈ। ਜਦੋਂ ਸਿੱਖਿਆ ਦਾ ਕੰਮ ਜਮਹੂਰੀਅਤ ਨਾਲ ਹੀ ਜੁੜੇ ਚੋਣਾਂ ਅਤੇ ਮਰਦਮਸ਼ੁਮਾਰੀ ਵਰਗੇ ਕੰਮਾਂ ਕਾਰਨ ਪਛੜ ਜਾਂਦਾ ਹੈ ਤਾਂ ਇਸ ਤਣਾਅ ਨੂੰ ਸਮਝਣਾ ਲਾਜ਼ਮੀ ਹੋ ਜਾਂਦਾ ਹੈ। ਮੌਜੂਦਾ ਦੌਰ ਵਿਚ ਸਿੱਖਿਆ ਦਾ ਸਰਕਾਰੀ ਢਾਂਚਾ ਕਈ ਪੱਖਾਂ ਤੋਂ ਦਬਾਅ ਵਿਚ ਹੈ। ਅਮਲੇ ਦੀ ਘਾਟ ਅਤੇ ਸਰਕਾਰੀ ਇਮਦਾਦ ਵਿਚ ਹੋ ਰਹੀ ਕਟੌਤੀ ਨਾ ਸਿਰਫ਼ ਸਿੱਖਿਆ ਦੇ ਮਿਆਰ ਨਾਲ ਜੁੜੇ ਸਰੋਕਾਰ ਸਾਹਮਣੇ ਲਿਆ ਰਹੀ ਹੈ ਸਗੋਂ ਮਿਕਦਾਰ ਨਾਲ ਜੁੜੇ ਫ਼ਿਕਰ ਖੜ੍ਹੇ ਕਰ ਰਹੀ ਹੈ। ਗ਼ਰੀਬ ਅਤੇ ਪਛੜੇ ਤਬਕੇ ਦੇ ਵਿਦਿਆਰਥੀ ਲਗਾਤਾਰ ਸਿੱਖਿਆ ਦੇ ਘੇਰੇ ਵਿਚੋਂ ਬਾਹਰ ਹੋ ਰਹੇ ਹਨ। ਇਸ ਚਰਚਾ ਨੂੰ ਅੱਗੇ ਤੋਰਨ ਤੋਂ ਪਹਿਲਾਂ ਕੁਝ ਤੱਥ ਧਿਆਨ ਵਿਚ ਲੈਣੇ ਜ਼ਰੂਰੀ ਹਨ।

ਸਿੱਖਿਆ ਬਾਰੇ ਸੰਸਦ ਦੀ ਸਥਾਈ ਕਮੇਟੀ ਦੇ ਸਾਬਕਾ ਮੁਖੀ ਦਿਗਵਿਜੇ ਸਿੰਘ ਨੇ ਕੁਝ ਅਹਿਮ ਤੱਥ ਆਪਣੇ ਇੱਕ ਲੇਖ ਵਿਚ ਸਾਹਮਣੇ ਲਿਆਂਦੇ ਹਨ। ਸਕੂਲੀ ਸਿੱਖਿਆ ਦਾ ਖ਼ਰਚ ਵਿੱਤੀ ਵਰ੍ਹੇ 2014-15 ਦੌਰਾਨ ਕੇਂਦਰੀ ਬਜਟ ਦਾ 3.07 ਫ਼ੀਸਦੀ ਸੀ ਜੋ ਵਿੱਤੀ ਵਰ੍ਹੇ 2024-25 ਵਿਚ ਘਟ ਕੇ 1.56 ਫ਼ੀਸਦੀ ਹੋ ਗਿਆ ਹੈ। ਮਤਲਬ ਤਕਰੀਬਨ ਅੱਧਾ ਹੋ ਗਿਆ ਹੈ। ਇਸੇ ਤਰ੍ਹਾਂ ਇਸ ਸਮੇਂ ਦੌਰਾਨ ਉੱਚ ਸਿੱਖਿਆ ਦਾ ਬਜਟ 1.54 ਫ਼ੀਸਦੀ ਤੋਂ ਘਟ ਕੇ 1.04 ਫ਼ੀਸਦੀ ਹੋ ਗਿਆ ਹੈ। ਤਕਰੀਬਨ ਇੱਕ ਤਿਹਾਈ ਘਟ ਗਿਆ ਹੈ। ਦਿਗਵਿਜੇ ਸਿੰਘ ਮੁਤਾਬਕ ਸਰਕਾਰੀ ਪੱਧਰ ਉੱਤੇ ਪੁਖ਼ਤਾ ਅੰਕੜੇ ਨਾ ਜਟਾਉਣ ਦੇ ਬਾਵਜੂਦ ਸਮੁੱਚੇ ਮੁਲਕ ਵਿਚ ਤਕਰੀਬਨ ਇੱਕ ਲੱਖ ਸਰਕਾਰੀ ਸਕੂਲ ਬੰਦ ਹੋ ਗਏ ਹਨ। ਕੇਂਦਰੀ ਸਿੱਖਿਆ ਮੰਤਰਾਲੇ ਨੇ ਸਥਾਈ ਕਮੇਟੀ ਨੂੰ ਦੱਸਿਆ ਹੈ ਕਿ ਮਹਿਕਮਾ ਸਰਕਾਰੀ ਸਕੂਲ ਬੰਦ ਹੋਣ ਦਾ ਕੋਈ ਅੰਕੜਾ ਨਹੀਂ ਜੁਟਾਉਂਦਾ। ਇਹ ਪੁਖ਼ਤਾ ਅੰਕੜਾ ਰੱਖਣਾ ਸਰਕਾਰ ਦੀ ਜ਼ਿੰਮੇਵਾਰੀ ਹੈ ਜਿਸ ਤੋਂ ਬਿਨਾਂ ਕੋਈ ਨੀਤੀ ਬਣਾਉਣ ਜਾਂ ਬਜਟ ਵੰਡ ਦੇ ਮਾਮਲਾਤ ਜਾਂ ਖੋਜ ਦੀ ਬੁਨਿਆਦ ਖ਼ੁਰ ਜਾਂਦੀ ਹੈ। ਜਦੋਂ ਬੰਦ ਹੋਏ ਸਰਕਾਰੀ ਸਕੂਲਾਂ ਦਾ ਅੰਕੜਾ ਸਰਕਾਰ ਨਹੀਂ ਜੁਟਾਉਂਦੀ, ਤਾਂ ਉਨ੍ਹਾਂ ਸਕੂਲਾਂ ਦੇ ਬੰਦ ਹੋਣ ਨਾਲ ਸਕੂਲੀ ਸਿੱਖਿਆ ਦੇ ਘੇਰੇ ਤੋਂ ਬਾਹਰ ਹੋਏ ਵਿਦਿਆਰਥੀਆਂ ਦਾ ਪੁਖ਼ਤਾ ਅੰਕੜਾ ਤਾਂ ਮਿਲਣਾ ਨਾਮੁਮਕਿਨ ਹੈ। ਇਹ ਮੰਨਿਆ ਜਾ ਸਕਦਾ ਹੈ ਕਿ ਸਕੂਲਾਂ ਤੋਂ ਬਾਹਰ ਹੋਏ ਵਿਦਿਆਰਥੀ ਗ਼ਰੀਬ ਤਬਕੇ ਦੇ ਹਨ ਜਿਨ੍ਹਾਂ ਦਾ ਸੁਣਵਾਈ ਕਿਤੇ ਨਹੀਂ ਹੈ। ਉਨ੍ਹਾਂ ਦੀ ਜ਼ਿੰਦਗੀ ਵਿਚੋਂ ਤਰੱਕੀ ਦੇ ਮੌਕੇ ਖ਼ੁਰ ਗਏ ਹਨ। ਸਥਾਈ ਕਮੇਟੀ ਨੇ ਦਰਜ ਕੀਤਾ ਹੈ ਕਿ ਪੂਰੇ ਮੁਲਕ ਦੇ ਸਰਕਾਰੀ ਸਕੂਲਾਂ ਵਿਚ ਤਕਰੀਬਨ ਦਸ ਲੱਖ ਆਸਾਮੀਆਂ ਖਾਲੀ ਹਨ। ਤਕਰੀਬਨ ਇੱਕ ਲੱਖ ਵੀਹ ਸਕੂਲ ਅਜਿਹੇ ਹਨ ਜਿਨ੍ਹਾਂ ਵਿਚ ਸਿਰਫ਼ ਇੱਕ-ਇੱਕ ਅਧਿਆਪਕ ਹੈ। ਤਕਰੀਬਨ ਇੰਨੇ ਹੀ ਸਕੂਲਾਂ ਵਿਚ ਬਿਜਲੀ ਦਾ ਇੰਤਜ਼ਾਮ ਨਹੀਂ ਹੈ ਅਤੇ 98,000 ਸਕੂਲਾਂ ਵਿਚ ਕੁੜੀਆਂ ਲਈ ਪਾਖ਼ਾਨੇ ਦਾ ਇੰਤਜ਼ਾਮ ਨਹੀਂ ਹੈ। ਦੂਜਾ ਪੱਖ ਇਹ ਹੈ ਕਿ ਇਸੇ ਸਮੇਂ ਦੌਰਾਨ ਤਕਰੀਬਨ 43,000 ਨਿੱਜੀ ਸਕੂਲ ਨਵੇਂ ਖੁੱਲ੍ਹੇ ਹਨ।

ਉੱਚ ਸਿੱਖਿਆ ਦੇ ਮਾਮਲੇ ਵਿਚ ਹਾਲਤ ਇਸੇ ਤਰ੍ਹਾਂ ਦੀ ਹੈ ਅਤੇ 2017 ਵਿਚ ਹਾਇਰ ਐਜੂਕੇਸ਼ਨ ਫਾਇਨੈਂਸਿੰਗ ਏਜੰਸੀ (ਹੀਫ਼ਾ) ਬਣਾਈ ਗਈ ਹੈ। ਇਸ ਉਪਰੰਤ ਉੱਚ ਸਿੱਖਿਆ ਦੇ ਕੇਂਦਰੀ ਸਰਕਾਰ ਦੇ ਅਦਾਰਿਆਂ ਨੂੰ ਵਧਾਰੇ ਲਈ ਸਰਕਾਰੀ ਗਰਾਂਟ ਦੇ ਦੇਣ ਦੀ ਥਾਂ ਹੀਫ਼ਾ ਤੋਂ ਕਰਜ਼ਾ ਲੈਣ ਲਈ ਕਿਹਾ ਗਿਆ ਹੈ। ਇਨ੍ਹਾਂ ਕਰਜ਼ਿਆਂ ਨੂੰ ਉਤਾਰਨ ਅਤੇ ਇਨ੍ਹਾਂ ਦਾ ਵਿਆਜ ਦੇਣ ਲਈ ਯੂਨੀਵਰਸਿਟੀਆਂ ਨੂੰ ਫੀਸਾਂ ਵਧਾਉਣੀਆਂ ਪਈਆਂ ਹਨ। ਨੈਸ਼ਨਲ ਇੰਸਟੀਚਿਊਟ ਆਫ ਪਬਲਿਕ ਫਾਈਨਾਂਸ ਅਤੇ ਪਾਲਿਸੀ ਨੇ ਸਾਹਮਣੇ ਲਿਆਂਦਾ ਹੈ ਕਿ ਹੀਫ਼ਾ ਦਾ ਕਰਜ਼ਾ ਉਤਾਰਨ ਲਈ 78 ਫ਼ੀਸਦੀ ਹਿੱਸਾ ਵਿਦਿਆਰਥੀਆਂ ਦੀਆਂ ਫੀਸਾਂ ਤੋਂ ਆਇਆ ਹੈ। ਇਹ ਵੀ ਸਾਹਮਣੇ ਲਿਆਂਦਾ ਗਿਆ ਹੈ ਕਿ ਉੱਚ ਸਿੱਖਿਆ ਮਹਿਕਮੇ ਨੇ ਅਦਾਰਿਆਂ ਨੂੰ ਹੀਫ਼ਾ ਕਰਜ਼ੇ ਉਤਾਰਨ ਵਾਸਤੇ ਫੀਸਾਂ ਵਧਾਉਣ ਲਈ ਕਿਹਾ ਹੈ। ਇਸੇ ਦੌਰਾਨ ਨਿੱਜੀ ਯੂਨੀਵਰਸਿਟੀਆਂ ਦੀ ਗਿਣਤੀ ਵਧ ਰਹੀ ਹੈ ਜਿਨ੍ਹਾਂ ਦਾ ਮਿਆਰ ਸੁਆਲਾਂ ਦੇ ਘੇਰੇ ਵਿਚ ਹੈ। ਸਿੱਕਮ ਦੀ ਆਬਾਦੀ ਛੇ ਲੱਖ ਹੈ ਅਤੇ ਉੱਥੇ ਅਠਾਈ ਨਿੱਜੀ ਯੂਨੀਵਰਸਿਟੀਆਂ ਹਨ। ਅਰੁਣਾਚਲ ਪ੍ਰਦੇਸ਼ ਵਿਚ ਅੱਠ ਨਿੱਜੀ ਯੂਨੀਵਰਸਿਟੀਆਂ ਹਨ। ਇਨ੍ਹਾਂ ਦੋਵਾਂ ਸੂਬਿਆਂ ਵਿਚ ਇੱਕ-ਇੱਕ ਕੇਂਦਰੀ ਅਤੇ ਇੱਕ-ਇੱਕ ਸੂਬਾ ਸਰਕਾਰੀ ਯੂਨੀਵਰਸਿਟੀਆਂ ਹਨ। ਇਹ ਸਮਝ ਆਉਣਾ ਮੁਸ਼ਕਲ ਹੋ ਗਿਆ ਹੈ ਕਿ ਯੂਨੀਵਰਸਿਟੀ ਸਿੱਖਿਆ ਦੇ ਮਿਆਰ ਨੂੰ ਤੈਅ ਕਰਨ ਅਤੇ ਕਾਇਮ ਰੱਖਣ ਲਈ ਬਣਿਆ ਯੂਨੀਵਰਸਿਟੀ ਗਰਾਂਟਸ ਕਮਿਸ਼ਨ (ਯੂ.ਜੀ.ਸੀ.) ਗ਼ੈਰ-ਮਿਆਰੀ ਨਿੱਜੀ ਅਦਾਰਿਆਂ ਦੇ ਪਸਾਰੇ ਨੂੰ ਰੋਕਣ ਲਈ ਕੀ ਕਰ ਰਿਹਾ ਹੈ।

ਉਪਰੋਕਤ ਹਾਲਾਤ ਵਿਚ ਮਰਦਮਸ਼ੁਮਾਰੀ ਅਤੇ ਚੋਣਾਂ ਦੇ ਕੰਮਾਂ ਦੇ ਸਕੂਲ ਸਿੱਖਿਆ ਉੱਤੇ ਬੋਝ ਨੂੰ ਸਮਝਿਆ ਜਾ ਸਕਦਾ ਹੈ। ਮਰਦਮਸ਼ੁਮਾਰੀ, ਚੋਣਾਂ ਅਤੇ ਸਿੱਖਿਆ ਇੱਕੋ ਵੇਲੇ ਜਮਹੂਰੀਅਤ ਲਈ ਅਹਿਮ ਹਨ ਇਨ੍ਹਾਂ ਵਿਚੋਂ ਕਿਸੇ ਤੋਂ ਵੀ ਬਿਨਾਂ ਜਮਹੂਰੀਅਤ ਮਹਿਜ ਖੋਖਲਾ ਦਾਅਵਾ ਹੋ ਜਾਂਦੀ ਹੈ। ਜੇ ਇਹ ਤਿੰਨੇ ਕੰਮ ਇੱਕ-ਦੂਜੇ ਦੀ ਕੀਮਤ ਉੱਤੇ ਹੁੰਦੇ ਹਨ ਜਾਂ ਹੋਣੇ ਹਨ ਤਾਂ ਇਹ ਅਜਿਹਾ ਤਣਾਅ ਹੈ ਜਿਸ ਦਾ ਨਿਵਾਰਨ ਫੌਰੀ ਦਰਕਾਰ ਹੈ। ਜਦੋਂ ਸਰਕਾਰ ਕੋਲ ਇਨ੍ਹਾਂ ਤਿੰਨਾਂ ਪੱਖਾਂ ਦਾ ਤਜਰਬਾ ਹੈ ਤਾਂ ਇਨ੍ਹਾਂ ਦੇ ਇੰਤਜ਼ਾਮ ਪੁਖਤਾ ਹੋਣੇ ਚਾਹੀਦੇ ਹਨ। ਮਰਦਮਸ਼ੁਮਾਰੀ ਅਤੇ ਚੋਣਾਂ ਵਰਗੇ ਕੰਮਾਂ ਲਈ ਦਰਕਾਰ ਅਮਲਾ ਭਰਤੀ ਕਰਨਾ ਉਸੇ ਤਰ੍ਹਾਂ ਦੀ ਜ਼ਿੰਮੇਵਾਰੀ ਹੈ ਜਿਸ ਤਰ੍ਹਾਂ ਦੇ ਇਹ ਕੰਮ ਹਨ। ਇਹ ਮੰਨਿਆ ਜਾ ਸਕਦਾ ਹੈ ਕਿ ਇਹ ਕੰਮ ਲਗਾਤਾਰ ਨਹੀਂ ਹੁੰਦੇ ਅਤੇ ਜ਼ਿਆਦਾ ਅਮਲੇ ਦੀ ਲੋੜ ਮੌਕਿਆਂ ਉੱਤੇ ਹੀ ਪੈਂਦੀ ਹੈ ਤਾਂ ਪੱਕੀ ਭਰਤੀ ਅਤੇ ਉਸ ਨਾਲ ਲੋੜੀਂਦਾ ਢਾਂਚਾ ਖੜ੍ਹਾ ਕਰਨਾ ਵਿੱਤੀ ਪੱਖੋਂ ਘਾਟੇ ਵਾਲਾ ਹੈ। ਇਹ ਸਮਝਣਾ ਵੀ ਲਾਜ਼ਮੀ ਹੈ ਕਿ ਇਨ੍ਹਾਂ ਮੌਕਿਆਂ ਉੱਤੇ ਸਕੂਲੀ ਸਿੱਖਿਆ ਵਰਗੇ ਖੇਤਰ ਨੂੰ ਭਾਰੀ ਨੁਕਸਾਨ ਹੋ ਜਾਂਦਾ ਹੈ, ਜੋ ਵਿਦਿਆਰਥੀਆਂ ਦੀਆਂ ਜ਼ਿੰਦਗੀ ਦੇ ਮੁਹਾਣ ਪਿਛਲਖੋਰੀ ਮੋੜ ਦਿੰਦਾ ਹੈ। ਇਸ ਹਾਲਤ ਵਿਚ ਲਾਜ਼ਮੀ ਹੋ ਜਾਂਦਾ ਹੈ ਕਿ ਜਦੋਂ ਸਿੱਖਿਆ ਮਹਿਕਮੇ ਉੱਤੇ ਅਮਲਾ ਦੇਣ ਦੀ ਟੇਕ ਹੈ ਤਾਂ ਉਸ ਦੀ ਭਰਤੀ ਯਕੀਨੀ ਬਣਾਈ ਜਾਵੇ ਅਤੇ ਖਾਲੀ ਅਸਾਮੀਆਂ ਭਰੀਆਂ ਜਾਣ। ਸਗੋਂ ਇਨ੍ਹਾਂ ਕੰਮਾਂ ਦਾ ਧਿਆਨ ਰੱਖਦੇ ਹੋਏ ਭਰਤੀ ਜ਼ਿਆਦਾ ਕੀਤੀ ਜਾਵੇ ਤਾਂ ਜੋ ਅਧਿਆਪਕਾਂ ਦੀ ਸੇਵਾਮੁਕਤੀ, ਉਨ੍ਹਾਂ ਦੀਆਂ ਛੁੱਟੀਆਂ, ਇੰਤਜ਼ਾਮੀਆ ਕੰਮਾਂ, ਅਧਿਆਪਕਾਂ ਦੀ ਸੇਵਾ ਦੌਰਾਨ ਸਿਖਲਾਈ ਅਤੇ ਹੋਰ ਇਤਫ਼ਾਕੀਆ ਜ਼ਰੂਰਤਾਂ ਦਾ ਬੋਝ ਸਿੱਖਿਆ ਉੱਤੇ ਨਾ ਪਵੇ।

ਮੌਜੂਦਾ ਹਾਲਾਤ ਵਿਚ ਸਿੱਖਿਆ ਦਾ ਸਮੁੱਚਾ ਸਰਕਾਰੀ ਢਾਂਚਾ ਸਰਕਾਰੀ ਬੇਲਾਗਤਾ ਦੇ ਨਾਲ-ਨਾਲ ਨਿੱਜੀ ਅਦਾਰਿਆਂ ਦੇ ਪਸਾਰੇ ਦੀ ਦੋਹਰੀ ਮਾਰ ਝੱਲ ਰਿਹਾ ਹੈ। ਸਰਕਾਰ ਆਪਣੇ ਹੀ ਸਿੱਖਿਆ ਢਾਂਚੇ ਨੂੰ ਕਮਜ਼ੋਰ ਕਰ ਰਹੀ ਹੈ ਅਤੇ ਉੱਤੋਂ ਵਾਧੂ ਕੰਮਾਂ ਦਾ ਬੋਝ ਪਾ ਰਹੀ ਹੈ। ਇਨ੍ਹਾਂ ਹਾਲਾਤ ਵਿਚ ਨਿੱਜੀ ਖੇਤਰ ਦੇ ਸਿੱਖਿਆ ਅਦਾਰੇ ਵਧ-ਫੁਲ ਰਹੇ ਹਨ ਅਤੇ ਸਰਕਾਰੀ ਨੀਤੀਆਂ ਉਨ੍ਹਾਂ ਨੂੰ ਰਾਸ ਆ ਰਹੀਆਂ ਹਨ। ਇਸ ਪੇਚੀਦਾ ਰੁਝਾਨ ਦੀ ਮਾਰ ਸਭ ਤੋਂ ਕਮਜ਼ੋਰ ਅਤੇ ਦੂਰ-ਦੁਰਾਡੇ ਵਸਦੇ ਆਵਾਮ ਉੱਤੇ ਪੈ ਰਹੀ ਹੈ। ਜੇ ਨਿਤਾਣੇ-ਨਿਮਾਣੇ ਤਬਕੇ ਨੇ ਸਿੱਖਿਆ ਦੇ ਮੌਕਿਆਂ ਤੋਂ ਵਾਂਝੇ ਰਹਿ ਜਾਣਾ ਹੈ ਅਤੇ ਉਸ ਦੇ ਹਿੱਸੇ ਦਾ ਮਨੁੱਖੀ ਵਸੀਲਾ ਜਮਹੂਰੀਅਤ ਲਈ ਜ਼ਰੂਰੀ ਚੋਣਾਂ ਅਤੇ ਮਰਦਮਸ਼ੁਮਾਰੀ ਵਿਚ ਖਪਤ ਹੋ ਜਾਣਾ ਹੈ ਤਾਂ ਉਸ ਲਈ ਜਮਹੂਰੀਅਤ ਦਾ ਕੋਈ ਮਾਅਨਾ ਨਹੀਂ ਰਹਿ ਜਾਂਦਾ। ਉਹ ਚੋਣਾਂ ਅਤੇ ਮਰਦਮਸ਼ੁਮਾਰੀ ਵਿਚ ਅੰਕੜੇ ਵਜੋਂ ਤਾਂ ਦਰਜ ਹੋ ਸਕਦਾ ਹੈ ਪਰ ਜਾਗਰੂਕ ਸ਼ਹਿਰੀ ਵਜੋਂ ਜਮਹੂਰੀਅਤ ਦਾ ਲਾਭਪਾਤਰੀ ਨਹੀਂ ਹੋ ਸਕਦਾ। ਕਿਹਾ ਜਾ ਸਕਦਾ ਹੈ ਕਿ ਜਮਹੂਰੀ ਅਦਾਰਿਆਂ ਵਿਚਲੇ ਤਣਾਅ ਕਾਰਨ ਜਮਹੂਰੀਅਤ ਦੇ ਪਲੜੇ ਵਿਚੋਂ ਜਮਹੂਰ ਕਿਰ ਰਿਹਾ ਹੈ।

***(ਲੇਖਕ ਐਜੂਕੇਸ਼ਨਲ ਮਲਟੀਮੀਡੀਆ ਰਿਸਰਚ ਸੈਂਟਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਿਖੇ ਬਤੌਰ ਡਾਇਰੈਕਟਰ ਕੰਮ ਕਰਦਾ ਹੈ।)**

# ਸੱਭਿਆਚਾਰਕ ਸਦਮਾ? ਸੱਚਮੁੱਚ ਲੱਗਿਐ, ਮੋਦੀ ਜੀ?

***ਜੈਂਨ.-ਜ਼ੀ ਅੰਦੋਲਨਕਾਰੀ ਕੁੜੀਆਂ ਵੱਲੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਮਾਂ ਨੂੰ ਗਾਲਾਂ ਕੱਢਣ ਬਾਰੇ ਪ੍ਰਤੀਕਰਮ ਦਿੰਦਿਆਂ ਸ਼੍ਰੀਮਾਨ ਨਰਿੰਦਰ ਮੋਦੀ ਨੇ ਕਿਹਾ ਕਿ ਇਸ ਨਾਲ ਉਸਨੂੰ 'ਸੱਭਿਆਚਾਰਕ ਸਦਮਾ' ਪਹੁੰਚਿਆ ਹੈ। ਇਹ ਕਿਸ ਤਰ੍ਹਾਂ ਦੀ ਸੰਵੇਦਨਸ਼ੀਲਤਾ ਹੈ ਜਿਸਨੂੰ ਆਪਣੇ ਨਿੱਜੀ ਰਿਸ਼ਤੇ ਵਿਚ ਤਾਂ ਠੇਸ ਪਹੁੰਚਦੀ ਹੈ ਪਰ ਪੂਰੇ ਮੁਲਕ ਵਿਚ ਔਰਤਾਂ ਉੱਪਰ ਜਿੰਨੇ ਮਰਜ਼ੀ ਜ਼ੁਲਮ ਹੁੰਦੇ ਰਹਿਣ, ਓਦੋਂ ਪ੍ਰਧਾਨ ਮੰਤਰੀ ਅਤੇ ਉਸਦੀ ਪਾਰਟੀ ਨੂੰ ਕੋਈ ਸਦਮਾ ਨਹੀਂ ਪਹੁੰਚਦਾ। ਵਿਮਲ ਨੇ ਆਪਣੀ ਇਸ ਟਿੱਪਣੀ ਵਿਚ ਇਸ ਚੋਣਵੀਂ ਸੰਵੇਦਨਸ਼ੀਲਤਾ ਉੱਪਰ ਬਾਖ਼ੂਬੀ ਚਰਚਾ ਕੀਤੀ ਹੈ।-ਸੰਪਾਦਕ॥***

ਨਰਿੰਦਰ ਮੋਦੀ ਕਹਿੰਦੇ ਹਨ ਕਿ ਨੌਜਵਾਨ ਪ੍ਰਦਰਸ਼ਨਕਾਰੀਆਂ ਵੱਲੋਂ ਉਸ ਨੂੰ ਅਤੇ ਉਸ ਦੀ ਸਵਰਗਵਾਸੀ ਮਾਤਾ ਨੂੰ ਕੱਢੀਆਂ ਗਈਆਂ ਅਸ਼ਲੀਲ ਗਾਲਾਂ ਕਾਰਨ ਉਸ ਨੂੰ 'ਸੱਭਿਆਚਾਰਕ ਸਦਮਾ' ਲੱਗਿਆ ਹੈ। ਉਹ ਕਹਿੰਦੇ ਹਨ ਕਿ ਉਨ੍ਹਾਂ ਪ੍ਰਦਰਸ਼ਨਕਾਰੀਆਂ ਨੂੰ ਮਾਫ਼ ਕਰ ਦਿੱਤਾ ਹੈ, ਕਿਉਂਕਿ ਉਹ 'ਗੁੰਮਰਾਹ ਹੋਏ ਬੱਚੇ' ਹਨ।

ਠੀਕ ਹੈ। ਕਿਸੇ ਨੂੰ ਵੀ ਕਿਸੇ ਦੀ ਮਾਂ ਨੂੰ ਗਾਲ ਨਹੀਂ ਕੱਢਣੀ ਚਾਹੀਦੀ। ਰਾਜਨੀਤਕ ਅਸਹਿਮਤੀ ਕਿਸੇ ਨੂੰ ਇਹ ਹੱਕ ਨਹੀਂ ਦਿੰਦੀ ਕਿ ਉਹ ਕਿਸੇ ਦੀ ਮਾਂ ਨੂੰ ਇਸ ਵਿਚ ਘਸੀਟੇ।

**ਵਿਮਲ**
**ਅਨੁਵਾਦ: ਬੂਟਾ ਸਿੰਘ ਮਹਿਮੂਦਪੁਰ**

ਪਰ ਸ਼੍ਰੀਮਾਨ ਮੋਦੀ, ਤੁਹਾਨੂੰ ਇੱਕ ਅਸਹਿਜ ਸਵਾਲ ਹੈ: ਤੁਹਾਡਾ ਸੱਭਿਆਚਾਰਕ ਸਦਮਾ ਆਖ਼ਿਰ ਸ਼ੁਰੂ ਕਿੱਥੋਂ ਹੁੰਦਾ ਹੈ ਅਤੇ ਖ਼ਤਮ ਕਿੱਥੇ ਹੁੰਦਾ ਹੈ?

ਕੀ ਇਹ ਸਿਰਫ਼ ਉਦੋਂ ਹੀ ਸ਼ੁਰੂ ਹੁੰਦਾ ਹੈ, ਜਦੋਂ ਗਾਲਾਂ ਤੁਹਾਨੂੰ ਅਤੇ ਤੁਹਾਡੀ ਮਾਂ ਨੂੰ ਦਿੱਤੀਆਂ ਜਾਂਦੀਆਂ ਹਨ?

ਇੱਕ ਹੋਰ ਭਾਰਤ ਵੀ ਹੈ। ਅਜਿਹਾ ਭਾਰਤ, ਜਿੱਥੇ ਮੁਸਲਮਾਨਾਂ ਨੂੰ ਕੁੱਟਿਆ ਗਿਆ, ਸਾੜਿਆ ਗਿਆ, ਭੀੜਾਂ ਵੱਲੋਂ ਮਾਰਿਆ ਗਿਆ, ਉਨ੍ਹਾਂ ਨਾਲ ਬਲਾਤਕਾਰ ਕੀਤੇ ਗਏ ਅਤੇ ਉਨ੍ਹਾਂ ਦੀਆਂ ਹੱਤਿਆਵਾਂ ਕੀਤੀਆਂ ਗਈਆਂ। ਅਜਿਹਾ ਭਾਰਤ, ਜਿੱਥੇ ਔਰਤ ਪੱਤਰਕਾਰਾਂ ਨੂੰ ਆਨਲਾਈਨ ਘਿਣਾਉਣੀਆਂ ਅਤੇ ਔਰਤ-ਵਿਰੋਧੀ ਗਾਲਾਂ ਦਾ ਸਾਹਮਣਾ ਕਰਨਾ ਪਿਆ। ਅਜਿਹਾ ਭਾਰਤ, ਜਿੱਥੇ ਰਾਜਨੀਤਕ ਵਿਰੋਧੀਆਂ ਅਤੇ ਅਸਹਿਮਤੀ ਪ੍ਰਗਟਾਉਣ ਵਾਲਿਆਂ ਨੂੰ ਦੇਸ਼ਧ੍ਰੋਹੀ, ਅੱਤਵਾਦੀ ਅਤੇ ਰਾਸ਼ਟਰ-ਵਿਰੋਧੀ ਕਿਹਾ ਗਿਆ। ਜੇਲ੍ਹਾਂ ਵਿਚ ਸੁੱਟਿਆ ਗਿਆ। ਅਜਿਹਾ ਭਾਰਤ, ਜਿੱਥੇ ਜਨੂੰਨੀ ਭੀੜਾਂ ਨੂੰ ਧਾਰਮਿਕ ਨਫ਼ਰਤ ਨੂੰ ਸੜਕਾਂ ਦੇ ਨਿਆਂ ਵਿਚ ਬਦਲਣ ਦਿੱਤਾ ਗਿਆ। ਕੱਟੜਤਾ ਦੀ ਪ੍ਰਸ਼ੰਸਾ ਕੀਤੀ ਜਾਂਦੀ ਹੈ। ਮੁਸਲਮਾਨਾਂ ਦੇ ਕਤਲੇਆਮ ਦੇ ਖ਼ੁੱਲ੍ਹੇ ਸੱਦਿਆਂ ਦਾ ਸਵਾਗਤ ਕੀਤਾ ਜਾਂਦਾ ਹੈ। ਸੰਸਦ ਵਿਚ ਤੁਹਾਡਾ ਸੰਸਦ ਮੈਂਬਰ ਇੱਕ ਮੁਸਲਿਮ ਸੰਸਦ ਮੈਂਬਰ ਨੂੰ ਗਾਲਾਂ ਕੱਢ ਸਕਦਾ ਹੈ। ਤੁਹਾਡਾ ਸੰਸਦ ਮੈਂਬਰ ਨਾਅਰਾ ਲਾ ਸਕਦਾ ਹੈ: 'ਗੋਲੀ ਮਾਰੋ ਸਾਲੋਂ ਕੋ!' ਤੁਹਾਡੇ ਲਈ ਇਹ ਸਭ ਠੀਕ ਹੈ।

ਇਸ ਲਈ ਅਸੀਂ ਕਹਿੰਦੇ ਹਾਂ ਕਿ ਤੁਹਾਡੀ ਭਾਵਨਾਤਮਕ ਸੰਵੇਦਨਾ ਅਕਸਰ ਹੈਰਾਨੀਜਨਕ ਢੰਗ ਨਾਲ ਚੁਣਵੀਂ ਰਹੀ ਹੈ।

ਕੀ ਅਸੀਂ ਗੁਜਰਾਤ ਤੋਂ ਸ਼ੁਰੂ ਕਰੀਏ?

ਸਾਲ 2002। ਮੋਦੀ ਮੁੱਖ ਮੰਤਰੀ ਸਨ, ਜਦੋਂ ਗੁਜਰਾਤ ਆਜ਼ਾਦ ਭਾਰਤ ਦੇ ਸਭ ਤੋਂ ਭਿਆਨਕ ਸਰਕਾਰੀ ਸਰਪ੍ਰਸਤੀ ਵਾਲੇ ਸਮੂਹਿਕ ਕਤਲੇਆਮਾਂ ਵਿਚੋਂ ਇੱਕ ਦੀ ਅੱਗ ਵਿਚ ਘਿਰ ਗਿਆ ਸੀ। ਇੱਕ ਹਜ਼ਾਰ ਤੋਂ ਵੱਧ ਲੋਕ ਮਾਰੇ ਗਏ, ਜਿਨ੍ਹਾਂ ਵਿਚੋਂ ਜ਼ਿਆਦਾਤਰ ਮੁਸਲਮਾਨ ਸਨ।

ਫਿਰ 2013 ਵਿਚ ਰਾਇਟਰਜ਼ ਨੂੰ ਦਿੱਤਾ ਗਿਆ ਉਹ ਨਾ ਭੁੱਲਣਯੋਗ ਇੰਟਰਵਿਊ ਆਇਆ, ਜਿਸ ਵਿਚ ਮੋਦੀ ਨੂੰ ਪੁੱਛਿਆ ਗਿਆ ਸੀ ਕਿ ਕੀ ਉਸ ਨੂੰ 2002 ਦੀਆਂ ਹੱਤਿਆਵਾਂ ਦਾ ਅਫ਼ਸੋਸ ਹੈ। ਉਨ੍ਹਾਂ ਨੇ ਮਿਸਾਲ ਦਿੱਤੀ ਕਿ ਜੇ ਕੋਈ ਕਤੂਰਾ ਕਾਰ ਦੇ ਪਹੀਆਂ ਹੇਠ ਆ ਜਾਵੇ, ਤਾਂ ਸੁਭਾਵਿਕ ਤੌਰ 'ਤੇ ਪੀੜ ਹੋਵੇਗੀ ਅਤੇ ਉਸ ਨੂੰ ਦੁੱਖ ਹੋਵੇਗਾ।

ਇਹੀ ਤੁਹਾਡੀ ਭਾਸ਼ਾ ਸੀ। ਕਾਰ ਹੇਠ ਆਇਆ ਇੱਕ ਕਤੂਰਾ! ਆਪਣੀਆਂ ਅੱਖਾਂ ਸਾਹਮਣੇ ਹੋਏ ਭਿਆਨਕ ਕਤਲੇਆਮ ਬਾਰੇ ਨਿਹਾਇਤ ਅਸੰਵੇਦਨਸ਼ੀਲ ਟਿੱਪਣੀ।

ਪਰ ਅੱਜ ਜਦੋਂ ਨੌਜਵਾਨ ਔਰਤਾਂ ਪ੍ਰਧਾਨ ਮੰਤਰੀ ਵਿਰੁੱਧ ਅਸ਼ਲੀਲ ਭਾਸ਼ਾ ਵਰਤਦੀਆਂ ਹਨ, ਤਾਂ ਉਸ ਨੂੰ 'ਸੱਭਿਆਚਾਰਕ ਸਦਮਾ' ਲੱਗ ਜਾਂਦਾ ਹੈ।

ਸਦਮੇ ਦਾ ਇਹ ਕਿਹੋ ਜਿਹਾ ਅਜੀਬ ਪੈਮਾਨਾ ਹੈ? ਮੋਦੀ ਦਾ ਇਹ ਕਿਹੋ ਜਿਹਾ ਨਵਾਂ 'ਸੱਭਿਆਚਾਰਕ ਸਦਮਾ ਸਿਧਾਂਤ' ਹੈ?

ਅਤੇ ਗੁਜਰਾਤ ਦੇ ਇਤਿਹਾਸ ਵਿਚ ਇਸ ਤੋਂ ਵੀ ਕਾਲਾ ਇੱਕ ਅਧਿਆਇ ਹੈ।

ਬਜਰੰਗ ਦਲ ਦੇ ਆਗੂ ਬਾਬੂ ਬਜਰੰਗੀ ਨੂੰ ਨਰੋਦਾ ਪਾਟੀਆ ਕਤਲੇਆਮ ਵਿਚ ਉਸ ਦੀ ਭੂਮਿਕਾ ਲਈ ਦੋਸ਼ੀ ਠਹਿਰਾਇਆ ਗਿਆ ਸੀ। ਇਸ ਕਤਲੇਆਮ ਵਿਚ 97 ਮੁਸਲਮਾਨ ਮਾਰੇ ਗਏ ਸਨ। ਤਹਿਲਕਾ ਰਸਾਲੇ ਦੇ ਸਟਿੰਗ ਆਪ੍ਰੇਸ਼ਨ ਵਿਚ ਉਸ ਨੇ ਹੱਤਿਆਵਾਂ ਵਿਚ ਆਪਣੀ ਭੂਮਿਕਾ ਉੱਪਰ ਮਾਣ ਕਰਦਿਆਂ ਕਿਹਾ ਸੀ, 'ਮੈਨੂੰ ਰਾਣਾ ਪ੍ਰਤਾਪ ਵਰਗਾ ਮਹਿਸੂਸ ਹੋਇਆ।'

ਦੇਖੋ, ਉਸ ਨੇ ਤਹਿਲਕਾ ਦੇ ਲੁਕਵੇਂ ਕੈਮਰੇ ਸਾਹਮਣੇ ਕੀ ਕਬੂਲ ਕੀਤਾ ਸੀ। ਆਸ਼ੀਸ਼ ਖੇਤਾਨ ਆਪਣੀ ਕਿਤਾਬ 'ਅੰਡਰ ਕਵਰ: ਜਰਨੀ ਇੰਟੂ ਦ ਡਾਰਕਨੈਸ ਆਫ਼ ਹਿੰਦੂਤਵਾ' ਵਿਚ ਲਿਖਦੇ ਹਨ:

'ਉੱਥੇ ਇੱਕ ਗਰਭਵਤੀ ਔਰਤ ਸੀ। ਮੈਂ ਉਸ ਦਾ ਢਿੱਡ ਚੀਰ ਦਿੱਤਾ, ਭੈਣਚੋ… ਸਾਲਾ। ਉਨ੍ਹਾਂ ਨੂੰ ਦਿਖਾ ਦਿੱਤਾ ਕਿ ਅਸੀਂ ਕੀ ਹਾਂ ਅਤੇ ਜੇ ਸਾਡੇ ਲੋਕ ਮਾਰੇ ਜਾਣ ਤਾਂ ਅਸੀਂ ਕਿਸ ਤਰ੍ਹਾਂ ਬਦਲਾ ਲੈ ਸਕਦੇ ਹਾਂ। ਅਸੀਂ ਖਿਚੜੀ-ਕੜ੍ਹੀ ਖਾਣ ਵਾਲੇ ਨਹੀਂ ਹਾਂ, ਮੈਂ ਕੋਈ ਕਮਜ਼ੋਰ ਚੌਲ ਖਾਣ ਵਾਲਾ ਨਹੀਂ ਹਾਂ। ਮੈਂ ਅੱਜ ਵੀ ਕਹਿੰਦਾ ਹਾਂ ਕਿ ਉਨ੍ਹਾਂ ਨੂੰ ਪੈਦਾ ਹੋਣ ਦੀ ਇਜਾਜ਼ਤ ਤੱਕ ਨਹੀਂ ਮਿਲਣੀ ਚਾਹੀਦੀ। ਚਾਹੇ ਉਹ ਕੋਈ ਵੀ ਹੋਣ— ਔਰਤਾਂ, ਬੱਚੇ, ਕੋਈ ਵੀ। ਉਨ੍ਹਾਂ ਨਾਲ ਹੋਰ ਕੁਝ ਨਹੀਂ ਕਰਨਾ, ਸਿਰਫ਼ ਉਨ੍ਹਾਂ ਨੂੰ ਵੱਢ ਦੇਣਾ ਹੈ। ਹਰਾਮੀਆਂ ਨੂੰ ਕੁੱਟੋ, ਵੱਢੋ, ਸਾੜ ਦਿਓ। ਬਹੁਤ ਸਾਰੇ ਹਿੰਦੂਆਂ ਨੇ ਲੁੱਟਮਾਰ ਵਿਚ ਸਮਾਂ ਬਰਬਾਦ ਕੀਤਾ। ਅਰੇ, ਗੱਲ ਇਹ ਹੈ ਕਿ ਕਿਸੇ ਨੂੰ ਜਿਊਂਦਾ ਹੀ ਨਾ ਛੱਡੋ; ਉਸ ਤੋਂ ਬਾਅਦ ਸਭ ਕੁਝ ਸਾਡਾ ਹੈ। ਉਸ ਦਿਨ ਇੰਝ ਲੱਗ ਰਿਹਾ ਸੀ ਜਿਵੇਂ ਭਾਰਤ ਅਤੇ ਪਾਕਿਸਤਾਨ ਵਿਚਕਾਰ ਜੰਗ ਹੋਈ ਹੋਵੇ। ਹਰ ਪਾਸੇ ਲਾਸ਼ਾਂ ਸਨ। ਉਹ ਦੇਖਣ ਵਾਲਾ ਨਜ਼ਾਰਾ ਸੀ। ਮੈਨੂੰ ਰਾਣਾ ਪ੍ਰਤਾਪ ਵਰਗਾ ਮਹਿਸੂਸ ਹੋਇਆ, ਜਿਵੇਂ ਮੈਂ ਮਹਾਰਾਣਾ ਪ੍ਰਤਾਪ ਵਰਗਾ ਕੋਈ ਕੰਮ ਕੀਤਾ ਹੋਵੇ।' (ਵੈਸਟਲੈਂਡ/ਕੌਨਟੈਕਸਟ ਵੱਲੋਂ ਜਨਵਰੀ 2021 ਵਿਚ ਪ੍ਰਕਾਸ਼ਿਤ; 17 ਜਨਵਰੀ 2021 ਨੂੰ 'ਕਾਰਵਾਂ' ਵਿਚ ਹਵਾਲਾ ਦਿੱਤਾ ਗਿਆ।)

ਇਹ ਉਹ ਵਿਅਕਤੀ ਸੀ, ਜਿਸ ਨੂੰ ਕਤਲੇਆਮ ਵਿਚ ਆਪਣੀ ਭੂਮਿਕਾ ਲਈ ਅਦਾਲਤ ਨੇ ਦੋਸ਼ੀ ਠਹਿਰਾਇਆ ਸੀ। ਅਤੇ ਇਸ ਵਿਅਕਤੀ ਨੇ ਸਟਿੰਗ ਆਪ੍ਰੇਸ਼ਨ ਵਿਚ ਕੀ ਵਰਣਨ ਕੀਤਾ? ਮੁਸਲਮਾਨਾਂ ਦੀ ਹੱਤਿਆ। ਔਰਤਾਂ ਅਤੇ ਬੱਚਿਆਂ ਦਾ ਕਤਲੇਆਮ। ਇੱਕ ਗਰਭਵਤੀ ਮੁਸਲਿਮ ਔਰਤ, ਕੌਸਰ ਬਾਨੋ, ਦੀ ਬੇਕਿਰਕੀ ਨਾਲ ਹੱਤਿਆ।

ਤਾਂ ਸ਼੍ਰੀਮਾਨ ਮੋਦੀ, ਕੀ ਇਹ ਸੱਭਿਆਚਾਰਕ ਸਦਮਾ ਨਹੀਂ ਸੀ?

ਫਿਰ ਬਿਲਕਿਸ ਬਾਨੋ ਦਾ ਮਾਮਲਾ ਹੈ।


2002 ਦੀ ਗੁਜਰਾਤ ਹਿੰਸਾ ਦੌਰਾਨ ਜਦੋਂ ਉਸ ਨਾਲ ਸਮੂਹਿਕ ਬਲਾਤਕਾਰ ਕੀਤਾ ਗਿਆ, ਉਦੋਂ ਉਹ ਗਰਭਵਤੀ ਸਨ। ਉਨ੍ਹਾਂ ਦੇ ਪਰਿਵਾਰ ਦੇ ਸੱਤ ਮੈਂਬਰਾਂ ਦਾ ਕਤਲ ਕਰ ਦਿੱਤਾ ਗਿਆ ਸੀ। ਇਸ ਮਾਮਲੇ ਵਿਚ ਦੋਸ਼ੀ ਠਹਿਰਾਏ ਗਏ ਗਿਆਰਾਂ ਵਿਅਕਤੀਆਂ ਨੂੰ ਗੁਜਰਾਤ ਸਰਕਾਰ ਨੇ 2022 ਵਿਚ ਰਿਹਾਅ ਕਰ ਦਿੱਤਾ। ਬਾਅਦ ਵਿਚ ਸੁਪਰੀਮ ਕੋਰਟ ਨੇ ਉਸ ਸਜ਼ਾ-ਮੁਆਫ਼ੀ ਨੂੰ ਗ਼ੈਰ-ਕਾਨੂੰਨੀ ਕਰਾਰ ਦਿੰਦਿਆਂ ਰੱਦ ਕਰ ਦਿੱਤਾ ਅਤੇ ਦੋਸ਼ੀਆਂ ਨੂੰ ਵਾਪਸ ਜੇਲ੍ਹ ਭੇਜਣ ਦਾ ਹੁਕਮ ਦਿੱਤਾ। ਇੰਨਾ ਤਾਂ ਇੱਕ ਸੱਭਿਆਚਾਰਕ ਭੂਚਾਲ ਪੈਦਾ ਕਰਨ ਲਈ ਕਾਫ਼ੀ ਹੋਣਾ ਚਾਹੀਦਾ ਸੀ।

ਫਿਰ ਵੀ, ਮੁਲਕ ਦੇ ਸਭ ਤੋਂ ਉੱਚੇ ਰਾਜਨੀਤਕ ਅਹੁਦੇ ਤੋਂ ਪ੍ਰਗਟਾਇਆ ਗਿਆ ਰੋਸ ਓਨਾ ਜਵਾਲਾਮੁਖੀ ਨਹੀਂ ਸੀ, ਜਿੰਨਾ ਅੱਜ ਪ੍ਰਧਾਨ ਮੰਤਰੀ ਨੂੰ ਦਿੱਤੀਆਂ ਗਈਆਂ ਗਾਲਾਂ ਨੂੰ ਲੈ ਕੇ ਦਿਖਾਈ ਦੇ ਰਿਹਾ ਹੈ।

ਫਿਰ ਗਾਂ ਦੇ ਨਾਂ 'ਤੇ ਹਿੰਸਾ ਕਰਨ ਵਾਲੇ ਅਖੌਤੀ ਗਊ-ਰੱਖਿਅਕਾਂ ਦੀ ਲੰਮੀ ਲੜੀ ਹੈ।

2015 ਵਿਚ ਦਾਦਰੀ ਵਿਖੇ ਮੁਹੰਮਦ ਅਖ਼ਲਾਕ ਨਾਂ ਦੇ ਮੁਸਲਮਾਨ ਨੂੰ ਇਸ ਅਫ਼ਵਾਹ ਤੋਂ ਬਾਅਦ ਭੀੜ ਨੇ ਕੁੱਟ-ਕੁੱਟ ਕੇ ਮਾਰ ਦਿੱਤਾ ਕਿ ਉਸ ਦੇ ਪਰਿਵਾਰ ਨੇ ਗਊ-ਮਾਸ ਰੱਖਿਆ ਹੋਇਆ ਸੀ। 2017 ਵਿਚ ਰਾਜਸਥਾਨ ਵਿਚ ਗਊ-ਰੱਖਿਅਕਾਂ ਨੇ ਪਹਿਲੂ ਖ਼ਾਨ ਉੱਤੇ ਹਮਲਾ ਕੀਤਾ ਅਤੇ ਸੱਟਾਂ ਕਾਰਨ ਉਸ ਦੀ ਮੌਤ ਹੋ ਗਈ। 2019 ਵਿਚ ਝਾਰਖੰਡ ਵਿਖੇ ਤਬਰੇਜ਼ ਅੰਸਾਰੀ ਨੂੰ ਭੀੜ ਨੇ ਕਰੂਰਤਾ ਨਾਲ ਕੁੱਟਿਆ ਅਤੇ ਉਸ ਹਮਲੇ ਤੋਂ ਬਾਅਦ ਉਸ ਦੀ ਮੌਤ ਹੋ ਗਈ।

ਇਹ ਮਾਮਲੇ ਸੜਕੀ ਰਾਜਨੀਤੀ ਦੇ ਉਸ ਨਵੇਂ ਰੂਪ ਦੇ ਪ੍ਰਤੀਕ ਬਣ ਗਏ, ਜਿਸ ਵਿਚ ਭੀੜ ਨੇ ਖ਼ੁਦ ਇਹ ਫ਼ੈਸਲਾ ਕਰਨ ਦਾ ਹੱਕ ਜਤਾਉਣਾ ਸ਼ੁਰੂ ਕਰ ਦਿੱਤਾ ਕਿ ਕੌਣ ਕਾਫ਼ੀ ਹੱਦ ਤੱਕ ਭਾਰਤੀ ਹੈ ਅਤੇ




ਕੌਣ ਜਿਊਂਦਾ ਰਹਿਣ ਦੇ ਯੋਗ ਹੈ।

ਅਸੀਂ ਇਸੇ ਸੱਭਿਆਚਾਰਕ ਸਦਮੇ ਦੀ ਗੱਲ ਕਰ ਰਹੇ ਹਾਂ। ਇਹ ਸਭ ਭਾਰਤ ਵਿਚ ਹੋਇਆ। ਉਸ ਵੇਲੇ, ਜਦੋਂ ਤੁਸੀਂ ਸੱਤਾ ਵਿਚ ਸੀ।

ਫਿਰ ਹਾਥਰਸ ਕਾਂਡ ਵਾਪਰਿਆ।

ਇੱਕ ਨੌਜਵਾਨ ਦਲਿਤ ਔਰਤ ਨਾਲ ਜਿਨਸੀ ਹਿੰਸਾ ਹੋਈ ਅਤੇ ਬਾਅਦ ਵਿਚ ਸੱਟਾਂ ਕਾਰਨ ਉਸ ਦੀ ਮੌਤ ਹੋ ਗਈ। ਉਸ ਦੀ ਲਾਸ਼ ਦਾ ਅੱਧੀ ਰਾਤ ਨੂੰ ਸਸਕਾਰ ਕਰ ਦਿੱਤਾ ਗਿਆ। ਉਸ ਦੇ ਪਰਿਵਾਰ ਨੇ ਕਿਹਾ ਕਿ ਪੁਲਿਸ ਨੇ ਉਨ੍ਹਾਂ ਨੂੰ ਲਾਸ਼ ਘਰ ਲਿਜਾ ਕੇ ਅੰਤਿਮ ਰਸਮਾਂ ਕਰਨ ਦੀ ਇਜਾਜ਼ਤ ਨਹੀਂ ਦਿੱਤੀ। ਇਸ ਮਾਮਲੇ ਨੂੰ ਸੰਭਾਲਣ ਦੇ ਢੰਗ ਉੱਤੇ ਭਾਰੀ ਲੋਕ-ਰੋਹ ਪੈਦਾ ਹੋਇਆ। ਉਸ ਵੇਲੇ ਪ੍ਰਧਾਨ ਮੰਤਰੀ ਦਾ ਸੱਭਿਆਚਾਰਕ ਸਦਮਾ ਕਿੱਥੇ ਸੀ? ਉਸ ਬੇਸਹਾਰਾ ਔਰਤ ਲਈ ਇੱਕ ਵੀ ਅੱਥਰੂ ਨਹੀਂ। ਉਸ ਨਾਲ ਬਲਾਤਕਾਰ ਕਰਨ ਵਾਲਿਆਂ ਪ੍ਰਤੀ ਰੋਸ ਦੀ ਲਕੀਰ ਤੱਕ ਨਹੀਂ। ਓਦੋਂ ਧੀਆਂ ਦੀ ਇੱਜ਼ਤ ਬਾਰੇ ਕੌਮੀ ਉਪਦੇਸ਼ ਕਿੱਥੇ ਸੀ?

ਜਦੋਂ ਇੱਕ ਨੌਜਵਾਨ ਔਰਤ ਦਾ ਪਰਿਵਾਰ ਇੱਜ਼ਤ ਨਾਲ ਉਸ ਦੀਆਂ ਅੰਤਿਮ ਰਸਮਾਂ ਕਰਨ ਦੇ ਹੱਕ ਲਈ ਵੀ ਸੰਘਰਸ਼ ਕਰ ਰਿਹਾ ਸੀ, ਉਦੋਂ ਉਹ ਜਵਾਲਾਮੁਖੀ ਵਰਗਾ ਗੁੱਸਾ ਕਿੱਥੇ ਸੀ?

ਅਤੇ ਫਿਰ ਦਿੱਲੀ, 2020

ਭਾਜਪਾ ਆਗੂ ਕਪਿਲ ਮਿਸ਼ਰਾ—ਜਿਸ ਨੇ ਆਮ ਆਦਮੀ ਪਾਰਟੀ ਵਿਚ ਰਹਿੰਦਿਆਂ ਦਿੱਲੀ ਵਿਧਾਨ ਸਭਾ ਵਿਚ ਤੁਹਾਡੇ ਇਸ਼ਾਰੇ 'ਤੇ ਗੁਜਰਾਤ ਦੀ ਇੱਕ ਆਰਕੀਟੈਕਟ ਦੀ ਨਿਗਰਾਨੀ ਵਿਚ ਤੁਹਾਡੇ ਦੂਜੇ ਨੰਬਰ ਦੇ ਆਗੂ ਦੀ ਭੂਮਿਕਾ ਦਾ ਖ਼ੁਲਾਸਾ ਕੀਤਾ ਸੀ—ਉਹ ਮੌਜਪੁਰ ਵਿਚ ਇੱਕ ਸੀਨੀਅਰ ਪੁਲਿਸ ਅਧਿਕਾਰੀ ਦੇ ਕੋਲ ਖੜ੍ਹੇ ਹੋ ਕੇ ਜਨਤਕ ਤੌਰ 'ਤੇ ਬੋਲਿਆ ਕਿ ਜਦੋਂ ਤੱਕ ਡੋਨਾਲਡ ਟਰੰਪ ਦਿੱਲੀ ਵਿਚ ਹੈ, ਉਨ੍ਹਾਂ ਦੇ ਹਮਾਇਤੀ ਸ਼ਾਂਤ ਰਹਿਣਗੇ; ਪਰ ਟਰੰਪ ਦੇ ਜਾਣ ਤੋਂ ਬਾਅਦ ਜੇ ਸੜਕਾਂ ਖ਼ਾਲੀ ਨਾ ਕਰਵਾਈਆਂ ਗਈਆਂ, ਤਾਂ ਉਹ ਪੁਲਿਸ ਦੀ ਵੀ ਨਹੀਂ ਸੁਣਨਗੇ। ਇਹ ਭਾਸ਼ਣ ਹਿੰਸਾ ਤੋਂ ਪਹਿਲਾਂ ਵਾਪਰੀਆਂ ਸਭ ਤੋਂ ਵਿਵਾਦਪੂਰਨ ਘਟਨਾਵਾਂ ਵਿਚੋਂ ਇੱਕ ਬਣ ਗਿਆ।

ਦਿੱਲੀ ਦੇ ਦੰਗਿਆਂ ਵਿਚ ਆਖ਼ਿਰਕਾਰ 53 ਲੋਕ ਮਾਰੇ ਗਏ, ਜਿਨ੍ਹਾਂ ਵਿਚੋਂ ਜ਼ਿਆਦਾਤਰ ਮੁਸਲਮਾਨ ਸਨ।

ਫਿਰ ਵੀ ਪੁਲਿਸ ਦੀ ਦੋਸ਼-ਪੱਤਰੀ ਵਿਚ ਸ਼ੁਰੂਆਤੀ ਤੌਰ 'ਤੇ ਹਿੰਸਾ ਦੀਆਂ ਘਟਨਾਵਾਂ ਦਾ ਕ੍ਰਮ ਦੱਸਦਿਆਂ ਮਿਸ਼ਰਾ ਵਰਗੇ ਭਾਜਪਾ ਆਗੂਆਂ ਦੇ ਨਫ਼ਰਤੀ ਭਾਸ਼ਣਾਂ ਦਾ ਜ਼ਿਕਰ ਤੱਕ ਨਹੀਂ ਸੀ।

ਕੀ ਇਹ ਵੀ ਸੱਭਿਆਚਾਰਕ ਸਦਮੇ ਦੀ ਅੱਗ ਭੜਕਾਉਣ ਦੇ ਯੋਗ ਨਹੀਂ ਸੀ?

ਅਤੇ ਸਾਈਬਰ ਗੁੰਡਾਗਰਦੀ ਨੂੰ ਵੀ ਨਾ ਭੁੱਲੋ।

ਸੱਤਾ-ਤੰਤਰ ਨੂੰ ਸਵਾਲ ਕਰਨ ਵਾਲੀਆਂ ਔਰਤ ਪੱਤਰਕਾਰਾਂ, ਕਾਰਕੁਨਾਂ ਅਤੇ ਜਨਤਕ ਹਸਤੀਆਂ ਨੂੰ ਵਾਰ-ਵਾਰ ਆਨਲਾਈਨ ਘਿਣਾਉਣੀਆਂ ਅਤੇ ਔਰਤ-ਵਿਰੋਧੀ ਗਾਲਾਂ ਦਾ ਸਾਹਮਣਾ ਕਰਨਾ ਪਿਆ ਹੈ। ਅਕਾਦਮਿਕ ਖੋਜ ਨੇ ਭਾਰਤੀ ਸੋਸ਼ਲ ਮੀਡੀਆ ਉੱਤੇ ਖ਼ਤਰਨਾਕ ਬਿਆਨਬਾਜ਼ੀ ਅਤੇ ਪਰੇਸ਼ਾਨੀ ਫੈਲਾਉਣ ਵਿਚ ਸੱਜੇ-ਪੱਖੀ ਰਾਜਨੀਤਕ ਨੈੱਟਵਰਕਾਂ ਅਤੇ ਪ੍ਰਭਾਵਸ਼ਾਲੀ ਖ਼ਾਤਿਆਂ ਦੀ ਭੂਮਿਕਾ ਦਰਜ ਕੀਤੀ ਹੈ।

ਸਾਗਰਿਕਾ ਘੋਸ਼ ਕੋਈ ਅਣਜਾਣ ਵਿਅਕਤੀ ਨਹੀਂ ਹੈ। ਉਸ ਨੇ ਪੱਤਰਕਾਰੀ ਵਿਚ ਕਈ ਦਹਾਕੇ ਬਿਤਾਏ ਹਨ। ਉਸ ਨੇ ਭਾਰਤ ਦੇ ਮੀਡੀਆ ਮਾਹੌਲ ਵਿਚ ਆਈ ਗਿਰਾਵਟ ਅਤੇ ਪੱਤਰਕਾਰਾਂ ਉੱਤੇ ਪੈਣ ਵਾਲੇ ਦਬਾਅ ਦਾ ਵਰਣਨ ਕੀਤਾ ਹੈ।

ਔਰਤ ਆਲੋਚਕਾਂ ਨੂੰ ਦਿੱਤੀਆਂ ਜਾਣ ਵਾਲੀਆਂ ਗਾਲਾਂ ਅਕਸਰ ਸਿਰਫ਼ ਰਾਜਨੀਤਕ ਆਲੋਚਨਾ ਨਹੀਂ ਹੁੰਦੀਆਂ। ਉਹ ਜਿਨਸੀ ਤੌਰ 'ਤੇ ਅਪਮਾਨਜਨਕ, ਨਿੱਜੀ ਅਤੇ ਜਾਣ-ਬੁੱਝ ਕੇ ਉਨ੍ਹਾਂ ਨੂੰ ਜ਼ਲੀਲ ਕਰਨ ਲਈ ਘੜੀਆਂ ਗਈਆਂ ਹੁੰਦੀਆਂ ਹਨ।

ਜਦੋਂ ਔਰਤ ਪੱਤਰਕਾਰਾਂ ਨੂੰ ਸਿਆਸੀ ਟ੍ਰੋਲ ਘਿਣਾਉਣੀਆਂ ਗਾਲਾਂ ਕੱਢਦੇ ਹਨ, ਉਦੋਂ ਪ੍ਰਧਾਨ ਮੰਤਰੀ ਦਾ ਸੱਭਿਆਚਾਰਕ ਸਦਮਾ ਕਿੱਥੇ ਹੁੰਦਾ ਹੈ?

ਉਨ੍ਹਾਂ ਦੀਆਂ ਮਾਵਾਂ ਲਈ ਉਸ ਦੀ ਚਿੰਤਾ ਕਿੱਥੇ ਹੈ? ਉਨ੍ਹਾਂ ਦੀਆਂ ਧੀਆਂ ਲਈ? ਉਨ੍ਹਾਂ ਦੇ ਪਰਿਵਾਰਾਂ ਲਈ? ਉਨ੍ਹਾਂ ਦੀ ਇੱਜ਼ਤ ਲਈ?

ਇਹ ਸੂਚੀ ਦਰਦਨਾਕ ਢੰਗ ਨਾਲ ਲੰਮੀ ਹੈ। ਗੁਜਰਾਤ। ਨਰੋਦਾ ਪਾਟੀਆ। ਬਿਲਕਿਸ ਬਾਨੋ। ਕੰਧਮਾਲ। ਗਊ-ਰੱਖਿਅਕਾਂ ਵੱਲੋਂ ਕੀਤੀਆਂ ਗਈਆਂ ਹਜੂਮੀ-ਹੱਤਿਆਵਾਂ। ਹਾਥਰਸ। ਦਿੱਲੀ। ਮੁਸਲਮਾਨਾਂ ਨੂੰ ਲਗਾਤਾਰ ਦਾਨਵਾਂ ਵਾਂਗ ਪੇਸ਼ ਕਰਨਾ। ਔਰਤ ਪੱਤਰਕਾਰਾਂ ਨੂੰ ਦਿੱਤੀਆਂ ਜਾਣ ਵਾਲੀਆਂ ਗਾਲਾਂ। ਕਾਰਕੁਨਾਂ ਨੂੰ ਆਨਲਾਈਨ ਦਿੱਤੀਆਂ ਜਾਣ ਵਾਲੀਆਂ ਧਮਕੀਆਂ। ਕੱਟੜ ਹਿੰਦੂਤਵੀ ਹਸਤੀਆਂ ਵੱਲੋਂ ਰਾਜਨੀਤਿਕ ਹਿੰਸਾ ਦਾ ਗੁਣਗਾਣ।

ਅਤੇ ਹੁਣ ਪ੍ਰਧਾਨ ਮੰਤਰੀ ਨੂੰ ਪਤਾ ਲੱਗਦਾ ਹੈ ਕਿ ਨੌਜਵਾਨ ਔਰਤਾਂ ਵੱਲੋਂ ਉਸ ਵਿਰੁੱਧ ਅਸ਼ਲੀਲ ਗੱਲਾਂ ਕਹਿਣਾ ਸੱਭਿਆਚਾਰਕ ਸਦਮਾ ਹੈ।

ਸ਼੍ਰੀਮਾਨ ਮੋਦੀ, ਸੱਭਿਆਚਾਰ ਕੋਈ ਇੱਕ-ਪਾਸੜ ਸ਼ੀਸ਼ਾ ਨਹੀਂ ਹੈ।

ਜੇ ਅਸ਼ਲੀਲ ਭਾਸ਼ਾ ਤੁਹਾਨੂੰ ਸਦਮਾ ਪਹੁੰਚਾਉਂਦੀ ਹੈ, ਤਾਂ ਚੰਗੀ ਗੱਲ ਹੈ। ਉਸ ਨੂੰ ਪਹੁੰਚਾਉਣਾ ਵੀ ਚਾਹੀਦਾ ਹੈ।

ਪਰ ਫਿਰ ਉਹ ਤੁਹਾਨੂੰ ਹਰ ਥਾਂ ਸਦਮਾ ਪਹੁੰਚਾਵੇ।

ਜਦੋਂ ਕਿਸੇ ਮੁਸਲਮਾਨ ਨੂੰ ਭੀੜ ਕੁੱਟ-ਕੁੱਟ ਕੇ ਮਾਰ ਦੇਵੇ, ਉਦੋਂ ਵੀ ਤੁਹਾਨੂੰ ਸਦਮਾ ਲੱਗਣਾ ਚਾਹੀਦਾ ਹੈ।

ਜਦੋਂ ਕਿਸੇ ਗਰਭਵਤੀ ਔਰਤ ਦੀ ਸਿਰਫ਼ ਇਸ ਲਈ ਹੱਤਿਆ ਕਰ ਦਿੱਤੀ ਜਾਵੇ ਕਿ ਉਹ ਮੁਸਲਮਾਨ ਹੈ, ਉਦੋਂ ਵੀ ਤੁਹਾਨੂੰ ਸਦਮਾ ਲੱਗਣਾ ਚਾਹੀਦਾ ਹੈ।

ਜਦੋਂ ਬਲਾਤਕਾਰ ਪੀੜਤਾ ਦੇ ਪਰਿਵਾਰ ਨੂੰ ਉਸ ਦੀ ਲਾਸ਼ ਘਰ ਲਿਜਾਣ ਦੇ ਗੌਰਵ ਤੋਂ ਵਾਂਝਾ ਕਰ ਦਿੱਤਾ ਜਾਵੇ, ਉਦੋਂ ਵੀ ਤੁਹਾਨੂੰ ਸਦਮਾ ਲੱਗਣਾ ਚਾਹੀਦਾ ਹੈ।

ਜਦੋਂ ਭੀੜਾਂ ਭਗਵੇਂ ਝੰਡਿਆਂ ਪਿੱਛੇ ਮਾਰਚ ਕਰਦੀਆਂ ਹੋਈਆਂ ਲੋਕਾਂ ਦੇ ਕਤਲ ਕਰਨ, ਉਦੋਂ ਵੀ ਤੁਹਾਨੂੰ ਸਦਮਾ ਲੱਗਣਾ ਚਾਹੀਦਾ ਹੈ।

ਜਦੋਂ ਤੁਹਾਡੇ ਰਾਜਨੀਤਕ ਹਮਾਇਤੀ ਔਰਤ ਪੱਤਰਕਾਰਾਂ ਨੂੰ ਜਿਨਸੀ ਅਸ਼ਲੀਲ ਗਾਲਾਂ ਕੱਢਣ, ਉਦੋਂ ਵੀ ਤੁਹਾਨੂੰ ਸਦਮਾ ਲੱਗਣਾ ਚਾਹੀਦਾ ਹੈ।

ਜਦੋਂ ਹਿੰਦੂਤਵੀ ਕੱਟੜਪੰਥੀ ਜਨਤਕ ਤੌਰ 'ਤੇ ਗਾਂਧੀ ਨੂੰ ਗਾਲਾਂ ਕੱਢਣ, ਉਦੋਂ ਵੀ ਤੁਹਾਨੂੰ ਸਦਮਾ ਲੱਗਣਾ ਚਾਹੀਦਾ ਹੈ।

ਜਦੋਂ ਕਿਸੇ ਮੁਸਲਿਮ ਪਰਿਵਾਰ ਦੇ ਕਾਤਲਾਂ ਨੂੰ ਨਾਇਕ ਬਣਾ ਦਿੱਤਾ ਜਾਵੇ, ਉਦੋਂ ਵੀ ਤੁਹਾਨੂੰ ਸਦਮਾ ਲੱਗਣਾ ਚਾਹੀਦਾ ਹੈ।

ਜਦੋਂ ਬਲਾਤਕਾਰ ਅਤੇ ਕਤਲ ਦੇ ਦੋਸ਼ੀ ਵਿਅਕਤੀ ਦਾ ਜੇਲ੍ਹ ਤੋਂ ਬਾਹਰ ਆਉਣ 'ਤੇ ਕਿਸੇ ਮਸ਼ਹੂਰ ਹਸਤੀ ਵਾਂਗ ਸਵਾਗਤ ਕੀਤਾ ਜਾਵੇ, ਉਦੋਂ ਵੀ ਤੁਹਾਨੂੰ ਸਦਮਾ ਲੱਗਣਾ ਚਾਹੀਦਾ ਹੈ।

ਨਹੀਂ ਤਾਂ 'ਸੱਭਿਆਚਾਰਕ ਸਦਮਾ' ਕਿਸੇ ਨੈਤਿਕ ਸਿਧਾਂਤ ਨਾਲੋਂ ਘੱਟ ਅਤੇ ਇੱਕ ਵੀ.ਆਈ.ਪੀ. ਸਹੂਲਤ ਵਾਂਗ ਵੱਧ ਲੱਗਣ ਲੱਗਦਾ ਹੈ।

ਅਸਲ ਸਵਾਲ ਇੱਥੇ ਹੀ ਹੈ।

ਕਿਸੇ ਸੱਭਿਆਚਾਰ ਦਾ ਮੁਲਾਂਕਣ ਇਸ ਆਧਾਰ 'ਤੇ ਨਹੀਂ ਕੀਤਾ ਜਾਂਦਾ ਕਿ ਉਹ ਤਾਕਤਵਰ ਲੋਕਾਂ ਨਾਲ ਕਿੰਨੀ ਨਜ਼ਾਕਤ ਨਾਲ ਪੇਸ਼ ਆਉਂਦਾ ਹੈ। ਉਸ ਦਾ ਮੁਲਾਂਕਣ ਇਸ ਆਧਾਰ 'ਤੇ ਕੀਤਾ ਜਾਂਦਾ ਹੈ ਕਿ ਉਹ ਕਮਜ਼ੋਰ ਲੋਕਾਂ ਨਾਲ ਕਿਹੋ ਜਿਹਾ ਵਿਹਾਰ ਕਰਦਾ ਹੈ।

ਪ੍ਰਧਾਨ ਮੰਤਰੀ ਦੀ ਮਾਂ ਸਤਿਕਾਰ ਦੀ ਹੱਕਦਾਰ ਹੈ। ਉਸੇ ਤਰ੍ਹਾਂ ਉਸ ਮੁਸਲਿਮ ਵਿਅਕਤੀ ਦੀ ਮਾਂ ਵੀ ਸਤਿਕਾਰ ਦੀ ਹੱਕਦਾਰ ਹੈ, ਜਿਸ ਨੂੰ ਭੀੜ ਨੇ ਕੁੱਟ-ਕੁੱਟ ਕੇ ਮਾਰ ਦਿੱਤਾ। ਉਸੇ ਤਰ੍ਹਾਂ ਉਸ ਦਲਿਤ ਔਰਤ ਦੀ ਮਾਂ ਵੀ ਸਤਿਕਾਰ ਦੀ ਹੱਕਦਾਰ ਹੈ, ਜਿਸ ਦੀ ਜਿਨਸੀ ਹਿੰਸਾ ਤੋਂ ਬਾਅਦ ਮੌਤ ਹੋ ਗਈ। ਉਸੇ ਤਰ੍ਹਾਂ ਉਸ ਬੱਚੇ ਦੀ ਮਾਂ ਵੀ ਸਤਿਕਾਰ ਦੀ ਹੱਕਦਾਰ ਹੈ, ਜਿਸ ਨੂੰ ਫ਼ਿਰਕੂ ਕਤਲੇਆਮ ਵਿਚ ਜਿਊਂਦਾ ਸਾੜ ਦਿੱਤਾ ਗਿਆ। ਉਸੇ ਤਰ੍ਹਾਂ ਹਰ ਉਸ ਪੱਤਰਕਾਰ ਦੀ ਮਾਂ ਵੀ ਸਤਿਕਾਰ ਦੀ ਹੱਕਦਾਰ ਹੈ, ਜਿਸ ਨੂੰ ਧਮਕਾ ਕੇ ਚੁੱਪ ਕਰਵਾ ਦਿੱਤਾ ਗਿਆ। ਅਤੇ ਉਸੇ ਤਰ੍ਹਾਂ ਹਰ ਉਹ ਔਰਤ ਵੀ ਸਤਿਕਾਰ ਦੀ ਹੱਕਦਾਰ ਹੈ, ਜਿਸ ਨੂੰ ਸਿਰਫ਼ ਅਸਹਿਮਤੀ ਪ੍ਰਗਟ ਕਰਨ ਦੀ ਹਿੰਮਤ ਕਰਨ ਦੇ ਕਾਰਨ ਰਾਜਨੀਤਿਕ ਟ੍ਰੋਲਾਂ ਦਾ ਗੰਦ ਪੜ੍ਹਨਾ ਪਿਆ।

ਜੇ ਸ਼੍ਰੀਮਾਨ ਮੋਦੀ ਸੱਚਮੁੱਚ ਸੱਭਿਆਚਾਰ ਦੀ ਗੱਲ ਕਰਨਾ ਚਾਹੁੰਦਾ ਹਨ, ਤਾਂ ਉਸ ਨੂੰ ਉਸ ਸੱਭਿਆਚਾਰ ਦੀ ਵੀ ਗੱਲ ਕਰਨੀ ਚਾਹੀਦੀ ਹੈ।

ਨਹੀਂ ਤਾਂ ਉਸ ਦਾ 'ਸੱਭਿਆਚਾਰਕ ਸਦਮਾ' ਜ਼ਮੀਰ ਦੀ ਆਵਾਜ਼ ਘੱਟ ਅਤੇ ਉਸ ਵਿਸ਼ੇਸ਼ ਅਧਿਕਾਰ ਦੀ ਪ੍ਰਤੀਕਿਰਿਆ ਵੱਧ ਲੱਗਦਾ ਹੈ, ਜਿਸ ਨੂੰ ਪਹਿਲੀ ਵਾਰ ਪਤਾ ਲੱਗਿਆ ਹੈ ਕਿ ਨਿਸ਼ਾਨੇ 'ਤੇ ਹੋਣਾ ਕਿਹੋ ਜਿਹਾ ਮਹਿਸੂਸ ਹੁੰਦਾ ਹੈ।


# ਸੱਤਾ ਨਾਲ ਸੰਚਾਰ ਦਾ ਨਵਾਂ ਸਾਧਨ: ਬੋਲੀ ਦਾ ਬੁੱਲਡੋਜ਼ਰ








17 ਮਈ 1964 ਨੂੰ ਪ੍ਰਸਿੱਧ ਕਾਰਟੂਨਿਸਟ ਅਤੇ ਪ੍ਰਧਾਨ ਮੰਤਰੀ ਨਹਿਰੂ ਦੇ ਮਿੱਤਰ ਸ਼ੰਕਰ ਨੇ ਆਪਣੇ ਅਖ਼ਬਾਰ 'ਸ਼ੰਕਰਜ਼ ਵੀਕਲੀ' ਵਿਚ ਇਕ ਕਾਰਟੂਨ ਛਾਪਿਆ ਸੀ ਜਿਸ ਵਿਚ ਨਹਿਰੂ ਨੂੰ ਇਕ ਰੀਲੇ ਦੌੜ ਦੌੜਦਿਆਂ ਦਿਖਾਇਆ ਗਿਆ ਹੈ। ਉਸਦੇ ਹੱਥ ਵਿਚ ਮਿਸ਼ਾਲ ਹੈ ਪਰ ਉਹ ਹਫ਼ਿਆ ਹੋਇਆ ਹੈ। ਉਸ ਪਾਸੋਂ ਬੈਟਨ ਫੜ ਕੇ ਅਗਲਾ ਹਿੱਸਾ ਦੌੜਨ ਵਸਤੇ ਗੁਲਜ਼ਾਰੀ ਲਾਲ ਨੰਦਾ, ਲਾਲ ਬਹਾਦਰ ਸ਼ਾਸਤਰੀ, ਮੁਰਾਰਜੀ ਡਿਸਾਈ, ਕ੍ਰਿਸ਼ਨਾ ਮੈਨਨ ਅਤੇ ਇੰਦਰਾ ਗਾਂਧੀ ਉਸਦੇ ਅੱਗੇ ਦੌੜ ਰਹੇ ਹਨ। ਸ਼ੰਕਰ ਨੇ ਇਕ ਤਰ੍ਹਾਂ ਨਾਲ ਨਹਿਰੂ ਦੀ ਪ੍ਰਧਾਨ ਮੰਤਰੀ ਦੀ ਕੁਰਸੀ ਦੇ ਅੰਤ ਦਾ ਐਲਾਨ ਕਰ ਦਿੱਤਾ ਸੀ। ਪਰ ਨਹਿਰੂ ਨੇ ਇਸਦਾ ਉੱਕਾ ਹੀ ਬੁਰਾ ਨਹੀਂ ਮਨਾਇਆ ਅਤੇ ਉਸਨੂੰ ਕਿਹਾ ਕਿ, 'ਸ਼ੰਕਰ, ਮੈਨੂੰ ਬਿਲਕੁਲ ਨਾ ਬਖ਼ਸ਼ੀਂ'। ਦਸ ਦਿਨਾਂ ਬਾਅਦ ਨਹਿਰੂ ਸਚਮੁਚ ਫ਼ੌਤ ਹੋ ਗਿਆ। ਇਸ ਤੋਂ ਵੀ ਵੱਧ ਮਹੱਤਵ ਵਾਲਾ ਹੈ 1960 ਵਿਚ ਛਪਿਆ ਸ਼ੰਕਰ ਦਾ ਉਹ ਕਾਰਟੂਨ ਜਿਸ ਵਿਚ ਨਹਿਰੂ ਨੂੰ ਖੋਤਾ



**ਆਤਮਜੀਤ**

ਦਰਸਾਇਆ ਗਿਆ ਹੈ। ਨਹਿਰੂ ਨੇ ਨਾ ਗ਼ੁੱਸਾ ਕੀਤਾ, ਨਾ ਉਸਨੂੰ ਗ੍ਰਿਫ਼ਤਾਰ ਕੀਤਾ। ਉਹ ਚੁੱਪ ਕਰਕੇ ਵੀ ਨਹੀਂ ਬੈਠਾ ਤੇ ਸੰਚਾਰ ਨੂੰ ਟੁੱਟਣ ਨਹੀਂ ਦਿੱਤਾ। ਅਗਲੇ ਦਿਨ ਉਸਨੂੰ ਫ਼ੋਨ ਕਰਕੇ ਪੁੱਛਿਆ ਕਿ 'ਕੀ ਤੂੰ ਅੱਜ ਸ਼ਾਮ ਨੂੰ ਇਸ ਖੋਤੇ ਨਾਲ ਚਾਹ ਪੀਣਾ ਚਾਹੇਂਗਾ?' ਜੰਤਰ-ਮੰਤਰ ਉਤੇ ਸੈਂਕੜੇ ਨਾਅਰੇ ਲਿਖੇ ਗਏ ਅਤੇ ਅਨੇਕਾਂ ਮੀਮ ਬਣਾਏ ਗਏ। ਜਿਸ ਨਾਅਰੇ ਨੇ ਮੈਨੂੰ ਨਹਿਰੂ ਦੀ ਯਾਦ ਦਿਵਾਈ ਉਹ ਸੀ, 'ਮੇਰੇ ਬਹੁਤ ਪਿਆਰੇ ਮੋਦੀ, ਮੈਂ ਤੈਨੂੰ ਨਫ਼ਰਤ ਕਰਦਾ ਹਾਂ।' ਬੋਲੀ ਅਤੇ ਸੰਚਾਰ ਦੇ ਨਜ਼ਰੀਏ ਤੋਂ ਦੇਖੀਏ ਤਾਂ ਇਨ੍ਹਾਂ ਦੋਹਾਂ ਵਿਚਲਾ ਫ਼ਰਕ ਬਹੁਤ ਸਪਸ਼ਟ ਹੈ। ਕਿਸੇ ਮੁਲਕ ਦੇ ਪ੍ਰਧਾਨ ਮੰਤਰੀ ਨੂੰ ਖੋਤਾ ਬਣਾ ਕੇ ਦਰਸਾਉਣਾ ਬਹੁਤ ਵੱਡਾ ਗੁਨਾਹ ਜਾਪਦਾ ਹੈ ਪਰ ਅੱਜ ਉਸ ਖੋਤੇ ਨੂੰ ਪਿਆਰ ਕਰਨ ਨੂੰ ਜੀਅ ਕਰਦਾ ਹੈ ਕਿਉਂਕਿ ਉਸ ਵਿਚ ਆਪਣੇ ਆਲੋਚਕ ਨਾਲ ਗੱਲ ਕਰਨ ਦੀ ਸਦਾਚਾਰਕ ਤਾਕਤ ਸੀ। ਸ਼ੰਕਰ ਨੇ ਖੋਤਾ ਵਾਹਿਆ ਸੀ, ਨਹਿਰੂ ਨੇ ਉਸਦਾ ਉੱਤਰ ਪਿਆਰ ਦੀ ਬੋਲੀ ਨਾਲ ਦਿੱਤਾ; ਉਸਨੂੰ ਆਪਣੇ ਅਹੁਦੇ ਦਾ ਹੰਕਾਰ ਨਹੀਂ ਸੀ। ਉਹ ਆਪਣੇ-ਆਪ ਨੂੰ ਰੱਬ ਦੇ ਹੱਥੀਂ ਘੜਿਆ ਮਨੁੱਖ ਨਹੀਂ ਸੀ ਸਮਝਦਾ, ਉਸ ਕੋਲ ਦੂਜੇ ਦੀ ਗੱਲ ਸੁਣਨ ਦੀ ਹਿੰਮਤ ਸੀ। ਜੇ ਉਸ ਉੱਤੇ ਕੋਈ ਉਂਗਲ ਚੁੱਕੀ ਗਈ ਤਾਂ ਉਸ ਹੱਥ ਨੂੰ ਕੱਟਣ ਦੀ ਥਾਂ ਇਸ਼ਾਰੇ ਨੂੰ ਸਮਝਣ ਦੀ ਕੋਸ਼ਿਸ਼ ਕੀਤੀ। ਉਸਦੀ ਸ਼ੈਲੀ ਵਾਰਤਾਲਾਪੀ ਸੀ, ਸ਼ਾਸਨ ਸੰਵਾਦੀ ਸੀ ਕਿਉਂਕਿ ਉਹ ਲੋਕਾਂ ਨੂੰ ਜੋੜਨ ਦਾ ਕੰਮ ਕਰਦਾ ਸੀ।

ਮੋਦੀ ਵਿਰੋਧੀ ਨਾਅਰੇ ਵਿਚ ਨਫ਼ਰਤ ਪ੍ਰਮੁੱਖ ਤੱਤ ਹੈ ਕਿਉਂਕਿ ਸਾਡੀ ਅਜੋਕੀ ਸਰਕਾਰ ਸੰਵਾਦ ਨੂੰ ਨਹੀਂ ਰਚਾਉਂਦੀ, ਬਲਕਿ ਵਿਵਾਦ ਨੂੰ ਭਖਾਉਂਦੀ ਹੈ। ਉਸਦਾ ਸੰਚਾਰ ਇਕਪਾਸੜ ਹੈ। ਇਹ ਸਰਕਾਰ ਖ਼ੁਦ ਬੋਲਦੀ ਰਹਿੰਦੀ ਹੈ। ਉਹ ਕਿਸੇ ਨੂੰ ਸੁਣਨਾ ਨਹੀਂ ਚਾਹੁੰਦੀ, ਸਿਰਫ਼ ਸੁਣਾਉਣਾ ਚਾਹੁੰਦੀ ਹੈ। ਮੂੰਹੋਂ ਇਹ ਸਰਕਾਰ ਸਭ ਦੇ ਵਿਕਾਸ ਦਾ ਨਾਅਰਾ ਲਾਉਂਦੀ ਹੈ ਪਰ ਢਿੱਡੋਂ ਧਰਮ, ਜਾਤੀ ਅਤੇ ਮਨਘੜਤ ਰਾਸ਼ਟਰਵਾਦ ਦੇ ਨਾਂ 'ਤੇ ਲੋਕਾਂ ਨੂੰ ਤੋੜਦੀ ਹੈ। ਇਸ ਕਾਰਜ ਲਈ ਉਹ ਬੋਲੀ ਦੀ ਦੁਰਵਰਤੋਂ ਵੀ ਕਰਦੀ ਹੈ। ਇਸ ਵਿਵਸਥਾ ਨੇ ਬੋਲੀ ਨੂੰ ਇਸ ਹਦ ਤਕ ਰੋਲ ਦਿੱਤਾ ਹੈ ਕਿ ਜਿਸਦਾ ਜੋ ਜੀਅ ਕਰਦਾ ਹੈ, ਉਹ ਬੋਲ ਦੇਂਦਾ ਹੈ। ਸ਼ਾਇਦ ਇਸੇ ਪ੍ਰਭਾਵ ਹੇਠ ਨਿਆਂ-ਪਾਲਕਾ ਦੇ ਸਿਆਣੇ-ਬਿਆਣੇ ਬੰਦੇ ਨੇ ਨੌਜਵਾਨਾਂ ਵਾਸਤੇ ਮੂੰਹੋਂ 'ਕਾਕਰੋਚ' ਵਰਗਾ ਗ਼ਲਤ ਸ਼ਬਦ ਕੱਢ ਦਿੱਤਾ। ਇਸ ਇਕ ਸ਼ਬਦ ਨੇ ਸੱਤਾ ਦੀ ਚੂਲ ਹਿਲਾ ਕੇ ਰੱਖ ਦਿੱਤੀ। ਨਵੀਂ ਪੀੜ੍ਹੀ ਨੇ ਇਸ ਸਰਕਾਰ ਨੂੰ ਆਪਣੇ 'ਮਨ' ਦੀ ਉਹ ਸਾਰੀ ਬਾਤ ਸੁਣਾ ਦਿੱਤੀ ਹੈ ਜਿਹੜੀ ਉਹ ਸੁਣ ਕੇ ਰਾਜ਼ੀ ਨਹੀਂ ਸੀ। ਪ੍ਰਧਾਨ ਮੰਤਰੀ ਮੋਦੀ ਅਪੋਜ਼ੀਸ਼ਨ ਦੀ ਕੋਈ ਗੱਲ ਨਹੀਂ ਸੀ ਸੁਣਦਾ। ਦੂਜਿਆਂ ਨੂੰ ਹਰ ਗੱਲ 'ਤੇ ਰਾਸ਼ਟਰ-ਵਿਰੋਧੀ ਜਾਂ ਸਨਾਤਨ-ਵਿਰੋਧੀ ਗਰਦਾਨਨਾ ਇਸ ਸਰਕਾਰ ਦੀ ਸਭ ਤੋਂ ਵੱਡੀ ਤਾਕਤ ਹੈ। ਪ੍ਰੈੱਸ ਕਾਨਫ਼ਰੰਸ ਉਹ ਕਰਦਾ ਹੀ ਨਹੀਂ ਅਤੇ ਆਪਣੇ ਮੰਤਰੀ-ਮੰਡਲ ਨੂੰ ਉਸਨੇ ਬੋਲਣ ਜੋਗਾ ਵੀ ਨਹੀਂ ਛੱਡਿਆ। ਉਹ ਆਪਣੀ ਬੋਲੀ ਬੋਲਦਾ ਸੀ, ਕਿਸੇ ਦੀ ਸੁਣਦਾ ਨਹੀਂ ਸੀ। ਇਸੇ ਲਈ ਇਕ ਵਿਦਿਆਰਥੀ ਨੇ ਹੱਥਲੀ ਤਖ਼ਤੀ 'ਤੇ ਲਿਖਿਆ ਸੀ: 'ਮੋਦੀ ਦਾ ਈ ਐਨ ਟੀ ਸਟੇਟੱਸ: ਗੂੰਗਾ ਅਤੇ ਬੋਲਾ; ਆਖਰੀ ਵਾਰ ਮੈਲੋਨੀ ਦੇ ਦੇਸ਼ ਵਿਚ ਦੇਖਿਆ ਗਿਆ।' ਪਰ ਅਸੀਂ ਸਾਰਿਆਂ ਦੇਖਿਆ ਕਿ ਇਸ ਵਾਰ ਦੇਸ਼ ਦੇ ਨੌਜਵਾਨਾਂ ਨੇ ਆਪਣੀ ਬੋਲੀ ਨੂੰ ਸੱਚਮੁੱਚ ਦੇ ਤੀਰਾਂ ਵਾਂਗ ਚਲਾਇਆ ਤੇ ਬੰਬਾਂ ਵਾਂਗ ਵਰ੍ਹਾਇਆ। ਭਾਰਤ ਦੇ ਇਤਿਹਾਸ ਵਿਚ ਭਾਸ਼ਾ ਦਾ ਅਜਿਹਾ ਸ਼ਕਤੀਸ਼ਾਲੀ ਹਮਲਾ ਪਹਿਲੀ ਵਾਰ ਹੋਇਆ। ਬੋਲੀ ਦੇ ਬੁੱਲਡੋਜ਼ਰ ਨੂੰ ਬਹੁਤ ਕਮਾਲ ਦੇ ਢੰਗ ਨਾਲ ਚਲਾਇਆ। ਕਿਸੇ ਦਾ ਕੋਈ ਜਿਸਮਾਨੀ ਜਾਂ ਆਰਥਿਕ ਨੁਕਸਾਨ ਨਹੀਂ ਕੀਤਾ; ਫਿਰ ਵੀ ਸੱਤਾ ਦੇ ਅਹੰਕਾਰ ਅਤੇ ਇਕਪਾਸੜਤਾ ਦੀ ਹਵਾ ਕੱਢ ਕੇ ਰੱਖ ਦਿੱਤੀ।

ਦੇਖਿਆ ਜਾਵੇ ਤਾਂ ਇਸ ਪੀੜ੍ਹੀ ਕੋਲ ਹੋਰ ਹੈ ਵੀ ਕੀ ਸੀ? ਉਨ੍ਹਾਂ ਦੇ ਸਾਹਮਣੇ ਡੰਡੇ ਸਨ, ਡੰਡਿਆਂ ਉੱਤੇ ਕਿੱਲ ਸਨ, ਬਿਜਲੀ ਦੇ ਰਾਡ ਸਨ, ਪਾਣੀ ਦੀਆਂ ਬੁਛਾਰਾਂ ਸਨ, ਪੈਲਟ ਗੰਨਾਂ ਸਨ; ਹੋਰ ਤਾਂ ਹੋਰ, ਸਰਕਾਰਾਂ ਏ ਕੇ ਸੰਤਾਲੀ ਵੀ ਕੱਢ ਲਿਆਈਆਂ ਸਨ। ਇਸਦੇ ਨਾਲ-ਨਾਲ ਬੱਚਿਆਂ ਦੇ ਸਾਹਮਣੇ ਉਨ੍ਹਾਂ ਦੀ ਮਿਹਨਤ ਦੀ ਲੁੱਟ-ਮਾਰ ਸੀ, ਕਾਨੂੰਨ ਦੀਆਂ ਧਾਰਾਵਾਂ ਸਨ, ਹਨੇਰਾ ਭਵਿੱਖ ਸੀ ਅਤੇ ਮਾਂ-ਪਿਉ ਦੀਆਂ ਵੱਡੀਆਂ ਉਮੀਦਾਂ ਵਿਚ ਰੁਲੇ ਸੁਪਨੇ ਅਤੇ ਗ਼ੁੱਸੇ ਭਰੀਆਂ ਅੱਖਾਂ ਸਨ। ਖ਼ੁਸ਼ਕਿਸਮਤੀ ਨਾਲ ਜੈਨ ਜ਼ੀ ਨੂੰ ਵੱਡਿਆਂ ਵਾਲਾ ਕੋਈ ਡਰ ਨਹੀਂ ਸੀ ਕਿਉਂਕਿ ਹੁਣ ਉਨ੍ਹਾਂ ਕੋਲ ਗੁਆਉਣ ਲਈ ਬਾਕੀ ਕੁਝ ਵੀ ਨਹੀਂ ਸੀ। ਉਹ ਇਨਕਮ ਟੈਕਸ, ਆਈ ਬੀ, ਈ ਡੀ ਆਦਿ ਤੋਂ ਪੂਰੀ ਤਰ੍ਹਾਂ ਨਿਰਭਉ ਸਨ। ਉਨ੍ਹਾਂ ਨੂੰ ਖਾਲਿਸਤਾਨੀ, ਪਾਕਿਸਤਾਨੀ, ਰਾਸ਼ਟਰਵਰੋਧੀ ਜਾਂ ਆਤੰਕਵਾਦੀ ਨਹੀਂ ਸੀ ਕਿਹਾ ਜਾ ਸਕਦਾ। ਜੇ ਕਿਸੇ ਨੇ ਇਹ ਹਿਮਾਕਤ ਕੀਤੀ ਤਾਂ ਉਹ ਪੁੱਠੀ ਪਈ; ਇਹ ਗੱਲ ਕਿਸੇ ਨੇ ਵੀ ਨਹੀਂ ਸੁਣੀ। ਇਸੇ ਲਈ ਉਹ ਪੂਰੀ ਤਰ੍ਹਾਂ ਦਬੰਗ, ਮਲੰਗ ਤੇ ਨਿਹੰਗ ਸਨ। ਜਵਾਨਾਂ ਕੋਲ ਸਿਰਫ਼ ਬੋਲੀ ਸੀ ਤੇ ਕਲਾ ਸੀ। ਇਹ ਤਾਕਤ ਉਨ੍ਹਾਂ ਦੇ ਅੰਦਰ ਪਈ ਹੋਈ ਹੈ; ਉਨ੍ਹਾਂ ਨੂੰ ਕਿਸੇ ਕੋਲੋਂ ਲਿਆਉਣ ਦੀ ਕੋਈ ਲੋੜ ਨਹੀਂ ਸੀ। ਇਸ ਲਈ ਉਹਨੂੰ ਖੋਹਿਆ ਵੀ ਨਹੀਂ ਜਾ ਸਕਦਾ। ਤੇ ਨਾਲ ਸੀ ਉਮਰ ਦੀ ਮਾਸੂਮੀਅਤ ਜਿਸ ਵਿਚ ਚੁਲਬੁਲਾਪਨ ਸੀ, ਹਾਸਾ ਸੀ, ਵਿਅੰਗ ਸੀ। ਉਨ੍ਹਾਂ ਕੋਲ ਅਕਲ ਵੀ ਸੀ। ਉਨ੍ਹਾਂ ਅਜਿਹੀ ਤਾਕਤ ਅਤੇ ਨਿਸ਼ਾਨਾ ਬੰਨ੍ਹ ਕੇ ਬੋਲੀ ਦੀਆਂ ਐਸੀਆਂ ਮਿਜ਼ਾਈਲਾਂ ਦਾਗ਼ੀਆਂ ਕਿ ਕਈ ਲੋਕ ਢਹਿ-ਢੇਰੀ ਹੋ ਗਏ। ਦੇਖੋ ਜੈਨ ਜ਼ੀ ਦੀ ਬੋਲੀ ਦੇ ਕੁਝ ਬੁਲੱਡੋਜ਼ਰ:

- 'ਮੋਦੀ ਜੀ, ਮੇਰੇ ਬੁਰੇ ਦਿਨ ਵਾਪਿਸ ਦੇ ਦੋ।'

-'ਧਰਮਿੰਦਰ! ਡਾਇਪਰ ਛੱਡ ਦੇ, ਪੈਡ ਵਰਤਿਆ ਕਰ ਉਹ ਏਨੇ 'ਲੀਕ' ਨਹੀਂ ਹੁੰਦੇ। ਸਿਆਣਾ ਬਣ!'

-ਮੋਦੀ ਦੀਆਂ ਕਾਬੂ ਤੋਂ ਬਾਹਰ ਛਾਤੀਆਂ ਉੱਤੇ ਬਰਾ ਪਾ ਕੇ ਹੇਠਾਂ ਲਿਖ ਦਿੱਤਾ: '56 ਇੰਚ ਦੀ ਛਾਤੀ ਦੀ ਹੁੱਕ ਬੰਦ ਕਰ। ਕੁਰੱਪਸ਼ਨ ਲੀਕ ਹੋ ਰਹੀ ਹੈ।'

-'ਭਾਰਤ ਨੂੰ ਕਬਜ਼ੀ ਹੋ ਚੁੱਕੀ ਹੈ। ਆਉ ਇਸ ਅੰਦਰਲੇ ਗੰਦ ਨੂੰ ਫ਼ਲੱਸ਼ ਕਰਕੇ ਬਾਹਰ ਸੁੱਟ ਦੇਈਏ।'

-'ਏਨੇ ਤਾਂ ਮੇਰੇ ਸੈਨੇਟਰੀ ਪੈਡ ਲੀਕ ਨਹੀਂ ਹੁੰਦੇ ਜਿੰਨੇ ਦੇਸ਼ ਦੇ ਪੇਪਰ ਲੀਕ ਹੋ ਰਹੇ ਹਨ।'

-'ਅੱਛੇ ਦਿਨ ਕਬ ਲੀਕ ਹੋਂਗੇ?'

-ਮੋਦੀ ਦੀ ਤਸਵੀਰ ਬਣਾ ਕੇ ਹੇਠਾਂ ਲਿਖ ਦਿੱਤਾ: 'ਦ ਲਾਈ ਲਾਮਾ।'

ਵਿਦਿਆਰਥੀਆਂ ਦਾ ਬੁੱਲਡੋਜ਼ਰ ਦਿੱਸ ਨਹੀਂ ਸੀ ਰਿਹਾ ਪਰ ਉਹ ਲਗਤਾਰ ਚੱਲ ਰਿਹਾ ਸੀ। ਸਵਾਲ ਇਹ ਹੈ ਕਿ ਉਹ ਤਾਕਤ ਕਿੱਥੋਂ ਲੈ ਰਿਹਾ ਸੀ? ਅਸਲ ਵਿਚ ਇਹ ਬੁਲੱਡੋਜ਼ਰ ਉਨ੍ਹਾਂ ਦੀ ਘੋਰ ਬੇਵੱਸੀ ਵਿਚੋਂ ਪੈਦਾ ਹੋਇਆ ਸੀ। ਉਹ ਏਨੇ ਸਤਾਏ ਜਾ ਚੁੱਕੇ ਹਨ ਕਿ ਉਨ੍ਹਾਂ ਲਈ ਕਰੋ ਜਾਂ ਮਰੋ ਦੀ ਹਾਲਤ ਹੈ। ਉਨ੍ਹਾਂ ਕੋਲ ਡਿਗਰੀ ਹੈ, ਜਜ਼ਬਾ ਹੈ, ਅਕਲ ਹੈ, ਕੰਮ ਕਰਨ ਦੀ ਇੱਛਾ ਹੈ ਪਰ ਨੌਕਰੀ ਨਹੀਂ, ਰੁਜ਼ਗਾਰ ਦੇ ਮੌਕੇ ਨਹੀਂ, ਕੋਈ ਆਸ ਨਹੀਂ, ਸਿਸਟਮ ਵਿਚ ਵਿਸ਼ਵਾਸ ਵੀ ਨਹੀਂ। ਏਸੇ ਲਈ ਇਕ ਤਖਤੀ 'ਤੇ ਲਿਖਿਆ ਸੀ: 'ਸਾਡੇ ਐਜੂਕੇਸ਼ਨ ਸਿਸਟਮ ਵਿਚ ਦੋ ਚੀਜ਼ਾਂ ਨਹੀਂ ਹਨ; ਪਹਿਲੀ 'ਐਜੂਕੇਸ਼ਨ'ਅਤੇ ਦੂਜੀ 'ਸਿਸਟਮ'।'' ਪੇਪਰ ਲੀਕ ਤਾਂ ਪ੍ਰੋਟੈਸਟ ਦਾ ਬਹਾਨਾ ਸੀ; ਏਥੇ ਤਾਂ ਸਭ ਕੁਝ ਲੀਕ ਹੋ ਰਿਹਾ ਹੈ। ਪਰ ਸਾਡੇ ਵਿਦਿਅਰਥੀ ਸਿਆਣੇ ਹਨ, ਸਭ ਕੁਝ ਕਰਦਿਆਂ ਵੀ ਉਹ ਹੋਸ਼ ਵਿਚ ਰਹੇ। ਉਹ ਦਿਨ ਵੇਲੇ ਕੁੱਟ ਖਾਂਦੇ ਸਨ ਤੇ ਰਾਤ ਵੇਲੇ ਨੱਚਦੇ-ਟੱਪਦੇ ਸਨ। ਪਹਿਲੇ ਕੁਝ ਦਿਨ ਉਹ ਪਾਣੀ ਜਾਂ ਚਾਹ ਦੇ ਕੱਪ ਨਾਲ ਵੀ ਡੰਗ ਟਪਾਉਂਦੇ ਰਹੇ। ਉਹ ਜੰਤਰ-ਮੰਤਰ ਦੀ ਸਿਰਫ਼ ਇਕ ਸਟੇਜ ਨਾਲ ਨਹੀਂ ਸੀ ਚੰਬੜੇ ਹੋਏ। ਉਹ ਵੱਖ-ਵੱਖ ਢਾਣੀਆਂ ਵਿਚ ਬਹਿ ਜਾਂਦੇ ਸਨ ਅਤੇ ਆਪੋ-ਆਪਣੇ ਰਾਜ ਦੀ ਬੋਲੀ ਵਿਚ ਮੁਲਕ ਦੇ ਬਹੁਤ ਸਾਰੇ ਮਸਲਿਆਂ ਨੂੰ ਵਿਚਾਰਦੇ ਸਨ। ਪੇਪਰ ਲੀਕ ਤਾਂ ਉਨ੍ਹਾਂ ਅੰਦਰਲੀ ਬੇਬਸੀ ਨੂੰ ਪ੍ਰਗਟਾਉਣ ਦਾ ਸਿਰਫ਼ ਬਹਾਨਾ ਬਣਿਆਂ। ਉਨ੍ਹਾਂ ਨੂੰ ਕੋਈ ਬੱਝਵੀਂ ਲੀਡਰਸ਼ਿਪ ਨਹੀਂ ਸੀ ਦੇ ਰਿਹਾ ਪਰ ਉਹ ਸਵੈ-ਚਾਲਿਤ ਹੁੰਦਿਆਂ ਵੀ ਸੰਚਾਲਿਤ ਸਨ। ਉਨ੍ਹਾਂ ਦੀ ਸਮਝ ਇਸ ਹਦ ਤਕ ਵਿਕਸਿਤ ਹੋ ਚੁੱਕੀ ਹੈ ਕਿ ਉਨ੍ਹਾਂ ਦਾ ਮਸਲਾ ਸਿਰਫ਼ ਪ੍ਰਧਾਨ ਦਾ ਅਸਤੀਫ਼ਾ ਨਹੀਂ ਸੀ। ਉਹ ਦੇਸ਼ ਦੀਆਂ ਸਾਰੀਆਂ ਸਮੱਸਿਆਵਾਂ ਬਾਰੇ ਚਿੰਤਤ ਹੋ ਗਏ ਸਨ ਕਿਉਂਕਿ ਸੱਤਾ ਦਾ ਰਵੱਈਆ ਬਹੁਤ ਹੈਂਕੜ ਵਾਲਾ ਅਤੇ ਹਿਮਾਕਤ ਵਾਲਾ ਸੀ। ਇਸੇ ਲਈ ਉਨ੍ਹਾਂ ਦਾ ਇਹ ਨਾਅਰਾ ਵੀ ਬਣ ਗਿਆ ਕਿ 'ਪ੍ਰਧਾਨ ਤੋ ਕੇਵਲ ਝਾਕੀ ਹੈ; ਅਸਲੀ ਪਿਕਚਰ ਬਾਕੀ ਹੈ।'

ਜੰਤਰ-ਮੰਤਰ ਵਿਚ ਬੱਚਿਆਂ ਨੇ ਜਿਵੇਂ ਵਿਰੋਧ ਅਤੇ ਨਾਬਰੀ ਦਾ ਬਹੁਤ ਮਿਸਾਲੀ ਪ੍ਰਦਰਸ਼ਨ ਕੀਤਾ ਉਸਦੀ ਸੁਜਾਖੇ ਦੇਸ਼ ਵਾਸੀਆਂ ਨੇ ਪੂਰੀ ਤਾਰੀਫ਼ ਕੀਤੀ। ਉਨ੍ਹਾਂ ਨੇ ਬੇਹੇ ਹੋ ਚੁੱਕੇ ਖ਼ਿਆਲਾਂ ਨੂੰ ਢਹਿ-ਢੇਰੀ ਕਰ ਦਿੱਤਾ। ਮਿਸਾਲ ਦੇ ਤੌਰ 'ਤੇ ਉੱਥੇ ਧਰਮ ਦੀ ਕੋਈ ਪਛਾਣ ਹੀ ਨਹੀਂ ਸੀ। ਦਰਅਸਲ ਇਸ ਪੀੜ੍ਹੀ ਨੇ ਇਸ ਸਰਕਾਰ ਦੀ ਧਾਰਮਿਕ ਸੰਕੀਰਨਤਾ ਨੂੰ ਪੈਰਾਂ ਵਿਚ ਰੋਲ ਕੇ ਰੱਖ ਦਿੱਤਾ। ਉਥੇ ਲੜਕਿਆਂ ਅਤੇ ਲੜਕੀਆਂ ਨੂੰ ਵੱਖ-ਵੱਖ ਕਰਕੇ ਦੇਖਣ ਵਾਲਾ ਨਫਰਤੀ ਵਿਤਕਰਾ ਨਹੀਂ ਸੀ। ਉਥੇ ਕੋਈ ਕਾਮਰੇਡੀ ਜਾਂ ਕਾਂਗਰਸੀ ਦਿਖਾਵਾ ਨਹੀਂ ਸੀ ਬਲਕਿ ਇਸ ਵਿਰੋਧ ਅਤੇ ਨਾਬਰੀ ਵਿਚ ਬੀ.ਜੇ.ਪੀ. ਦੇ ਪਰਿਵਾਰਾਂ ਦੇ ਬੱਚੇ ਵੀ ਸ਼ਾਮਿਲ ਸਨ। ਅਮੀਰੀ-ਗ਼ਰੀਬੀ, ਜਾਤ-ਪਾਤ ਅਤੇ ਉੱਤਰ-ਦੱਖਣ ਦਾ ਵੀ ਕੋਈ ਭੇਦ-ਭਾਵ ਨਹੀਂ ਸੀ। ਇਸੇ ਸਮਤਾ ਅਤੇ ਬਰਾਬਰੀ ਵਿਚੋਂ ਉਹ ਤਾਕਤ ਲੈ ਰਹੇ ਸਨ। ਇਹ ਨੌਜਵਾਨਾਂ ਦਾ ਪਰਜਾ-ਤੰਤਰ ਸੀ ਜਿਸ ਵਿਚ ਉਹ ਸਵੇਰੇ ਪੁਲਸ ਕੋਲੋਂ ਕੁੱਟ ਖਾ ਕੇ ਸ਼ਾਮ ਨੂੰ ਓਸੇ ਨੂੰ ਪਾਣੀ ਵੀ ਪਿਆਉਂਦੇ ਸਨ। ਆਪਣੇ ਸੰਕਟ ਅਤੇ ਪੀੜਾ ਦੇ ਅੰਦਰ ਵੀ ਉਨ੍ਹਾਂ ਆਪਣੇ ਵਿਵੇਕ ਨੂੰ ਨਹੀਂ ਛੱਡਿਆ। ਉਸੇ ਵਿਵੇਕ ਵਿਚ ਉਨ੍ਹਾਂ ਦਾ ਸਹਿਜ, ਸਾਹਸ ਅਤੇ ਵਿਅੰਗ ਸਮਾਇਆ ਹੋਇਆ ਸੀ। ਜੇ ਕਿਸੇ ਨੇ ਪੁੱਛਿਆ ਕਿ ਕੀ ਤੁਹਾਨੂੰ ਵਿਦੇਸ਼ ਤੋਂ ਕੋਈ ਮਦਦ ਮਿਲ ਰਹੀ ਹੈ ਤਾਂ ਇਕ ਦਾ ਜਵਾਬ ਸੀ, 'ਹਾਂ ਹੁਣੇ ਪਾਕਿਸਤਾਨ ਤੋਂ ਵੀਹ ਰੁਪਏ ਆਏ ਨੇ, ਚਾਲੀ ਚੀਨ ਤੋਂ ਆ ਰਹੇ ਨੇ।' ਇਕ ਕੁੜੀ ਨੇ ਕਿਹਾ ਕਿ ਉਹ ਆਪ ਹੀ ਚੀਨ ਤੋਂ ਆਈ ਹੈ। ਸਾਹਸ ਏਨਾ ਕਿ ਉਨ੍ਹਾਂ ਵਿਚੋਂ ਕੁਝ ਕੁੱਟ ਖਾ ਕੇ ਵੀ ਹਿੱਕ ਤਾਣ ਕੇ ਖੜ੍ਹੇ ਰਹਿੰਦੇ ਸਨ। ਉਹ ਪੁਲੀਸ ਨੂੰ ਐਸੇ ਮਖੌਲ ਕਰਦੇ ਸਨ ਕਿ ਉਸਦੇ ਸਿਪਾਹੀਆਂ ਅਤੇ ਅਫ਼ਸਰਾਂ ਨੂੰ ਸ਼ਰਮ ਆਉਣ ਲੱਗ ਪੈਂਦੀ ਸੀ। ਸਾਰੇ ਹਿੰਦੁਸਤਾਨ ਨੂੰ ਉਨ੍ਹਾਂ ਦੀ ਨਵੇਕਲੀ ਬੋਲੀ ਅਤੇ ਕਲਾ ਦਾ ਬੁੱਲਡੋਜ਼ਰ ਸਾਫ਼ ਤੌਰ 'ਤੇ ਚੱਲਦਾ ਨਜ਼ਰ ਆਉਣ ਲਗ ਪਿਆ ਸੀ; ਉਸ ਵਿਚ ਗੁੱਸਾ ਘੱਟ ਤੇ ਮਸਤੀ ਜ਼ਿਆਦਾ ਸੀ। ਏਸੇ ਨੂੰ ਅਸੀਂ ਮਾਸੂਮੀਅਤ ਕਿਹਾ ਹੈ:

-ਪ੍ਰਧਾਨ ਵਾਸਤੇ ਫਿਲਮ ਦੇ ਗਾਣੇ ਦੀ ਲਾਈਨ ਲਿਖ ਦਿੱਤੀ: 'ਯਹ ਪਗਲਾ ਹੈ ਸਮਝਾਨੇ ਸੇ ਸਮਝੇ ਨਾ।'

-ਪੁਲੀਸ ਵਾਲਾ ਭੀੜ ਨੂੰ ਰੋਕ ਰਿਹਾ ਹੈ, ਇਕ ਬੱਚਾ ਉਹਦੀ ਟੋਪੀ ਲੈ ਕੇ ਦੌੜ ਜਾਂਦਾ ਹੈ।

-ਇਕ ਹੋਰ ਪੁਲੀਸ ਵਾਲਾ 16-17 ਸਾਲ ਦੇ ਮੁੰਡੇ ਨੂੰ ਬੇਲਿਹਾਜ਼ ਹੋ ਕੇ ਕੁੱਟ ਰਿਹਾ ਹੈ। ਤਿੰਨ-ਚਾਰ ਡੰਡੇ ਖਾ ਕੇ ਉਹ ਬੱਚਾ ਹੌਲੀ-ਹੌਲੀ ਉਠਦਾ ਹੈ। ਆਪਣੇ ਮੋਢਿਆਂ 'ਤੇ ਲਟਕੇ ਬੈਕਪੈਕ ਨੂੰ ਠੀਕ ਕਰਦਿਆਂ ਉਠਣ ਸਾਰ, ਅੱਖ ਝਪਕਦਿਆਂ ਵੱਟ ਕੇ ਉਸੇ ਪੁਲਸੀਏ ਦੇ ਮੂੰਹ 'ਤੇ ਇਕ ਕਰਾਰੀ ਚਪੇੜ ਮਾਰਦਾ ਹੈ ਤੇ ਨੌਂ ਦੋ ਗਿਆਰਾਂ ਹੋ ਜਾਂਦਾ ਹੈ।

-ਇਕ ਮੁੰਡਾ ਬੜੇ ਤਪਾਕ ਨਾਲ ਪੁਲਸ ਨੂੰ ਪੁੱਛਦਾ ਹੈ, 'ਕੀ ਅੱਜ ਲਾਠੀਚਾਰਜ ਨਹੀਂ ਹੋਵੇਗਾ ਜੀ?' ਪੁਲੀਸ ਵਾਲੇ ਕੀ ਜਵਾਬ ਦੇਂਦੇ? ਉਹ ਪਿਆਰ ਨਾਲ ਬੇਨਤੀ ਕਰਦਾ ਹੈ ਕਿ 'ਕਲ੍ਹ ਦੇ ਲਾਠੀਚਾਰਜ ਵੇਲੇ ਪਹੁੰਚ ਨਹੀਂ ਸਕਿਆ। ਮੈਂ ਦੂਰੋਂ ਆਇਆ ਹਾਂ, ਦੋ-ਤਿੰਨ ਡੰਡੇ ਤਾਂ ਮਾਰ ਦਿਉ।'

-ਇਕ ਹੋਰ ਕੁੜੀ ਆਖਦੀ ਹੈ: 'ਪੁਲੀਸ ਅੰਕਲ! ਆਜ ਰਾਤ ਕੋ ਲਾਠੀਚਾਰਜ ਕਰਨਾ ਹੈ ਤੋ ਅਭੀ ਬਤਾ ਦੋ, ਮੈਨੇ ਪ੍ਰੋਟੀਨ ਨਹੀਂ ਖਾਇਆ; ਰਾਤ ਦੌੜ ਨਹੀਂ ਪਾਊਂਗੀ।'

-ਇਕ ਮੁੰਡੇ ਦਾ ਮਾਸੂਮ ਤਰਲਾ ਹੈ, 'ਵਾਟਰ ਕੈਨਨ ਚਲਾ ਦੋ ਨਾ, ਗਰਮੀ ਬਹੁਤ ਹੈ।'

-ਤੇ ਇਕ ਏਡਾ ਹਿੰਮਤੀ ਨਿਕਲਿਆ ਕਿ ਵਾਟਰ ਕੈਨਨ ਦੀ ਗੱਡੀ ਉਤੇ ਚੜ੍ਹ ਕੇ ਉਸਨੇ ਪੁਲੀਸ ਵੱਲ ਬੁਛਾਰਾਂ ਛੱਡ ਦਿੱਤੀਆਂ ਤੇ ਆਪ ਦੌੜ ਗਿਆ। ਪੁਲੀਸ ਪਾਣੀ ਅਤੇ ਸ਼ਰਮ ਦੋਹਾਂ ਵਿਚ ਭਿੱਜੀ ਪਈ ਸੀ।

-ਕਈ ਵਾਰੀ ਪਤਾ ਹੀ ਨਹੀਂ ਸੀ ਲੱਗਦਾ ਕਿ ਉਹ ਵਿਰੋਧ ਕਰ ਰਹੇ ਸਨ ਜਾਂ ਖੇਡ ਰਹੇ ਸਨ। ਸ਼ਾਮ ਨੂੰ ਟੀਅਰ ਗੈਸ ਦਾ ਡੱਬਾ ਲੈ ਕੇ ਜਾ ਰਹੇ ਇਕ ਪੁਲਸਕਰਮੀ ਨੂੰ ਮੁੰਡਾ ਜਾ ਕੇ ਕਹਿੰਦਾ ਹੈ: 'ਅੰਕਲ ਇਸੇ ਚਲਾ ਦੋ ਨਾ, ਬਹੁਤ ਆਨੰਦ ਆਏਗਾ।'

ਪਰ ਇਸ ਵਿਰੋਧ ਦਾ ਇਕ ਪੱਖ ਜਿਸ ਨੂੰ ਬਹੁਤ ਜ਼ਿਆਦਾ ਉਭਾਰਿਆ ਜਾ ਰਿਹਾ ਹੈ ਉਹ ਹੈ ਬੋਲੀ ਵਿਚਲੀ ਅਸ਼ਲੀਲਤਾ। ਅਸੀਂ ਅਸ਼ਲੀਲਤਾ, ਗੰਦੀ ਗਾਲ੍ਹ ਜਾਂ ਪਲੀਤ ਬੋਲੀ ਬਾਰੇ ਕੁਝ ਵਿਸਤ੍ਰਿਤ ਚਰਚਾ ਜ਼ਰੂਰ ਕਰਨੀ ਚਾਹੁੰਦੇ ਹਾਂ। ਇਸ ਵਿਚ ਕੋਈ ਦੋ ਰਾਵਾਂ ਨਹੀਂ ਕਿ ਕੁਝ ਲੋਕਾਂ ਵੱਲੋਂ ਜੰਤਰ-ਮੰਤਰ ਵਿਚ ਗੰਦੀ ਭਾਸ਼ਾ ਦੀ ਬਹੁਤ ਤਿੱਖੀ ਵਰਤੋਂ ਹੋਈ। ਏਥੇ ਉਸਦੀਆਂ ਮਿਸਾਲਾਂ ਦੇਣੀਆਂ ਵੀ ਸਾਡੇ ਲਈ ਸੰਭਵ ਨਹੀਂ। ਪਰ ਅਸਲ ਸਵਾਲ ਇਹ ਹੈ ਕਿ ਏਨਾ ਗੰਦ ਸਾਡੇ ਨੌਜਵਾਨਾਂ ਦੀ ਜ਼ੁਬਾਨ ਅਤੇ ਧਿਆਨ ਵਿਚ ਪ੍ਰਵੇਸ਼ ਕਿੱਥੋਂ ਕੀਤਾ? ਕੁਝ ਲੋਕਾਂ ਨੇ ਆਪਣੇ ਆਕਾਵਾਂ ਨੂੰ ਖ਼ੁਸ਼ ਕਰਨ ਲਈ ਕਿਹਾ ਕਿ 'ਸਨਾਤਨ-ਗਿਆਨ-ਪਰੰਪਰਾ ਤੋਂ ਕੱਟੀ ਹੋਈ ਦਿਸ਼ਾਹੀਣ ਉਪਭੋਗਵਾਦੀ ਸੋਚ ਨੇ ਹੀ ਇਸ ਕੌਕਰੋਚ ਪੀੜ੍ਹੀ ਨੂੰ ਜਨਮ ਦਿੱਤਾ ਹੈ।' ਮੇਰੀ ਸਲਾਹ ਹੈ ਕਿ ਉਹ ਆਪਣੀ ਪੀੜ੍ਹੀ ਹੇਠ ਵੀ ਸੋਟਾ ਫ਼ੇਰ ਕੇ ਦੇਖ ਲੈਣ। ਮੇਰਾ ਵਿਸ਼ਵਾਸ ਹੈ ਕਿ ਨਵੀਂ ਪੀੜ੍ਹੀ ਨੇ ਤਥਾ-ਕਥਿਤ ਸਨਾਤਨ ਸੋਚ ਵਾਲੀ ਸੱਤਾ ਦੀ ਬਦਤਮੀਜ਼ ਭਾਸ਼ਾ ਨੂੰ ਦੇਖ ਕੇ ਹੀ ਆਪਣੀ ਬੋਲੀ ਦਾ ਬੁੱਲਡੋਜ਼ਰ ਚਲਾਇਆ ਹੈ। ਅਪਮਾਨਜਨਕ ਬੋਲੀ ਉਨ੍ਹਾਂ ਨੇ ਸਾਡੀ ਰਾਜਨੀਤੀ ਪਾਸੋਂ ਸਿੱਖੀ ਹੈ। ਵੈਸੇ ਤਾਂ ਸੱਤਾ ਤੋਂ ਬਾਹਰਲੇ ਨੇਤਾ ਵੀ ਘੱਟ ਨਹੀਂ ਹਨ। ਮੋਦੀ ਜਾਂ ਕਿਸੇ ਹੋਰ ਨੇਤਾ ਨੂੰ 'ਗੰਦੀ ਨਾਲੀ ਦਾ ਕੀੜਾ' ਕਹਿਣਾ ਕਦੇ ਵੀ ਮਾਫ਼ ਕਰਨ ਯੋਗ ਨਹੀਂ ਹੈ। ਪਰ ਮੋਦੀ ਦੀ ਸਨਾਤਨੀ ਸਰਕਾਰ ਅਤੇ ਬੀ ਜੇ ਪੀ ਦੇ ਸੰਸਕਾਰੀ ਪਰਿਵਾਰ ਨੇ ਬੋਲੀ ਦੀ ਅਸ਼ਲੀਲਤਾ ਦੇ ਜਿਹੜੇ ਗੁਲ ਖਿਲਾਏ ਹਨ, ਉਸ ਉਤੇ ਝਾਤੀ ਮਾਰਨੀ ਵੀ ਜ਼ਰੂਰੀ ਹੈ। ਜਿਹੜਾ ਬੰਦਾ ਆਪਣੇ-ਆਪ ਨੂੰ ਰੱਬ ਦਾ ਭੇਜਿਆ ਦੂਤ ਕਹਿੰਦਾ ਹੈ ਅਤੇ ਹਿੰਦੂ ਧਰਮ ਦੀਆਂ ਸਰਵਉਚ ਧਾਰਮਿਕ ਸ਼ਖ਼ਸੀਅਤਾਂ ਭਾਵ ਚਾਰ ਸ਼ੰਕਰਾਚਾਰੀਆਂ ਨੂੰ ਵੀ ਟਿੱਚ ਜਾਣਦਾ ਹੈ, ਉਸ ਨੇ 2004 ਵਿਚ ਗੁਜਰਾਤ ਵਿਚ ਕਿਹਾ ਸੀ, 'ਸੋਨੀਆ ਬੇਨ ਤੋ ਜਰਸੀ ਗਾਏ ਹੈ ਔਰ ਰਾਹੁਲ ਹਾਈਬ੍ਰਿਡ ਬਛੜਾ'। ਇਸੇ ਸੰਸਕਾਰੀ ਬੰਦੇ ਨੇ ਸ਼ਸ਼ੀ ਥਰੂਰ ਦੀ ਪਤਨੀ ਨੂੰ 'ਪਚਾਸ ਕਰੋੜ ਕੀ ਗਰਲ ਫ਼ਰੈਂਡ' ਆਖਿਆ ਸੀ। ਜਦੋਂ ਡੋਨਾਲਡ ਟਰੰਪ ਭਾਰਤ ਅਤੇ ਚੀਨ ਤੋਂ ਗਏ ਲੋਕਾਂ ਨੂੰ 'ਗੈਂਗਸਟਰਜ਼ ਵਿਦ ਲੈਪਟਾਪ' ਆਖਦਾ ਹੈ ਤਾਂ ਸਾਨੂੰ ਜਾਇਜ਼ ਤੌਰ 'ਤੇ ਤਕਲੀਫ਼ ਹੁੰਦੀ ਹੈ। ਪਰ ਸਾਨੂੰ ਉਦੋਂ ਵੀ ਤਕਲੀਫ਼ ਹੋਣੀ ਚਾਹੀਦੀ ਹੈ ਜਦੋਂ ਬੰਗਲਾਦੇਸ਼ ਤੋਂ ਆਏ ਗ਼ੈਰ-ਕਾਨੂੰਨੀ ਲੋਕਾਂ ਨੂੰ ਅਮਿਤ ਸ਼ਾਹ ਦੀਮਕ ਕਹਿੰਦਾ ਹੈ। ਉਹ ਇਨਸਾਨਾਂ ਦਾ ਅਮਾਨਵੀਕਰਨ ਕਰ ਰਿਹਾ ਹੈ। ਇਸੇ ਤਰ੍ਹਾਂ 2023 ਵਿਚ ਐਮ ਪੀ ਦਾਨਿਸ਼ ਅਲੀ ਨੂੰ ਬੀਜੇਪੀ ਦੇ ਐਮ ਪੀ ਰਮੇਸ਼ ਬਦੂੜੀ ਨੇ 'ਭੜਵਾ', 'ਕਟਵਾ' ਅਤੇ 'ਮੁੱਲਾ ਆਤੰਕਵਾਦੀ' ਕਿਹਾ ਹੈ। ਸੰਸਕਾਰੀ ਪਾਰਟੀ ਨੇ ਫਿਰ ਵੀ ਦਿਲੀ ਦੀਆਂ ਚੋਣਾਂ ਵੇਲੇ ਉਸ ਨੂੰ ਕਾਲਕਾ ਜੀ ਤੋਂ ਟਿਕਟ ਦਿੱਤਾ। ਇਕ ਚੋਣ ਰੈਲੀ ਵਿਚ ਉਸਦੇ ਵਾਕ ਸਨ, 'ਜਿਵੇਂ ਅਸੀਂ ਓਖਲਾ ਅਤੇ ਸੰਗਮ ਵਿਹਾਰ ਵਿਚ ਸੜਕਾਂ ਬਣਾਈਆਂ ਹਨ ਉਸੇ ਤਰ੍ਹਾਂ ਪ੍ਰਿਯੰਕਾ ਗਾਂਧੀ ਦੀਆਂ ਗਲ੍ਹਾਂ ਵਾਂਗ ਕਾਲਕਾਜੀ ਵਿਚ ਵੀ ਸੜਕਾਂ ਬਣਾਵਾਂਗੇ।' ਭਾਵੇਂ ਮਗਰੋਂ ਉਸਨੇ ਮਾਫ਼ੀ ਮੰਗੀ। ਜੰਤਰ-ਮੰਤਰ ਬਾਰੇ ਫੇਰ ਉਹਨੇ ਘਟੀਆ ਸ਼ਬਦ ਬੋਲੇ, 'ਏਥੇ ਵਿਦਿਆਰਥੀਆਂ ਨਾਲੋਂ ਪੰਚਰ ਲਾਉਣ ਵਾਲਿਆਂ ਅਤੇ ਚਾਬੀਆਂ ਬਣਾਉਣ ਵਾਲਿਆਂ ਦੇ ਬੱਚਿਆਂ ਦੀ ਜ਼ਿਆਦਾ ਭੀੜ ਹੈ।' ਕਿਉਂਕਿ ਇਹ ਮਿਹਨਤ ਮੁਸਲਮਾਨਾਂ ਦੇ ਹਿੱਸੇ ਜ਼ਿਆਦਾ ਆਈ ਹੈ।

ਬੰਗਾਲ ਦੇ ਐਮ ਐਲ ਏ ਦਲੀਪ ਘੋਸ਼ ਨੇ ਮਮਤਾ ਬੈਨਰਜੀ ਨੂੰ ਵਾਲਾਂ ਤੋਂ ਘਸੀਟ ਕੇ ਬਾਹਰ ਸੁਟਣ ਦੀ ਗੱਲ ਕਹੀ ਸੀ। 2021 ਚੋਣਾਂ ਵਿਚ ਮਮਤਾ ਦੇ ਪੈਰਾਂ 'ਤੇ ਸੱਟ ਲੱਗੀ ਸੀ ਅਤੇ ਉਹ ਰੈਲੀਆਂ ਵਿਚ ਬਾਰ-ਬਾਰ ਆਪਣੀ ਸਾੜੀ ਨੂੰ ਠੀਕ ਕਰਦੀ ਸੀ। ਸੰਸਕਾਰੀ ਪਾਰਟੀ ਵਾਲੇ ਘੋਸ਼ ਦੇ ਬੋਲ ਸਨ: 'ਜੇ ਮਮਤਾ ਨੇ ਹਮਦਰਦੀ ਜਿੱਤਣ ਲਈ ਪਲੱਸਤਾਰ ਕੀਤੀ ਲੱਤ ਲੋਕਾਂ ਨੂੰ ਦਿਖਾਉਣੀ ਹੈ ਤਾਂ ਬਰਮੂਦਾ ਕਿਉਂ ਨਹੀਂ ਪਾ ਲੈਂਦੀ?' ਅੱਜਕਲ੍ਹ ਇਹ ਸ਼ਖ਼ਸ ਬੰਗਾਲ ਵਿਚ ਮੰਤਰੀ ਹੈ। ਮਹਾਂਰਾਸ਼ਟਰ ਦੇ ਐਮ ਐਲ ਏ ਨਿਤੇਸ਼ ਰਾਣੇ ਨੇ ਵਿਰੋਧੀਆਂ ਨੂੰ ਕਿਹਾ ਸੀ ਕਿ 'ਤੁਹਾਨੂੰ ਕੀੜਿਆਂ ਵਾਂਗ ਮਾਰ ਦਿਆਂਗੇ।' ਇਹ ਭੱਦਰ ਪੁਰਸ਼ ਅੱਜਕਲ੍ਹ ਮਹਾਰਾਸ਼ਟਰ ਵਿਚ ਕੈਬਿਨਿਟ ਮੰਤਰੀ ਹੈ। ਸਾਧਵੀ ਨਿਰੰਜਨ ਜਯੋਤੀ ਨੇ ਕੇਂਦਰ ਦੀ ਮਨਿਸਟਰ ਹੁੰਦਿਆਂ ਚੋਣ ਰੈਲੀ ਵਿਚ ਲੋਕਾਂ ਨੂੰ ਕਿਹਾ ਸੀ ਕਿ 'ਆਪਕੋ ਫ਼ੈਸਲਾ ਕਰਨਾ ਹੈ ਕਿ ਰਾਮਜ਼ਾਦੋਂ ਕੀ ਸਰਕਾਰ ਬਨੇਗੀ ਕਿ ਹਰਾਮਜ਼ਾਦੋਂ ਕੀ'। ਇਸ ਸੰਸਕਾਰੀ ਬੀਬੀ ਨੂੰ ਕੁਝ ਮਹੀਨੇ ਪਹਿਲਾਂ ਮਾਰਚ 2026 ਵਿਚ ਨੈਸ਼ਨਲ ਕਮਿਸ਼ਨ ਫ਼ਾਰ ਬੈਕਵਾਰਡ ਕਲਾਸਜ਼ ਦਾ ਚੇਅਰਪਰਸਨ ਬਣਾਇਆ ਗਿਆ ਹੈ। ਸਨਾਤਨੀ ਬੀਜੇਪੀ ਗੰਦ ਬੋਲਣ ਵਾਲਿਆਂ ਅਤੇ ਬਲਾਤਕਾਰੀਆਂ ਨੂੰ ਪੁਰਸਕਾਰ ਅਤੇ ਸਨਮਾਨ ਵੀ ਦੇਂਦੀ ਹੈ। ਇਵੇਂ ਹੀ ਕੇਂਦਰੀ ਮੰਤਰੀ ਅਨੰਤ ਕੁਮਾਰ ਹੇਗੜੇ ਨੇ 2024 ਵਿਚ ਰਾਹੁਲ ਗਾਂਧੀ ਨੂੰ 'ਹਾਈਬ੍ਰਿਡ ਸਪੈਸੀਮਨ' ਗਰਦਾਨਿਆ ਸੀ ਜੋ ਕਿ ਮੁਸਲਿਮ ਅਤੇ ਈਸਾਈ ਮਾਂ-ਪਿਉ ਦੀ ਔਲਾਦ ਹੈ। ਉਸ ਵਾਸਤੇ ਇਕ ਬਹੁਤ ਭੱਦੇ ਕੰਨੜ ਸ਼ਬਦ ਦਾ ਪ੍ਰਯੋਗ ਵੀ ਕੀਤਾ ਸੀ। ਇਕ ਹੋਰ ਕੇਂਦਰੀ ਮੰਤਰੀ ਅਨੁਰਾਗ ਠਾਕੁਰ ਦੀ ਉਹ ਵੀਡੀਉ ਤਾਂ ਹਰ ਸੁਜਾਖੇ ਦੇਸ਼ ਭਗਤ ਅਤੇ

(ਬਾਕੀ ਅਗਲੇ ਸਫੇ 'ਤੇ)

# ਲੋਕਤੰਤਰ ਦੀ ਬਿਹਤਰੀ ਲਈ ਬਦਲਾਅ ਜ਼ਰੂਰੀ

***ਜਦੋਂ ਅਦਾਲਤਾਂ ਸਮੇਂ ਸਿਰ ਇਨਸਾਫ਼ ਨਾ ਕਰ ਸਕਣ, ਜਦੋਂ ਵਿਧਾਨ ਸਭਾਵਾਂ ਅਤੇ ਲੋਕ ਸਭਾ ਦੇ ਚੁਣੇ ਹੋਏ ਨੁਮਾਇੰਦੇ ਲੋਕਾਂ ਦੇ ਦੁੱਖ-ਦਰਦ ਤੋਂ ਦੂਰ ਹੋ ਕੇ ਸੱਤਾ ਦੇ ਨਸ਼ੇ ਵਿਚ ਗੂੜ੍ਹੀ ਨੀਂਦ ਸੌਂ ਜਾਣ, ਉਦੋਂ ਸੜਕਾਂ 'ਤੇ ਉੱਤਰ ਕੇ ਕੀਤਾ ਗਿਆ ਜਨ-ਸੰਘਰਸ਼ ਹੀ ਲੋਕਤੰਤਰ ਨੂੰ ਬਚਾਉਣ ਦਾ ਅਸਲ ਅਤੇ ਸੰਵਿਧਾਨਕ ਰਾਹ ਹੁੰਦਾ ਹੈ।***

ਲੋਕਤੰਤਰ ਅਸਲ ਮਾਇਨਿਆਂ ਵਿਚ ਸਿਰਫ਼ ਪੰਜ ਸਾਲਾਂ ਬਾਅਦ ਵੋਟ ਪਾਉਣ ਜਾਂ ਸਰਕਾਰਾਂ ਬਦਲਣ ਦਾ ਨਾਂ ਨਹੀਂ ਹੈ, ਸਗੋਂ ਇਹ ਨਾਗਰਿਕਾਂ ਦੀ ਆਜ਼ਾਦੀ, ਸਮਾਨਤਾ, ਇਨਸਾਫ਼ ਅਤੇ ਸ਼ਾਸਨ ਕੋਲੋਂ ਨਿਡਰ ਹੋ ਕੇ ਸਵਾਲ ਪੁੱਛਣ ਦੇ ਅਧਿਕਾਰ ਦਾ ਜਿਉਂਦਾ-ਜਾਗਦਾ ਢਾਂਚਾ ਹੈ।

ਇੱਕ ਤੰਦਰੁਸਤ ਲੋਕਤੰਤਰ ਉਹ ਹੁੰਦਾ ਹੈ, ਜਿੱਥੇ ਸਮਾਜ ਦੇ ਅਖ਼ੀਰਲੇ ਕੰਢੇ 'ਤੇ ਖੜ੍ਹੇ ਵਿਅਕਤੀ ਦੀ ਆਵਾਜ਼ ਵੀ ਦੇਸ਼ ਦੇ ਸਭ ਤੋਂ ਸ਼ਕਤੀਸ਼ਾਲੀ ਹਾਕਮ ਦੇ ਕੰਨਾਂ ਤੱਕ ਪਹੁੰਚੇ ਅਤੇ ਉਸ ਆਵਾਜ਼ ਦੀ ਸੁਣਵਾਈ ਹੋਵੇ। ਅੱਜ ਭਾਰਤ ਦੇਸ਼ ਵਿਚ ਲੋਕਤੰਤਰ ਦੀਆਂ ਜੜ੍ਹਾਂ ਇੰਨੀਆਂ ਕਮਜ਼ੋਰ ਹੁੰਦੀਆਂ ਜਾ ਰਹੀਆਂ ਹਨ ਕਿ ਲੋਕ ਅਤੇ ਰਾਜਨੇਤਾ ਦੋਵੇਂ ਹੀ ਲੋਕਤੰਤਰ ਦੀ ਸੀਮਾ ਨੂੰ ਸਿਰਫ਼ ਚੋਣਾਂ ਜਿੱਤਣ ਅਤੇ



**ਗੁਰਮੀਤ ਸਿੰਘ ਪਲਾਹੀ**
**ਫੋਨ: 9815802070**

ਹਾਰਨ ਦੇ ਅੰਕੜਿਆਂ ਤੱਕ ਹੀ ਸੀਮਤ ਮੰਨ ਬੈਠੇ ਹਨ। ਨੇਤਾ ਲੋਕ ਵੋਟ ਬੈਂਕ ਬਣਾਉਣ ਲਈ ਧਰਮ, ਜਾਤ, ਇਲਾਕਾਪ੍ਰਸਤੀ ਅਤੇ ਝੂਠੇ ਵਾਅਦਿਆਂ ਸਮੇਤ ਹਰ ਸੰਭਵ ਹਥਿਆਰ ਦੀ ਵਰਤੋਂ ਕਰਦੇ ਹਨ।

ਸਵਾਲ ਉੱਠਦਾ ਹੈ ਕਿ ਕੀ ਇਹੋ ਅਸਲ ਲੋਕਤੰਤਰ ਹੈ? ਕੀ ਅਜਿਹਾ ਲੋਕਤੰਤਰ ਦੇਸ਼ ਦੀ ਆਜ਼ਾਦੀ ਅਤੇ ਸੰਵਿਧਾਨ ਲਈ ਖ਼ਤਰਨਾਕ ਨਹੀਂ ਹੈ? ਕੀ ਭਾਰਤੀ ਨਾਗਰਿਕ ਲੋਕਤੰਤਰ ਦੀ ਅਸਲੀ ਅਹਿਮੀਅਤ ਨੂੰ ਸਮਝ ਰਹੇ ਹਨ? ਦੇਸ਼ ਵਿਚ ਲੋਕਤੰਤਰੀ ਢਾਂਚਾ ਅੱਜ ਗੰਭੀਰ ਖ਼ਤਰੇ ਵਿਚ ਹੈ, ਇਸ ਵਿਚ ਕੋਈ ਦੂਜੀ ਰਾਇ ਨਹੀਂ ਹੈ। ਨਰਿੰਦਰ ਮੋਦੀ ਦੇ ਸ਼ਾਸ਼ਨ ਕਾਲ ਵਿਚ ਦੇਸ਼ ਅੰਦਰ ਅਜਿਹਾ ਖ਼ੌਫ਼ਨਾਕ ਮਾਹੌਲ ਸਿਰਜ ਦਿੱਤਾ ਗਿਆ ਹੈ ਕਿ ਵੱਡੇ-ਵੱਡੇ ਪੱਤਰਕਾਰ, ਸੰਪਾਦਕ ਅਤੇ ਟੀਵੀ ਐਂਕਰ ਵੀ ਦੱਬੀ ਜ਼ਬਾਨ ਵਿਚ ਹੀ ਗੱਲ ਕਰਦੇ ਹਨ ਜਾਂ ਡਰ-ਡਰ ਕੇ ਲਿਖਦੇ ਹਨ। ਸੱਤਾਧਾਰੀ ਧਿਰ ਵੱਲੋਂ ਇੱਕ ਅਜਿਹਾ ਅੰਧ-ਭਗਤੀ ਦਾ ਮਾਹੌਲ ਤਿਆਰ ਕੀਤਾ ਗਿਆ ਹੈ ਜਿੱਥੇ ਕੁੱਝ ਲੋਕ ਨਰਿੰਦਰ ਮੋਦੀ ਨੂੰ ਇਨਸਾਨ ਨਹੀਂ ਸਗੋਂ ਭਗਵਾਨ ਦਾ ਦਰਜਾ ਦੇਣ ਲੱਗੇ ਹਨ। ਉਹ ਇਹ ਪ੍ਰਚਾਰਦੇ ਹਨ ਕਿ ਪ੍ਰਧਾਨ ਮੰਤਰੀ ਜਾਂ ਉਨ੍ਹਾਂ ਦੀਆਂ ਨੀਤੀਆਂ ਖ਼ਿਲਾਫ਼ ਕੁੱਝ ਵੀ ਬੋਲਣਾ ਦੇਸ਼-ਧ੍ਰੋਹ ਹੈ ਜਾਂ ਭਗਵਾਨ ਦਾ ਅਪਮਾਨ ਹੈ।

ਲੋਕਤੰਤਰ ਵਿਚ ਆਲੋਚਨਾ ਨੂੰ ਸ਼ਾਸਨ ਦਾ ਸੁਧਾਰਕ ਮੰਨਿਆ ਜਾਂਦਾ ਹੈ, ਪਰ ਇੱਥੇ ਆਲੋਚਨਾ ਨੂੰ ਗੁਨਾਹ ਬਣਾ ਦਿੱਤਾ ਗਿਆ ਹੈ?

ਲੋਕਤੰਤਰ ਦੇ ਨਾਂ 'ਤੇ ਮੋਦੀ ਸਰਕਾਰ ਵੱਲੋਂ ਦੇਸ਼ ਦੀਆਂ ਖੁਦਮੁਖਤਾਰ ਅਤੇ ਸੰਵਿਧਾਨਕ ਸੰਸਥਾਵਾਂ ਦਾ ਜਿਸ ਬੇਰਹਿਮੀ ਨਾਲ ਘਾਣ ਕੀਤਾ ਗਿਆ ਹੈ। ਚੋਣ ਕਮਿਸ਼ਨ, ਜਿਸ ਦਾ ਕੰਮ ਨਿਰਪੱਖ ਅਤੇ ਆਜ਼ਾਦਾਨਾ ਚੋਣਾਂ ਕਰਵਾਉਣਾ ਸੀ, ਉਸ ਦੀ ਸੁਤੰਤਰਤਾ 'ਤੇ ਗੰਭੀਰ ਸਵਾਲ ਖੜ੍ਹੇ ਹੋਏ ਹਨ। ਕੇਂਦਰੀ ਤਫ਼ਤੀਸ਼ੀ ਏਜੰਸੀਆਂ ਜਿਵੇਂ ਈਡੀ, ਸੀਬੀਆਈ ਅਤੇ ਇਨਕਮ ਟੈਕਸ ਵਿਭਾਗ ਨੂੰ ਵਿਰੋਧੀ ਧਿਰਾਂ ਦੇ ਨੇਤਾਵਾਂ ਦੀਆਂ ਆਵਾਜ਼ਾਂ ਦੱਬਣ ਅਤੇ ਉਨ੍ਹਾਂ ਨੂੰ ਡਰਾਉਣ ਅਤੇ ਪਾਰਟੀਆਂ ਤੋੜਨ ਲਈ ਕੀ ਹਥਿਆਰ ਵਜੋਂ ਨਹੀਂ ਵਰਤਿਆ ਜਾ ਰਿਹਾ? ਸੰਸਦ ਵਿਚ ਬਿਨਾਂ ਕਿਸੇ ਬਹਿਸ ਜਾਂ ਵਿਰੋਧੀ ਧਿਰ ਦੀ ਸੁਣਵਾਈ ਦੇ ਮਹੱਤਵਪੂਰਨ ਕਾਨੂੰਨ ਧੱਕੇ ਨਾਲ ਪਾਸ ਕਰਵਾਏ ਜਾਂਦੇ ਹਨ ਅਤੇ ਸੰਸਦ ਮੈਂਬਰਾਂ ਨੂੰ ਮੁਅੱਤਲ ਕਰਨਾ ਆਮ ਗੱਲ ਬਣਾ ਦਿੱਤੀ ਗਈ ਹੈ। ਅਦਾਲਤਾਂ ਅਤੇ ਨਿਆਂਪਾਲਿਕਾ 'ਤੇ ਵੀ ਅਪ੍ਰਤੱਖ ਦਬਾਅ ਬਣਾਉਣ ਦੀਆਂ ਕੋਸ਼ਿਸ਼ਾਂ ਹੁੰਦੀਆਂ ਹਨ।

ਪ੍ਰੈੱਸ ਦੀ ਆਜ਼ਾਦੀ ਦਾ ਘੋਟ ਕੇ 'ਗੋਦੀ ਮੀਡੀਆ' ਨੂੰ ਝੂਠ ਅਤੇ ਨਫ਼ਰਤ ਫੈਲਾਉਣ ਦੀ ਖੁੱਲ੍ਹ ਦਿੱਤੀ ਗਈ ਹੈ। ਪ੍ਰਭੂਸੱਤਾ ਸੰਪੰਨ ਸੰਸਥਾਵਾਂ ਦੀ ਨਿਰਪੱਖਤਾ ਨੂੰ ਭੰਗ ਕਰਕੇ ਸ਼ਾਸਕ ਦਾ ਅਕਸ ਇੱਕ 'ਅਜੇਤੂ ਡਿਕਟੇਟਰ' ਵਰਗਾ ਬਣਾਇਆ ਗਿਆ ਹੈ।

ਭਾਰਤ ਵਿਚ ਲੋਕਤੰਤਰ ਦੀ ਬੁਨਿਆਦ ਰੱਖਣ ਅਤੇ ਲੋਕਾਂ ਨੂੰ ਸੰਗਠਿਤ ਕਰਨ ਵਿਚ ਕਾਂਗਰਸ ਪਾਰਟੀ ਦਾ ਇਤਿਹਾਸਕ ਰੋਲ ਰਿਹਾ ਹੈ। ਕਾਂਗਰਸ ਨੇ ਦੇਸ਼ ਦੀ ਆਜ਼ਾਦੀ ਦੇ ਸੰਗਰਾਮ ਦੌਰਾਨ ਦੇਸ਼ ਦੇ ਕੋਨੇ-ਕੋਨੇ ਤੋਂ ਲੱਖਾਂ ਲੋਕਾਂ, ਕਿਸਾਨਾਂ, ਮਜ਼ਦੂਰਾਂ ਅਤੇ ਨੌਜਵਾਨਾਂ ਨੂੰ ਇੱਕ ਛਤਰੀ ਹੇਠ ਇਕੱਠਾ ਕੀਤਾ। ਆਜ਼ਾਦੀ ਤੋਂ ਬਾਅਦ ਜਵਾਹਰ ਲਾਲ ਨਹਿਰੂ ਅਤੇ ਹੋਰ ਮੋਹਰੀ ਆਗੂਆਂ ਨੇ ਨੌਜਵਾਨਾਂ ਨੂੰ ਦੇਸ਼ ਨਿਰਮਾਣ ਵਿਚ ਜੋੜਨ ਲਈ ਅਕਾਦਮਿਕ, ਵਿਗਿਆਨਕ ਅਤੇ ਸਮਾਜਿਕ ਮੰਚ ਪ੍ਰਦਾਨ ਕੀਤੇ। ਚੋਣਾਂ ਰਾਹੀਂ ਸਰਕਾਰਾਂ ਬਣਾ ਕੇ ਕਾਂਗਰਸ ਨੇ ਭਾਰਤੀ ਲੋਕਤੰਤਰ ਦੇ ਮਜ਼ਬੂਤ ਸਤੰਭ ਖੜ੍ਹੇ ਕੀਤੇ- ਜਿਵੇਂ ਸੰਵਿਧਾਨਕ ਸ਼ਾਸਨ, ਧਰਮ-ਨਿਰਪੱਖਤਾ, ਸਮਾਜਿਕ ਰਾਖਵਾਂਕਰਨ, ਭਾਸ਼ਾ ਆਧਾਰਿਤ ਸੂਬਿਆਂ ਦੀ ਰਚਨਾ, ਸੁਤੰਤਰ ਕੇਂਦਰੀ ਬੈਂਕ ਅਤੇ ਭੂਮੀ ਸੁਧਾਰ।

ਗਲਤੀਆਂ ਕਾਂਗਰਸੀ ਨੇਤਾਵਾਂ ਤੋਂ ਵੀ ਹੋਈਆਂ। 1975 ਵਿਚ ਇੰਦਰਾ ਗਾਂਧੀ ਵੱਲੋਂ ਲਗਾਈ ਗਈ ਐਮਰਜੈਂਸੀ ਲੋਕਤੰਤਰ 'ਤੇ ਇੱਕ ਵੱਡਾ ਦਾਗ ਸੀ।



ਪਰ ਉਸ ਵੇਲੇ ਵੀ ਜੈਪ੍ਰਕਾਸ਼ ਨਾਰਾਇਣ ਦੀ ਅਗਵਾਈ ਹੇਠ ਦੇਸ਼ ਦਾ ਨੌਜਵਾਨ ਸੰਗਠਿਤ ਹੋਇਆ, ਵਿਸ਼ਾਲ ਜਨ-ਅੰਦੋਲਨ ਛਿੜਿਆ, ਕੇਂਦਰ ਸਰਕਾਰ ਬਦਲੀ ਅਤੇ ਲੋਕਤੰਤਰ ਦੀ ਮੁੜ ਬਹਾਲੀ ਲਈ ਸੰਵਿਧਾਨਕ ਸੁਰੱਖਿਆ ਢਾਂਚਾ ਲਾਗੂ ਕੀਤਾ ਗਿਆ। ਇਹ ਸਭ ਬਦਲਾਅ ਰਾਜਨੀਤਿਕ ਧਿਰਾਂ ਦੀਆਂ ਕੋਸ਼ਿਸ਼ਾਂ, ਨੌਜਵਾਨਾਂ ਦੀ ਜਾਗਰੂਕਤਾ ਅਤੇ ਸੰਵਿਧਾਨਕ ਸੰਘਰਸ਼ਾਂ ਰਾਹੀਂ ਹੀ ਸੰਭਵ ਹੋਏ ਸਨ।

ਅੱਜ ਦੇ ਦੌਰ ਵਿਚ ਜਦੋਂ ਰਵਾਇਤੀ ਰਾਜਨੀਤਿਕ ਪਾਰਟੀਆਂ ਸੱਤਾਧਾਰੀ ਧਿਰ ਦੀਆਂ ਧੱਕੇਸ਼ਾਹੀਆਂ ਅੱਗੇ ਬੇਵੱਸ ਨਜ਼ਰ ਆ ਰਹੀਆਂ ਸਨ, ਤਾਂ ਪਿਛਲੇ ਦਿਨੀਂ ਜੰਤਰ-ਮੰਤਰ 'ਤੇ ਜਾਗਰੂਕ ਨੌਜਵਾਨਾਂ ਨੇ ਇਕੱਠੇ ਹੋ ਕੇ ਲੋਕਤੰਤਰ ਦਾ ਅਸਲੀ ਮਤਲਬ ਪੂਰੇ ਦੇਸ਼ ਨੂੰ ਸਮਝਾ ਦਿੱਤਾ। ਉਨ੍ਹਾਂ ਸਾਬਤ ਕਰ ਦਿੱਤਾ ਕਿ ਜੇਕਰ ਲੋਕ ਇੱਕਜੁੱਟ ਹੋ ਜਾਣ ਤਾਂ ਹੰਕਾਰੀ ਸੱਤਾ ਨੂੰ ਹਿਲਾਇਆ ਜਾ ਸਕਦਾ ਹੈ ਅਤੇ ਸ਼ਾਸਕ ਨੂੰ ਗੋਡਿਆਂ ਭਾਰ ਕੀਤਾ ਜਾ ਸਕਦਾ ਹੈ। ਆਪ-ਮੁਹਾਰੀਆਂ ਤਾਕਤਾਂ ਹਾਸਲ ਕਰੀ ਬੈਠੇ ਡਿਕਟੇਟਰ ਸੋਚ ਵਾਲੇ ਸ਼ਾਸਕ ਨੂੰ, ਜੋ ਵਿਰੋਧੀਆਂ ਨੂੰ ਬੌਣੇ ਸਮਝਦਾ ਹੈ, ਸਬਕ ਸਿਖਾਇਆ ਜਾ ਸਕਦਾ ਹੈ। ਨੌਜਵਾਨਾਂ ਨੇ ਪੇਪਰ ਲੀਕੇਜ ਵਰਗੇ ਗੰਭੀਰ ਮੁੱਦਿਆਂ 'ਤੇ ਡਟ ਕੇ ਪ੍ਰਦਰਸ਼ਨ ਕੀਤਾ, ਮੰਤਰੀਆਂ ਦੇ ਅਸਤੀਫ਼ੇ ਦੀ ਮੰਗ ਕੀਤੀ ਅਤੇ ਸਰਕਾਰੀ ਤਸ਼ੱਦਦ ਸਹਿ ਕੇ ਵੀ ਸ਼ਾਂਤਮਈ ਸੰਘਰਸ਼ ਜਿੱਤਿਆ। ਇਸ ਅੰਦੋਲਨ ਨੇ ਮੋਦੀ ਦੇ ਵਿਰੋਧੀਆਂ ਦੇ ਮਨਾਂ ਵਿਚੋਂ ਡਰ ਦਾ ਮਾਹੌਲ ਖ਼ਤਮ ਕਰ ਦਿੱਤਾ।

ਇੱਕ ਵੱਡੀ ਮਿਸਾਲ ਤਾਮਿਲਨਾਡੂ ਦੀਆਂ ਵਿਧਾਨ ਸਭਾ ਚੋਣਾਂ ਵਿਚ ਦੇਖਣ ਨੂੰ ਮਿਲੀ, ਜਿੱਥੇ ਨਵੀਂ ਸਥਾਪਤ ਤਮਿਲਗਾ ਵੈਟਰੀ ਕੜਗਮ (ਟੀਵੀਕੇ) ਵਰਗੀ ਪਾਰਟੀ ਨੇ ਇਤਿਹਾਸ ਰਚ ਦਿੱਤਾ। ਇਸ ਪਾਰਟੀ ਕੋਲ ਨਾ ਕੋਈ ਦਹਾਕਿਆਂ ਪੁਰਾਣਾ ਸੰਗਠਨ ਸੀ, ਨਾ ਵੱਡਾ ਕਾਡਰ, ਨਾ ਮੈਂਬਰਸ਼ਿਪ ਦੀਆਂ ਲੰਬੀਆਂ ਕਤਾਰਾਂ, ਪਰ ਫਿਰ ਵੀ ਲੋਕਾਂ ਦੇ ਵਿਸ਼ਵਾਸ ਨਾਲ ਇਸ ਨੇ ਲਗਭਗ 35 ਫ਼ੀਸਦੀ (34.92%) ਵੋਟਾਂ ਹਾਸਲ ਕਰਕੇ ਰਾਜਨੀਤਿਕ ਸਮੀਕਰਨ ਬਦਲ ਦਿੱਤੇ। ਕੀ ਇਹ ਘਟਨਾਕ੍ਰਮ ਇਹ ਨਹੀਂ ਦਰਸਾਉਂਦਾ ਕਿ ਲੋਕਤੰਤਰ ਵਿਚ ਸ਼ਕਤੀ ਦਾ ਅਸਲ ਸਰੋਤ ਜਨਤਾ ਹੈ, ਕੋਈ ਖਾਸ ਰਾਜਨੀਤਿਕ ਘਰਾਣਾ ਜਾਂ ਪਾਰਟੀ ਢਾਂਚਾ ਨਹੀਂ?

ਅੱਜ ਦੇ ਨੌਜਵਾਨਾਂ ਨੇ ਆਪਣੇ ਸੰਘਰਸ਼ ਲਈ ਸੋਸ਼ਲ ਮੀਡੀਆ-ਜਿਵੇਂ ਇੰਸਟਾਗ੍ਰਾਮ, ਯੂਟਿਊਬ ਅਤੇ ਐਕਸ (ਟਵਿੱਟਰ)-ਨੂੰ ਇੱਕ ਸ਼ਕਤੀਸ਼ਾਲੀ ਹਥਿਆਰ ਬਣਾਇਆ ਹੈ। ਜਿੱਥੇ ਗੋਦੀ ਮੀਡੀਆ ਲੋਕਾਂ ਦੀਆਂ ਸਮੱਸਿਆਵਾਂ ਦਿਖਾਉਣ ਤੋਂ ਇਨਕਾਰੀ ਹੈ, ਉੱਥੇ ਨੌਜਵਾਨਾਂ ਨੇ ਆਪਣੀ ਆਵਾਜ਼ ਹਰ ਘਰ ਤੱਕ ਪਹੁੰਚਾਈ। ਉਨ੍ਹਾਂ ਨੇ ਜਾਤ, ਧਰਮ, ਲਿੰਗ, ਵਿਰਾਸਤ ਅਤੇ ਧਨ-ਦੌਲਤ ਦੇ ਭੇਦਭਾਵ ਨੂੰ ਨਜ਼ਰ-ਅੰਦਾਜ਼ ਕਰਕੇ ਇੱਕ ਅਜਿਹਾ ਸਾਂਝਾ ਮੰਚ ਤਿਆਰ ਕੀਤਾ ਜਿਸ ਦੀ ਆਵਾਜ਼ ਲੋਕਾਂ ਦੇ ਦਿਲਾਂ ਤੱਕ ਪਹੁੰਚੀ।

ਹਾਲਾਂਕਿ, ਸੱਤਾਧਾਰੀ ਧਿਰ ਅਤੇ ਮੋਦੀ ਭਗਤ ਅਜਿਹੇ ਲੋਕਤੰਤਰੀ ਪ੍ਰਦਰਸ਼ਨਾਂ ਨੂੰ 'ਅਲੋਕਤੰਤਰਕ' ਜਾਂ ਦੇਸ਼ ਨੂੰ ਅਸਥਿਰ ਕਰਨ ਦੀ ਸਾਜ਼ਿਸ਼ ਆਖਦੇ ਹਨ। ਉਹ ਦਾਅਵਾ ਕਰਦੇ ਹਨ ਕਿ ਭਾਰਤ ਵਿਚ ਇੰਨੀ ਆਜ਼ਾਦੀ ਹੈ ਕਿ ਪ੍ਰਧਾਨ ਮੰਤਰੀ ਖ਼ਿਲਾਫ਼ ਬੋਲਣ 'ਤੇ ਵੀ ਕੋਈ ਕਾਰਵਾਈ ਨਹੀਂ ਹੁੰਦੀ, ਅਤੇ ਪੁੱਛਦੇ ਹਨ ਕਿ ਕੀ ਅਜਿਹੀ ਆਜ਼ਾਦੀ ਚੀਨ, ਰੂਸ ਜਾਂ ਉੱਤਰੀ ਕੋਰੀਆ ਵਿਚ ਮਿਲ ਸਕਦੀ ਹੈ? ਸਵਾਲ ਹੈ ਕਿ ਕੀ ਭਾਰਤ ਦੀ ਤੁਲਨਾ ਤਾਨਾਸ਼ਾਹੀ ਦੇਸ਼ਾਂ ਨਾਲ ਕਰਨਾ ਭਾਰਤੀ ਸੰਵਿਧਾਨ ਦਾ ਅਪਮਾਨ ਨਹੀਂ ਹੈ? ਭਾਰਤ ਇੱਕ ਲੋਕਤੰਤਰੀ ਗਣਰਾਜ ਹੈ, ਜਿਸ ਦੀ ਤੁਲਨਾ ਤਾਨਾਸ਼ਾਹੀਆਂ ਨਾਲ ਨਹੀਂ ਕੀਤੀ ਜਾ ਸਕਦੀ।

ਇਹ ਅਟੱਲ ਸੱਚਾਈ ਹੈ ਕਿ ਜਦੋਂ ਨਾਗਰਿਕ ਬਦਲਾਅ ਲਿਆਉਣ ਦਾ ਮਨ ਬਣਾ ਲੈਂਦੇ ਹਨ, ਤਾਂ ਕੋਈ ਵੀ ਤਾਨਾਸ਼ਾਹੀ ਤਾਕਤ ਉਨ੍ਹਾਂ ਨੂੰ ਰੋਕ ਨਹੀਂ ਸਕਦੀ। ਜਿਹੜੇ ਲੋਕ ਇੱਕ-ਦੂਜੇ ਨੂੰ ਪਹਿਲਾਂ ਜਾਣਦੇ ਵੀ ਨਹੀਂ ਸਨ, ਜਿਨ੍ਹਾਂ ਦਾ ਆਪਸ ਵਿਚ ਕੋਈ ਨਿੱਜੀ ਸਬੰਧ ਨਹੀਂ ਸੀ, ਜੇਕਰ ਉਨ੍ਹਾਂ ਦੀ ਸੋਚ ਦੇਸ਼ ਨੂੰ ਬਚਾਉਣ ਲਈ ਇੱਕ ਹੋ ਜਾਵੇ ਤਾਂ ਉਹ ਚੋਣਾਂ ਰਾਹੀਂ ਅਤੇ ਸ਼ਾਂਤਮਈ ਸੰਘਰਸ਼ਾਂ ਰਾਹੀਂ ਵੱਡੀਆਂ-ਵੱਡੀਆਂ ਸੱਤਾਵਾਂ ਨੂੰ ਬਦਲ ਸਕਦੇ ਹਨ। ਜਦੋਂ ਅਦਾਲਤਾਂ ਸਮੇਂ ਸਿਰ ਇਨਸਾਫ਼ ਨਾ ਕਰ ਸਕਣ, ਜਦੋਂ ਵਿਧਾਨ ਸਭਾਵਾਂ ਅਤੇ ਲੋਕ ਸਭਾ ਦੇ ਚੁਣੇ ਹੋਏ ਨੁਮਾਇੰਦੇ ਲੋਕਾਂ ਦੇ ਦੁੱਖ-ਦਰਦ ਤੋਂ ਦੂਰ ਹੋ ਕੇ ਸੱਤਾ ਦੇ ਨਸ਼ੇ ਵਿਚ ਗੂੜ੍ਹੀ ਨੀਂਦ ਸੌਂ ਜਾਣ, ਉਦੋਂ ਸੜਕਾਂ 'ਤੇ ਉੱਤਰ ਕੇ ਕੀਤਾ ਗਿਆ ਜਨ-ਸੰਘਰਸ਼ ਹੀ ਲੋਕਤੰਤਰ ਨੂੰ ਬਚਾਉਣ ਦਾ ਅਸਲ ਅਤੇ ਸੰਵਿਧਾਨਕ ਰਾਹ ਹੁੰਦਾ ਹੈ। ਦੇਸ਼ ਵਿਚ ਲੋਕਤੰਤਰ ਨੂੰ ਮਜ਼ਬੂਤ ਕਰਨ ਲਈ ਯੂਨੀਵਰਸਿਟੀਆਂ ਅਤੇ ਉੱਚ ਸਿੱਖਿਆ ਸੰਸਥਾਵਾਂ ਵਿਚੋਂ ਅੰਧ-ਵਿਸ਼ਵਾਸ, ਫ਼ਿਰਕੇਦਾਰੀ ਅਤੇ ਮੱਧਵਰਗੀ ਜਮੂਦ (ਅੰਧ-ਸਵੀਕਾਰਤਾ) ਨੂੰ ਖ਼ਤਮ ਕਰਨਾ ਪਵੇਗਾ। ਵਿਦਿਆਰਥੀਆਂ ਨੂੰ ਮੁਕਤ ਸੋਚ ਦਾ ਮਾਹੌਲ ਦੇਣਾ ਹੋਵੇਗਾ। ਇਸ ਦੇ ਨਾਲ ਹੀ, ਗੈਰ-ਕਾਨੂੰਨੀ 'ਨੈਤਿਕ ਪੁਲਿਸਿੰਗ' ਕਰਨ ਵਾਲੇ ਅਨਸਰਾਂ, ਪੁਲਿਸ ਦੀ ਧੱਕੇਸ਼ਾਹੀ ਅਤੇ ਬਜਰੰਗ ਦਲ ਵਰਗੀਆਂ ਕੱਟੜਪੰਥੀ ਸੰਸਥਾਵਾਂ ਦੀ ਗੈਰ-ਸੰਵਿਧਾਨਕ ਗੁੰਡਾਗਰਦੀ ਨਾਲ ਕਾਨੂੰਨੀ ਅਤੇ ਲੋਕਤੰਤਰੀ ਢੰਗ ਨਾਲ ਨਜਿੱਠਣਾ ਪਵੇਗਾ। ਲੋਕਤੰਤਰ ਦੀ ਲੜਾਈ ਸਿਰਫ਼ ਵੱਡੇ ਰਾਜਨੀਤਿਕ ਮੰਚਾਂ ਤੱਕ ਸੀਮਤ ਨਹੀਂ ਹੋਣੀ ਚਾਹੀਦੀ। ਸਥਾਨਕ ਪੱਧਰ 'ਤੇ ਸਰਕਾਰੀ ਹਸਪਤਾਲਾਂ, ਰਾਸ਼ਨ ਦੀਆਂ ਦੁਕਾਨਾਂ, ਸਰਕਾਰੀ ਦਫ਼ਤਰਾਂ ਵਿਚ ਫੈਲੇ ਦਮਨਕਾਰੀ ਭ੍ਰਿਸ਼ਟਾਚਾਰ ਦਾ ਖ਼ਾਤਮਾ ਕਰਨਾ ਅਤੇ ਦੇਸ਼ ਦੇ ਲੱਖਾਂ ਪੜ੍ਹੇ-ਲਿਖੇ ਨੌਜਵਾਨਾਂ ਲਈ ਰੋਜ਼ਗਾਰ ਦੇ ਸਾਧਨ ਮੁਹੱਈਆ ਕਰਾਉਣਾ ਹੀ ਲੋਕਤੰਤਰ ਦਾ ਅਸਲ ਮੁੱਦਾ ਹੈ। ਲੋਕਤੰਤਰ ਦੀ ਬਿਹਤਰੀ ਲਈ ਹਰ ਨਾਗਰਿਕ ਦਾ ਜਾਗਰੂਕ ਹੋਣਾ, ਸਵਾਲ ਪੁੱਛਣਾ ਅਤੇ ਬਦਲਾਅ ਲਈ ਡਟਣਾ ਸਮੇਂ ਦੀ ਸਭ ਤੋਂ ਵੱਡੀ ਲੋੜ ਹੈ।

***(ਪਿਛਲੇ ਸਫੇ ਦਾ ਬਾਕੀ)***

ਬੀ ਜੇ ਪੀ ਅੰਧ ਭਗਤ ਨੇ ਦੇਖੀ ਹੈ ਜਿਸ ਵਿਚ ਉਹ ਵਾਰ-ਵਾਰ ਭੜਕਾਊ ਤਰੀਕੇ ਨਾਲ ਬੋਲਦਾ ਹੈ ਕਿ 'ਦੇਸ਼ ਕੇ ਗ਼ਦਾਰੋਂ ਕੋ' ਤੇ ਲੋਕ ਅੱਗੋਂ ਜਵਾਬ ਦੇਂਦੇ ਹਨ, 'ਗੋਲੀ ਮਾਰੋ ਸਾਲੋਂ ਕੋ'। ਅਨੁਰਾਗ ਠਾਕਰ ਅਜੇ ਵੀ ਐਮ ਪੀ ਹੈ। ਕੇਰਲਾ ਭਾਜਪਾ ਦੇ ਬੁੱਧੀਜੀਵੀ ਸੈੱਲ ਦੇ ਸਾਬਕਾ ਮੁਖੀ ਟੀ ਜੀ ਮੋਹਨਦਾਸ ਦੇ ਵਿਚਾਰ ਬਹੁਤ ਹੀ ਜ਼ਿਆਦਾ ਦੁਖਦਾਈ ਹਨ। ਸਨਾਤਨੀ ਸੋਚ ਵਾਲਾ ਇਹ ਬੰਦਾ ਕਹਿੰਦਾ ਹੈ ਕਿ 'ਮੈਂ ਤਾਂ ਓਥੇ ਸਿੱਧਾ ਗੋਲੀ ਚਲਾਉਣ ਦਾ ਹੁਕਮ ਦੇਣਾ ਸੀ, ਲਾਸ਼ਾਂ ਨੂੰ 'ਕੱਠਿਆਂ ਕਰਕੇ ਹਸਪਤਾਲ ਵਿਚ ਪੁਚਾ ਦੇਣਾ ਸੀ ਤੇ ਸਥਿਤੀ ਚਾਰ ਘੰਟੇ ਵਿਚ ਸ਼ਾਂਤ ਹੋ ਜਾਣੀ ਸੀ।' ਉਸਦੀ ਭਾਸ਼ਾ ਦਾ ਬੁੱਲਡੋਜ਼ਰ ਕਿੰਨੀ ਜ਼ਹਿਰ ਨਾਲ ਭਰਿਆ ਹੋਇਆ ਹੈ ਉਸਦੇ ਬਿਆਨ ਤੋਂ ਅੰਦਾਜ਼ਾ ਲਾਉ: 'ਜੇ ਏਥੇ ਗੈਂਗਰੇਪ ਵੀ ਹੋ ਜਾਣ ਤਾਂ ਉਹ ਸ਼ਿਕਾਇਤ ਨਹੀਂ ਕਰਨਗੀਆਂ ਕਿਉਂਕਿ ਉਹ ਕੁੜੀਆਂ ਖ਼ਾਸ ਕਰਕੇ ਖੱਬੇਪੱਖੀ, ਧਰਮ-ਨਿਰਪੱਖ, ਜਮਹੂਰੀ ਅਤੇ ਮਜ਼ਦੂਰ ਜਮਾਤ (proletarians) ਨਾਲ ਸਬੰਧਤ ਔਰਤਾਂ ਏਹੋ ਕੁਝ ਚਾਹੁੰਦੀਆਂ ਹਨ। 'ਇਹ ਬੰਦਾ ਆਪਣੇ ਆਪ ਨੂੰ ਬੁੱਧੀਜੀਵੀ, ਸਨਾਤਨੀ ਅਤੇ ਸੰਸਕਾਰੀ ਕਹਿੰਦਾ ਹੈ। ਦਰਅਸਲ 'ਸਨਾਤਨ-ਗਿਆਨ-ਪਰੰਪਰਾ ਤੋਂ ਕੱਟੀ ਹੋਈ' ਨਹੀਂ ਬਲਿਕ ਕਥਿਤ ਤੌਰ 'ਤੇ ਜੁੜੀ ਹੋਈ ਪੀੜ੍ਹੀ ਨੇ ਦਿਸ਼ਾਹੀਣ ਉਪਭੋਗਵਾਦੀ ਸੋਚ ਦਾ ਸੰਚਾਰ ਕੀਤਾ ਹੈ।

ਜਿਸ ਮੋਦੀ ਨੇ ਬਾਰਾਂ ਸਾਲ ਵਿਚ ਕਿਸੇ ਨਾਲ ਕੋਈ ਸੰਚਾਰ ਨਹੀਂ ਕੀਤਾ; ਸਾਰੀਆਂ ਸੰਸਥਾਵਾਂ ਨੂੰ ਹਥਿਆ ਕੇ ਚੋਣਾਂ ਜਿੱਤਣ ਵੱਲ ਹੀ ਧਿਆਨ ਦਿੱਤਾ ਹੈ, ਅੱਜ ਜੈਨ ਜ਼ੀ ਨੇ ਉਹਨੂੰ ਉਸੇ ਦੀ ਬੋਲੀ ਵਿਚ ਜੁਆਬ ਦਿੱਤਾ ਹੈ। ਉਸਦੇ ਸਾਹਮਣੇ ਕੋਈ ਚੂੰ ਨਹੀਂ ਸੀ ਕਰਦਾ ਪਰ ਨਵੀਂ ਪੀੜ੍ਹੀ ਨੇ ਉਹਨੂੰ ਸਾਫ਼-ਸਾਫ਼ ਕਿਹਾ ਹੈ ਕਿ 'ਚਾਏ ਬਨਾ, 'ਚੂ==ਆ' ਨਾ ਬਨਾ'। ਮੋਦੀ ਦੀ ਪਾਰਟੀ ਦੀ ਸ਼ਬਦਾਵਲੀ ਹੀ ਜੈਨ ਜ਼ੀ ਦਾ ਬੁੱਲਡੋਜ਼ਰ ਬਣ ਜਾਂਦਾ ਹੈ: 'ਨੀਮ ਕਾ ਪੱਤਾ ਕੜਵਾ ਹੈ, ਮੋਦੀ ਸਾਲਾ ਭੜਵਾ ਹੈ।' ਬੀਜੇਪੀ ਦੀ ਐਮ ਪੀ ਕੰਗਣਾ ਰਣੌਤ ਨੂੰ ਵੀ ਸੰਸਕਾਰੀ ਬਣਨ ਦਾ ਖ਼ਿਆਲ ਆਇਆ ਹੈ। ਉਸਨੇ ਹਿੰਦੂ ਕੁੜੀਆਂ ਅਤੇ ਜੈਨ ਜ਼ੀ ਨੂੰ ਗਟਰ ਜੈਨਰੇਸ਼ਨ ਕਿਹਾ ਹੈ ਜੋ ਭੱਦੀ ਅਤੇ ਭ੍ਰਸ਼ਟ ਪੀੜ੍ਹੀ ਹੈ। ਉਹ ਕਹਿੰਦੀ ਹੈ ਕਿ ਜ਼ਾਤੀ ਆਜ਼ਾਦੀ ਦੇ ਨਾਲ-ਨਾਲ ਸਦਾਚਾਰਕ ਜਵਾਬਦੇਹੀ ਤੇ ਡਿਜੀਟਲ ਅਨੁਸ਼ਾਸਨ ਦੀ ਵੀ ਲੋੜ ਹੈ। ਉਸਨੇ ਅਸੁਰੱਖਿਅਤ ਜਵਾਨੀ ਨੂੰ ਫ਼ਿਲਮਾਂ ਦੇ ਗਲਪੀ ਸੰਸਾਰ ਤੋਂ ਬਚਣ ਦੀ ਸਲਾਹ ਦਿੱਤੀ ਹੈ। ਏਨੀਆਂ ਵੱਡੀਆਂ ਅਤੇ ਸਦਾਚਾਰਕ ਗੱਲਾਂ ਕਰਨ ਵਾਲੀ ਕੰਗਣਾ ਨੂੰ ਇਸ ਗੱਲ ਦਾ ਜਵਾਬ ਵੀ ਦੇਣਾ ਚਾਹੀਦਾ ਹੈ ਕਿ ਉਸਨੇ ਫਿਲਮ ਸਿਮਰਨ (2017) ਦੇ ਡਾਂਸ ਨੰਬਰ ਵਿਚ ਵਾਰ-ਵਾਰ ਗਾਏ ਗਏ 'ਵੈਜਾਈਨਾ' ਸ਼ਬਦ ਉਤੇ ਨ੍ਰਿਤ ਕਰਨ ਲੱਗਿਆਂ ਆਪਣੀ ਜਵਾਬਦੇਹੀ ਨੂੰ ਕਿੱਥੇ ਸੁੱਟ ਦਿੱਤਾ ਸੀ? ਜੇ ਅਸ਼ਲੀਲ ਸ਼ਬਦਾਵਲੀ ਦੀ ਦਰਜਾਬੰਦੀ ਕੀਤੀ ਜਾਵੇ ਤਾਂ ਪੰਜਾਬੀ-ਹਿੰਦੀ ਵਿਚ ਇਹ ਸ਼ਬਦ ਸਭ ਤੋਂ ਪਹਿਲੇ ਸਥਾਨ 'ਤੇ ਆਵੇਗਾ। ਕਵੀ ਕੁਮਾਰ ਵਿਸ਼ਵਾਸ ਨੇ ਵੀ ਮਹਾਨ ਵਿਚਾਰ ਦਿੱਤਾ ਹੈ, 'ਜੇ ਕੌਕਰੋਚ ਬਣੇ ਹਨ ਤਾਂ ਦੇਸ਼ ਵਿਚ ਹਿੱਟ ਵੀ ਬਣੇ ਹਨ। ਕੌਕਰੋਚਾਂ ਦਾ ਇਲਾਜ ਹੋ ਜਾਵੇਗਾ।' ਉਸਨੂੰ ਇਹ ਜਾਣਨ ਦੀ ਲੋੜ ਹੈ ਕਿ ਕੌਕਰੋਚ ਸਿਰਫ਼ ਗੰਦਗੀ ਵਿਚ ਪੈਦਾ ਹੁੰਦਾ ਹੈ। ਇੰਦਰਪ੍ਰਸਥ ਗੁਰੂ ਗੋਬਿੰਦ ਸਿੰਘ ਯੂਨੀਵਰਸਟੀ ਵਿਚ ਅੰਗ੍ਰੇਜ਼ੀ ਦੇ ਪ੍ਰੋਫੈਸਰ ਵਿਵੇਕ ਸਚਦੇਵਾ ਦੀ ਕਵਿਤਾ ਪੜ੍ਹੋ। ਮੇਰਾ ਵਿਸ਼ਵਾਸ ਹੈ ਕਿ ਇਸਨੂੰ ਪੜ੍ਹ ਕੇ ਕੁਮਾਰ ਕੌਕਰੋਚਾਂ ਦੇ ਸ੍ਰੋਤ ਵੱਲ ਵੀ ਧਿਆਨ ਦੇਵੇਗਾ:

ਏਸ ਸਮਾਜ ਦੇ ਕੀੜੇ
ਏਸੇ ਸਮਾਜ ਵਿਚ ਹੋ ਸਕਦੇ ਨੇ
ਕਿਉਂਕਿ ਕੀੜੇ ਗੰਦਗੀ ਵਿਚ ਹੀ ਹੁੰਦੇ ਨੇ
ਇਕ ਗਲ-ਸੜ ਰਹੇ ਸਮਾਜ ਨੇ
ਪੈਦਾ ਕੀਤੇ ਨੇ ਇਹ ਕੀੜੇ
ਉਹ ਖ਼ੁਦ ਗੰਦਗੀ ਨਹੀਂ ਹੁੰਦੇ
ਗੰਦਗੀ ਹੋਣ ਦੀ ਨਿਸ਼ਾਨੀ ਹੁੰਦੇ ਨੇ ਕੀੜੇ
ਮਰ ਚੁੱਕੇ ਤੇ ਸੜ ਰਹੇ ਜਿਸਮ ਤੇ
ਹਮੇਸ਼ ਆਉਂਦੇ ਨੇ ਕੀੜੇ
ਗੰਦਗੀ ਨੂੰ ਖ਼ਤਮ ਕਰਕੇ
ਇਕ ਸੱਜਰੀ ਸ਼ੁਰੂਆਤ ਵਾਸਤੇ।

1997 ਵਿਚ ਹਾਂਗਕਾਂਗ ਨੂੰ ਚੀਨ ਨਾਲ ਜੋੜਨ ਤੋਂ ਪਹਿਲਾਂ ਲੋਕਾਂ ਨੂੰ ਵਿਸ਼ਵਾਸ ਦਿੱਤਾ ਗਿਆ ਸੀ ਕਿ ਉਨ੍ਹਾਂ ਦੇ ਹੱਕ ਅਤੇ ਅਜ਼ਾਦੀ ਨੂੰ ਬਰਕਰਾਰ ਰੱਖਿਆ ਜਾਵੇਗਾ। ਲੋਕ ਦੋ ਦਹਾਕੇ ਰੌਲਾ ਪਾਉਂਦੇ ਰਹੇ ਪਰ ਚੀਨ ਦੀ ਸਰਕਾਰ ਨੇ ਮੂੰਹ ਮੋੜਨਾ ਸ਼ੁਰੂ ਕਰ ਦਿੱਤਾ। 2019 ਵਿਚ ਚੀਨ ਵਿਰੁੱਧ ਜ਼ਬਰਦਸਤ ਅੰਦੋਲਨ ਹੋਇਆ ਜਿਸ ਵਿਚ ਰੱਜਵੀਂ ਅਸ਼ਲੀਲ ਭਾਸ਼ਾ ਦੀ ਵਰਤੋਂ ਹੋਈ। ਉਸ ਉਤੇ ਖੋਜ ਕਰ ਰਹੇ ਵਿਦਵਾਨ ਇਸ ਨਤੀਜੇ 'ਤੇ ਪਹੁੰਚੇ ਸਨ ਕਿ ਗਾਹਲਾਂ ਅੰਦੋਲਨ ਨੂੰ ਮੁੱਖ ਮੁੱਦੇ ਤੋਂ ਨਹੀਂ ਭਟਕਾਉਂਦੀਆਂ ਬਲਕਿ ਇਹ




ਤਿੰਨ ਤਰ੍ਹਾਂ ਨਾਲ ਸਹਾਇਤਾ ਕਰਦੀਆਂ ਹਨ: 1) ਕਿਸੇ ਵੀ ਪ੍ਰਕਾਰ ਦੀ ਹਿੰਸਾ ਤੋਂ ਬਿਨਾ ਇਹ ਮੁੱਦੇ ਨੂੰ ਪੂਰੀ ਤਰ੍ਹਾਂ ਗਰਮਾ ਦੇਂਦੀਆਂ ਹਨ। 2) ਗਾਹਲਾਂ ਸਾਰੇ ਪ੍ਰਦਰਸ਼ਨਕਾਰੀਆਂ ਨੂੰ ਏਕਤਾ ਦੇ ਧਾਗੇ ਵਿਚ ਪਰੋ ਦੇਂਦੀਆਂ ਹਨ, ਅਤੇ 3) ਕਿਉਂਕਿ ਗਾਹਲਾਂ ਜਜ਼ਬਾਤੀ ਹੁੰਦੀਆਂ ਹਨ ਇਸ ਲਈ ਇਹ ਨਾ ਸਿਰਫ਼ ਲੋਕਾਂ ਦੇ ਜਜ਼ਬੇ ਨੂੰ ਤਾਕਤ ਨਾਲ ਪੇਸ਼ ਕਰਦੀਆਂ ਹਨ ਬਲਕਿ ਉਸ ਜਜ਼ਬੇ ਨੂੰ ਹੋਰ ਵੀ ਗੂੜ੍ਹਾ ਕਰ ਦੇਂਦੀਆਂ ਹਨ।


ਜੰਤਰ-ਮੰਤਰ ਵਿਚ ਗਾਹਲਾਂ ਨੇ ਇਹ ਤਿੰਨੇ ਕੰਮ ਕੀਤੇ। ਜਿਹੜੀ ਸਰਕਾਰ ਗੂੰਗੀ ਅਤੇ ਬੋਲੀ ਸੀ, ਉਹ ਜੈਨ ਜ਼ੀ ਨੂੰ ਸੁਣਨ ਲਈ ਮਜਬੂਰ ਹੋਈ। ਬੋਲੀ ਦਾ ਬੁੱਲਡੋਜ਼ਰ ਏਨਾ ਚੱਲਿਆ ਕਿ ਮੋਦੀ ਨੂੰ ਖ਼ੁਦ ਜੈਨ ਜ਼ੀ ਨਾਲ ਅਸਿੱਧਾ ਵਾਰਤਾਲਾਪ ਕਰਨਾ ਪਿਆ। ਆਰ ਐਸ ਐਸ ਦੇ ਮੁਖੀ ਨੂੰ ਵੀ ਕੁਝ ਸਿਆਣੇ ਬਿਆਨ ਦੇਣੇ ਪਏ। ਅੱਜ ਹਿੰਦੁਸਤਾਨ ਦੇ ਸਕੂਲਾਂ ਦੇ ਬੱਚੇ ਵੀ ਜਾਗ੍ਰਿਤ ਹੋ ਰਹੇ ਹਨ। ਜੈਪੁਰ ਦੇ ਗੂੰਗੇ-ਬੋਲੇ ਬੱਚਿਆਂ ਦੇ ਇਕ ਸਰਕਾਰੀ ਸਕੂਲ ਦੀ ਛੱਤ ਤੋਂ ਪਲੱਸਤਰ ਡਿੱਗਾ ਤੇ ਇਕ ਬੱਚਾ ਜ਼ਖ਼ਮੀ ਹੋ ਗਿਆ। ਸਕੂਲ ਦੇ ਜ਼ੁਬਾਨਹੀਣ ਬੱਚੇ ਵੀ ਸੜਕ ਉਤੇ ਉੱਤਰ ਆਏ। ਉਹ ਆਪਣੇ ਮਨ ਵਿਚ ਜਿਹੜੀਆਂ ਗਾਲ੍ਹਾਂ ਕੱਢ ਰਹੇ ਹੋਣਗੇ ਉਨ੍ਹਾਂ ਬਾਰੇ ਸੋਚ ਕੇ ਵੀ ਕਾਂਬਾ ਛਿੜ ਜਾਣਾ ਚਾਹੀਦਾ ਹੈ। ਮੁਲਕ ਨੂੰ ਸਿੱਖਿਆ ਦੇ ਖੇਤਰ ਦਾ ਕੋਈ ਫ਼ਿਕਰ ਨਹੀਂ। ਸਰਕਾਰ ਆਪਣਾ ਬਜਟ ਘਟਾ ਘਟਾ ਕੇ ਲੋਕਾਂ ਉਤੇ ਬੋਝ ਪਾ ਰਹੀ ਹੈ। ਤੇ ਇਹ ਵਿਵਸਥਾ ਆਪਣੇ ਭ੍ਰਿਸ਼ਟਾਚਾਰ ਨੂੰ ਜੀਉਂਦਾ ਰੱਖਣ ਲਈ ਕੀ ਕੀ ਕਰਦੀ ਹੈ, ਸਭ ਨੂੰ ਗਿਆਨ ਹੈ। ਜੈਨ ਜ਼ੀ ਨੇ ਮੋਦੀ ਦੀ ਫ਼ੋਟੋ ਲਾ ਕੇ ਹੇਠਾਂ ਠੀਕ ਹੀ ਲਿਖਿਆ ਸੀ, 'ਨਾ ਪੜ੍ਹਾ ਹੂੰ ਨਾ ਪੜ੍ਹਨੇ ਦੂੰਗਾ।' ਸ਼ਾਇਦ ਇਹ ਵੀ ਸੱਚ ਹੈ ਕਿ 'ਅਨਪੜ੍ਹ ਗੌਰਮਿੰਟ ਕਯਾ ਜਾਨੇ ਐਜੂਕੇਸ਼ਨ ਕਾ ਸਵਾਦ?' ਇਸ ਰੋਸ ਦਾ ਇਕ ਕਮਾਲ ਦਾ ਅਸਰ ਇਹ ਹੋਇਆ ਹੈ ਕਿ ਨਾਲਸਾਰ (ਹੈਦਰਾਬਾਦ) ਨਾਂ ਦੀ ਲਾਅ ਯੂਨੀਵਰਸਟੀ ਦੇ 450 ਵਿਦਿਅਰਥੀਆਂ ਨੇ ਸਾਲਾਨਾ ਕਾਨਵੋਕੇਸ਼ਨ ਦੌਰਾਨ ਡਿਗਰੀਆਂ ਦੇਣ ਵਾਸਤੇ ਸੱਦੇ ਗਏ ਸੁਪਰੀਮ ਕੋਰਟ ਦੇ ਚੀਫ਼ ਜਸਟਿਸ ਦੀ ਥਾਂ ਕਿਸੇ ਹੋਰ ਨੂੰ ਬੁਲਾਉਣ ਵਾਸਤੇ ਪੱਤਰ ਲਿਖਿਆ ਹੈ।

ਸਭ ਤੋਂ ਵੱਡਾ ਕੰਮ ਜਿਹੜਾ ਜੈਨ-ਜ਼ੀ ਦੀ ਬੋਲੀ ਨੇ ਕੀਤਾ ਉਹ ਹੈ ਲੋਕਾਂ ਦੇ ਮਨਾਂ ਵਿਚੋਂ ਮੋਦੀ ਦਾ ਡਰ ਕੱਢ ਦੇਣਾ। ਇਕ ਕਮਾਲ ਦਾ ਨਾਅਰਾ ਘੜਿਆ ਗਿਆ ਜਿਸਨੂੰ ਸਿਰਜਨਾਤਮਕਤਾ ਦਾ ਸਿਖਰ ਕਿਹਾ ਜਾ ਸਕਦਾ ਹੈ: 'ਛੱਪਨ ਇੰਚ ਕਾ ਛੋਟਾ ਬੰਦਰ, ਭਾਗ ਨਰੇਂਦਰ, ਭਾਗ ਨਰੇਂਦਰ'। ਇਸ ਦੀ ਲੇਖਕ ਕੁੜੀ ਜਿਸ ਪ੍ਰਕਾਰ ਇਹ ਨਾਅਰਾ ਬੋਲਦੀ ਹੈ ਅਤੇ ਜਿਵੇਂ ਇਸ ਨਾਲ ਅਭਿਨੈ ਕਰਦੀ ਹੈ ਉਹ ਵੀ ਦੇਖਣਯੋਗ ਹੈ। ਇਸ ਨਾਲ ਉਹ ਇਕ ਕਹਾਣੀ ਸਿਰਜਦੀ ਲੱਗਦੀ ਹੈ ਕਿ ਪ੍ਰਧਾਨ ਮੰਤਰੀ ਨੇ ਆਪਣੀ 56 ਇੰਚ ਦੀ ਛਾਤੀ ਦੀ ਕੇਵਲ ਮਿੱਥ ਸਥਾਪਿਤ ਕੀਤੀ ਹੈ; ਅਸਲ ਵਿਚ ਉਹ ਬਹੁਤ ਡਰਪੋਕ ਹੈ। ਇਸੇ ਲਈ ਇਕ ਹੋਰ ਨਾਅਰਾ ਵੀ ਲਗਾਇਆ ਗਿਆ, 'ਜਬ ਜਬ ਮੋਦੀ ਡਰਤਾ ਹੈ, ਪੁਲਿਸ ਕੋ ਆਗੇ ਕਰਤਾ ਹੈ।' ਤੇ 56 ਇੰਚ ਵਾਲੀ ਛਾਤੀ ਵਾਲੇ ਬੰਦੇ ਦੀ ਹਾਲਤ ਇਹ ਹੈ ਕਿ ਅੱਜ ਉਸ ਨੂੰ ਛਪੰਜਾ ਇੰਚ ਦੇ ਕੱਦ ਵਾਲੇ ਬਾਂਦਰ ਦੌੜਾ ਰਹੇ ਹਨ। ਜੇ ਕਿਤੇ ਉਹ ਕੁੜੀ 'ਛੱਪਨ ਇੰਚ' ਕੇ 'ਛੋਟੇ ਬੰਦਰ' ਕਹਿ ਕੇ ਬਾਂਦਰ ਨੂੰ ਬਹੁਵਚਨ ਬਣਾ ਦੇਂਦੀ ਤਾਂ ਇਹ ਹਨੂਮਾਨ ਜੀ ਦੀ 'ਵਾਨਰ ਸੇਨਾ' ਬਣ ਜਾਣੀ ਸੀ।

ਗਾਹਲਾਂ ਉਤੇ ਕੁਝ ਵਿਦਵਾਨਾਂ ਨੇ ਗੰਭੀਰ ਖੋਜ-ਕਾਰਜ ਕੀਤਾ ਹੈ। ਸੰਖੇਪ ਵਿਚ ਦੇਖਣਾ ਹੋਵੇ ਤਾਂ ਹੇਠ ਲਿਖਿਆ ਖੋਜ-ਪੱਤਰ ਦੇਖਿਆ ਜਾ ਸਕਦਾ ਹੈ: 'ਦ ਪਾਵਰ ਆਫ਼ ਸਵੀਅਰਿੰਗ: ਵਟ ਵੀ ਨੋ ਐਂਡ ਵਟ ਵੀ ਡੋਨ'ਟ', ਕੇਰਿਨ ਸਟੈਪਲਟਨ, ਕਰਿਸਟੀ ਬੀਅਰਜ਼ ਫ਼ਾਗਰਸਟਨ, ਰਿਚਰਡਜ਼ ਸਟੀਫ਼ਨਜ਼ ਅਤੇ ਕੈਥਰੀਨ ਲਵਡੇ। (Karyn Stapleton, Kristy Beers Fagersten, Richards Stephens, Catherine Loveday) ਉਪਰਲੀਆਂ ਗੱਲਾਂ ਦੇ ਨਾਲ-ਨਾਲ ਇਹ ਵੀ ਸਾਬਤ ਕੀਤਾ ਗਿਆ ਹੈ ਕਿ ਗਾਹਲਾਂ ਨਾਲ ਤੁਹਾਡੀ ਸਰੀਰਕ ਅਤੇ ਮਾਨਸਿਕ ਪੀੜਾ ਘਟਦੀ ਹੈ ਅਤੇ ਕੰਮ ਕਰਦੇ ਰਹਿਣ ਦੀ ਤਾਕਤ ਵਿਚ ਵਾਧਾ ਹੁੰਦਾ ਹੈ। ਇਹ ਸਾਰਾ ਕੁਝ ਲਿਖ ਕੇ ਅਸੀਂ ਬੱਚਿਆਂ ਦੀਆਂ ਗਾਹਲਾਂ ਅਤੇ ਬੋਲੀ ਦੇ ਬੁੱਲਡੋਜ਼ਰ ਨੂੰ ਜਾਇਜ਼ ਜਾਂ ਨਾਜਾਇਜ਼ ਠਹਿਰਾਉਣ ਦੀ ਕੋਸ਼ਿਸ਼ ਨਹੀਂ ਕਰ ਰਹੇ, ਸਿਰਫ਼ ਏਨਾ ਦੱਸ ਰਹੇ ਹਾਂ ਕਿ 1) ਜੇ ਉਹ ਇਹ ਹਥਿਆਰ ਨਾ ਵਰਤਦੇ ਤਾਂ ਸ਼ਾਇਦ ਕਾਮਯਾਬ ਨਾ ਹੁੰਦੇ। 2) ਉਨ੍ਹਾਂ ਨੇ ਇਹ ਹਥਿਆਰ ਸਮਕਾਲੀਨ ਸੱਤਾ ਕੋਲੋਂ ਹੀ ਪ੍ਰਾਪਤ ਕੀਤਾ ਹੈ। 3) ਉਨ੍ਹਾਂ ਦਾ ਬੁਲਡੋਜ਼ਰ ਕਿਤੇ ਜ਼ਿਆਦਾ ਮਾਰੂ ਸਾਬਤ ਹੋਇਆ ਹੈ। 4) ਇਸ ਹਥਿਆਰ ਦੀ ਵਰਤੋਂ ਕਰਕੇ ਉਨ੍ਹਾਂ ਨੇ ਸੱਤਾ ਦੇ ਸਨਾਤਨ ਪ੍ਰਤੀ ਨਿਰਾਦਰ ਅਤੇ ਧਰਮ ਸੰਬੰਧੀ ਵਰਤੀ ਜਾਂਦੀ ਸਮੁੱਚੀ ਪਹੁੰਚ ਦੇ ਦੋਗਲੇਪਣ ਨੂੰ ਨੰਗਾ ਕਰਕੇ ਰੱਖ ਦਿੱਤਾ ਹੈ। 5) ਉਨ੍ਹਾਂ ਵਿਚ ਬੋਲੀ ਅਤੇ ਕਲਾ ਦੀ ਅਪਾਰ ਸਮਝ ਹੈ। 6) ਇਸ ਜੈਨਰੇਸ਼ਨ ਨੂੰ ਦੇਸ਼ ਦੇ ਮਸਲਿਆਂ ਦੀ ਵੀ ਗਹਿਰੀ ਸਮਝ ਹੈ ਅਤੇ ਉਹ ਸਾਡੇ ਨਾਲੋਂ ਕਿਤੇ ਜ਼ਿਆਦਾ ਫਿਕਰਮੰਦ ਹਨ।

# ਦੇਸ਼ ਵੰਡ ਦੀ ਵੱਡੀ ਕੀਮਤ ਚੁਕਾਉਣ ਵਾਲੇ ਅਨਾਮ ਯੋਧੇ

ਕਿਸੇ ਵੀ ਸਿਧਾਂਤਕ, ਵਿਚਾਰਕ, ਪ੍ਰਣਾਲੀਗਤ ਪਰਿਵਰਤਨ ਦੀ ਕੀਮਤ ਚੁਕਾਉਣੀ ਪੈਂਦੀ ਹੈ। ਜਦੋਂ ਕਿਸੇ ਦੀ ਪਛਾਣ ਤੇ ਹੱਦ ਹੀ ਬਦਲ ਜਾਵੇ ਤਾਂ ਅਸਰ ਵਿਆਪਕ ਹੁੰਦਾ ਹੈ ਤੇ ਕੀਮਤ ਵੱਡੀ। ਭਾਰਤ ਦੇ ਬ੍ਰਿਟਿਸ਼ ਸਾਮਰਾਜ ਤੋਂ ਆਜ਼ਾਦੀ ਇੱਕ ਮਹਾਨ ਘਟਨਾ ਸੀ ਪਰ ਨਾਲ ਹੀ ਦੇਸ਼ ਦਾ ਦੋ ਹਿੱਸਿਆਂ ਵਿਚ ਵੰਡ ਜਾਣਾ ਇੱਕ ਅਭੁੱਲ ਤੇ ਭੀਸ਼ਨ ਤ੍ਰਾਸਦੀ ਵੀ ਸੀ। ਜਿਨ੍ਹਾਂ ਨੂੰ ਸਦੀਆਂ ਤੋਂ ਰੀਝਾਂ ਨਾਲ ਬਣਾਏ ਆਪਣੇ ਵੱਸੇ ਵਸਾਏ ਘਰ ਛਡਣੇ ਪਏ, ਜਾਨਾਂ ਗਵਾਉਣੀਆਂ ਪਈਆਂ, ਨਵੇਂ ਪਿੰਡਾਂ, ਨਗਰਾਂ ਵਿਚ ਆਪਣੇ ਜੀਵਨ ਦੇ ਬੂਟੇ ਦੁਬਾਰਾ ਲਾਉਣੇ ਪਏ, ਜਿਨ੍ਹਾਂ ਨੂੰ ਮੱਥੇ



**ਡਾ. ਸਤਿੰਦਰ ਪਾਲ ਸਿੰਘ**
akaalpurkh.7@gmail.com

'ਤੇ ਸ਼ਰਨਾਰਥੀ ਦੀ ਮੋਹਰ ਬਿਨਾ ਕਿਸੇ ਕਸੂਰ ਲਾਉਣੀ ਪਈ, ਉਨ੍ਹਾਂ ਲਈ ਆਜ਼ਾਦੀ ਦੇ ਮਾਇਨੇ ਹੀ ਬਦਲ ਗਏ। ਆਪਣੀ ਜ਼ਮੀਨ, ਆਪਣੀ ਪਛਾਣ ਦਾ ਸੰਕਟ ਪੈਦਾ ਹੋ ਗਿਆ। ਸੰਨ '47 ਦੀ ਵੰਡ ਕੀ ਹੋਈ ਇੱਕ ਵੱਡੀ ਆਬਾਦੀ ਦਾ ਪੰਜਾਬ ਸਦਾ ਲਈ ਸੁਪਨਾ ਬਣ ਗਿਆ। ਬਸ ਰਹਿ ਗਈ ਸੀ ਪੰਜਾਬੀਅਤ ਜੋ ਉਨ੍ਹਾਂ ਲਈ ਅਜੂਬਾ ਸੀ ਜਿਨ੍ਹਾਂ ਪਹਿਲੀ ਵਾਰ ਸਿੱਖ ਵੇਖੇ ਸਨ। ਆਪਣੇ ਹੀ ਦੇਸ਼ ਵਿਚ ਆਪਣੀ ਹੀ ਸਰਕਾਰ ਨੇ ਸ਼ਰਨਾਰਥੀ ਦੀ ਪਛਾਣ ਦਿੱਤੀ, ਰਿਫਯੂਜੀ ਕਾਲੋਨੀਆਂ, ਰਿਫਯੂਜੀ ਮਾਰਕੀਟਾਂ ਬਣ ਗਈਆਂ। ਆਪਣਾ ਪਿੰਡ, ਆਪਣੇ ਲੋਕ, ਆਪਣੀ ਜਾਇਦਾਦ, ਆਪਣਾ ਰੁਤਬਾ, ਸਭ ਹੱਥੋਂ ਰੇਤ ਵਾਂਗੂੰ ਫਿਸਲ ਗਏ ਸਨ, ਬਸ ਹੱਥਾਂ ਦਾ ਹੀ ਆਸਰਾ ਬਚਿਆ ਸੀ।

ਸੰਨ 1947 ਦੀ ਵੰਡ ਦਿਲ ਚੀਰ ਕੇ ਰੱਖ ਦੇਣ ਵਾਲੀ ਸੀ। ਪੀੜ੍ਹੀਆਂ ਬਦਲ ਗਈਆਂ ਹਨ ਪਰ ਕਹਾਣੀਆਂ ਜੋ ਪੁਰਖਿਆਂ ਨੇ ਸੁਣਾਈਆਂ ਉਹ ਕੰਨਾਂ 'ਚ ਸਦਾ ਗੂੰਜਦੀਆਂ ਰਹਿੰਦੀਆਂ ਹਨ। ਜੋ ਵਾਪਰਿਆ ਉਹ ਪੂਰਾ ਦਾ ਪੂਰਾ ਇਤਿਹਾਸ ਦਾ ਹਿੱਸਾ ਬਣ ਸਕੇਗਾ ਇਸ 'ਚ ਭਾਰੀ ਸ਼ੱਕ ਹੈ, ਕਿਉਂਕਿ ਇਸ ਬਾਰੇ ਕੋਈ ਖਾਸ ਯਤਨ ਹੋਏ ਹੀ ਨਹੀਂ, ਜੋ ਹੋਏ ਉਹ ਬੁਧੀਜੀਵੀ ਵਰਗ ਲਈ ਰੌਚਕ ਵਾਰਤਾ ਬਣ ਕੇ ਰਹਿ ਗਏ। ਕੁਝ ਨਜ਼ਮਾਂ, ਕੁਝ ਫਿਲਮਾਂ, ਕੁਝ ਕਿਤਾਬਾਂ, ਇਸ ਤੋਂ ਵੱਧ ਨਹੀਂ। ਜਿਨ੍ਹਾਂ ਨੇ ਉਹ ਦੌਰ ਝੱਲਿਆ ਉਨ੍ਹਾਂ ਦੇ ਦਿਲ ਤਾਂ ਕਦੇ ਫਰੋਲੇ ਹੀ ਨਹੀਂ ਗਏ। ਜੇ ਹਰ ਸੱਚਾਈ ਬਾਹਰ ਆ ਜਾਂਦੀ ਤਾਂ ਇਹ ਧਰਤੀ ਸ਼ਾਇਦ ਸਹਿਣ ਨਹੀਂ ਕਰ ਪਾਉਂਦੀ। ਪਾਕਿਸਤਾਨ ਦੇ ਜ਼ਿਲ੍ਹਾ ਗੁਜਰਾਤ ਦਾ ਪਿੰਡ ਟੱਲ ਕੱਕਾ ਤਹਿਸੀਲ ਖਾਰਿਆਂ ਵਿਚ ਆਉਂਦਾ ਹੈ, ਇੱਥੇ ਸਰਦਾਰ ਹਰੀ ਸਿੰਘ ਸਭ ਤੋਂ ਧਨਵਾਨ ਤੇ ਰਸੂਖਦਾਰ ਮੰਨੇ ਜਾਂਦੇ ਸਨ। ਉਹ ਆਪਣੀ ਹਵੇਲੀ ਦੇ ਗੇਟ ਦੇ ਵਿਚੋ-ਵਿਚ ਮੰਜਾ ਡਾਹ ਕੇ ਬੈਠ ਜਾਂਦੇ ਤਾਂ ਲੋਗ ਉਸ ਪਾਸੋਂ ਨਿੱਕਲਦਿਆਂ ਸੰਗਦੇ ਸਨ। ਕਿਸੇ ਸਾਧੂ ਨੇ ਉਨ੍ਹਾਂ ਦੀ ਜ਼ਮੀਨ 'ਤੇ ਇਕ ਗੁਰਦੁਆਰਾ ਉਸਾਰਿਆ ਸੀ ਜੋ ਠੀਕ ਸ੍ਰੀ ਹਰਿਮੰਦਰ ਸਾਹਿਬ ਵਰਗਾ ਲੱਗਦਾ ਸੀ। ਜਦੋਂ ਵੰਡ ਦੀਆਂ ਖਬਰਾਂ ਆਉਣ ਲੱਗੀਆਂ ਤਾਂ ਕਈ ਸਿੱਖ, ਹਿੰਦੂ ਪਰਿਵਾਰ ਹਿੰਦੁਸਤਾਨ ਵਾਲੇ ਪਾਸੇ ਆਉਣੇ ਸ਼ੁਰੂ ਹੋ ਗਏ। ਸ. ਹਰੀ ਸਿੰਘ ਹੱਸਦੇ ਤੇ ਕਹਿੰਦੇ ਰੌਲਾ ਜਿਹਾ ਹੈ, ਕੁਝ ਦਿਨਾਂ 'ਚ ਮੁੱਕ ਜਾਣਾ ਹੈ। ਉਹ ਕਹਿੰਦੇ ਕਿ ਇਨ੍ਹਾਂ ਗਰੀਬੜੇ ਮੁਸਲਮਾਨਾਂ ਕੀ ਕਰਨਾ ਹੈ ਜੋ ਸਾਡੇ ਸਾਹਮਣੇ ਉਚੀ ਆਵਾਜ਼ 'ਚ ਬੋਲਦੇ ਡਰਦੇ ਹਨ। ਸਰਦਾਰ ਜੀ ਦੇ ਇਕੱਲੇ ਬੇਟੇ ਸ. ਲਾਭ ਸਿੰਘ ਨੇ ਮਨ ਬਣਾਇਆ ਕਿ ਹਿੰਦੁਸਤਾਨ ਦਾ ਹਿੱਸਾ ਵੇਖ ਕੇ ਤਾਂ ਆਈਏ। ਉਹ ਆਪਣੇ 12-13 ਸਾਲ ਦੇ ਬੇਟੇ ਨਾਲ ਯੂ. ਪੀ. ਦੇ ਇੱਕ ਛੋਟੇ ਜਿਹੇ ਨਗਰ ਆਏ, ਇੱਥੇ ਕਈ ਸਿੱਖ ਪਰਿਵਾਰ ਪਹਿਲਾਂ ਹੀ ਆ ਚੁਕੇ ਸਨ। ਸ. ਲਾਭ ਸਿੰਘ ਨੇ ਵੀ ਮਨ ਬਣਾਇਆ ਤੇ ਬੇਟੇ ਨੂੰ ਇੱਥੇ ਹੀ ਸਬੰਧੀਆਂ ਕੋਲ ਛੱਡ ਪਿੰਡ ਪਰਤ ਗਏ। ਸ. ਹਰੀ ਸਿੰਘ ਨੇ ਟੱਲ ਕੱਕਾ ਤੋਂ ਕਿਤੇ ਹੋਰ ਜਾਣ ਤੋਂ ਇਨਕਾਰ ਕਰ ਦਿੱਤਾ ਪਰ ਬੇਟੇ ਨੂੰ ਪਰਿਵਾਰ ਸਹਿਤ ਜਾਣ ਦੀ ਇਜਾਜ਼ਤ ਦੇ ਦਿੱਤੀ। ਬੇਟਾ ਲਾਭ ਸਿੰਘ ਜਦੋਂ ਲੋੜੀਂਦਾ ਸਮਾਨ ਬੰਨ੍ਹ ਕੇ ਫਤਿਹ ਬੁਲਾਉਣ ਗਿਆ ਤਾਂ ਸ. ਹਰੀ ਸਿੰਘ ਦੇ ਮੂੰਹੋਂ ਭਾਵੁਕ ਹੋ ਨਿੱਕਲ ਗਿਆ ਕਿ 'ਮੈਨੂੰ ਛੱਡ ਕੇ ਜਾ ਰਿਹੈਂ? ਲਾਭ ਸਿੰਘ ਦਾ ਮਨ ਭਰ ਆਇਆ ਤੇ ਉਹ ਰੁਕ ਗਏ। ਕੁਝ ਦਿਨਾਂ ਬਾਅਦ ਹੀ ਉਨ੍ਹਾਂ ਦੇ ਪਿੰਡ ਵਿਚ ਅਲੀਗੜ੍ਹ ਮੁਸਲਿਮ ਯੂਨੀਵਰਸਿਟੀ ਦੇ ਕੁਝ ਲੋਕ ਆਏ ਤੇ ਸਥਾਨਕ ਮੁਸਲਮਾਨਾਂ ਨੂੰ ਭੜਕਾਇਆ, ਨਤੀਜੇ ਵਜੋਂ ਇੱਕ ਵੱਡੀ ਭੀੜ ਨੇ ਇੱਕ ਰਾਤ ਸ. ਹਰੀ ਸਿੰਘ ਦੀ ਹਵੇਲੀ 'ਤੇ ਹਮਲਾ ਕਰ ਅੱਗ ਲਾ ਦਿੱਤੀ। ਘਰ ਦੀਆਂ ਬੀਬੀਆਂ, ਬੱਚੀਆਂ ਹਵੇਲੀ ਅੰਦਰ ਬਣੇ ਖੂਹ 'ਚ ਕੁੱਦ ਗਈਆਂ ਤੇ ਸਾਰੇ ਮਰਦ ਅੱਗ ਤੇ ਭੀੜ ਨਾਲ ਲੜਦੇ ਮਾਰੇ ਗਏ। ਕਹਿੰਦੇ ਹਨ ਕਿ ਹਵੇਲੀ ਇੰਨੀ ਵੱਡੀ ਸੀ ਕਿ ਤਿੰਨ-ਚਾਰ ਦਿਨ ਅੱਗ ਦੇ ਭਾਂਬੜ ਬਲਦੇ ਦੂਰ ਤੱਕ ਵਿਖਾਈ ਦਿੰਦੇ ਰਹੇ। ਆਪਣੀ ਜ਼ਮੀਨ, ਆਪਣੇ ਪਿੰਡ ਲਈ ਪਿਆਰ, ਆਪਣੇ ਪਿੰਡ ਦੇ ਲੋਕਾਂ 'ਤੇ ਭਰੋਸਾ ਇੰਨਾ ਮਹਿੰਗਾ ਪਿਆ ਕਿ ਜਿਸ ਨੇ ਵੀ ਸੁਣਿਆ ਉਹ ਕੰਬ ਉਠਿਆ। ਹਵੇਲੀ ਤੇ ਹਵੇਲੀ ਦੇ ਲੋਕ ਸੁਆਹ ਦਾ ਢੇਰ ਬਣ ਕੇ ਰਹਿ ਗਏ। ਦੇਸ਼ ਆਜ਼ਾਦ ਹੋਇਆ ਨਾਲ ਹੀ ਇਹ ਸੁਭਾਵਕ ਭਰੋਸਾ ਤੇ ਸਬਰ ਰੱਖਣ ਵਾਲੇ ਲੋਕ ਆਪਣੀਆਂ ਜ਼ਿੰਦਗੀਆਂ ਤੋਂ ਹੀ ਆਜ਼ਾਦ ਹੋ ਗਏ। ਬੀਬੀਆਂ, ਬੱਚਿਆਂ ਜ਼ਿੰਦਾ ਹੀ ਪਤਿ ਬਚਾਉਣ ਲਈ ਆਪਣੇ ਹੀ ਖੂਹ ਵਿਚ, ਇੱਕ ਤੋਂ ਬਾਅਦ ਇੱਕ ਕੁੱਦੀਆਂ ਹੋਣਗੀਆਂ ਤਾ ਉਨ੍ਹਾਂ ਨੇ ਇੱਕ ਦੂਜੇ ਦੀ ਚੀਖ ਜ਼ਰੂਰ ਸੁਣੀ ਹੋਵੇਗੀ। ਘਰ ਦੇ ਮਰਦਾਂ ਦੇ ਸੀਨੇ ਜ਼ਰੂਰ ਚਾਕ ਹੋ ਗਏ ਹੋਣਗੇ। ਦੰਗਾਈਆਂ ਦੀ ਭੀੜ ਨੇ ਕਿਸ ਨੂੰ ਪਹਿਲਾਂ ਮਾਰਿਆ ਹੋਵੇਗਾ ਤੇ ਕਿਸ ਦੀਆਂ ਅੱਖਾਂ ਕਿਸ ਦੀ ਮੌਤ ਵੇਖ ਕੇ ਪੱਥਰ ਹੋ ਗਈਆਂ ਹੋਣਗੀਆਂ, ਇਹ ਦੱਸਣ ਲਈ ਕੋਈ ਨਹੀਂ ਸੀ ਬਚਿਆ। ਇੱਕ ਹੱਸਦਾ ਖੇਡਦਾ ਵੱਡਾ ਤੇ ਸੁਖੀ ਪਰਿਵਾਰ ਆਪਣੇ ਭਰੋਸੇ 'ਤੇ ਜਾਨਾਂ ਵਾਰ ਗਿਆ। ਉਧਰ, ਜੋ 12 ਸਾਲ ਦਾ ਬੱਚਾ ਆਪਣੇ ਪਰਿਵਾਰ ਦੀ ਉਡੀਕ ਕਰ ਰਿਹਾ ਸੀ, ਉਹ ਉਡੀਕ ਉਸ ਦੇ ਸੀਨੇ ਵਿਚ ਚੱਟਾਨ ਵਾਂਗ ਸਦਾ ਲਈ ਜੰਮ ਗਈ। ਹੁਣ ਉਹ ਰਿਫਯੂਜੀ ਵੀ ਸੀ, ਅਨਾਥ ਵੀ ਤੇ ਦਾਣੇ-ਦਾਣੇ ਦਾ ਮੁਥਾਜ ਵੀ। ਸਾਰੇ ਲੋਕ ਅਣਜਾਣ, ਪੂਰਾ ਮਾਹੌਲ ਅਣ- ਪਛਾਣਿਆ ਤੇ ਹਿੱਕ ਲਾ ਕੇ ਦਿਲਾਸਾ ਦੇਣ ਵਾਲਾ ਕੋਈ ਨਹੀਂ। ਉਸ ਬੱਚੇ ਨੇ ਨਗਰ ਦੇ ਲਾਗੇ ਤੋਂ ਵਹਿੰਦੀ ਗੋਮਤੀ ਨਦੀ ਦੇ ਕਿਨਾਰੇ ਇੱਕ ਕੱਚੇ ਕਮਰੇ ਤੋਂ ਆਪਣੇ ਜੀਵਨ ਦੀ ਸ਼ੁਰੂਆਤ ਕੀਤੀ। ਮਨ ਦਾ ਪੱਥਰ ਬਣ ਜਾਣਾ ਹੀ ਉਸ ਦੀ ਤਾਕਤ ਬਣਿਆ। ਸਮਾਂ ਆਪਣੀ ਚਾਲ ਚੱਲਦਾ ਗਿਆ ਤੇ ਉਸ ਬੱਚੇ ਨੂੰ ਤਰੱਕੀ ਦੀਆਂ ਬੁਲੰਦੀਆਂ ਤੱਕ ਲੈ ਗਿਆ। ਚਾਲੀ ਸਾਲ ਦੀ ਉਮਰ 'ਚ ਜਦੋਂ ਸ. ਹਰਭਜਨ ਸਿੰਘ ਉੱਤਰ ਪ੍ਰਦੇਸ਼ ਵਿਧਾਨ ਪ੍ਰੀਸ਼ਦ ਦੀ ਚੋਣ ਜਿੱਤ ਕੇ ਵਿਧਾਨ ਭਵਨ ਪੁੱਜੇ ਤਾਂ ਸਮਾਂ ਜ਼ਰੂਰ ਆਪਣੀ ਚਾਲ 'ਤੇ ਹੱਸਿਆ ਹੋਵੇਗਾ, ਇਹ ਇੱਕ ਘਟਨਾ ਹੈ। ਅਜਿਹੀਆਂ ਕਿਤਨੀਆਂ ਹੀ ਘਟਨਾਵਾਂ, ਇਸ ਤੋਂ ਕਿਤੇ ਵੱਧ ਦਿਲ ਕੰਬਾਊ ਘਟਨਾਵਾਂ ਧਰਤੀ ਦੇ ਸੀਨੇ ਵਿਚ ਦਫਨ ਹਨ, ਕਿਹਾ ਨਹੀਂ ਜਾ ਸਕਦਾ।

ਸੰਨ 1947 ਤੋਂ ਬਾਅਦ ਪਛਮੀ ਪੰਜਾਬ ਤੋਂ ਆਏ ਸਿੱਖ ਭਾਰਤ ਦੇ ਵੱਖ ਵੱਖ ਹਿੱਸਿਆਂ ਵਿਚ ਆਪਣੀ ਸਹੂਲੀਅਤ ਨਾਲ ਜਾ ਵੱਸੇ। ਪੁਰਖਿਆਂ ਦੇ ਵਸਾਏ ਘਰ-ਬਾਰ, ਜ਼ਮੀਨਾਂ, ਦੌਲਤ, ਅਜੀਜ਼ ਗੁਆ ਕੇ ਆਉਣ ਦਾ ਅਸਹਿ ਦਰਦ ਤਾਂ ਸੀ ਹੀ ਉਨ੍ਹਾਂ ਨੂੰ ਸਥਾਨਕ ਸਮਾਜ ਅੰਦਰ ਥਾਂ ਬਣਾਉਣ ਦੀ ਵੱਡੀ ਜੰਗ ਲੜਨੀ ਪਈ। ਉਨ੍ਹਾਂ ਦੇ ਸਿੱਖੀ ਸਵਰੂਪ ਦਾ ਮਜ਼ਾਕ ਬਣਾਇਆ ਗਿਆ, ਉਨ੍ਹਾਂ ਦੀ ਬੋਲੀ 'ਤੇ ਫਬਤੀਆਂ ਕੱਸੀਆਂ ਗਾਈਆਂ, ਉਨ੍ਹਾਂ ਦੇ ਖਾਣ-ਪਾਣ 'ਤੇ ਚੁਟਕਲੇ ਬਣੇ। ਸਿੱਖਾਂ ਨੂੰ ਆਪਣੀ ਬੌਧਿਕ ਸਮਰਥਾ ਨੂੰ ਲੈ ਕੇ ਵੀ ਕਾਫੀ ਕੁਝ ਸੁਣਨਾ ਪੈਂਦਾ ਸੀ। ਜੀਵਨ ਚਲਾਉਣ ਲਈ ਜੱਦੋ-ਜਹਿਦ ਦੀਆਂ ਕਰੜੀਆਂ ਚੁਣੌਤੀਆਂ ਵੱਖ ਸਨ। ਸਿੱਖ ਆਪਣੇ ਆਪ ਨੂੰ ਮਹਾਭਾਰਤ ਦੇ ਪਾਤਰ ਅਭਿਮੰਨਯੂ ਵਾਂਗੂੰ ਚਕਰਵਿਊਹ 'ਚ ਫਸਿਆ ਮਹਿਸੂਸ ਕਰਦੇ ਸਨ। ਇਸ ਚਕਰਵਿਊਹ ਨੂੰ ਤੋੜਨਾ ਸੌਖਾ ਨਹੀਂ ਸੀ ਪਰ ਸਿੱਖਾਂ ਨੇ ਆਪਣੇ ਹੌਸਲੇ ਨਾਲ ਇਸ ਨੂੰ ਤੋੜਿਆ ਵੀ ਤੇ ਜੀਵਨ ਸਫਲਤਾ ਵੀ ਪ੍ਰਾਪਤ ਕੀਤੀ। ਪੰਜਾਬ ਵਿਚ ਰਹਿ ਰਹੇ ਸਿੱਖਾਂ ਨੂੰ ਅੰਦਾਜ਼ਾ ਹੀ ਨਹੀਂ ਹੋਵੇਗਾ ਕਿ ਪੰਜਾਬ ਤੋਂ ਬਾਹਰ ਦੇਸ਼ ਵਿਚ ਵੱਸਦੇ ਸਿੱਖਾਂ ਕਿੰਨੇ ਤਨਾਅ ਤੇ ਦਬਾਅ ਹੇਠ ਰਹੇ ਹਨ ਤੇ ਅੱਜ ਵੀ ਹਨ। ਇਹ ਸਿਰਫ ਇਸ ਕਾਰਨ ਕਿ ਭਾਰਤ ਦੀ ਵੰਡ ਦਾ ਫੈਸਲਾ ਲੈਂਦਿਆਂ ਉਨ੍ਹਾਂ ਬਾਰੇ ਇੱਕ ਵਾਰ ਵੀ ਨਹੀਂ ਸੋਚਿਆ ਗਿਆ। ਜਿੱਥੇ ਰਹਿੰਦੀਆਂ ਸ਼ਤਾਬਦੀਆਂ ਗੁਜ਼ਾਰੀਆਂ, ਜਿੱਥੇ ਦੀ ਮਿੱਟੀ 'ਚ ਉਨ੍ਹਾਂ ਦੇ ਪੁਰਖਿਆਂ ਦੀਆਂ ਅਣਗਿਣਤ ਯਾਦਾਂ ਰਚੀਆਂ ਵਸੀਆਂ ਹੋਣ ਉਸ ਨੂੰ ਫੌਰਨ ਹੀ ਛੱਡ ਕਿਸੇ ਅਣਜਾਣ ਜਗ੍ਹਾ 'ਤੇ ਚਲੇ ਜਾਣ ਬਾਰੇ ਕੋਈ ਸੋਚਣਾ ਵੀ ਨਹੀਂ ਚਾਹੇਗਾ। ਲੋਕ ਜਿੱਥੇ ਕੁਝ ਸਾਲ ਰਹਿ ਲੈਂਦੇ ਹਨ, ਮੋਹ ਪੈਦਾ ਹੋ ਜਾਂਦਾ ਹੈ। ਹਿੰਦੀ ਦੇ ਇਕ ਮਸ਼ਹੂਰ ਕਵੀ ਤੇ ਗਜ਼ਲਕਾਰ ਦਾ ਤਬਾਦਲਾ ਹੋ ਗਿਆ ਸੀ ਤਾਂ ਉਸ ਨੇ ਖੁਦਕੁਸ਼ੀ ਕਰ ਲਈ ਸੀ। ਇਹ ਤਾਂ ਸਿੱਖਾਂ, ਹਿੰਦੂਆਂ ਦੀ ਇੱਕ ਵੱਡੀ ਆਬਾਦੀ ਲਈ ਅਜਿਹੇ ਹਾਲਾਤ ਬਣ ਗਏ ਸਨ ਜੋ ਨਾ ਜੀਵਨ ਦੇ ਸਨ ਨਾ ਮਰਨ ਦੇ।

ਜਦੋਂ ਭਾਰਤ ਦੀ ਵੰਡ ਦੇ ਦੁਖ ਦੀ ਗੱਲ ਕੀਤੀ ਜਾਂਦੀ ਹੈ ਬਸ ਕਤਲਾਂ, ਮੌਤਾਂ, ਲੁੱਟ-ਮਾਰ ਦੀ ਗੱਲ ਹੁੰਦੀ ਹੈ ਜੋ ਅਧੂਰੀ ਹੁੰਦੀ ਹੈ। ਸਿੱਖਾਂ ਨੇ ਪੰਜਾਬ ਤੋਂ ਬਾਹਰ ਜਿਨ੍ਹਾਂ ਹਾਲਾਤ ਦਾ ਸਾਹਮਣਾ ਕੀਤਾ ਹੈ ਉਹ ਵੀ ਉਨਾ ਹੀ ਪੀੜਾ ਦੇਣ ਵਾਲਾ ਹੈ। ਅੱਜ ਵੀ ਸਿੱਖ ਹਰ ਤਰ੍ਹਾਂ ਨਿਸ਼ਾਨੇ 'ਤੇ ਰਹਿੰਦੇ ਹਨ। ਦਹਾਕੇ ਬੀਤ ਗਏ, ਪੀੜ੍ਹੀਆਂ ਬਦਲ ਗਈਆਂ ਪਰ ਅੱਜ ਵੀ ਸਿੱਖ ਨਿਸ਼ਾਨੇ 'ਤੇ ਰਹਿੰਦੇ ਹਨ, ਸਿਰਫ ਸਿੱਖ ਹੋਣ ਕਾਰਨ। ਨਵੀਆਂ ਪੀੜ੍ਹੀਆਂ ਭਾਵੇਂ ਯੂ.ਪੀ. ਬਿਹਾਰ, ਰਾਜਸਥਾਨ, ਮੱਧ ਪ੍ਰਦੇਸ਼, ਦਿੱਲੀ, ਮਹਾਰਾਸ਼ਟਰ ਦੀਆਂ ਜੰਮ-ਪਲ ਹਨ ਪਰ ਅਖਵਾਉਂਦੀਆਂ ਪੰਜਾਬੀ ਹੀ ਹਨ। ਇਹ ਸੋਚ ਉਨ੍ਹਾਂ ਨੂੰ ਸਥਾਨਕ ਸਮਾਜ, ਸਥਾਨਕ ਸਭਿਅਤਾ ਤੋਂ ਦੂਰ ਕਰਨ ਵਾਲੀ ਹੈ। ਸਿੱਖ ਹੋਣ ਤੇ ਪੰਜਾਬੀ ਹੋਣ ਦਾ ਫਰਕ ਹੀ ਨਹੀਂ ਸਮਝਿਆ ਜਾ ਸਕਿਆ ਹੈ। ਭਾਰਤ ਦੇ ਕਈ ਹਿੱਸੇ ਹਨ ਜਿੱਥੋਂ ਦੇ ਲੋਕਾਂ ਨੇ ਕਦੇ ਸਿੱਖ ਵੇਖਿਆ ਹੀ ਨਹੀਂ।

ਪੰਜਾਬ ਤੋਂ ਬਾਹਰ ਵੱਸੇ ਸਿੱਖ ਭਾਰਤ ਦੀ ਵੰਡ ਦੇ ਅਜਿਹੇ ਕਿੰਨੇ ਹੀ ਦਰਦ ਅਜੇ ਵੀ ਸੀਨੇ ਅੰਦਰ ਰੱਖ ਕੇ ਜਿਉਣ ਲਈ ਮਜਬੂਰ ਹਨ। ਆਜ਼ਾਦੀ ਤੋਂ ਬਾਅਦ ਲਗਾਤਾਰ ਸਹਿਣ ਕੀਤਾ ਜਾਣ ਵਾਲ਼ਾ ਇਹ ਦਰਦ ਭਾਰਤ ਦੀ ਵੰਡ ਦੇ ਇਤਿਹਾਸ ਦਾ ਖਾਲੀ ਪੰਨਾ ਹੈ ਜਿਸ ਨੂੰ ਲਿਖਿਆ ਨਹੀਂ ਜਾ ਰਿਹਾ ਹੈ। ਇਹ ਹਕੀਕਤ ਹੈ ਜੋ ਪੀੜ੍ਹੀ-ਦਰ-ਪੀੜ੍ਹੀ ਮਨਾਂ ਨੂੰ ਚੁੱਭਦੀ ਰਹੇਗੀ। ਦਰਅਸਲ, ਦੇਸ਼ ਵੰਡ ਦੌਰਾਨ ਜਾਨਾਂ ਦਿੱਤੀਆਂ ਗਈਆਂ ਤਾਂ ਹੀ ਵੰਡ ਤੇ ਆਜ਼ਾਦੀ ਸੰਪੂਰਨ ਹੋਈ। ਇਹ ਦੇਸ਼ ਦੀ ਅਜ਼ਾਦੀ ਵਿਚ ਇੱਕ ਮਹੱਤਵਪੂਰਨ ਤੇ ਨਿਰਣਾਇਕ ਯੋਗਦਾਨ ਸੀ। ਜਿੰਨੇ ਵੀ ਸਿੱਖਾਂ, ਹਿੰਦੂਆਂ ਨੇ ਆਪਣੀਆਂ ਜਾਨਾਂ ਸੰਨ 1947 ਦੀ ਵੰਡ ਵਿਚ ਗਵਾਈਆਂ, ਉਹ ਜਾਨਾਂ ਵੀ ਦੇਸ਼ ਦੀ ਅਜ਼ਾਦੀ ਲਈ ਦਿੱਤੀਆਂ ਸ਼ਹੀਦੀਆਂ ਤੋਂ ਘੱਟ ਕੀਮਤ ਨਹੀਂ ਰੱਖਦੀਆਂ। ਇਨ੍ਹਾਂ ਨੂੰ ਵੀ ਸੁਤੰਤਰਤਾ ਸੰਗਰਾਮ ਦੇ ਸ਼ਹੀਦਾਂ ਦਾ ਦਰਜਾ ਦਿੱਤਾ ਜਾਣਾ ਚਾਹੀਦੈ। ਵਰਤਮਾਨ ਭਾਰਤ ਸਰਕਾਰ ਦਾ ਹਰ ਸਾਲ ਵਿਭਾਜਨ ਵਿਭੀਸ਼ਿਕਾ ਦਿਵਸ ਮਨਾਉਣ ਦਾ ਫੈਸਲਾ ਸਾਰਥਕ ਕਦਮ ਹੈ। ਲੋਕਾਂ ਨੂੰ ਇਤਿਹਾਸ ਤੋਂ ਜਾਣੂੰ ਕਰਾਉਣ ਲਈ ਪ੍ਰਦਰਸ਼ਨੀਆਂ ਲਾਈਆਂ ਜਾ ਰਹੀਆਂ ਹਨ। ਪਰ ਲੋੜ ਹੈ ਇਸ ਭਾਵਨਾ ਨੂੰ ਵਿਸਤਾਰ ਦਿੰਦਿਆਂ ਸਰਕਾਰੀ ਪੱਧਰ 'ਤੇ ਇੱਕ ਵਿਆਪਕ ਰਿਕਾਰਡ ਤਿਆਰ ਕੀਤਾ ਜਾਵੇ ਤੇ ਤ੍ਰਾਸਦੀ ਦੀਆਂ ਵੱਖ-ਵੱਖ ਘਟਨਾਵਾਂ ਨੂੰ ਦਰਜ ਕੀਤਾ ਜਾਵੇ। ਉਸ ਇਤਿਹਾਸ ਦੀ ਸਾਂਭ ਜ਼ਰੂਰੀ ਹੈ ਜੋ ਲਿਖਿਆ ਹੀ ਨਹੀਂ ਗਿਆ ਪਰ ਜਿਸ ਦੇ ਬਿਨਾ ਦੇਸ਼ ਦੀ ਆਜ਼ਾਦੀ ਦਾ ਇਤਿਹਾਸ ਪੂਰਾ ਵੀ ਨਹੀਂ ਹੁੰਦਾ। ਆਉਣ ਵਾਲੀਆਂ ਪੀੜ੍ਹੀਆਂ ਨੂੰ ਹੱਕ ਹੈ ਪੂਰਾ ਸੱਚ, ਸੰਪੂਰਨ ਇਤਿਹਾਸ ਜਾਨਣ ਦਾ।

---

### ਆਈ-ਗਈ ਹੋਈ ਆਜ਼ਾਦੀ!

ਫੇਰ ਆਇਆ ਆਜ਼ਾਦੀ ਦਾ ਦਿਨ।
ਨਹੀਂ, ਨਹੀਂ, ਬਰਬਾਦੀ ਦਾ ਦਿਨ।

ਤਾਜ਼ੀ-ਤਾਜ਼ੀ ਇਹ ਜਦੋਂ ਸੀ ਆਈ
ਭਰ ਦਰਿਆ ਵੀ ਲਹੂ ਦੇ ਲਿਆਈ।

ਜਿਨ੍ਹਾਂ ਕਾਰਨ ਸੀ ਇਹ ਆਈ।
ਉਨ੍ਹਾਂ ਨੂੰ ਪਹਿਲਾਂ ਵੱਢ ਖਾਈ।

ਅਸੀਂ ਤਾਂ ਘਰ-ਬਾਰ ਗੁਆਏ।
ਉਨ੍ਹਾਂ ਦੱਬ ਲਏ ਬਣੇ ਬਣਾਏ।

ਡਾਹੀਆਂ ਕੁਰਸੀਆਂ ਉਨ੍ਹਾਂ ਲਾਸ਼ਾਂ ਉੱਤੇ।
ਖੁਲ੍ਹੇ ਅਕਾਸ਼ ਹੇਠਾਂ ਅਸੀਂ ਆ ਸੁੱਤੇ।

ਭੁੱਲ ਗਏ ਉਹ ਸਭ ਕੌਲ ਕਰਾਰ।
ਬਹਿ ਗਏ ਅਸੀਂ ਦੋਵੇਂ ਹੱਥ ਝਾੜ।

ਉਹ ਤਾਂ ਮਾਣਨ ਲੱਗੇ ਸੁੱਖ ਸੱਤਾ।
ਅਕ੍ਰਿਤਘਣਾਂ ਸੰਗ-ਸ਼ਰਮ ਨਾ ਰਤਾ।

ਲੱਗੇ ਨਾ ਜਿਵੇਂ ਇਹ ਦੇਸ਼ ਅਸਾਡਾ।
ਨਿੱਤ ਲਾ ਰੱਖਦੇ ਨਾਲ ਸਾਡੇ ਆਹਢਾ।

ਬੰਦੇ ਦਾ ਨਾ ਏਥੇ ਮੁੱਲ ਕੋਈ।
ਬੋਲਣ ਦੀ ਵੀ ਨਾ ਖੁਲ੍ਹ ਕੋਈ।

ਕਹਿੰਦੇ ਲੋਕ, ਸੀ ਗੁਲਾਮ ਹੀ ਚੰਗੇ।
ਇਨ੍ਹਾਂ ਲਾਹਤੀ ਸ਼ਰਮ, ਹੋਏ ਨੰਗੇ।
***– ਗੁਰਬਖਸ਼ ਸਿੰਘ 'ਨਾਕਾਮ'***
***ਫੋਨ:+1 864 318 5500***

----

## ਕਾਵਿ-ਕਿਆਰੀ

### ਸਾਉਣ ਭਾਦੋਂ

ਕੜ ਕੜ ਬਿਜਲੀ ਕੜਕਦੀ, ਮਾਰੇ ਲਿਸ਼ਕਾਰੇ,
ਬਦਲ਼ੀ ਛੰਮ ਛੰਮ ਵਰ੍ਹਦੀ, ਜਿਉਂ ਪੈਣ ਫ਼ੁਹਾਰੇ।

ਡੱਡੂਆਂ ਬੀਂਡਿਆਂ ਕਾਵਾਂ, ਰਲ਼ ਰੌਲ਼ਾ ਪਾਇਆ,
ਬੁਝੇ ਪਿਆਸ ਧਰਤ ਦੀ, ਚੜ੍ਹੇ ਰੂਪ ਸੁਆਇਆ।

ਪੱਛੋਂ ਦੀ 'ਨ੍ਹੇਰੀ ਵਗਦੀ, ਛਾਣ ਘਨਘੋਰ ਘਟਾਵਾਂ,
ਕੁਐਂ ਕੁਐਂ ਮੋਰ ਕੂਕਦੇ, ਠੰਢੀਆਂ ਵਗਣ ਹਵਾਵਾਂ।

ਗੰਡੋਏ ਚੀਜ਼ ਵਹੁਟੀਆਂ, ਘੁੰਮਦੇ ਘੁਮਾਰ ਤੇ ਜੋਕਾਂ,
ਪਸ਼ੂ ਖੜ੍ਹੇ ਵਿਚ ਗਾਰਿਆਂ, ਅੰਦਰ ਡੱਕ 'ਤੋਂਕਾਂ।

ਬਹੁਤੇ ਕੱਚੇ ਘਰ ਸੀ, ਵਿਰਲਾ ਵਿਰਲਾ ਸੀ ਪੱਕਾ,
ਕੱਚੀਆਂ ਸੀ ਗਲ਼ੀਆਂ, ਘੁੰਮਦਾ ਸੀ ਚੋਰ ਉਚੱਕਾ।

ਕੜੀਆਂ, ਕਾਨੇ, ਬਾਲੇ ਸੀ, ਉੱਤੇ ਮਿੱਟੀ ਦੀਆਂ ਛੱਤਾਂ,
ਰਾਤ ਸਾਰੀ ਸੀ ਚੋਂਦੀਆਂ, ਤਿੱਪ ਤਿੱਪੈਣ ਉਵੱਤਾਂ।

ਭੁੱਲਣੀਆਂ ਨਾ ਕਦੇ ਉਹ, ਛਰਾਟੇ ਪੈਂਦੀਆਂ ਰਾਤਾਂ,
ਭਾਦੋਂ ਦੇ ਹੁਨਾ਼ਲ ਵਿਚ, ਕੱਟੀਆਂ ਜਾਗ ਕੇ ਰਾਤਾਂ।

ਨਿਆਣੇ ਕੁੱਟ ਮੀਂਹ ਸੀ, ਸ਼ਾਂ ਸ਼ਾਂ ਕਰ ਕੇ ਆਉਂਦਾ,
ਉੱਠਦਿਆਂ ਅੱਖਾਂ ਮਲ਼ਦਿਆਂ, ਝੱਟ ਹੀ ਹਟ ਜਾਂਦਾ।

ਮੰਜੇ ਮੰਜੀਆਂ ਫੜ ਕੇ, ਬਨੇਰਿਆਂ 'ਤੋਂ।ਮਕਾਣੇ,
'ਕੱਠੇ ਕਰਦਿਆਂ ਬਿਸਤਰੇ, ਸਭ ਗਿੱਲੇ ਹੋ ਜਾਣੇ।

ਲਾਹ ਕੱਚੀ ਜਿਹੀ ਨੀਂਦਰੇ, ਮੰਜੇ ਅੰਦਰ ਡਾਹੁੰਣੇ,
ਮੱਛਰਾਂ ਤੇ ਕੁਤੜੀਆਂ ਨੇ, ਫਿਰ ਭੰਗੜੇ ਪਾਉਣੇ।

ਇਹ ਉਦੋਂ ਦੀ ਵਾਰਤਾ, ਨਾ ਬਿਜਲੀ ਸੀ ਨ ਪੱਖੇ,
ਨਾਂਹੀ ਜਿੰਦ ਮਲੂਕ ਸੀ, ਖਾਂਦੇ ਨ ਬਿੱਲਾਂ ਦੇ ਧੱਕੇ।

ਪੈਸੇ ਦੀ ਨਹੀਂ ਦੌੜ ਸੀ,ੋਕ ਸੀ ਦਿਲ ਦੇ ਸੱਚੇ,
ਰੱਬ ਤੋਂ ਬੱਸ ਡਰਦੇ ਸੀ, ਪਰ ਸੀ ਬਚਨਾਂ ਦੇ ਪੱਕੇ।
***–ਸੇਵਾ ਸਿੰਘ 'ਨੂਰਪੁਰੀ'***

---

### ਵਾਧੇ-ਘਾਟੇ

ਵਾਧੇ-ਘਾਟੇ ਜ਼ਿੰਦਗੀ ਦੇ ਵਿਚ ਹੋ ਜਾਂਦੇ ਨੇ,
ਦਿਲ 'ਤੇ ਨਾ ਗੱਲ ਸੱਜਣਾ ਐਵੇਂ ਲਾ ਬੈਠੀਂ ਤੂੰ।
ਜਣੇ-ਖਣੇ ਨੂੰ ਸਮਝ ਕੇ ਦਰਦੀ ਦਰਦਾਂ ਦਾ ਤੂੰ,
ਆਪਣੇ ਦੁੱਖਾਂ ਦਾ ਨਾ ਭਾਰ ਵਧਾ ਬੈਠੀਂ ਤੂੰ।
ਜਿਸਦੇ ਪੂਰਾ ਹੋਣ ਦੀ ਰੱਤੀ ਆਸ ਨਾ ਹੋਵੇ,
ਐਦਾਂ ਦਾ ਨਾ ਕੋਈ ਵੀ ਖਾਬ ਸਜਾ ਬੈਠੀਂ ਤੂੰ।
ਅੰਦਰੋ-ਅੰਦਰੀ ਘੁਣ ਵਾਂਗੂੰ ਜੋ ਖਾਂਦਾ ਹੋਵੇ,
ਓਦਾਂ ਦਾ ਨਾ ਰੋਗ ਅਵੱਲਾ ਲਾ ਬੈਠੀਂ ਤੂੰ।
ਬਦਨਾਮੀ ਦਾ ਕਾਰਣ ਜਿਹੜਾ ਬਣਦਾ ਹੋਵੇ,
ਓਦਾਂ ਦਾ ਨਾ ਕੋਈ ਵੀ ਕਦਮ ਉਠਾ ਬੈਠੀਂ ਤੂੰ।
ਮਿਲਣੇ ਨੂੰ ਤਾਂ ਲੋਕ ਬਥੇਰੇ ਮਿਲ ਪੈਂਦੇ ਨੇ, ਮਿਲਿਆਂ
'ਨਾਗਰਾ' ਯਾਰ ਨ ਕਿਤੇ ਗੁਆ ਬੈਠੀਂ ਤੂੰ।
***–ਜਸਪਾਲ ਸਿੰਘ ਨਾਗਰਾ 'ਮਹਿੰਦਪੁਰੀਆ'***

---

### ਕਰੇ ਕਾਤਲਾਂ ...!

ਮਨ 'ਤੇ ਹਾਵੀ ਹੋ ਗਿਆ,
ਗੱਪਾਂ ਦਾ ਸੰਸਾਰ।
ਰਾਹਾਂ ਦੇ ਵਿਚ ਘੇਰ ਕੇ,
ਰਾਹੀ ਦਿੱਤੇ ਮਾਰ।
ਰਾਹੀ ਮਾਰ ਜੋ ਸੂਰਮੇ,
ਆਖਰ ਹੋਏ ਖੁਆਰ।
ਸੱਖਣੀ ਹੈ ਜੋ ਸੋਚ ਤੋਂ,
ਪੀੜ੍ਹੀ ਫੇਰ ਤਿਆਰ।
ਕੱਢ ਕੇ ਲੈ ਗਏ ਸੁਰਾਂ ਨੂੰ,
ਖਾਲੀ ਰਹਿ ਗਏ ਢੋਲ।
ਕਰੇ ਕਾਤਲਾਂ ਤਰਜਮੇ,
ਰਹਿ ਗਏ ਸਾਡੇ ਕੋਲ।
***–ਗੁਲਪੁਰ***

---

### ਗਰੀਬੀ ਘਰੋਂ ਕੱਢਣੀ

ਛੋਟੇ ਹੁੰਦਿਆਂ ਤੋਂ ਜਵਾਨੀ ਤੱਕ
ਇੱਕ ਗੱਲ ਘਰਦਿਆਂ ਤੋਂ ਸੁਣੀ,
ਹੱਥ ਤੰਗ ਹੈ ਗੁਜ਼ਾਰਾ ਕਰਨਾ
ਦੇਖ ਕਿਸੇ ਵੱਲ ਸੁਪਨਾ ਨਾ ਬੁਣੀ

ਘਰ ਦੀਆਂ ਦੀ ਮਜ਼ਬੂਰੀਆਂ ਨੇ
ਪਾਣੀ ਪਿਆ ਵੀ ਸੀ ਸੁਆਇਆ,
ਅੱਖੀ ਦੇਖ ਰੋਜ਼ਾਨਾ ਮਿਹਨਤ ਕਰ
ਸਿਆਣਿਆਂ ਦਾ ਕਿਹਾ ਪੁਗਾਇਆ

ਜ਼ਿਹਨ ਵਿੱਚ ਸੋਚ ਪੱਕੀ ਕਰ ਲਈ
ਕੁੱਝ ਬਣਕੇ ਹੀ ਵਡਿਆਈਆਂ ਖੱਟਣੀ,
ਫੇਰ ਕਦੇ ਵਾਹ ਨਹੀਂ ਪਾਉਣਾ ਅੱਗੋਂ
ਇਹ ਭੈੜੀ ਸ਼ੈਅ ਗਰੀਬੀ ਘਰੋਂ ਕੱਢਣੀ

ਅੱਜ ਸੱਤ ਸਮੁੰਦਰ ਪਾਰ ਆ ਰੱਬ ਨੇ
ਗੱਡੀਆਂ ਦਾ ਮਾਲਕ ਬਣਾਇਆ ਹੈ,
ਸੋਚਾਂ ਸੋਚਕੇ ਮੰਨ ਭਰ ਆਉਂਦਾ ਮੇਰਾ
ਬਾਪੂ ਨੇ ਪੈਂਡਾ ਤੁਰਕੇ ਲੰਘਾਇਆ ਹੈ

ਢਿੱਲੋਂ ਜਿਹੜੇ ਬੋਲਦੇ ਨੇ ਮੰਦਾ ਤੈਨੂੰ
ਅੱਖਾਂ ਬਾਹਰ ?ਹਨਾ ਦੀ ਕੱਢਣੀ,
ਮਿਹਨਤ ਇੰਨੀ ਕਰਨੀ ਸੋਚ ਤੋਂ ਪਰੇ
ਕੋਈ ਚਾਅ ਅਧੂਰੀ ਨਹੀਂ ਛੱਡਣੀ ॥
***–ਅਵਤਾਰ ਸਿੰਘ ਢਿੱਲੋਂ (ਅੰਬਰਸਰੀਆ)***

# ਬਟਵਾਰੇ ਦੀ ਬਿਰਥਾ-ਮਾਂ ਦਸਦੀ ਸੀ



ਦੇਸ਼ ਦੀ ਵੰਡ ਉਪਰੰਤ ਮੇਰੇ ਨਾਨਕੇ ਲਹਿੰਦੇ ਪੰਜਾਬ (ਪਾਕਿਸਤਾਨ) 'ਚੋਂ ਉਜੜ ਕੇ ਚੜ੍ਹਦੇ ਪੰਜਾਬ (ਭਾਰਤ) ਆਏ ਸਨ। ਆਪਾਂ ਹਰ ਸਾਲ 15 ਅਗਸਤ ਨੂੰ ਬੜੇ ਜੋਸ਼-ਖਰੋਸ਼ ਨਾਲ ਆਪਣਾ ਆਜ਼ਾਦੀ ਦਿਵਸ ਮਨਾਉਂਦੇ ਹਾਂ। ਮਨਾਉਣਾ ਬਣਦੈ। ਇਸ ਵਾਰ 15 ਅਗਸਤ ਨੂੰ ਅਸੀਂ ਆਪਣਾ 80ਵਾਂ ਆਜ਼ਾਦੀ ਦਿਵਸ ਮਨਾ ਰਹੇ ਹਾਂ। ਬਹੁਤ ਬਹੁਤ ਮੁਬਾਰਕਾਂ!

ਪਰ ਬਹੁਤੇ ਪੰਜਾਬੀਆਂ ਦੀਆਂ ਇਸ ਦਿਨ ਨਾਲ ਬੜੀਆਂ ਉਦਾਸਕੁੰਨ ਯਾਦਾਂ ਵਾਬਸਤਾ ਹਨ। ਖਾਸ ਕਰਕੇ ਉਨ੍ਹਾਂ ਲੋਕਾਂ ਦੀਆਂ ਜੋ ਆਪਣਾ ਘਰ-ਬਾਹਰ, ਜ਼ਮੀਨ-ਜਾਇਦਾਦ, ਕਾਰੋਬਾਰ-ਵਪਾਰ 'ਓਧਰ' ਛੱਡ ਕੇ ਆਏ ਸਨ ਤੇ ਉਨ੍ਹਾਂ ਨੂੰ ਇਧਰ 'ਸੈਟਲ' ਹੋਣ ਲਈ ਕਈ ਸਾਲ ਲਗ ਗਏ ਸਨ ਅਤੇ ਅਨੇਕਾਂ ਮੁਸੀਬਤਾਂ ਝੱਲਣੀਆਂ ਪਈਆਂ ਸਨ।



ਪ੍ਰੋ. ਜਸਵੰਤ ਸਿੰਘ ਗੰਡਮ
ਫੋਨ: +91 98766-55055

ਮੇਰੀ ਮਾਂ, ਜਿਸ ਨੂੰ ਅਸੀਂ ਸਾਰੇ ਬੀਬੀ ਸਦਦੇ ਸਾਂ, ਦੇਸ਼ ਦੀ ਵੰਡ ਵੇਲੇ 17 ਸਾਲ ਦੀ ਮੁਟਿਆਰ ਸੀ। ਉਸ ਨੂੰ ਵੰਡ ਵੇਲੇ ਦੇ ਸੰਤਾਪ ਦੀ ਹਰ ਗੱਲ ਚੇਤੇ ਸੀ। ਉਹ ਸਦਾ ਹੀ ਇਸ ਦਿਨ ਨੂੰ 'ਰੌਲੇ' ਪੈਣ ਜਾਂ 'ਉਜਾੜੇ' ਦਾ ਦਿਨ ਕਹਿ ਕੇ ਯਾਦ ਕਰਦੀ ਸੀ। ਅੱਵਲ ਤਾਂ ਉਹ 'ਰੌਲਿਆਂ' ਬਾਰੇ ਕਦੀ ਜ਼ਿਕਰ ਕਰਦੀ ਹੀ ਨਹੀਂ ਸੀ ਤੇ ਜੇ ਪੁੱਛਣ 'ਤੇ ਕਰਦੀ ਵੀ ਤਾਂ ਬਹੁਤ ਸੰਖੇਪ 'ਚ ਕਰਦੀ। ਬਹੁਤੀ ਵਾਰ ਤਾਂ ਉਹ ਗੁਰਬਾਣੀ ਦੀ ਇੱਕ ਟੂਕ ਹੀ ਬੋਲ ਦਿੰਦੀ-'ਮਨ ਕੀ ਬਿਰਥਾ ਮਨ ਹੀ ਜਾਣੈ ਅਵਰੁ ਕਿ ਜਾਣੈ ਕੋ ਪੀਰ ਪਰਈਆ'॥(ਸ.ਗ.ਗ.ਸ.ਅੰਗ-836)

ਮੈਂ, ਉਸ ਦੇ ਜੇਠੇ ਪੁੱਤ ਨੇ, ਉਸ ਨੂੰ ਉਸ ਦੀ 84-85 ਸਾਲ ਦੀ ਉਮਰ ਦੌਰਾਨ ਕਦੀ ਵੀ ਖੁਲ੍ਹ ਕੇ ਹੱਸਦਿਆਂ ਨਹੀਂ ਦੇਖਿਆ। ਉਹ ਬਹੁਤ 'ਰਿਜ਼ਰਵ' ਰਹਿੰਦੀ। ਕਿਧਰੇ ਆਉਂਦੀ-ਜਾਂਦੀ ਵੀ ਘਟ ਵੱਧ ਹੀ।

ਵੰਡ ਤੋਂ ਪਹਿਲਾਂ ਮੇਰੇ ਨਾਨਕੇ ਜ਼ਿਲ੍ਹਾ ਲਾਇਲਪੁਰ(ਹੁਣ ਫੈਸਲਾਬਾਦ, ਪਾਕਿਸਤਾਨ) ਦੇ ਚੱਕ ਨੰ. 82 'ਚ ਰਹਿੰਦੇ ਸਨ। ਪਰ ਵੰਡ ਵੇਲੇ ਨਾਨਾ ਜੀ ਪਰਿਵਾਰ ਸਮੇਤ ਮਿੰਟਗੁਮਰੀ (ਹੁਣ ਸਾਹੀਵਾਲ) 'ਚ ਸਨ। ਵਾਹਵਾ ਖੁਸ਼ਹਾਲ ਪਰਿਵਾਰ ਸੀ। ਮਾਂ ਦਸਦੀ ਕਿ ਮੇਰੇ ਨਾਨਾ ਜੀ ਸ. ਸੁਰੈਣ ਸਿੰਘ ਗੋਰਾਇਆ ਦਾ ਖੇਤੀ ਦਾ ਕੰਮ-ਕਾਜ ਚੋਖਾ ਚੰਗਾ ਸੀ। ਉਹ (ਨਾਨਾ ਜੀ) ਤੇ ਉਨ੍ਹਾਂ ਦੇ ਹੋਰ ਸਾਥੀ ਓਧਰ ਜੰਗਲੀ ਸੂਰਾਂ ਦਾ ਸ਼ਿਕਾਰ ਕਰਕੇ ਲਿਆਉਂਦੇ। ਕਈ-ਕਈ ਮਣ ਭਾਰੇ ਹੱਟੇ-ਕੱਟੇ ਅਜਿਹੇ ਸੂਰਾਂ 'ਚੋਂ ਭਾਰੀ ਮਾਤਰਾ 'ਚ ਮੀਟ ਨਿਕਲਦਾ। ਸਾਰੇ ਆਪਸ 'ਚ ਵੰਡਦੇ ਤੇ ਕਈ-ਕਈ ਦਿਨ ਭੁੰਨਦੇ-ਰਿੰਨਦੇ ਤੇ ਰੱਜ-ਰੱਜ ਛਕਦੇ। ਉਹ ਦਸਦੀ ਕਿ ਉਨ੍ਹਾਂ ਓਧਰ ਕਦੀ ਬਣਾਉਟੀ ਘਿਉ ਦਾ ਨਾਮ ਤਕ ਨਹੀਂ ਸੀ ਸੁਣਿਆ। ਘਰ ਦਾ ਬਣਿਆ ਦੇਸੀ ਘਿਉ ਹੀ ਵਰਤਿਆ ਜਾਂਦਾ ਸੀ। ਕੋਈ ਡਾਲਡਾ ਘਿਉ ਵੀ ਹੁੰਦੈ, ਇਹ ਇਧਰ ਆ ਕੇ ਪਤਾ ਲਗਾ। ਮਾਂ ਓਧਰਲੀ ਖੁਸ਼ਹਾਲ ਜ਼ਿੰਦਗੀ ਦਾ ਵਰਣਨ ਕਰਦਿਆਂ ਓਦਰ ਜਿਹੀ ਜਾਂਦੀ ਤੇ ਬਹੁਤੀ ਵਾਰ ਹੇਰਵੇ 'ਚ ਉਸ ਦਾ ਹਉਕਾ ਨਿਕਲ ਜਾਂਦਾ। ਆਪਣੀ ਇੱਕ ਮੁਸਲਮਾਨ ਸਹੇਲੀ ਨੂੰ ਯਾਦ ਕਰਕੇ ਉਸ ਦੀਆਂ ਅੱਖਾਂ ਭਰ ਆਉਂਦੀਆਂ।

ਮਾਂ ਸਭ ਤੋਂ ਵਡੀ ਸੀ। ਉਸ ਤੋਂ ਛੋਟੇ 3 ਭਰਾ ਤੇ ਇੱਕ ਭੈਣ ਸਨ। ਭੈਣ ਭੀਰੋ (ਅਮਰਜੀਤ ਕੌਰ) ਤਾਂ ਵੰਡ ਵੇਲੇ ਸਿਰਫ 10 ਮਹੀਨਿਆਂ ਦੀ ਸੀ।

ਜਦ ਰੌਲੇ ਪਏ ਤਾਂ ਹਰ ਪਾਸੇ ਭੱਜ-ਨਸ ਸ਼ੁਰੂ ਹੋ ਗਈ। ਪਹਿਲਾਂ ਤਾਂ ਕਿਸੇ ਨੂੰ ਵਿਸ਼ਵਾਸ ਹੀ ਨਾ ਹੋਵੇ ਕਿ ਘਰ ਛਡਣਾ ਪੈਣੈ। ਸਭ ਕਹਿਣ ਕਿ ਵਕਤੀ ਜਿਹੀ ਹਨੇਰੀ ਹੈ, ਰੁਕ ਜਾਏਗੀ ਪਰ ਅਜਿਹਾ ਹੋਇਆ ਨਾ। ਚਾਰੇ ਪਾਸੇ ਹੋ ਰਹੀ ਕਤਲੋ-ਗਾਰਤ ਤੇ ਅੱਗ ਦੇ ਭਾਂਬੜਾਂ ਦਾ ਸੇਕ ਘਰ ਦੇ ਬਰੂਹਾਂ ਤਕ ਪੁੱਜਣ ਲਗਾ। ਆਖਿਰ ਭਰੇ ਮਨ ਨਾਲ ਇੱਕ ਗੁਆਂਢੀ ਮੁਸਲਮਾਨ ਨੂੰ ਸੋਨੇ ਦੇ ਗਹਿਣੇ ਦਿਤੇ ਤੇ ਉਹ ਉਨ੍ਹਾਂ ਨੂੰ ਸੁਰੱਖਿਅਤ ਘਰੋਂ ਬਾਹਰ ਛਡ ਆਇਆ। ਮਾਂ ਉਸ ਦਾ ਮਰਨ ਤਕ ਸ਼ੁਕਰੀਆ ਕਰਦੀ ਰਹੀ ਕਿ 'ਚਲੋ, ਸੋਨਾ ਲੈ ਕੇ ਹੀ ਸਹੀ, ਛਡ ਤਾਂ ਗਿਆ, ਨਹੀਂ ਤਾਂ ਬਹੁਤੇ ਤਾਂ ਸਭ ਕੁਝ ਲੈ ਕੇ ਵੀ ਮੁੱਕਰਦੇ ਰਹੇ'।

ਰਾਤ ਨੂੰ ਸੱਤਾਂ ਜੀਆਂ ਦਾ ਪਰਿਵਾਰ ਤੁਰਦਾ ਤੇ ਦਿਨੇ ਕਮਾਦ ਦੇ ਖੇਤਾਂ 'ਚ ਜਾਂ ਹੋਰ ਥਾਂ ਲੁਕਿਆ ਰਹਿੰਦਾ। ਮਿਲਟਰੀ ਕੈਂਪ ਤਕ ਅਪੜਨ ਲਈ ਕਈ ਦਿਨ ਲਗ ਗਏ। ਭਾਰੀ ਬਾਰਿਸ਼ ਜ਼ਖਮਾਂ 'ਤੇ ਲੂਣ ਛਿੜਕਦੀ। ਬਰਖਾ ਦਾ ਪਾਣੀ ਵੱਢ-ਟੁੱਕ ਕਾਰਨ ਲਾਲ ਹੋਇਆ ਪਿਆ ਸੀ। ਪਾਣੀ 'ਚ ਤਰਦੀਆਂ ਲੋਥਾਂ ਡਰਾਵਣਾ ਦ੍ਰਿਸ਼ ਪੇਸ਼ ਕਰਦੀਆਂ। ਹਨੇਰੇ 'ਚ ਕਈ ਵਾਰ ਕਿਸੇ ਲੋਥ ਨਾਲ ਠੋਕਰ ਵਜ ਜਾਣੀ ਤਾਂ ਠਠੰਬਰ ਜਾਣਾ ਪਰ ਡਰ ਵਾਲੀ ਚੀਕ ਵਡੇਰੇ ਡਰ ਕਾਰਨ ਅੰਦਰ ਹੀ ਪੀ ਜਾਣੀ।

ਅਫਰਾ-ਤਫਰੀ, ਮਾਰ-ਧਾੜ, ਲੁੱਟ-ਖੋਹ, ਕਤਲੋ-ਗਾਰਤ ਤੇ ਖੂਨ-ਖਰਾਬੇ ਦੇ ਉਸ ਕੁਲਹਿਣੇ ਸਮੇਂ ਦੌਰਾਨ ਬਾਪ-ਬੇਟੀ ਦਰਮਿਆਨ ਇੱਕ ਅਹਿਦ (ਪੈਕਟ) ਹੋਇਆ। ਮਾਂ ਦਸਦੀ ਕਿ ਭਾਈਆ ਕਹਿੰਦਾ, 'ਭਜਨੋ! ਜੇ ਕਿਤੇ ਰਾਤ ਨੂੰ ਲੁਟੇਰੇ ਜਾਂ ਧਾੜਵੀ ਆਣ ਪਏ ਤਾਂ ਸਭ ਤੋਂ ਪਹਿਲਾਂ ਮੈਂ ਤੈਨੂੰ ਆਪ ਮਾਰਾਂਗਾ, ਆਪਣੇ ਗਾਤਰੇ ਵਾਲੀ ਕ੍ਰਿਪਾਨ ਨਾਲ। ਮੈਂ ਇਹ ਬਰਦਾਸ਼ਤ ਨਹੀਂ ਕਰ ਸਕਦਾ ਕਿ ਮੇਰੀ ਜਵਾਨ ਧੀ ਕੋਈ ਮੇਰੀਆਂ ਅੱਖਾਂ ਸਾਹਮਣੇ ਚੁੱਕ ਕੇ ਲੈ ਜਾਏ। ਫਿਰ ਮੈਂ ਲੜਾਂਗਾ, ਮਾਰਾਂਗਾ ਜਾਂ ਮਰਾਂਗਾ'। ਫਰਮਾਬਰਦਾਰ ਬੱਚੀ ਵਾਂਗ ਮਾਂ ਨੇ ਹੌਲੀ ਦੇਣੀ ਉਤਰ ਦਿਤਾ ਸੀ, 'ਠੀਕ ਐ, ਭਾਈਆ!' ਪਰ ਸ਼ੁਕਰ ਐ ਰੱਬ ਦਾ, ਅਜਿਹੀ ਨੌਬਤ ਨਾ ਆਈ।

(ਮਾਂ ਦਾ ਪੂਰਾ ਨਾਮ ਤਾਂ ਹਰਭਜਨ ਕੌਰ ਸੀ ਪਰ ਘਰ 'ਚ ਉਸ ਨੂੰ ਭਜਨੋ ਸੱਦਿਆ ਜਾਂਦਾ ਸੀ। ਨਾਨਾ ਜੀ ਅੰਮ੍ਰਿਤਧਾਰੀ ਸਿੰਘ ਸਨ ਤੇ ਕਿਰਪਾਨ ਸਮੇਤ ਪੰਜ ਕਕਾਰਾਂ ਦੇ ਧਾਰਨੀ ਸਨ)

ਪਰ ਮਾਸੀ, ਜੋ ਉਦੋਂ 10 ਮਹੀਨਿਆਂ ਦੀ ਬਾਲੜੀ ਸੀ ਤੇ ਆਪਣੀ ਮਾਂ ਦੇ ਕੁੱਛੜ ਸੀ, ਨੂੰ ਤਾਂ ਰੱਬ ਨੇ ਆਪ ਹੱਥ ਦੇ ਕੇ ਰਖਿਆ। 'ਹਾਥ ਦੇਇ ਰਾਖੈ ਅਪਨੇ ਕਉ ਸਾਸਿ ਸਾਸਿ ਪ੍ਰਤਿਪਾਲੇ'॥(ਸ.ਗ.ਗ.ਸ.ਅੰਗ-682)। ਮਾਂ ਦਸਦੀ ਕਿ ਇੱਕ ਰਾਤ ਜਦੋਂ ਕਮਾਦ ਦੇ ਖੇਤਾਂ 'ਚ ਲੁਕੇ ਹੋਏ ਸਾਂ ਤਾਂ ਬੱਚੀ ਰੋਣ ਲਗ ਪਈ। ਭਾਈਏ ਨੇ ਗੁੱਸੇ ਨਾਲ ਬੇਬੇ (ਮਾਂ ਦੀ ਮਾਂ) ਨੂੰ ਕਿਹਾ, 'ਰਾਮ ਕੌਰੇ, ਚੁੱਪ ਕਰਾ ਇਹਨੂੰ, ਨਹੀਂ ਤਾਂ ਮੈਂ ਇਸ ਨੂੰ ਕਿਰਪਾਨ ਮਾਰ ਕੇ ਮਾਰ ਦਿਆਂਗਾ ਕਿਉਂਕਿ ਮੈਂ ਬਾਕੀ ਸਾਰਾ ਪਰਿਵਾਰ ਨਹੀਂ ਮਰਵਾਉਣਾ'। ਨਾਨਾ ਜੀ ਨੂੰ ਚਿੰਤਾ ਸੀ ਕਿ ਬੱਚੀ ਦੇ ਰੋਣ ਨਾਲ ਧਾੜਵੀਆਂ ਨੂੰ ਉਨ੍ਹਾਂ ਦੇ ਖੇਤ 'ਚ ਛਿਪੇ ਹੋਣ ਦਾ ਪਤਾ ਲਗ ਜਾਵੇਗਾ।

ਕਿਸੇ ਨਾ ਕਿਸੇ ਤਰ੍ਹਾਂ ਨਾਨੀ ਜੀ ਨੇ ਬੱਚੀ ਚੁੱਪ ਕਰਾਈ ਪਰ ਥੋੜ੍ਹੀ ਦੇਰ ਬਾਅਦ ਉਹ ਫਿਰ ਰੋਣ ਲਗ ਪਈ। ਮਾਂ ਦਸਦੀ ਕਿ ਭਾਈਏ ਨੇ ਗਾਤਰੇ 'ਚੋਂ ਕਿਰਪਾਨ ਬਾਹਰ ਕੱਢੀ, ਉਲਾਰ ਕੇ ਬੱਚੀ ਦੇ ਗਲੇ ਉਪਰ ਮਾਰਨ ਹੀ ਲਗਾ ਸੀ ਕਿ ਬੱਚੀ ਚਾਣਚਕ ਚੁੱਪ ਕਰ ਗਈ ਤੇ ਬਾਅਦ 'ਚ ਮੁੜ ਨਾ ਰੋਈ! ਮਾਂ ਦਾ ਮੰਨਣਾ ਸੀ ਕਿ ਇਹ ਸਭ ਰੱਬ ਦੀ ਕਰਨੀ ਸੀ ਨਹੀਂ ਤਾਂ 10 ਮਹੀਨੇ ਦੀ ਬੱਚੀ ਨੂੰ ਭਲਾ ਉਸ ਵੇਲੇ ਇਹ ਸੋਝੀ ਥੋੜੋ ਸੀ ਕਿ ਜੇ ਉਹ ਫਿਰ ਰੋਈ ਤਾਂ ਮਾਰੀ ਜਾਏਗੀ।

ਮਾਸੀ ਬਾਅਦ 'ਚ ਵਿਆਹੀ ਵਰੀ ਗਈ। ਫਿਰ ਸੁਖੀ-ਸਾਂਦੀ ਬੱਚਿਆਂ ਸਮੇਤ ਸਾਰਾ ਪਰਿਵਾਰ ਬਦੇਸ਼ ਸੈਟਲ ਹੋ ਗਿਆ।

ਕਿਸੇ ਨਾ ਕਿਸੇ ਤਰ੍ਹਾਂ ਟੱਬਰ ਮਿੰਟਗੁਮਰੀ ਦੇ ਮਿਲਟਰੀ ਕੈਂਪ ਪੁੱਜਾ। ਉਥੋਂ ਬੱਸਾਂ ਰਾਹੀਂ ਰਿਫਿਊਜੀਆਂ (ਸ਼ਰਨਾਰਥੀਆਂ) ਨੂੰ ਅੰਮ੍ਰਿਤਸਰ ਭੇਜਿਆ ਜਾ ਰਿਹਾ ਸੀ। ਉਥੇ ਵੀ ਇਕ ਮਸਲਾ ਖੜ੍ਹ ਗਿਆ। ਬੱਸਾਂ 'ਚ ਪਹਿਲਾਂ ਔਰਤਾਂ ਤੇ ਬੱਚਿਆਂ ਨੂੰ ਚੜ੍ਹਾਇਆ ਜਾ ਰਿਹਾ ਸੀ। ਨਾਨਾ ਜੀ ਨੂੰ ਚੜ੍ਹਨੋਂ ਮਨ੍ਹਾ ਕਰ ਦਿਤਾ। ਨਾਨਾ ਜੀ ਦੁਬਕ ਕੇ ਚਾਦਰ ਲੈ ਕੇ ਬੀਮਾਰਾਂ ਜਿਹਾਂ ਵਾਂਗ 'ਕੱਠੇ ਜਿਹੇ ਹੋ ਕੇ ਬਹਿ ਗਏ ਤੇ ਨਾਨੀ ਜੀ ਨੇ ਫੌਜੀਆਂ ਦੇ ਤਰਲੇ-ਮਿੰਨਤਾਂ ਕੀਤੀਆਂ ਕਿ ਉਹ (ਨਾਨਾ ਜੀ) ਬੀਮਾਰ ਹਨ, ਇਸ ਲਈ ਕਿਰਪਾ ਕਰਕੇ ਨਾਲ ਜਾਣ ਦਿਤੇ ਜਾਣ। ਤੇ ਇਹ ਕਿਰਪਾ ਹੋ ਗਈ!

ਸਾਰਾ ਪਰਿਵਾਰ ਨਾਨਾ ਜੀ ਦੇ ਛੋਟੇ ਭਰਾ ਸ. ਤਰਲੋਕ ਸਿੰਘ ਗੋਰਾਇਆ, ਜੋ ਅੰਮ੍ਰਿਤਸਰ ਸ਼ਹਿਰ ਰਹਿੰਦੇ ਸਨ, ਕੋਲ ਆਣ ਠਹਿਰਿਆ। ਫਿਰ ਨਾਨਾ ਜੀ ਨਵਾਂਸ਼ਹਿਰ ਕੋਲ ਬੇਗਮਪੁਰ ਤੇ ਸੜੋਏ ਪਿੰਡਾਂ 'ਚ ਠਹਿਰੇ। ਫਿਰ ਸ਼ਾਹਕੋਟ ਲਾਗੇ ਪਿੰਡ ਬਾਹਮਣੀਆਂ 'ਚ ਸ਼ਿਫਟ ਹੋਏ।

ਦੁਆਬੇ ਦੇ 3 ਪਿੰਡਾਂ 'ਚ ਰਹਿਣ ਉਪਰੰਤ ਆਖਿਰ ਪਰਿਵਾਰ ਨੂੰ ਮਾਝੇ ਦੇ ਗੁਰਦਾਸਪੁਰ ਜ਼ਿਲ੍ਹੇ ਦੇ ਪਿੰਡ ਸਲੀਮਪੁਰ ਅਫਗਾਨਾ 'ਚ ਜ਼ਮੀਨ ਅਲਾਟ ਹੋ ਗਈ ਤੇ ਉਹ ਪੱਕੇ ਤੌਰ 'ਤੇ ਉਥੇ ਵਸ ਗਏ। ਇਥੇ ਹੀ ਨਾਨਾ-ਨਾਨੀ ਨੇ ਆਖਰੀ ਸਾਹ ਲਏ।

ਗੁਰਦਾਸਪੁਰ ਇਤਿਹਾਸਕ ਜ਼ਿਲ੍ਹਾ ਹੈ। ਇਹ ਖੁਦ 3 ਦਿਨ ਪਾਕਿਸਤਾਨ ਵਾਲੇ ਪੰਜਾਬ 'ਚ ਰਿਹਾ। ਬਾਅਦ 'ਚ ਕੇਂਦਰ ਦੇ ਦਖਲ ਮਗਰੋਂ ਭਾਰਤੀ ਪੰਜਾਬ 'ਚ ਸ਼ਾਮਿਲ ਹੋਇਆ। ਨਹੀਂ ਤਾਂ ਜੰਮੂ-ਕਸ਼ਮੀਰ ਦਾ ਤਾਂ ਪੁਰਾਣਾ ਸੜਕੀ ਸੰਪਰਕ ਹੀ ਟੁੱਟ ਜਾਣਾ ਸੀ।

ਗੁਰਦਾਸਪੁਰ ਜ਼ਿਲ੍ਹੇ 'ਚ ਹੀ ਇਤਿਹਾਸਕ ਸਥਾਨ ਕਲਾਨੌਰ ਹੈ ਜਿਥੇ ਅਕਬਰ ਦੀ ਤਾਜਪੋਸ਼ੀ ਹੋਈ ਸੀ। ਇਸ ਜ਼ਿਲ੍ਹੇ 'ਚ ਹੀ ਬਟਾਲਾ ਵਿਚਲਾ ਇਤਿਹਾਸਕ ਗੁਰਦਵਾਰਾ ਕੰਧ ਸਾਹਿਬ ਹੈ ਜੋ ਗੁਰੂ ਨਾਨਕ ਦੇਵ ਜੀ ਦੇ ਵਿਆਹ ਨਾਲ ਸਬੰਧਤ ਹੈ ਤੇ ਪਹਿਲੀ ਪਾਤਸ਼ਾਹੀ ਨਾਲ ਹੀ ਜੁੜਿਆ ਡੇਰਾ ਬਾਬਾ ਨਾਨਕ ਵੀ। ਇਸ ਜ਼ਿਲ੍ਹੇ 'ਚ ਪਿੰਡ ਗੁਰਦਾਸ ਨੰਗਲ ਵੀ ਹੈ, ਜਿਥੇ ਬਾਬਾ ਬੰਦਾ ਸਿੰਘ ਬਹਾਦਰ ਨੇ ਮੁਗ਼ਲਾਂ ਨਾਲ ਘਮਸਾਨ ਦੀ ਜੰਗ ਕੀਤੀ ਸੀ ਪਰ ਉਸ ਨੂੰ ਗ੍ਰਿਫਤਾਰ ਕਰ ਲਿਆ ਗਿਆ ਸੀ। ਮੈਂ ਇਸ ਪਿੰਡ ਦੇ ਸਕੂਲ 'ਚ ਪੜ੍ਹਦਾ ਰਿਹਾ ਹਾਂ। ਮੇਰੀ ਇੱਕ ਮਾਸੀ (ਮਾਂ ਦੀ ਚਚੇਰੀ ਭੈਣ) ਗੋਗੀ (ਰਜਵੰਤ) ਵੀ ਮੇਰੇ ਨਾਲ ਪੜ੍ਹਦੀ ਸੀ। ਉਸ ਦੀ ਵਡੀ ਭੈਣ ਰਣਜੀਤ ਸਾਥੋਂ ਇੱਕ ਸਾਲ ਸੀਨੀਅਰ ਸੀ। ਮੈਥੋਂ ਪਹਿਲਾਂ ਮੇਰੇ ਮਾਰਗ-ਦਰਸ਼ਕ ('ਮੈਂਟੋਰ') ਮੇਰੇ ਮਾਮਾ ਜੀ (ਸ੍ਵ.) ਦੀਦਾਰ ਸਿੰਘ ਗੋਰਾਇਆ ਵੀ ਇਸ ਸਕੂਲ 'ਚ ਹੀ ਪੜ੍ਹੇ ਸਨ।

ਇਸ ਜ਼ਿਲ੍ਹੇ 'ਚ ਹੋਰ ਵੀ ਅਨੇਕਾਂ ਇਤਿਹਾਸਕ ਸਥਾਨ ਹਨ, ਸਮੇਤ ਮਹਾਰਾਜਾ ਰਣਜੀਤ ਸਿੰਘ ਦੀ ਗਰਮੀਆਂ ਦੀ ਰਾਜਧਾਨੀ ਦੀਨਾ ਨਗਰ ਦੇ।

ਆਜ਼ਾਦੀ ਤਾਂ ਮਿਲ ਗਈ ਪਰ ਪੰਜਾਬ ਵੰਡਿਆ ਗਿਆ-'ਹਮੇਸ਼ਾ ਕੀ ਤਰਹ ਪੰਜਾਬ ਹੀ ਜ਼ਦ ਮੇਂ ਚਲਾ ਆਯਾ/ਜਿਸੇ ਦੋਨੋਂ ਤਰਫ ਸੇ ਕਰ ਕੇ ਛੋਟਾ ਛੋੜ ਆਏ ਹੈਂ'। (ਮੁਨੱਵਰ ਰਾਣਾ)। ਸਾਨੂੰ ਇਸ ਹਿਰਦਾ-ਵਲੂੰਧਰਵੇਂ ਵਿਛੋੜੇ ਦਾ ਸਲ੍ਹ-ਸੰਤਾਪ ਸਦਾ ਹੰਢਾਉਣਾ ਪਿਆ। ਸਕੇ ਭਰਾਵਾਂ ਵਰਗੇ ਅੰਮ੍ਰਿਤਸਰ ਤੇ ਲਾਹੌਰ ਸ਼ਹਿਰ, ਜੋ ਇੱਕ ਦੂਜੇ ਤੋਂ ਕੁਝ ਕੁ ਮੀਲ ਦੂਰ ਸਨ/ਹਨ, ਲੰਮੀਆਂ ਕੰਡਿਆਲੀਆਂ ਦੂਰੀਆਂ ਨਾਲ ਗੁੱਸੇ ਗਏ। ਐਵੇਂ ਤਾਂ ਨਹੀਂ ਪੰਜਾਬੀ ਸ਼ਾਇਰ ਗੁਰਭਜਨ ਗਿੱਲ ਹਿਰਖ ਕਰਦਿਆਂ ਕਹਿੰਦਾ-'ਸ਼ਹਿਰ ਲਾਹੌਰੋਂ, ਅੰਬਰਸਰ ਦਾ/ਕਿੰਨਾ ਪੈਂਡਾ ਘਰ ਤੋਂ ਘਰ ਦਾ'।

ਸਾਡਾ ਆਪਣਾ ਜੱਦੀ ਪਿੰਡ ਗੰਢਵਾਂ (ਫਗਵਾੜਾ) ਤਾਂ ਇਧਰਲੇ ਪੰਜਾਬ 'ਚ ਹੀ ਸੀ/ਹੈ ਪਰ ਮਾਂ ਦਰਿਆਓਂ ਪਾਰ ਦੇ ਦੁੱਖਾਂ ਦੀ ਦਾਸਤਾਂ ਦਸਦੀ, ਝੁਰਦੀ, ਸਖੀਆਂ-ਸਹੇਲੀਆਂ ਨੂੰ ਯਾਦ ਕਰਦੀ ਤੁਰ ਗਈ।

ਬਟਵਾਰੇ ਦੀ ਬਿਰਥਾ ਬਿਆਨਦੀ ਮਾਂ ਕਦੀ-ਕਦੀ ਇਹ ਸਤਰਾਂ ਵੀ ਗੁਣਗੁਣਾਉਂਦੀ ਹੁੰਦੀ ਸੀ-

'ਸਰਘੀ ਵਰਗੇ ਮੂੰਹ ਦੇ ਬਾਝੋਂ ਕਿਹੜੇ ਕੰਮ ਸਵੇਰਾਂ ਨੇ?
ਯਾਦਾਂ ਭੇਜੇਂ ਆਪ ਨਾਂ ਆਵੇਂ ਇਹ ਕਹੀਆਂ ਦਿਲਬਰੀਆਂ ਨੇ?' (ਪ੍ਰੋ.ਮੋਹਨ ਸਿੰਘ)

ਬਟਵਾਰੇ ਨੇ ਓਧਰੋਂ ਆਏ ਲੋਕਾਂ ਉਤੇ 'ਰਿਫਿਊਜੀ'(ਪਨਾਹਗੀਰ/ਸ਼ਰਨਾਰਥੀ) ਦਾ ਟੈਗ ਮੱਥੇ 'ਤੇ ਮੜ੍ਹ ਦਿਤਾ। ਪਹਿਲਾਂ-ਪਹਿਲਾਂ ਤਾਂ ਇਹ ਲੋਕ ਇਹ ਟੈਗ ਝੱਲਦੇ-ਝੱਲਦੇ ਝੁੰਜਲਾਹਟ ਜਿਹੀ 'ਚ ਆ ਜਾਂਦੇ। ਅਕਸਰ ਇਹ ਸ਼ਬਦ ਗਾਲ ਵਰਗਾ ਲਗਦਾ। ਮੈਂ ਆਪਣੇ ਇਲਾਕੇ 'ਚ ਇਸ ਸ਼ਬਦ ਦੀ ਮਿਹਣਾਨੁਮਾ ਵਰਤੋਂ ਤੇ ਡਾਂਗਾਂ ਨਿਕਲਦੀਆਂ ਵੀ ਦੇਖੀਆਂ ਹਨ। ਫਿਰ ਹੌਲੀ-ਹੌਲੀ ਸਭ ਸਹਿਜ ਹੋ ਗਿਆ।

ਕਈ ਹੋਰ ਬਜ਼ੁਰਗ ਦਸਦੇ ਸਨ ਕਿ ਬਹੁਤੇ ਸਥਾਨਕ ਲੋਕ ਉਨ੍ਹਾਂ ਨੂੰ ਤ੍ਰਿਸਕਾਰਤ ਨਜ਼ਰਾਂ ਨਾਲ ਦੇਖਦੇ। ਕੋਈ-ਕੋਈ ਰੱਬ ਦਾ ਬੰਦਾ ਚੰਗਾ ਵੀ ਹੁੰਦਾ, ਵਰਨਾ ਤਾਂ ਕੋਈ ਕੌਲੀ ਤਕ ਨਾ ਦਿੰਦਾ/ਵਟਾਉਂਦਾ। ਟੱਬਰਾਂ ਦੇ ਟੱਬਰ ਬੇਸਰੋਸਮਾਨ ਉਜੜ-ਪੁੱਜੜ ਕੇ ਏਧਰ ਆਏ ਸਨ। ਆਪਣਾ ਸਭ ਕੁਝ ਛਡ ਛਡਾ ਕੇ, ਖਾਲੀ ਹੱਥ। ਨਵੇਂ ਸਿਰਿਉਂ ਜੀਵਨ ਸ਼ੁਰੂ ਕਰਨਾ ਪਿਆ। ਘਰ ਦਾ ਚੁੱਲ੍ਹਾ ਬਲਦਾ ਰਖਣ ਤੇ ਜੀਵਨ ਦੀ ਗੱਡੀ ਮੁੜ ਪਟੜੀ 'ਤੇ ਪਾਉਣ ਲਈ ਬੜੇ ਪਾਪੜ ਵੇਲਣੇ ਪਏ, ਜਫਰ ਜਾਲਣੇ ਤੇ ਹੱਡ ਬਾਲਣੇ ਪਏ। ਨਿਰੰਤਰ ਸੰਘਰਸ਼ ਕੀਤਾ, ਮਿਹਨਤ-ਮੁਸ਼ੱਕਤ ਕੀਤੀ। ਕਈ ਮੁਰੱਬਿਆਂ ਦੇ ਮਾਲਕਾਂ ਨੂੰ ਤਾਂ ਦਿਹਾੜੀਆਂ ਤਕ ਕਰਨੀਆਂ ਪਈਆਂ। ਪਰ ਕਿਸੇ ਹਾਰ ਨਹੀਂ ਮੰਨੀ। ਆਖਿਰ ਮਿਹਨਤਾਂ ਨੂੰ ਬਰਕਤਾਂ ਪਈਆਂ। ਸਭ ਸਫਲ, ਖੁਸ਼ਹਾਲ ਹੋ ਗਏ, ਖੁਸ਼ੋ ਖੁਰਮ!

ਉਜਾੜੇ/ਰੌਲਿਆਂ ਬਾਰੇ ਬੜਾ ਕੁਝ ਲਿਖਿਆ ਗਿਐ। ਫਿਲਮਾਂ ਵੀ ਬਣੀਆਂ, ਅੱਜ-ਕੱਲ੍ਹ 'ਮੈਂ ਵਾਪਿਸ ਆਊਂਗਾ' ਫਿਲਮ ਬੜੀ ਚਰਚਿਤ ਹੈ। ਖੁਸ਼ਵੰਤ ਸਿੰਘ ਨੇ ਵੀ ਇਸ ਦੁਖਾਂਤ ਬਾਰੇ ਨਾਵਲ 'ਟਰੇਨ ਟੂ ਪਾਕਿਸਤਾਨ' ਲਿਖਿਆ। ਸਆਦਤ ਹਸਨ ਮੰਟੋ ਦੀ ਕਹਾਣੀ 'ਟੋਬਾ ਟੇਕ ਸਿੰਘ' ਇਸ ਸਬੰਧੀ ਇੱਕ ਕਲਾਸਿਕ ਕਹਾਣੀ ਹੈ। ਵੰਡ ਦੇ ਦੁੱਖ ਦਰਦ ਦੀ ਤਸਵੀਰਕਸ਼ੀ ਉਰਦੂ ਸ਼ਾਇਰ ਮੁਨੱਵਰ ਰਾਣਾ ਨੇ ਆਪਣੀ ਕਾਵਿ-ਪੁਸਤਕ 'ਮੁਹਾਜਿਰਨਾਮਾ' 'ਚ ਬਾਖੂਬੀ ਕੀਤੀ ਹੈ। ਉਸ ਦੇ ਕੁਝ ਕੁ ਸ਼ੇਅਰਾਂ ਨਾਲ ਗੱਲ ਸਮੇਟਦੇ ਹਾਂ-

'ਮੁਹਾਜਿਰ ਹੈਂ ਮਗਰ ਹਮ ਏਕ ਦੁਨੀਆਂ ਛੋੜ ਆਏ ਹੈਂ,
ਤੁਮਹਾਰੇ ਪਾਸ ਜਿਤਨਾ ਹੈ ਹਮ ਉਤਨਾ ਛੋੜ ਆਏ ਹੈਂ।...
ਕਈ ਜ਼ਖਮੋਂ ਕੀ ਪਪੜੀ ਮੇਂ ਨਮੀ ਮੌਜੂਦ ਹੈ ਅਬ ਭੀ,
ਕਈ ਯਾਦੋਂ ਕੀ ਤੁਰਪਾਈ ਕੋ ਉਧੜਾ ਛੋੜ ਆਏ ਹੈਂ'।

# ਅਜ਼ਾਦੀ ਦਿਹਾੜੇ ਨਾਲ ਜੁੜੀਆਂ ਕੌੜੀਆਂ-ਮਿੱਠੀਆਂ ਗੱਲਾਂ!

15 ਅਗਸਤ ਨੂੰ ਅਸੀਂ ਸੁੱਖ ਨਾਲ 79 ਵਾਂ ਆਜ਼ਾਦੀ ਦਿਵਸ ਮਨਾ ਰਹੇ ਹਾਂ। ਇਸ ਮੌਕੇ ਸਭ ਨੂੰ ਮੁਬਾਰਕਾਂ ਪੇਸ਼ ਕਰਦਾ ਹਾਂ ਅਤੇ ਬੜੀ ਸ਼ਿੱਦਤ ਨਾਲ ਅੰਦਰ ਝਾਤੀ ਮਾਰਦਾ ਹਾਂ ਕਿ ਕੀ ਮੈਂ ਸੱਚੇ ਦਿਲੋਂ ਮੁਬਾਰਕਾਂ ਦੇ ਰਿਹਾ ਹਾਂ ਤਾਂ ਅੰਦਰੋਂ ਅਵਾਜ਼ ਆਉਂਦੀ ਹੈ ਕਿ ਵਧਾਈ ਤਾਂ ਸੋਲਾਂ ਆਨੇ ਸੱਚ ਹੈ ਪਰ ਅਜ਼ਾਦੀ ਦਾ ਮਕਸਦ ਪੂਰਾ ਨਾ ਹੋਣ ਦਾ ਸ਼ਿਕਵਾ ਵੀ ਹੈ। ਸਭ ਤੋਂ ਪਹਿਲੀ ਗੱਲ ਤਾਂ ਪੌਣੀ ਸਦੀ ਬੀਤ ਜਾਣ ਬਾਅਦ ਵੀ ਦੇਸ਼ ਦੀ ਪੂਰੀ ਜਨਤਾ ਕੋਲ ਸਿਰ 'ਤੇ ਛੱਤ ਨਹੀਂ...ਗਰੀਬੀ ਦੀ ਰੇਖਾ ਤੋਂ ਹੇਠਾਂ ਰਹਿ ਰਹੇ ਹਨ। ਸਕੂਲਾਂ, ਹਸਪਤਾਲਾਂ, ਪੂਰੀ ਸਰਕਾਰੀ ਟ੍ਰਾਂਸਪੋਰਟ, ਰੇਲਵੇ ਸਟੇਸ਼ਨਾਂ ਉਤੇ ਪਾਣੀ ਪੀਣ ਵਾਲੇ ਪਿਆਊ, ਬਾਥਰੂਮ, ਵਿਸ਼ਰਾਮ ਘਰ, ਪਖਾਨੇ ਤਰਸਯੋਗ ਹਾਲਤ ਵਿਚ ਹਨ। ਰੇਲ ਗੱਡੀਆਂ ਦੀਆਂ ਜਨਰਲ ਬੋਘੀਆਂ ਅੱਸੀ ਸੀਟਾਂ ਅਤੇ ਤਿੰਨ ਸੌ ਸਵਾਰੀਆਂ ਵੇਖ ਕੇ ਕਲੇਜਾ ਮੂੰਹ ਨੂੰ ਆਉਂਦਾ ਹੈ ਕਿ ਅਸੀਂ ਕਿਸ ਦੁਨੀਆਂ ਵਿਚ ਰਹਿ ਰਹੇ ਹਾਂ? ਇੱਕੋ ਸੜਕ ਹੋਣ ਦੇ ਬਾਵਜੂਦ ਉਸ ਉਪਰ ਏਨੇ ਮਹਿੰਗੇ ਟੋਲ ਪਲਾਜ਼ਾ ਓਹ ਮਾਈ ਗਾਡ!



ਹਰਦੀਪ ਸਿੰਘ ਸੋਢੀ, ਨਡਾਲਾ
ਫੋਨ: 480-794-0325

ਪੂਰੀ ਪਬਲਿਕ ਕੋਲ ਬਿਜਲੀ ਨਹੀਂ, ਜਿਥੇ ਹੈ 24 ਘੰਟੇ ਦੀ ਗਰੰਟੀ ਨਹੀਂ...ਪੂਰੇ ਅਵਾਮ ਕੋਲ ਇੰਟਰਨੈਟ ਨਹੀਂ। ਅਜਿਹਾ ਨਹੀਂ ਕਿ ਸਿਰਫ ਅਸੀਂ ਦੁਖੀ ਹਾਂ ਪਾਕਿਸਤਾਨ ਦੇ ਹਾਲਾਤ ਸਾਡੇ ਤੋਂ ਵੀ ਮਾੜੇ ਹਨ। 1947 ਵੇਲੇ ਡਾਲਰ ਅਤੇ ਰੁਪਿਆ ਬਰਾਬਰ ਸਨ, ਅੱਜ ਡਾਲਰ ਕਿੱਥੇ ਹੈ ਅਤੇ ਰੁਪਏ ਦੀ ਕੀ ਦਸ਼ਾ ਹੈ ਦੱਸਣ ਦੀ ਲੋੜ ਨਹੀਂ। ਹੇਠ ਲਿਖੀ ਗ਼ਜ਼ਲ ਜਦੋਂ ਇੰਡੋ-ਪਾਕ ਮੁਸ਼ਾਇਰੇ ਵਿਚ ਪੜ੍ਹੀ ਗਈ ਤਾਂ ਜਵਾਹਰ ਲਾਲ ਨਹਿਰੂ ਦੀਆਂ ਅੱਖਾਂ ਵਿਚ ਵੀ ਪਾਣੀ ਆ ਗਿਆ ਸੀ।

ਸੰਨ 1947 ਦੀ ਵੰਡ ਤੋਂ ਬਾਅਦ ਜਦੋਂ ਹਿੰਦ-ਪਾਕ ਦਾ ਪਹਿਲਾ ਮੁਸ਼ਾਇਰਾ ਹੋਇਆ, ਤਾਂ ਉਸਤਾਦ ਦਾਮਨ ਨੇ ਇਹ ਪੰਜਾਬੀ ਗ਼ਜ਼ਲ ਉਸ ਮੁਸ਼ਾਇਰੇ ਵਿਚ ਪੜ੍ਹੀ ਸੀ।

ਭਾਵੇਂ ਮੂੰਹੋਂ ਨਾ ਕਹੀਏ ਪਰ ਵਿੱਚੋਂ ਵਿੱਚੀ
ਖੋਏ ਤੁਸੀਂ ਵੀ ਓ, ਖੋਏ ਅਸੀਂ ਵੀ ਆਂ
ਇਹਨਾਂ ਅਜ਼ਾਦੀਆਂ ਹੱਥੋਂ ਬਰਬਾਦ ਹੋਣਾ
ਹੋਏ ਤੁਸੀਂ ਵੀ ਓ, ਹੋਏ ਅਸੀਂ ਵੀ ਆਂ

ਕੁਝ ਉਮੀਦ ਏ ਜ਼ਿੰਦਗੀ ਮਿਲ ਜਾਏਗੀ
ਮੋਏ ਤੁਸੀਂ ਵੀ ਓ, ਮੋਏ ਅਸੀਂ ਵੀ ਆਂ

ਜਿਊਂਦੀ ਜਾਨ ਈ, ਮੌਤ ਦੇ ਮੂੰਹ ਅੰਦਰ
ਢੋਏ ਤੁਸੀਂ ਵੀ ਓ, ਢੋਏ ਅਸੀਂ ਵੀ ਆਂ

ਜਾਗਣ ਵਾਲਿਆਂ ਰੱਜ ਕੇ ਲੁੱਟਿਆ ਏ
ਸੋਏ ਤੁਸੀਂ ਵੀ ਓ, ਸੋਏ ਅਸੀਂ ਵੀ ਆਂ

ਲਾਲੀ ਅੱਖੀਆਂ ਦੀ ਪਈ ਦੱਸਦੀ ਏ
ਰੋਏ ਤੁਸੀਂ ਵੀ ਓ, ਰੋਏ ਅਸੀਂ ਵੀ ਆਂ।


ਹੁਣ ਇਸ ਸਾਰੇ ਕੁਝ ਦੇ ਬੇਹੱਦ ਦੁਖਦਾਈ ਪੰਨੇ ਨੂੰ ਪੜ੍ਹਦੇ ਹਾਂ।

ਅੱਜ ਤੋਂ ਚਾਲੀ-ਪੰਜਾਹ ਸਾਲ ਪਹਿਲਾਂ ਲੋਕ ਆਮ ਹੀ ਜੰਗਲੀ ਜਾਨਵਰਾਂ ਅਤੇ ਪਰਿੰਦਿਆਂ ਦਾ ਸ਼ਿਕਾਰ ਕਰਦੇ ਹੁੰਦੇ ਸਨ। ਵੱਡੇ ਸ਼ਿਕਾਰੀ ਵੱਡਾ ਸ਼ਿਕਾਰ ਕਰਦੇ ਤੇ ਆਮ ਦਰਜੇ ਦੇ ਲੋਕ ਪ੍ਰਵਾਸੀ ਪੰਛੀਆਂ, ਤਿੱਤਰ, ਬਟੇਰੇ, ਕਬੂਤਰ, ਘੁੱਗੀਆਂ ਦਾ ਸ਼ਿਕਾਰ ਕਰਦੇ ਸਨ। ਜਦੋਂ ਕੋਈ ਸ਼ਿਕਾਰੀ ਦਾਣੇ ਚੁਗਦੇ ਕਬੂਤਰਾਂ 'ਤੇ ਫਾਇਰ ਕਰਦਾ ਤਾਂ ਕੁਝ ਕਾਂ ਜਾਂ ਤੋਤੇ ਆਦਿ ਜਿਨ੍ਹਾਂ ਨੂੰ ਖਾਧਾ ਨਹੀਂ ਜਾਂਦਾ ਮਰ ਜਾਂਦੇ ਤਾਂ ਸ਼ਿਕਾਰੀ ਉਨ੍ਹਾਂ ਮ੍ਰਿਤਕ ਪੰਛੀਆਂ ਨੂੰ ਕਹਿੰਦੇ, 'ਮੁਆਫ਼ ਕਰਿਓ, ਤੁਹਾਨੂੰ ਮਾਰਨ ਦਾ ਕੋਈ ਇਰਾਦਾ ਨਹੀਂ ਸੀ ਗਲਤੀ ਨਾਲ ਮਾਰੇ ਗਏ ਹੋ'। ਇਨਸਾਨੀਅਤ ਵੇਖੋ ਕਿ ਪੰਛੀ ਵਾਸਤੇ ਸਾਡੇ ਕੋਲ ਅਫਸੋਸ ਹੈ ਪਰ ਦੇਸ਼ ਦੀ ਵੰਡ ਵੇਲੇ ਦੋਵਾਂ ਫਿਰਕਿਆਂ ਦਾ ਦਸ ਲੱਖ ਬੰਦਾ ਮਾਰਿਆ ਗਿਆ ਉਸ ਵਾਸਤੇ ਸਾਡੇ ਲੀਡਰਾਂ ਨੂੰ ਦੋ ਲਫਜ਼ ਅਫਸੋਸ ਦੇ ਵੀ ਨਾ ਜੁੜੇ? ਜਿਨ੍ਹਾਂ ਦੇ ਪਰਿਵਾਰ ਉਜੜ ਗਏ ਉਨ੍ਹਾਂ ਨੂੰ ਪੁੱਛੋ ਕੀ ਭਾਅ ਪਈ ਅਜ਼ਾਦੀ?

ਖੈਰ ਆਓ! ਇਨ੍ਹਾਂ ਕੌੜੀਆਂ-ਮਿੱਠੀਆਂ ਗੱਲਾਂ ਤੋਂ ਫਾਰਗ ਹੋ ਕੇ ਆਉਣ ਵਾਲੇ ਕੱਲ੍ਹ ਨੂੰ ਸਵਾਰਨ ਦਾ ਯਤਨ ਕਰੀਏ। ਉਨ੍ਹਾਂ ਫਿਰਕੂ ਤਾਕਤਾਂ ਤੋਂ ਬਚੀਏ ਜੋ ਹਰ ਵੇਲੇ ਹਿੰਦੂ, ਸਿੱਖ, ਮੁਸਲਿਮ ਵਿਚ ਫੁੱਟ ਪਾ ਕੇ ਆਪਣਾ ਉੱਲੂ ਸਿੱਧਾ ਕਰਨ ਦੀ ਤਾਕ ਵਿਚ ਹਨ।

# ਹੁਸਨ ਦੇ ਅੰਬਾਰ

## ਯੂਰਪ ਦੀ ਯਾਤਰਾ ਦਾ ਬਿਰਤਾਂਤ



ਸੱਤ ਪਹਾੜੀਆਂ ਅਤੇ ਬਰਜਨ, ਨਾਰਵੇ ਦਾ ਮਹਾਂ ਦ੍ਰਿਸ਼



ਬਲਦੇਵ ਸਿੰਘ ਧਾਲੀਵਾਲ
ਫੋਨ: 98728-35835

ਇੱਕ ਦਾਣਾ ਚੱਖ ਕੇ ਜਿਵੇਂ ਪੂਰੇ ਪਤੀਲੇ ਦੀ ਦਾਲ਼ ਦਾ ਕੱਚ-ਪੱਕ ਪਤਾ ਲੱਗ ਜਾਂਦਾ ਹੈ, ਸਾਨੂੰ ਵੀ ਰਾਤ ਦੀ ਇੱਕ ਝਲਕ ਨਾਲ਼ ਹੀ ਬਰਜਨ ਦੇ ਮਨਮੋਹਕ ਹੁਸਨ ਦਾ ਅਨੁਮਾਨ ਹੋ ਗਿਆ ਸੀ। ਪਰ ਗੂਗਲ ਬਾਬਾ ਦਸਦਾ ਸੀ ਕਿ ਜੋ ਕੁਝ ਅਸੀਂ ਅੱਜ ਵੇਖਣ ਦਾ ਪ੍ਰੋਗਰਾਮ ਬਣਾ ਰਹੇ ਸਾਂ, ਉਸ ਨਾਲ਼ ਤਾਂ ਬਰਜਨ ਦੀ ਰੂਹ ਦੇ ਦੀਦਾਰ ਹੀ ਹੋ ਜਾਣੇ ਸਨ ਅਤੇ ਸਾਡੇ ਰੱਜ ਦਾ ਸਿਰਾ ਹੋ ਜਾਣਾ ਸੀ। ਫਿਰ ਅੱਜ ਕੱਲ੍ਹ ਅਜਿਹਾ ਕੌਣ ਮਾਈ ਦਾ ਲਾਲ਼ ਹੈ ਜਿਹੜਾ ਏ.ਆਈ ਦਾਦੀ ਦੇ ਕਹੇ ਨੂੰ ਝੁਠਲਾ ਦੇਵੇ। ਸਵੇਰੇ ਬਰੇਕਫਾਸਟ ਕਰਦਿਆਂ ਜਦੋਂ ਬਰਜਨ ਦੀਆਂ ਖਾਸ ਵੇਖਣਯੋਗ ਥਾਵਾਂ ਦੀ ਚੋਣ ਕਰ ਰਹੇ ਸਾਂ ਤਾਂ ਏ.ਆਈ ਨੇ ਅਨੇਕਾਂ ਸਥਾਨਾਂ ਦੀ ਸੂਚੀ ਸਾਹਵੇਂ ਰੱਖ ਦਿੱਤੀ ਸੀ। ਭਾਂਤ-ਭਾਂਤ ਦੇ ਮਿਊਜ਼ੀਅਮ ਵੇਖ ਸਕਦੇ ਸਾਂ, ਸਿਟੀ ਸੈਂਟਰ ਵਿਚ ਤੁਰ-ਫਿਰ ਸਕਦੇ ਸਾਂ, ਕਰੂਜ਼ 'ਤੇ ਸੈਰ ਕੀਤੀ ਜਾ ਸਕਦੀ ਸੀ, ਵਰਲਡ ਹੈਰੀਟੇਜ ਕੰਪਲੈਕਸ ਵਿਚ ਸ਼ਾਪਿੰਗ ਕਰ ਸਕਦੇ ਸਾਂ, ਹੋਰ ਬਥੇਰੀਆਂ ਸਰਗਰਮੀਆਂ ਸੰਭਵ ਸਨ, ਪਰ ਏ.ਆਈ ਦਾ ਪੁਰਜ਼ੋਰ ਸੁਝਾਅ ਸੀ ਕਿ ਮਾਊਂਟ ਫਲੋਇਨ ਹਰ ਹਾਲਤ 'ਚ ਵੇਖੀਏ। ਇਸ ਤਰ੍ਹਾਂ ਹਾਥੀ ਦੀ ਪੈੜ ਵਿਚ ਸਭੇ ਪੈੜਾਂ ਆ ਜਾਣੀਆਂ ਸਨ ਅਤੇ ਹਾਥੀ-ਰੂਪੀ ਬਰਜਨ ਦਾ ਮਹਾਂਦ੍ਰਿਸ਼ ਇੱਕੋ ਥਾਂ ਖੜ੍ਹ ਕੇ ਹੀ ਨਜ਼ਰ ਆ ਜਾਣਾ ਸੀ। ਇਸ ਬਾਰੇ ਹੁਣ ਹੋਰ ਬਹੁਤਾ ਸੋਚਣ-ਵਿਚਾਰਨ ਦੀ ਲੋੜ ਨਹੀਂ ਸੀ ਰਹੀ।

ਮਾਊਂਟ ਫਲੋਇਨ, ਬਰਜਨ ਦੀ ਇੱਕ ਅਜਿਹੀ ਪਹਾੜੀ ਚੋਟੀ ਹੈ ਜਿਹੜੀ ਬਰਜਨ ਦੁਆਲ਼ੇ ਫੈਲੇ ਸੱਤ ਵੱਡੇ ਪਹਾੜਾਂ ਦੀ ਲੜੀ ਨਾਲ਼ ਜੁੜੀ ਹੋਈ ਹੈ। ਇਹ ਚੋਟੀ ਸਮੁੰਦਰ ਤਲ਼ ਤੋਂ 400 ਮੀਟਰ ਉਚਾਈ ਉੱਤੇ ਹੈ। ਇਸ ਉੱਤੋਂ ਖੜ੍ਹ ਕੇ ਸਾਰਾ ਬਰਜਨ ਸ਼ਹਿਰ ਅਤੇ ਉਸ ਦਾ ਕੁਦਰਤੀ ਸੁਹਜ ਨਾਲ਼ ਭਰਿਆ-ਭੁਕੰਨਿਆ ਚੁਗਿਰਦਾ ਇੱਕ ਮਹਾਂਦ੍ਰਿਸ਼ ਦੇ ਰੂਪ ਵਿਚ ਨਜ਼ਰ ਆਉਂਦਾ ਹੈ। ਜ਼ਮੀਨੀ ਤਲ਼ ਤੋਂ ਇੱਕ ਫੁਨੀਕੁਲਰ ਰੇਲ ਚਲਦੀ ਹੈ ਜੋ 6 ਮਿੰਟਾਂ ਵਿਚ ਚੋਟੀ ਉੱਤੇ ਲੈ ਜਾਂਦੀ ਹੈ। ਚੋਟੀ ਦਾ ਬੇਸ ਜਾਂ ਆਧਾਰ ਖੇਤਰ ਇੰਨਾ ਕੁ ਵਿਸ਼ਾਲ ਹੈ ਕਿ ਉਥੇ ਰੈਸਟੋਰੈਂਟ ਹਨ, ਕੁਦਰਤ ਦੀ ਬੁੱਕਲ਼ ਵਾਲ਼ਾ ਖੇਡ-ਮੈਦਾਨ ਵੀ ਹੈ, ਸ਼ਾਪਿੰਗ ਸਟੋਰ ਵੀ ਹਨ, ਥੋੜ੍ਹੀ ਦੂਰੀ ਵਾਲ਼ੀਆਂ ਟ੍ਰੇਲਾਂ ਵੀ ਹਨ, ਛੋਟੀ ਉਚਾਈ ਦੀ ਹਾਈਕਿੰਗ ਵੀ ਹੈ ਅਤੇ ਹਰੇਕ ਉਮਰ ਦੇ ਲੋਕਾਂ ਦੇ ਮਨੋਰੰਜਨ ਲਈ ਹੋਰ ਬਥੇਰਾ ਕੁਝ ਹੈ। ਸੈਲਾਨੀ ਕੋਲ਼ ਬੱਸ ਜ਼ਿੰਦਗੀ ਨੂੰ ਮਾਨਣ ਵਾਲ਼ਾ ਜਜ਼ਬਾ ਅਤੇ ਕੁਦਰਤ ਦੇ ਜਲਵਿਆਂ ਨੂੰ ਨਿਹਾਰਨ ਵਾਲ਼ੀ ਅੱਖ ਹੋਣੀ ਚਾਹੀਦੀ ਹੈ।

ਹੋਟਲ ਤੋਂ ਰੱਜ-ਪੁੱਜ ਕੇ ਨਿਕਲੇ ਤਾਂ ਪਤਾ ਲੱਗਿਆ ਕਿ ਫੁਨੀਕੁਲਰ ਰੇਲਵੇ ਦੀ ਬੁਕਿੰਗ ਦਾ ਕਾਊਂਟਰ ਨੇੜੇ ਹੀ ਸੀ, ਅਸੀਂ ਅਰਾਮ ਨਾਲ਼ ਟਹਿਲਦੇ ਕੁਝ ਮਿੰਟਾਂ ਵਿਚ ਹੀ ਪਹੁੰਚ ਸਕਦੇ ਸਾਂ। ਸੋਮਵਾਰ ਦਾ ਦਿਨ ਹੋਣ ਕਰਕੇ ਸੈਲਾਨੀਆਂ ਦੀ ਬਹੁਤੀ ਭੀੜ ਦੀ ਉਮੀਦ ਨਹੀਂ ਸੀ, ਇਸ ਲਈ ਅਸੀਂ ਵਰਲਡ ਹੈਰੀਟੇਜ ਦੀਆਂ ਇਮਾਰਤਾਂ 'ਚ ਚਲਦੇ ਸਟੋਰਾਂ 'ਤੇ 'ਵਿੰਡੋ ਸ਼ਾਪਿੰਗ' ਕਰਦੇ ਮੜਕ ਨਾਲ਼ ਚੱਲ ਰਹੇ ਸਾਂ। ਇਮਾਰਤਾਂ ਦੇ ਵਿਚਕਾਰ ਵਾਲ਼ੀ ਗਲ਼ੀ 'ਚੋਂ ਲੰਘਦਿਆਂ ਇਮਾਰਤਾਂ ਦੀ ਕਲਾਸਿਕੀ ਸ਼ੈਲੀ ਨੂੰ ਹੋਰ ਗਹੁ ਨਾਲ਼ ਵੇਖਣ ਦਾ ਝੱਸ ਵੀ ਪੂਰਾ ਕਰਨ ਲੱਗ ਪਏ ਸਾਂ। ਇਸ ਲਈ ਹਾਥੀ ਵਾਲ਼ੀ ਮਸਤ ਚਾਲ਼ ਚਲ਼ਦੇ ਜਦੋਂ ਤੱਕ ਟਿਕਟ ਕਾਊਂਟਰ ਦੇ ਨਜ਼ਦੀਕ ਪਹੁੰਚੇ ਤਾਂ ਵਾਹਵਾ ਟਾਈਮ ਹੋ ਗਿਆ ਸੀ ਅਤੇ ਪਹਾੜੀ ਚੋਟੀ ਉੱਤੇ ਪਹੁੰਚਣ ਲਈ ਸੈਲਾਨੀਆਂ ਦੀਆਂ ਭੀੜਾਂ ਉਮਡ ਆਈਆਂ ਸਨ। ਲੰਮੀਆਂ ਕਤਾਰਾਂ ਵੇਖ ਕੇ ਥੋੜ੍ਹੀ ਘਬਰਾਹਟ ਜਿਹੀ ਹੋਈ ਕਿ ਟਿਕਟ-ਕਾਊਂਟਰ ਤੱਕ ਪਹੁੰਚਣ ਲਈ ਘੰਟਾ-ਦੋ ਘੰਟੇ ਹੁਣ ਇੱਥੇ ਸਰਕ ਸਰਕ ਕੀੜੀ ਦੀ ਤੋਰ ਤੁਰਦੇ ਵਕਤ ਗੁਆ ਲਵਾਂਗੇ, ਚੋਟੀ ਉੱਤੇ ਪਹੁੰਚ ਕੇ ਨਜ਼ਾਰੇ ਲੈਣ ਦਾ ਸਮਾਂ ਥੁੜ ਜਾਵੇਗਾ।


ਮੈਂ ਅਤੇ ਸਰਬਜੀਤ ਸਿੰਘ ਤਾਂ ਅਜੇ ਭੀੜ ਤੋਂ ਬਚਣ ਦੀਆਂ ਤਰਕੀਬਾਂ ਹੀ ਸੋਚ ਰਹੇ ਸਾਂ ਕਿ ਭੈਣ ਜੀ ਨੇ ਫੁਰਤੀ ਵਿਖਾਉਂਦਿਆਂ ਆਨ-ਲਾਈਨ ਟਿਕਟਾਂ ਵੀ ਲੈ ਲਈਆਂ। ਅਸੀਂ ਇਹ ਸੋਚ ਕੇ ਹੈਰਾਨ ਸਾਂ ਕਿ ਸਾਨੂੰ ਇਹ ਜੁਗਤ ਲੜਾਉਣ ਦੀ ਗੱਲ ਪਹਿਲਾਂ ਕਿਉਂ ਨਹੀਂ ਔੜੀ?

'ਇਕੱਲੇ ਆਪਾਂ ਹੀ ਕਿਉਂ ਜੀ, ਆਹ ਜਿਹੜੇ ਗੋਰੇ ਮੀਲ਼ ਮੀਲ਼ ਦੀਆਂ ਲੰਮੀਆਂ ਲਾਈਨਾਂ ਲਾਈ ਖੜ੍ਹੇ ਐ, ਊਂਅ ਕਹਿੰਦੇ ਨੇ ਅਸੀਂ ਅਕਲ ਦੇ ਕੋਟ ਆਂ?' ਅਸੀਂ ਵੱਡੇ ਸਿਆਣੇ ਬਣੇਂ ਹੁਣ 'ਅਧਪੜ੍ਹ' ਗੋਰਿਆਂ ਉੱਤੇ ਹੱਸ ਰਹੇ ਸਾਂ।

'ਅਜੇ ਸਾਡੇ ਨਾਲ਼ ਦੀ ਬਥੇਰੀ ਦੁਨੀਆਂ ਐ ਜੇਹੜੀ ਆਨ-ਲਾਈਨ ਨਹੀਂ ਹੋਈ ਭਾ-ਜੀ, ਏਹ ਤਾਂ ਸਾਡੀ ਅਮਰਪ੍ਰੀਤ ਕੌਰ ਹੀ ਡਿਜੀਟਲ ਮੋਡ ਵਾਲ਼ੀ ਐ, ਸਦਕੇ ਜਾਈਏ।' ਮੁਸਕਰਾਉਂਦਿਆਂ ਸਰਬਜੀਤ ਸਿੰਘ ਨੇ ਸ਼ਾਬਾਸ਼ ਦਿੰਦਿਆਂ ਪਤਨੀ ਦਾ ਮੋਢਾ ਥਾਪੜਿਆ। ਨਿੱਕੀ ਜਿਹੀ ਘਟਨਾ ਨੇ ਸਾਡੇ ਸਾਰਿਆਂ ਦੇ ਮੂਡ ਬਦਲ ਦਿੱਤੇ ਸਨ, ਮਾਹੌਲ ਖੁਸ਼ਗੁਆਰ ਹੋ ਗਿਆ ਸੀ। ਟੂਰ ਦੌਰਾਨ ਅਜਿਹਾ ਅਕਸਰ ਵਾਪਰਦਾ ਰਹਿੰਦਾ ਹੈ ਜਦੋਂ ਨਿੱਕੀਆਂ ਨਿੱਕੀਆਂ ਗੱਲਾਂ ਤੁਹਾਡੀ ਯਾਤਰਾ ਵਿਚ ਖੁਸ਼ੀ, ਗ਼ਮੀ, ਡਰ, ਹੈਰਾਨੀ, ਜੋਸ਼ ਆਦਿ ਵਰਗੇ ਰੰਗ ਭਰਦੀਆਂ ਰਹਿੰਦੀਆਂ ਹਨ।

ਕਤਾਰਾਂ 'ਚ ਫਸੇ ਵਿਚਾਰੇ ਗੋਰੇ-ਗੋਰੀਆਂ ਕੋਲ਼ੋਂ ਮਲਕੜੇ ਜਿਹੇ ਲੰਘਦੇ ਅਸੀਂ ਉਸ ਸਟੇਸ਼ਨ ਉੱਤੇ ਜਾ ਰੁਕੇ, ਜਿੱਥੋਂ ਫੁਨੀਕੁਲਰ ਰੇਲ ਨੇ ਚੱਲਣਾ ਸੀ। ਸਾਡੇ ਤੋਂ ਪਹਿਲਾਂ ਆਏ ਯਾਤਰੀ ਵੀ ਵਾਹਵਾ ਗਿਣਤੀ ਵਿਚ ਸਨ, ਇਸ ਲਈ ਸਾਨੂੰ ਮੂਹਰਲੇ ਡੱਬੇ ਦੀਆਂ ਫਰੰਟ ਸੀਟਾਂ ਮਿਲਨ ਦੀ ਕੋਈ ਉਮੀਦ ਨਹੀਂ ਸੀ। ਪਰ ਦਸਦੇ ਸਨ ਕਿ ਅਸਲੀ 'ਫ਼ੰਨ' ਤਾਂ ਮੂਹਰਲੀਆਂ ਸੀਟਾਂ ਉੱਤੇ ਬੈਠ ਕੇ ਹੀ ਮਿਲਦਾ ਸੀ, ਕਿਉਂਕਿ ਉਤਾਂਹ ਚੜ੍ਹਦੀ ਰੇਲ ਦੇ ਸਾਹਮਣੇ ਸ਼ੀਸ਼ੇ ਵਿਚੋਂ ਵੰਨ-ਸੁਵੰਨੇ ਗਤੀਮਾਨ ਪ੍ਰਾਕਿਰਤਕ ਦ੍ਰਿਸ਼ ਨਜ਼ਰ ਆਉਂਦੇ ਸਨ। ਅਸੀਂ ਫੈਸਲਾ ਕੀਤਾ ਕਿ ਇੱਕ ਗੱਡੀ ਖੁੰਝਾਅ ਦਿੰਦੇ ਹਾਂ, ਅਗਲੀ ਵਾਰੀ ਅਸੀਂ ਰੇਲ ਲੈਣ ਵਾਲ਼ਿਆਂ 'ਚੋਂ ਸਭ ਤੋਂ ਅੱਗੇ ਹੋਵਾਂਗੇ। ਪੰਜ-ਸੱਤ ਮਿੰਟ ਬਾਅਦ ਹੀ ਤਾਂ ਗੱਡੀ ਦੁਬਾਰਾ ਆ ਜਾਂਦੀ ਸੀ। ਸਾਡੀ ਇਹ ਸਕੀਮ ਵੀ ਸਫਲ ਰਹੀ, ਗੋਰਿਆਂ ਨੂੰ ਅਸੀਂ ਫੇਰ ਮਾਤ ਦੇ ਦਿੱਤੀ। ਇਸ ਵਾਰੀ ਬੜੇ ਅਰਾਮ ਨਾਲ਼ ਅਸੀਂ ਮੂਹਰਲੀਆਂ ਸੀਟਾਂ ਮੱਲ ਲਈਆਂ।

ਗੱਡੀ ਇਉਂ ਸੀਖ਼-ਪਾਲ਼ ਉਤਾਂਹ ਨੂੰ ਚੜ੍ਹਨ ਲੱਗੀ ਜਿਵੇਂ ਇਸਨੇ ਪਹਾੜ ਉੱਤੇ ਨਹੀਂ ਬਲਕਿ ਚੰਦ ਉੱਤੇ ਜਾਣਾ ਹੋਵੇ। ਸ਼ੀਸ਼ਿਆਂ ਵਿਚੋਂ ਦਿਸਦੇ, ਘੁੰਮਦੇ ਪ੍ਰਕ੍ਰਿਤਕ ਦ੍ਰਿਸ਼ ਸੱਚਮੁੱਚ ਇੱਕ ਵੱਖਰਾ ਹੀ ਨਜ਼ਾਰਾ ਪੇਸ਼ ਕਰਨ ਵਾਲ਼ੇ ਸਨ। ਵੇਖ ਕੇ ਮੈਨੂੰ ਆਪਣੇ ਬਚਪਨ ਦਾ ਇੱਕ ਅਨੁਭਵ ਯਾਦ ਆ ਗਿਆ। ਨਾਨਕੀ ਜਾਣ ਲਈ ਦਸ ਕੁ ਕਿਲੋਮੀਟਰ ਦਾ ਸਫ਼ਰ ਬੱਸ ਰਾਹੀਂ ਕਰਨਾ ਹੁੰਦਾ ਸੀ। ਬੱਸ ਚੜ੍ਹਨ ਵੇਲ਼ੇ ਮੇਰੀ ਇਹ ਤੀਬਰ ਇੱਛਾ ਹੁੰਦੀ ਕਿ ਸਭ ਸਵਾਰੀਆਂ ਦੇ ਵਿਚੋਂ ਕਾਹਲ਼ੀ ਨਾਲ਼ ਲੰਘ ਕੇ ਪਹਿਲਾਂ ਚੜ੍ਹਾਂ ਅਤੇ ਫਿਰ ਸ਼ੀਸ਼ੇ ਵੱਲ ਦੀ ਸੀਟ ਮਲੱਕ ਲਵਾਂ। ਜਦੋਂ ਬੱਸ ਭਜਦੀ ਤਾਂ ਇਉਂ ਜਾਪਦਾ ਜਿਵੇਂ ਸੜਕ ਕਿਨਾਰੇ ਦੇ ਰੁੱਖ ਘੁੰਮਦੇ-ਘੁੰਮਦੇ ਪਿਛਾਂਹ ਨੂੰ ਦੌੜ ਰਹੇ ਹੋਣ। ਦੂਰ ਨਿਗਾਹ ਮਾਰਦਾ ਤਾਂ ਉਵੇਂ ਹੀ ਖੇਤ ਘੁੰਮ ਰਹੇ ਪ੍ਰਤੀਤ ਹੁੰਦੇ, ਬੱਸ ਖੜ੍ਹੀ ਜਾਪਦੀ। ਬਚਪਨ ਵਿਚ ਅਜੇ ਗਤੀ ਦੇ ਸਿਧਾਂਤਾਂ ਦਾ ਤਾਂ ਕੋਈ ਇਲਮ ਨਹੀਂ ਸੀ ਪਰ ਇਹ ਰੁੱਖਾਂ ਦੇ ਦੌੜਨ ਵਾਲ਼ੀ ਖੇਡ ਬੜੀ ਪਿਆਰੀ ਲਗਦੀ। ਹੁਣ ਵੀ ਜਿਵੇਂ ਮੇਰੇ ਅੰਦਰਲਾ ਉਹੀ ਬੱਚਾ ਜਾਗ ਪਿਆ ਸੀ ਜਿਸਨੂੰ ਘੁੰਮ ਰਹੇ ਪਹਾੜ ਬੜਾ ਅਨੋਖਾ ਜਿਹਾ ਹੁਲਾਸ ਦੇ ਰਹੇ ਸਨ। ਜਿੱਥੋਂ ਆਏ ਸਾਂ ਉਹ ਘਾਟੀ ਹਰ ਪਲ਼ ਦੂਰ, ਹੋਰ ਦੂਰ ਹੋਈ ਜਾਂਦੀ ਸੀ ਅਤੇ ਪਹਾੜੀ ਚੋਟੀ ਨੇੜੇ, ਹੋਰ ਨੇੜੇ ਆਈ ਜਾਂਦੀ ਸੀ। ਪਹਾੜ, ਰੁੱਖ, ਘਾਟੀ, ਚੋਟੀ, ਦਰਿਆ, ਯਾਨੀ ਸਾਰਾ ਬ੍ਰਹਿਮੰਡ ਘੁੰਮਦਾ ਨਜ਼ਰ ਆ ਰਿਹਾ ਸੀ।





*ਤਸਵੀਰ 1). ਆਪਣੇ ਮੇਜ਼ਬਾਨ ਸਰਬਜੀਤ ਸਿੰਘ ਨਾਲ਼ ਮਾਊਂਟ ਫਲਾਉਨ, ਬਰਜਨ, ਨਾਰਵੇ ਦੀ ਪਹਾੜੀ ਚੋਟੀ ਉੱਤੇ ਲੇਖਕ।*
*ਤਸਵੀਰ2). ਮੇਜ਼ਬਾਨ ਸਰਬਜੀਤ ਸਿੰਘ ਅਤੇ ਅਮਰਪ੍ਰੀਤ ਕੌਰ।*

ਚੋਟੀ ਉੱਤੇ ਪਹੁੰਚੇ। ਸਾਡੀ ਚੰਗੀ ਕਿਸਮਤ ਨੂੰ ਅੱਜ ਖਿੜੀ ਧੁੱਪ ਵਾਲ਼ਾ ਸੁਨਹਿਰੀ ਦਿਨ ਸੀ। ਸਰਬਜੀਤ ਸਿੰਘ ਹੋਰਾਂ ਦਾ ਲੰਮਾ ਤਜਰਬਾ ਇਸ ਗੱਲ ਦੀ ਗਵਾਹੀ ਭਰਦਾ ਸੀ ਕਿ ਸਤੰਬਰ ਦੇ ਪਹਿਲੇ-ਦੂਜੇ ਹਫ਼ਤੇ ਤੱਕ ਨਾਰਵੇ ਦਾ ਮੌਸਮ ਆਮ ਕਰਕੇ ਬਦਲਨਾ ਸ਼ੁਰੂ ਹੋ ਜਾਂਦਾ ਹੈ। ਬੱਦਲਵਾਈ ਹੋਣ ਲਗਦੀ ਹੈ, ਠੰਡ ਵੀ ਆਣ ਦਸਤਕ ਦਿੰਦੀ ਹੈ ਅਤੇ ਬਾਰਸ਼ ਦਾ ਤਾਂ ਕੋਈ ਅਨੁਮਾਨ ਵੀ ਨਹੀਂ ਹੁੰਦਾ ਕਿ ਕਦੋਂ ਕਿਣਮਿਣ ਹੋਣ ਲੱਗੇ, ਕਦੋਂ ਫਰਾਟੇਦਾਰ ਮੀਂਹ ਵਰ੍ਹਨ ਲੱਗ ਪਵੇ। ਉਸ ਦੇ ਹਿਸਾਬ ਨਾਲ਼ ਮੈਂ ਥੋੜ੍ਹਾ ਦੇਰੀ ਨਾਲ਼ ਨਾਰਵੇ ਆਇਆ ਸਾਂ ਪਰ ਕਿਸਮਤ ਦਾ ਧਨੀ ਸਾਂ ਕਿ ਮੌਸਮ ਅਜੇ ਸਾਫ਼ ਚੱਲ ਰਿਹਾ ਸੀ। ਫਿਰ ਅੱਜ ਤਾਂ ਦਿਨ ਲੱਗਣ ਵਾਲ਼ੀ ਕਮਾਲ ਹੀ ਹੋ ਗਈ ਸੀ, ਅਖੇ ਅੱਜ ਦਿਨ ਚੜ੍ਹਿਆ ਤੇਰੇ ਰੰਗ ਵਰਗਾ, ਕੁਝ ਕੁਝ ਰੁਮਾਂਟਕ ਜਿਹਾ ਮਹਿਸੂਸ ਹੋਣ ਲੱਗਿਆ ਸੀ।

ਵਾਹ!, ਮਹਿਸੂਸ ਹੋਇਆ ਕਿ ਅਸੀਂ ਤਾਂ ਜਿਵੇਂ ਕੋਈ ਫ਼ਰਿਸ਼ਤੇ ਸਾਂ, ਅੱਧ ਅਸਮਾਨੋਂ ਦੇਵ-ਲੋਕ 'ਚੋਂ ਖੜ੍ਹ ਕੇ ਹੇਠਾਂ ਮਾਤ-ਲੋਕ ਦੀ ਝਾਤ ਪਾ ਰਹੇ ਸਾਂ। ਚੋਟੀ ਉੱਤੇ ਪਹਿਲਾ ਕਦਮ ਪੁੱਟਦਿਆਂ ਕੁਝ ਇਸ ਤਰ੍ਹਾਂ ਦੇ ਭਾਵ-ਭਰੇ ਖ਼ਿਆਲ ਆਉਣ ਲੱਗੇ। ਕੁਝ ਕਦਮ ਚੱਲ ਕੇ ਇੱਕ ਅਜਿਹਾ ਪਾਰਕ-ਨੁਮਾ ਥਾਂ ਆਇਆ ਜਿਹੜਾ ਰਤਾ ਉਚੇਚ ਨਾਲ਼ ਤਿਆਰ ਕੀਤਾ ਗਿਆ ਸੀ। ਇਥੇ ਸੈਲਾਨੀਆਂ ਦੇ ਬਚਾਓ ਲਈ ਗਰਿੱਲ ਲੱਗੀ ਹੋਈ ਸੀ ਤਾਂ ਕਿ ਕੋਈ ਸੈਲਫ਼ੀ ਲੈਣ 'ਚ ਅੰਤਰ-ਮੁਗਧ ਹੋਇਆ ਦੀਵਾਨਾ ਹੇਠਾਂ ਹੀ ਨਾ ਲੁੜਕ ਜਾਵੇ। ਇੱਥੋਂ ਖੜ੍ਹ ਕੇ ਚੁਫ਼ੇਰੇ ਵੇਖਿਆਂ ਬਰਜਨ ਦੀ ਸ਼ਾਨ ਸਮਝੇ ਜਾਂਦੇ ਸੱਤੇ ਪਹਾੜ ਦਿਸਦੇ ਸਨ, ਸਮੁੰਦਰ ਵਿਚ ਨਿੱਕੇ-ਨਿੱਕੇ ਟਾਪੂਆਂ ਵਾਂਗ ਬਰਜਨ ਸ਼ਹਿਰ ਵੀ ਨਿੱਕੇ-ਵੱਡੇ ਟੁਕੜਿਆਂ ਵਿਚ ਬਿਖਰਿਆ ਨਜ਼ਰ ਆ ਰਿਹਾ ਸੀ। ਇੱਕ ਸਿਰੇ ਤੋਂ ਦੂਜੇ ਸਿਰੇ ਤੱਕ ਨਿਗਾਹ ਮਾਰਦਿਆਂ ਜਿਹੜਾ ਲੜੀਦਾਰ ਮਹਾਂਦ੍ਰਿਸ਼ (Panoramic View) ਬਣਦਾ ਸੀ ਉਹ ਬਿਨਾਂ-ਸ਼ੱਕ ਬੰਦੇ ਦੀ ਰੂਹ ਨੂੰ ਨਿਹਾਲ ਕਰਨ ਵਾਲ਼ਾ ਸੀ। ਕੁਦਰਤ ਦਾ ਸੂਖ਼ਮ, ਵਿਸ਼ਾਲ ਅਤੇ ਸੁਹਜਮਈ ਪਸਾਰਾ ਬੰਦੇ ਨੂੰ ਵਿਸਮਾਦੀ ਕਰ ਦੇਣ ਵਾਲ਼ਾ ਸੀ। ਪ੍ਰੋਫੈਸ਼ਨਲ ਫੋਟੋਗ੍ਰਾਫ਼ਰਾਂ ਨੇ ਜਿਵੇਂ ਇਸ ਮਹਾਂਕਾਵਿਕ ਸੀਨ ਨੂੰ ਪਕੜਿਆ ਸੀ ਉਹ ਸੈਲਾਨੀਆਂ ਨੂੰ ਲੁਭਾਉਣ ਵਾਲ਼ਾ ਸੀ। ਭਾਵੇਂ ਸਾਰੇ ਆਪਣੇ ਅਤੀ ਵਿਕਸਤ ਮੋਬਾਇਲਾਂ ਨਾਲ਼ ਪੈਨੋਰਮਿਕ ਦ੍ਰਿਸ਼ ਨੂੰ ਸਾਂਭ ਰਹੇ ਸਨ ਪਰ ਫੇਰ ਵੀ ਜਾਪਦਾ ਸੀ ਕਿ ਬਹੁਤ ਕੁਝ ਰਹਿ ਗਿਆ ਹੈ, ਖ਼ੈਰ ! ਪੂਰੀ ਤਸੱਲੀ ਤਾਂ ਪ੍ਰੋਫ਼ੈਸ਼ਨਲ ਕੈਮਰੇ ਨਾਲ਼ ਵੀ ਨਹੀਂ ਹੁੰਦੀ ਸੀ। ਬੰਦੇ ਅਤੇ ਕੁਦਰਤ ਦੀ ਅਜਿਹੀ ਜੁਗਲਬੰਦੀ ਚਲਦੀ ਹੀ ਰਹਿੰਦੀ ਹੈ, ਕੁਦਰਤ ਦੇ ਸਾਰੇ ਭੇਤ ਬੰਦੇ ਦੇ ਨਿੱਕੇ ਜਿਹੇ ਦਿਮਾਗ ਤੋਂ ਕਿੱਥੇ ਜਾਣੇ ਜਾਂਦੇ ਹਨ। ਫੇਰ ਵੀ ਸਾਰੇ ਬ੍ਰਹਿਮੰਡ ਦਾ ਕਲਾਵਾ ਭਰ ਲੈਣ ਦੀ ਮਨੁੱਖੀ ਰੀਝ ਇਉਂ ਹੀ ਹੰਭਲਾ-ਦਰ-ਹੰਭਲਾ ਮਾਰਦੀ ਰਹਿੰਦੀ ਹੈ।

ਸੈਲਾਨੀ ਬੱਚਿਆਂ ਦੀ ਜਗਿਆਸਾ ਨੂੰ ਭਾਂਪਦਿਆਂ ਪਾਰਕ 'ਚ ਕੁਝ ਭੇਡਾਂ, ਬੱਕਰੀਆਂ ਅਤੇ ਬੱਤਖਾਂ ਵੀ ਖੁੱਲ੍ਹੀਆਂ ਛੱਡੀਆਂ ਹੋਈਆਂ ਸਨ। ਮਹਾਂਨਗਰ 'ਚ ਜੰਮੇ-ਪਲ਼ੇ ਬੱਚਿਆਂ ਅਤੇ ਉਨ੍ਹਾਂ ਦੇ ਮਾਪਿਆਂ ਲਈ ਇਹ ਵੀ ਵਿਸ਼ੇਸ਼ ਖਿੱਚ ਦਾ ਕਾਰਨ ਸਨ, ਪਰ ਅਸੀਂ ਪੇਂਡੂ ਬੰਦੇ ਤਾਂ ਇਹ ਕੁਝ ਆਪਣੇ ਬਚਪਨ ਵਿਚ ਹੀ ਬਥੇਰਾ ਵੇਖ ਚੁੱਕੇ ਸਾਂ, ਫਿਰ ਸਾਨੂੰ ਵਿਚਾਰੀਆਂ ਭੇਡਾਂ-ਬੱਕਰੀਆਂ ਨੇ ਕੀ ਖਿੱਚ ਪਾਉਣੀ ਸੀ, ਅਸੀਂ ਕਾਹਲ਼ੀ ਨਾਲ਼ ਇਸ ਭਾਗ ਨੂੰ ਉਲੰਘ ਕੇ ਅਗਾਂਹ ਟਰੇਲ 'ਤੇ ਲੰਮੀ ਸੈਰ ਲਈ ਨਿਕਲ ਪਏ। ਪੌੜੀਦਾਰ ਟ੍ਰੇਲ ਉੱਤੇ ਚਲਦਿਆਂ ਨੂੰ ਆਲ਼ੇ-ਦੁਆਲ਼ੇ ਦੇ ਪ੍ਰਕਿਰਤਕ ਹੁਸਨ ਦੀ ਝਲਕ ਵੀ ਮਿਲਦੀ ਰਹੀ ਅਤੇ ਠੰਡੀ, ਸ਼ੁੱਧ ਪਹਾੜੀ ਪੌਣ ਨਾਲ਼ ਆਪਣਾ ਤਨ-ਮਨ ਵੀ ਸੀਤਲ ਕਰਦੇ ਰਹੇ। ਨਾਰਵੇ ਦੇ ਕੁਦਰਤੀ ਹੁਸਨ ਦੇ ਇਨ੍ਹਾਂ ਅੰਬਾਰਾਂ ਨੇ ਹੁਣ ਤਾਅ-ਉਮਰ ਸਾਨੂੰ ਤਰੋ-ਤਾਜ਼ਾ ਰੱਖਣਾ ਸੀ।

---

## ਜ਼ਿੰਦਗੀ ਨਾਮਾ



ਹਰਪ੍ਰੀਤ ਸਿੰਘ ਜਵੰਦਾ

***ਹਰਪ੍ਰੀਤ ਜਵੰਦਾ ਸੱਚਮੁੱਚ ਨਿੱਕੀ ਕਹਾਣੀ ਦਾ ਬਾਦਸ਼ਾਹ ਹੈ। ਆਪਣੇ ਆਲੇ-ਦੁਆਲੇ ਤੋਂ ਬੜੇ ਸੂਖਮ ਜਿਹੇ ਵਿਸ਼ੇ ਲੈ ਕੇ ਕਹਾਣੀ ਲਿਖਦਾ ਹੈ, ਜਿਸ ਵਿਚ ਕੋਈ ਸਾਰਥਕ ਸੁਨੇਹਾ ਵੀ ਹੁੰਦਾ ਹੈ। ਕਹਾਣੀ ਜਾਂ ਅਸਲੀ ਬਿਰਤਾਂਤ ਨੂੰ ਇੰਨੇ ਘੱਟ ਸ਼ਬਦਾਂ ਵਿਚ ਸਮੇਟਣਾ ਆਪਣੇ-ਆਪ ਵਿਚ ਲਾਜਵਾਬ ਹੈ। ਅਸੀਂ ਹਰਪ੍ਰੀਤ ਜਵੰਦਾ ਦਾ 'ਜ਼ਿੰਦਗੀ ਨਾਮਾ' ਕਾਲਮ ਸ਼ੁਰੂ ਕੀਤਾ ਹੈ। ਉਮੀਦ ਹੈ ਪਾਠਕਾਂ ਨੂੰ ਪਸੰਦ ਆ ਰਿਹਾ ਹੋਵੇਗਾ।***

# 'ਕੈਮਲੂਪ ਦੀਆਂ ਮੱਛੀਆਂ'

ਦੱਸਦੇ ਨੇ ਕੇ ਕਨੇਡਾ ਦੇ 'ਕੈਮਲੂਪ' ਦਰਿਆ ਵਿਚ ਇੱਕ ਖਾਸ ਕਿਸਮ ਦੀ ਮੱਛੀ ਜਨਮ ਲੈਂਦਿਆਂ ਹੀ ਪਾਣੀ ਦੇ ਵਹਾਅ ਨਾਲ ਤਰਨਾ ਸ਼ੁਰੂ ਕਰ ਦਿੰਦੀ ਏ। ਫੇਰ ਦੋ ਸਾਲ ਬਾਅਦ ਅਚਾਨਕ ਆਪਣਾ ਰੁੱਖ ਮੋੜਦੀ ਹੋਈ ਜਿਥੋਂ ਤੁਰੀ ਹੁੰਦੀ ਏ ਓਧਰ ਨੂੰ ਵਾਪਿਸ ਮੁੜ ਤਰਨਾ ਸ਼ੁਰੂ ਕਰ ਦਿੰਦੀ ਏ...

ਰਾਹ ਵਿਚ ਉਚੇ ਪੱਥਰ...ਉੱਚੀਆਂ ਚਟਾਨਾਂ...ਤੇਜ਼ ਪਾਣੀ ਦੇ ਵਹਾਅ ਨਾਲ ਜੂਝਦੀ ਹੋਈ ਅਖੀਰ ਜਿਥੇ ਜਨਮ ਹੋਇਆ ਹੁੰਦਾ ਏ ਐਨ ਓਸੇ ਥਾਂ ਆ ਕੇ ਦਮ ਦੌੜ ਦਿੰਦੀ ਏ..!

ਕਈ ਵਾਰ ਪੱਥਰਾਂ ਨਾਲ ਰਗੜ-ਰਗੜ ਕੇ ਚਮੜੀ ਵੀ ਉਧੜ ਜਾਂਦੀ ਹੈ ਪਰ ਫੇਰ ਵੀ ਮਰਦੇ ਦਮ ਤਕ ਵਾਪਿਸ ਮੁੜਨ ਦਾ ਸੰਘਰਸ਼ ਨਹੀਂ ਤਿਆਗਦੀ...।

ਪ੍ਰਸਿੱਧ ਨਾਟਕਕਾਰ ਡਾਕਟਰ ਆਤਮਜੀਤ ਨੇ 'ਕੈਮਲੂਪ ਦੀਆਂ ਮੱਛੀਆਂ' ਸਿਰਲੇਖ ਹੇਠ ਨਾਟਕ ਵੀ ਲਿਖਿਆ...ਇੱਕ ਜਗ੍ਹਾ ਲਿਖਦੇ ਹਨ ਕਿ ਪੰਜਾਬ ਵਿਚ ਜੰਮੇ ਅਤੇ ਕਨੇਡਾ ਅਮਰੀਕਾ ਵਰਗੇ ਮੁਲਖਾਂ ਵਿਚ ਪਰਵਾਸ ਕਰ ਆਏ ਲੋਕਾਂ ਦੀ ਮਾਨਸਿਕਤਾ ਵੀ ਕੁਝ ਕੈਮਲੂਪ ਦੀਆਂ ਮੱਛੀਆਂ ਵਰਗੀ ਹੋ ਗਈ ਜਾਪਦੀ ਏ...।



ਸੱਤ ਸਮੁੰਦਰ ਪਾਰ ਆਇਆਂ ਦੀ ਜਦੋਂ ਅੱਧੀ ਉਮਰ ਡਾਲਰਾਂ ਅਤੇ ਹੋਰ ਸੁਖ ਸਹੂਲਤਾਂ ਪਿੱਛੇ ਭੱਜਦਿਆਂ ਹੀ ਨਿੱਕਲ ਜਾਂਦੀ ਏ ਤਾਂ ਫੇਰ ਇੱਕ ਦਿਨ ਅਚਾਨਕ ਦਿਲ ਵਿਚ ਮਿੱਟੀ ਦੇ ਮੋਹ ਵਾਲੀ ਚੀਸ ਉੱਠਦੀ ਏ ਤੇ ਉਹ ਵਾਪਿਸ ਜਨਮ ਭੂਮੀ ਵੱਲ ਨੂੰ ਮੁੜਨ ਲਈ ਤੜਪ ਉੱਠਦਾ ਏ..।

ਪਰ ਸ਼ਾਇਦ ਉਸ ਵੇਲੇ ਤੱਕ ਬਹੁਤ ਦੇਰ ਹੋ ਚੁੱਕੀ ਹੁੰਦੀ ਏ ਤੇ ਉਸਦੀ ਮਿੱਟੀ ਦੇ ਮੋਹ ਵਾਲੀ ਮਨੋਕਾਮਨਾ ਬਰਫ਼ਾਂ ਹੇਠ ਦੱਬ ਦਮ ਤੋੜ ਜਾਂਦੀ ਏ!

ਅੱਗੋਂ ਲਿਖਦੇ ਨੇ ਕੇ ਇੱਕ ਵਾਰ ਟੋਰਾਂਟੋ ਕਿਸੇ ਦੇ ਘਰ ਠਹਿਰਿਆ ਤਾਂ ਓਥੇ ਬੇਸਮੇਂਟ ਵਿਚੋਂ ਕਿਸੇ ਬਜ਼ੁਰਗ ਦੀਆਂ ਅਵਾਜ਼ਾਂ ਸੁਣਿਆ ਕਰਨ...

"ਮਿੰਦੋ ਛੇਤੀ ਕਰ...ਮੱਝਾਂ ਦੀਆਂ ਧਾਰਾਂ ਚੋਅ ਲੈ"...।

ਮੀਂਹ ਆਉਣ ਵਾਲਾ ਏ ਮੰਝੇ ਕੋਠੇ ਤੋਂ ਹੇਠਾਂ ਲਾਹ ਲਵੋ ਓਏ...।

ਬਹੁਕਰ ਗੋਹਾ ਕੂੜਾ ਕਰ ਲਵੋਂ...ਕਿੱਡਾ ਕਿੱਡਾ ਦਿਨ ਚੜ੍ਹ ਆਇਆ ਏ।

ਕੋਈ ਮੈਨੂੰ ਦੋ ਫੁਲਕੇ ਲਾਹ ਦੇਵੋ ਮੈਂ ਪੱਠੇ ਵੱਢਣ ਜਾਣਾ...ਡੰਗਰ ਭੁੱਖੇ ਮਰ ਗਏ...ਓਏ ਪ੍ਰਾਹੁਣੇ ਆਏ ਨੇ ਕੋਈ ਪਾਣੀ ਲਿਆਵੋ...।

ਮੁੜ ਪਤਾ ਲੱਗਾ ਕਿ ਬਜ਼ੁਰਗ ਕਾਫੀ ਅਰਸੇ

*(ਬਾਕੀ ਅਗਲੇ ਸਫੇ 'ਤੇ)*

# ਬ੍ਰਿਜ ਭੂਸ਼ਣ ਸ਼ਰਨ ਸਿੰਘ ਦਾ ਬਰੀ ਹੋਣਾ: ਨਿਆਂ ਲਈ ਚਾਰਾਜੋਈ ਨੂੰ ਅਸਫ਼ਲ ਬਣਾ ਰਿਹਾ ਸਿਸਟਮ

**ਬੁਨਿਆਦੀ ਸਵਾਲ ਇਹ ਨਹੀਂ ਹੈ ਕਿ ਇੱਕ ਫ਼ੌਜਦਾਰੀ ਮੁਕੱਦਮਾ ਸਫ਼ਲ ਹੋਇਆ ਜਾਂ ਨਹੀਂ। ਅਸਲ ਸਵਾਲ ਇਹ ਹੈ ਕਿ ਕੀ ਕੋਈ ਖਿਡਾਰਨ ਆਪਣੇ ਕਰੀਅਰ, ਸਾਖ ਅਤੇ ਸੁਰੱਖਿਆ ਨੂੰ ਖ਼ਤਰੇ ਵਿਚ ਪਾਏ ਬਿਨਾਂ ਜਿਨਸੀ ਪਰੇਸ਼ਾਨੀ ਦੀ ਸ਼ਿਕਾਇਤ ਕਰ ਸਕਦੀ ਹੈ? ਜਨਤਕ ਪ੍ਰਦਰਸ਼ਨਾਂ ਅਤੇ ਸੁਪਰੀਮ ਕੋਰਟ ਦੇ ਦਖ਼ਲ ਤੋਂ ਬਿਨਾਂ ਸ਼ਿਕਾਇਤ ਦਰਜ ਕਰਾਉਣਾ ਅੱਜ ਵੀ ਅਸੰਭਵ ਕਿਉਂ ਬਣਿਆ ਹੋਇਆ ਹੈ? ਇਨ੍ਹਾਂ ਪਹਿਲਵਾਨ ਕੁੜੀਆਂ ਅੱਗੇ ਲੰਮੀ ਲੜਾਈ ਹੈ ਜਿਸ ਦੌਰਾਨ ਉਨ੍ਹਾਂ ਉੱਪਰ ਤਰ੍ਹਾਂ-ਤਰ੍ਹਾਂ ਦੇ ਦਬਾਅ ਪੈਣਗੇ। ਇਨਸਾਫ਼ਪਸੰਦ ਲੋਕਾਈ ਦੀ ਲਗਾਤਾਰ ਨੈਤਿਕ ਹਮਾਇਤ ਇਹ ਲੜਾਈ ਜਾਰੀ ਰੱਖਣ ਲਈ ਬੇਹੱਦ ਜ਼ਰੂਰੀ ਹੈ।**

'ਮੈਨੂੰ ਪੂਰਾ ਭਰੋਸਾ ਸੀ ਕਿ ਨਿਆਂ ਕੀਤਾ ਜਾਵੇਗਾ...ਨਿਆਂ ਕੀਤਾ ਗਿਆ। ਮੈਂ ਕਦੇ ਵੀ ਆਪਣੇ ਆਪ ਨੂੰ ਮੁਜਰਿਮ ਬਿਲਕੁਲ ਨਹੀਂ ਸਮਝਿਆ।' ਇਹ ਗੱਲ ਪਹਿਲਵਾਨ ਕੁੜੀਆਂ ਨੂੰ ਰਾਜਸੀ ਤਾਕਤ ਦੇ ਜ਼ੋਰ ਕਾਨੂੰਨੀ ਦੰਗਲ ਵਿਚ ਹਰਾ ਦੇਣ ਵਾਲੇ ਸਾਬਕਾ ਭਾਜਪਾ ਐੱਮ.ਪੀ. ਬ੍ਰਿਜ ਭੂਸ਼ਣ ਸ਼ਰਨ ਸਿੰਘ ਨੇ ਮੁਕੱਦਮੇ 'ਚੋਂ ਬਰੀ ਹੋਣ ਤੋਂ ਬਾਅਦ ਕਹੀ। ਉਸਦੇ ਹਮਾਇਤੀਆਂ ਨੇ 'ਬਾਇੱਜ਼ਤ ਬਰੀ ਹੋਣ' ਦੀ ਖ਼ੁਸ਼ੀ 'ਚ ਪਟਾਖੇ ਚਲਾਏ ਅਤੇ ਉਸ ਉੱਪਰ ਫੁੱਲਾਂ ਦੀ ਵਰਖਾ ਕੀਤੀ। ਜਿਸ ਮੁਲਕ ਵਿਚ ਅਦਾਲਤਾਂ ਵਿਚ ਕੇਸ ਦਹਾਕਿਆਂ ਤੱਕ ਲਮਕੇ ਰਹਿਣ ਅਤੇ ਔਰਤਾਂ ਵਿਰੁੱਧ ਜਿਨਸੀ

ਬੂਟਾ ਸਿੰਘ ਮਹਿਮੂਦਪੁਰ

ਜੁਰਮਾਂ ਦੇ ਕੇਸਾਂ ਵਿਚ ਦੋਸ਼ੀ ਕਰਾਰ ਦਿੱਤੇ ਜਾਣ ਦੀ ਦਰ ਮਹਿਜ਼ 20ਫ਼ੀਸਦ ਹੋਵੇ, ਜਿੱਥੇ ਕੇਂਦਰੀ ਸੱਤਾ ਅਤੇ ਸਮੁੱਚਾ ਰਾਜਤੰਤਰ ਸਿੱਧੇ ਤੌਰ 'ਤੇ ਅਜਿਹੇ ਘਿਣਾਉਣੇ ਮੁਜਰਿਮਾਂ ਦੀ ਪੁਸ਼ਤਪਨਾਹੀ ਕਰਦਿਆਂ ਬਰੀ ਕਰਾਉਣ ਲਈ ਉਨ੍ਹਾਂ ਦੀ ਪਿੱਠ 'ਤੇ ਖੜ੍ਹਾ ਹੋਵੇ, ਉੱਥੇ ਨਿਆਂ ਲਈ ਸੰਘਰਸ਼ ਵਿਚ ਮਜ਼ਲੂਮ ਧਿਰ ਦਾ ਹਾਰ ਜਾਣਾ ਅਤੇ ਮੁਜਰਿਮਾਂ ਵੱਲੋਂ ਬਰੀ ਕੀਤੇ ਜਾਣ ਦੇ ਅਦਾਲਤੀ ਸਰਟੀਫਿਕੇਟ ਲਹਿਰਾ ਕੇ ਆਪਣੀ ਜਿੱਤ ਦੇ ਡੰਕੇ ਵਜਾਉਣਾ ਹੈਰਾਨੀਜਨਕ ਨਹੀਂ ਹੈ। ਸਿੱਖ ਕਤਲੇਆਮ (1984) ਸਮੇਂ ਬੇਕਸੂਰ ਸਿੱਖਾਂ ਨੂੰ ਸੜਕਾਂ 'ਤੇ ਜ਼ਿੰਦਾ ਜਲਾਉਣ ਵਾਲੇ ਕਾਂਗਰਸੀ ਆਗੂਆਂ, ਦਹਿਸ਼ਤੀ ਕਾਂਡਾਂ ਨੂੰ ਅੰਜਾਮ ਦੇਣ ਵਾਲੇ ਬਾਬੂ ਬਜਰੰਗੀ ਤੇ ਸਾਧਵੀ ਪਰੱਗਿਆ ਸਿੰਘ ਵਰਗੇ ਹਿੰਦੂਤਵੀ ਦਹਿਸ਼ਤਗਰਦਾਂ ਤੋਂ ਲੈ ਕੇ ਸਿਰਸੇ ਵਾਲੇ ਸਾਧ ਗੁਰਮੀਤ ਰਾਮ ਰਹੀਮ ਤੱਕ ਰਾਜਸੀ ਰਸੂਖ਼ ਦੇ ਜ਼ੋਰ ਰਸੂਖ਼ਵਾਨ ਮੁਜਰਿਮ ਬਰੀ ਹੁੰਦੇ, ਸਜ਼ਾਵਾਂ ਦੇ ਬਾਵਜੂਦ ਪੈਰੋਲ ਸਹੂਲਤਾਂ ਅਤੇ ਨਾਇਕਾਂ ਵਾਲਾ ਸਨਮਾਨ ਮਾਣਦੇ ਅਤੇ ਮਜ਼ਲੂਮਾਂ ਦਾ ਮਜ਼ਾਕ ਉਡਾਉਂਦੇ ਦੇਖੇ ਜਾ ਸਕਦੇ ਹਨ।

ਲੰਘੀ 3 ਅਗਸਤ ਨੂੰ ਦਿੱਲੀ ਦੀ ਰਾਊਜ਼ ਅਵੈਨਿਊ ਅਦਾਲਤ ਨੇ ਭਾਰਤੀ ਕੁਸ਼ਤੀ ਫੈਡਰੇਸ਼ਨ ਦੇ ਪ੍ਰਧਾਨ ਬ੍ਰਿਜ ਭੂਸ਼ਣ ਸ਼ਰਨ ਸਿੰਘ ਅਤੇ ਫੈਡਰੇਸ਼ਨ ਦੇ ਸਾਬਕਾ ਸਹਾਇਕ ਸਕੱਤਰ ਵਿਨੋਦ ਤੋਮਰ ਨੂੰ ਛੇ ਪਹਿਲਵਾਨ ਕੁੜੀਆਂ ਵੱਲੋਂ ਦਾਇਰ ਕਰਵਾਏ ਜਿਨਸੀ ਤੌਰ 'ਤੇ ਪ੍ਰੇਸ਼ਾਨ ਕਰਨ ਦੇ ਕੇਸ 'ਚ ਇਹ ਕਹਿ ਕੇ ਬਰੀ ਕਰ ਦਿੱਤਾ ਕਿ ਪ੍ਰਾਸੀਕਿਊਸ਼ਨ ਦੋਸ਼ਾਂ ਨੂੰ ਵਾਜਬ ਸ਼ੱਕ ਤੋਂ ਪਰੇ ਸਥਾਪਤ ਕਰਨ 'ਚ ਅਸਫ਼ਲ ਰਿਹਾ। ਇਹ ਨਿਹਾਇਤ ਘਿਣਾਉਣੇ ਮੁਜਰਿਮਾਂ ਨੂੰ ਬਰੀ ਕੀਤੇ ਜਾਣ ਲਈ ਜੱਜਾਂ ਵੱਲੋਂ ਅਕਸਰ ਦਿੱਤੀ ਜਾਂਦੀ ਦਲੀਲ ਹੈ। ਫ਼ੌਜਦਾਰੀ ਮਾਮਲਿਆਂ ਵਿਚ ਦੋਸ਼ ਸਿੱਧ ਕਰਨ ਲਈ ਇਹ ਕਾਨੂੰਨੀ ਮਿਆਰ ਹੈ। ਜੱਜ ਭਲੀਭਾਂਤ ਜਾਣਦੇ ਹੋਏ ਵੀ ਇਸ ਪਹਿਲੂ ਨੂੰ ਨਜ਼ਰ-ਅੰਦਾਜ਼ ਕਰ ਦਿੰਦੇ ਹਨ ਕਿ ਹਾਕਮ ਧਿਰ ਦੀ ਰਾਜਸੀ ਤੇ ਰਾਜਕੀ ਸਰਪ੍ਰਸਤੀ ਹੋਣ ਕਾਰਨ ਮੁਜ਼ਰਿਮਾਂ ਦੀ ਨਿਆਂ ਪ੍ਰਕਿਰਿਆ ਨੂੰ ਆਪਣੇ ਪੱਖ 'ਚ ਭੁਗਤਾ ਸਕਣ ਦੀ ਰਾਜਨੀਤਕ ਪੁੱਗਤ ਤੇ ਰਸੂਖ਼ ਕਿੰਨਾ ਡਾਹਢਾ ਹੈ ਅਤੇ ਪੀੜਤ ਔਰਤਾਂ ਇਸ ਤੋਂ ਇਲਾਵਾ ਕਿਸ ਕਦਰ ਭਾਰੀ ਦਬਾਵਾਂ ਹੇਠ ਕਾਨੂੰਨੀ ਚਾਰਾਜੋਈ ਕਰ ਰਹੀਆਂ ਹੁੰਦੀਆਂ ਹਨ।

ਇਹ ਮਾਮਲਾ ਜਨਵਰੀ 2023 ਵਿਚ ਜਨਤਕ ਤੌਰ 'ਤੇ ਉਭਰਿਆ, ਜਦੋਂ ਵਿਨੇਸ਼ ਫੋਗਾਟ, ਸਾਕਸ਼ੀ ਮਲਿਕ ਅਤੇ ਬਜਰੰਗ ਪੂਨੀਆ ਸਮੇਤ ਮੁਲਕ ਦੇ ਪ੍ਰਮੁੱਖ ਪਹਿਲਵਾਨਾਂ ਨੇ ਦਿੱਲੀ ਦੇ ਜੰਤਰ-ਮੰਤਰ ਉੱਤੇ ਪ੍ਰਦਰਸ਼ਨ ਕਰਕੇ ਬ੍ਰਿਜ ਭੂਸ਼ਣ ਸਿੰਘ ਵਿਰੁੱਧ ਕਾਰਵਾਈ ਕੀਤੇ ਜਾਣ ਦੀ ਮੰਗ ਕੀਤੀ। ਓਲੰਪਿਕ ਮੈਡਲਿਸਟ ਅਤੇ ਕਾਮਨਵੈਲਥ ਗੇਮਾਂ ਦੀਆਂ ਚੈਂਪੀਅਨ ਪਹਿਲਵਾਨ ਕੁੜੀਆਂ ਨੇ ਉਸ ਉੱਪਰ ਸਿਖਲਾਈ ਕੈਂਪਾਂ, ਮੁਕਾਬਲਿਆਂ ਅਤੇ ਅਧਿਕਾਰਕ ਮੁਲਾਕਾਤਾਂ ਦੌਰਾਨ ਜਿਨਸੀ ਸ਼ੋਸ਼ਣ ਅਤੇ ਧਮਕਾਉਣ ਦੇ ਦੋਸ਼ ਲਗਾਏ। ਉਸ ਨੇ ਹੰਕਾਰੀ ਲਹਿਜ਼ੇ 'ਚ ਦੋਸ਼ਾਂ ਤੋਂ ਇਨਕਾਰ ਕਰਦਿਆਂ ਇਸ ਨੂੰ ਸਿਆਸਤ ਤੋਂ ਪ੍ਰੇਰਿਤ ਦੱਸਿਆ।



ਪਹਿਲਵਾਨ ਕੁੜੀਆਂ ਨੇ ਮੁਲਕ ਨੂੰ ਤਗਮੇ ਅਤੇ ਕੌਮਾਂਤਰੀ ਪਛਾਣ ਦਿਵਾਈ। ਜਦੋਂ ਉਨ੍ਹਾਂ ਨੇ ਆਪਣੀ ਖੇਡ ਦੇ ਸਭ ਤੋਂ ਤਾਕਤਵਰ ਅਧਿਕਾਰੀ ਵਿਰੁੱਧ ਜਿਨਸੀ ਬਦਤਮੀਜ਼ੀ ਦੀ ਸ਼ਿਕਾਇਤ ਕੀਤੀ, ਤਾਂ ਨਿਆਂ ਲੈਣ ਲਈ ਉਨ੍ਹਾਂ ਨੂੰ ਮਹੀਨਿਆਂ-ਬੱਧੀ ਸੜਕਾਂ ਉੱਤੇ ਸੰਘਰਸ਼ ਕਰਨਾ ਪਿਆ। ਪਹਿਲਵਾਨਾਂ ਨੇ ਪਹਿਲਾਂ ਖੇਡ ਸੰਸਥਾਵਾਂ ਅਤੇ ਕੇਂਦਰੀ ਖੇਡ ਮੰਤਰਾਲੇ ਤੋਂ ਕਾਰਵਾਈ ਦੀ ਮੰਗ ਕੀਤੀ। ਇੱਕ ਨਿਗਰਾਨ ਕਮੇਟੀ ਬਣਾਈ ਗਈ, ਪਰ ਖਿਡਾਰੀਆਂ ਨੇ ਕਮੇਟੀ ਦੀ ਕਾਰਜਪ੍ਰਣਾਲੀ ਉੱਤੇ ਅਸੰਤੁਸ਼ਟੀ ਪ੍ਰਗਟ ਕਰਦਿਆਂ ਕਿਹਾ ਕਿ ਉਨ੍ਹਾਂ ਦੀਆਂ ਚਿੰਤਾਵਾਂ ਦਾ ਢੁੱਕਵਾਂ ਹੱਲ ਨਹੀਂ ਕੀਤਾ ਗਿਆ। ਉਨ੍ਹਾਂ ਨੂੰ ਮੁੜ ਸੜਕਾਂ ਉੱਤੇ ਉਤਰਨਾ ਪਿਆ। ਹਰ ਤਰ੍ਹਾਂ ਦੇ ਦਬਾਅ ਝੱਲਦਿਆਂ ਪਹਿਲਵਾਨ ਕੁੜੀਆਂ ਨੇ ਐਡੇ ਡਾਹਢੇ ਸ਼ਖ਼ਸ ਵਿਰੁੱਧ ਡੱਟਣ ਅਤੇ ਅਦਾਲਤ ਵਿਚ ਕੇਸ ਲੜਨ ਦਾ ਕਮਾਲ ਦਾ ਹੌਸਲਾ ਦਿਖਾਇਆ। ਇੱਥੋਂ ਤੱਕ ਕਿ ਐੱਫ.ਆਈ.ਆਰ. ਦਰਜ ਕਰਵਾਉਣ ਲਈ ਵੀ ਪਹਿਲਵਾਨਾਂ ਨੂੰ ਸੁਪਰੀਮ ਕੋਰਟ ਦਾ ਦਰਵਾਜ਼ਾ ਖੜਕਾਉਣਾ ਪਿਆ। ਗੰਭੀਰ ਦੋਸ਼ ਹੋਣ ਦੇ ਬਾਵਜੂਦ ਪੁਲਿਸ ਨੇ ਐੱਫ.ਆਈ.ਆਰ. ਦਰਜ ਕਰਨ ਦੀ ਜ਼ਰੂਰਤ ਨਹੀਂ ਸਮਝੀ। ਬਹੁਤ ਰੌਲ਼ਾ ਪੈਣ ਤੋਂ ਬਾਅਦ ਹੀ ਪੁਲਿਸ ਨੇ ਅਪਰੈਲ 2023 ਵਿਚ ਐੱਫ.ਆਈ.ਆਰ. ਦਰਜ ਕੀਤੀਆਂ। ਜੇਕਰ ਜੁਰਮ ਦੀ ਮੁੱਢਲੀ ਸੂਚਨਾ ਦਰਜ ਕਰਾਉਣ ਲਈ ਵੀ ਜਨਤਕ ਅੰਦੋਲਨ ਕਰਨ ਅਤੇ ਮੁਲਕ ਦੀ ਸਰਬਉੱਚ ਅਦਾਲਤ ਦਾ ਦਰਵਾਜ਼ਾ ਖੜਕਾਉਣ ਦੀ ਲੋੜ ਪੈਂਦੀ ਹੈ ਤਾਂ ਜਾਂਚ ਏਜੰਸੀਆਂ ਤੋਂ ਨਿਰਪੱਖ ਜਾਂਚ ਕੀਤੇ ਜਾਣ ਅਤੇ ਰਸੂਖ਼ਵਾਨ ਮੁਲਜ਼ਮ ਦੇ ਵਿਰੁੱਧ ਦੋਸ਼ ਸਿੱਧ ਕਰਨ ਲਈ ਪੇਸ਼ੇਵਰ ਗੰਭੀਰਤਾ ਨਾਲ ਸਬੂਤ ਜੁਟਾਉਣ ਦੀ ਉਮੀਦ ਕਿਵੇਂ ਕੀਤੀ ਜਾ ਸਕਦੀ ਹੈ।

ਪਹਿਲਵਾਨ ਕੁੜੀਆਂ ਨੇ ਇੱਕ ਅਜਿਹੇ ਵਿਅਕਤੀ ਨੂੰ ਚੁਣੌਤੀ ਦਿੱਤੀ ਸੀ ਜੋ ਨਾ ਸਿਰਫ਼ ਉਨ੍ਹਾਂ ਦੀ ਖੇਡ ਨੂੰ ਕੰਟਰੋਲ ਕਰਨ ਵਾਲੀ ਫੈਡਰੇਸ਼ਨ ਦਾ ਪ੍ਰਧਾਨ ਸੀ, ਸਗੋਂ ਛੇ ਵਾਰ ਸੰਸਦ ਮੈਂਬਰ ਵੀ ਰਹਿ ਚੁੱਕਾ ਸੀ। ਫੈਡਰੇਸ਼ਨ ਦਾ ਖਿਡਾਰੀਆਂ ਦੀ ਚੋਣ, ਮੁਕਾਬਲਿਆਂ, ਸਿਖਲਾਈ ਦੇ ਮੌਕਿਆਂ ਅਤੇ ਉਨ੍ਹਾਂ ਦੇ ਕਰੀਅਰ ਉੱਤੇ ਵਿਆਪਕ ਪ੍ਰਭਾਵ ਹੈ। ਤਾਕਤ ਦਾ ਇਹੀ ਅਸਾਵਾਂਪਣ ਇਸ ਪੂਰੇ ਕੇਸ ਦੇ ਕੇਂਦਰ ਵਿਚ ਹੈ: ਜਦੋਂ ਦੋਸ਼ਾਂ ਦਾ ਸਾਹਮਣਾ ਕਰ ਰਿਹਾ ਵਿਅਕਤੀ ਕਿਸੇ ਔਰਤ ਖਿਡਾਰੀ ਦੇ ਪੇਸ਼ੇਵਰ ਭਵਿੱਖ ਨੂੰ ਤੈਅ ਕਰਨ ਦੀ ਸਥਿਤੀ ਵਿਚ ਹੋਵੇ ਤਾਂ ਉਹ ਖਿਡਾਰਨ ਕਿੰਨੀ ਕੁ ਸੁਰੱਖਿਅਤ ਢੰਗ ਨਾਲ ਸ਼ਿਕਾਇਤ ਕਰ ਸਕਦੀ ਹੈ? ਅਦਾਲਤ ਤਾਕਤ ਦੇ ਅਸਾਵੇਂਪਣ ਪ੍ਰਤੀ ਅੱਖਾਂ ਮੀਟ ਕੇ ਮਜ਼ਲੂਮ ਕੁੜੀਆਂ ਨੂੰ ਪੁੱਛਦੀ ਹੈ ਕਿ ਉਨ੍ਹਾਂ ਨੇ 'ਆਪਣੇ ਸਰੀਰ ਦੀ ਬਜਾਏ ਆਪਣੇ ਕਰੀਅਰ ਨੂੰ ਕਿਉਂ ਚੁਣਿਆ?' ਭਾਵ ਉਨ੍ਹਾਂ ਨੇ ਓਦੋਂ ਹੀ ਸ਼ਿਕਾਇਤ ਕਿਉਂ ਨਹੀਂ ਕੀਤੀ! ਬ੍ਰਿਜ ਭੂਸ਼ਣ ਸਿੰਘ ਦੇ ਦਬਾਅ ਨੂੰ ਇਸ ਤੱਥ ਤੋਂ ਵੀ ਸਮਝਿਆ ਜਾ ਸਕਦਾ ਹੈ ਕਿ ਇਕ ਨਾਬਾਲਗ ਨੇ ਸ਼ਿਕਾਇਤ ਵਾਪਸ ਲੈ ਲਈ (ਜੋ ਅਦਾਲਤ ਨੇ ਸਵੀਕਾਰ ਕਰ ਲਈ) ਅਤੇ ਛੇ ਸ਼ਿਕਾਇਤ ਕਰਤਾਵਾਂ ਵਿਚੋਂ ਦੋ ਨੇ ਮੁਕੱਦਮੇ ਦੌਰਾਨ ਗਵਾਹੀ ਸਮੇਂ ਬਿਆਨ ਬਦਲ ਲਏ। ਨਾਬਾਲਗ ਸ਼ਿਕਾਇਤਕਰਤਾ ਇੰਝ ਸ਼ਿਕਾਇਤ ਵਾਪਸ ਨੂੰ ਦੋਸ਼ੀ ਅਤੇ ਉਸ ਦੇ ਹਮਾਇਤੀਆਂ ਨੇ ਦੋਸ਼ਾਂ ਦੇ ਗ਼ੈਰ-ਭਰੋਸੇਯੋਗ ਹੋਣ ਵਜੋਂ ਪੇਸ਼ ਕੀਤਾ। ਜਦਕਿ ਇਹ ਸਪਸ਼ਟ ਤੌਰ 'ਤੇ ਰਾਜਨੀਤਕ ਅਤੇ ਸਮਾਜਿਕ ਦਬਾਅ ਦਾ ਨਤੀਜਾ ਸੀ।

ਮਈ 2024 ਵਿਚ ਹੇਠਲੀ ਅਦਾਲਤ ਦਾ ਮੰਨਣਾ ਸੀ ਕਿ ਉਸ ਵਿਰੁੱਧ ਜਿਨਸੀ ਤੌਰ 'ਤੇ ਪਰੇਸ਼ਾਨ ਕਰਨ, ਔਰਤ ਦੀ ਮਰਿਆਦਾ ਨੂੰ ਠੇਸ ਪਹੁੰਚਾਉਣ ਦੇ ਇਰਾਦੇ ਨਾਲ ਹਮਲਾ ਜਾਂ ਅਪਰਾਧਿਕ ਤਾਕਤ ਦੀ ਵਰਤੋਂ ਕਰਨ ਅਤੇ ਕੁਝ ਦੋਸ਼ਾਂ ਦੇ ਸਬੰਧ ਵਿਚ ਅਪਰਾਧਿਕ ਧਮਕੀ ਦੀਆਂ ਧਾਰਾਵਾਂ ਹੇਠ ਦੋਸ਼ ਤੈਅ ਕਰਨ ਲਈ ਪਹਿਲੀ ਨਜ਼ਰੇ ਕਾਫ਼ੀ ਸਮੱਗਰੀ ਹੈ। ਪਰ, ਮੁਕੱਦਮੇ ਦੀ ਪ੍ਰਕਿਰਿਆ ਦੋਸ਼ ਸਿੱਧ ਕਰਨ 'ਚ ਨਾਕਾਮ ਰਹੀ ਕਿਉਂਕਿ ਜਿਵੇਂ ਵਿਨੇਸ਼ ਫੋਗਾਟ ਨੇ ਕਿਹਾ, ਨਿਆਂ ਲੈਣ ਦਾ ਜ਼ਰੀਆ ਬਣਨ ਵਾਲਾ ਸਰਕਾਰੀਤੰਤਰ, 'ਸਮੁੱਚੀ ਮਸ਼ੀਨਰੀ, ਸਰਕਾਰ ਅਤੇ ਇਹ ਪ੍ਰਬੰਧ ਤਾਂ ਪਹਿਲੇ ਦਿਨ ਤੋਂ ਹੀ ਬ੍ਰਿਜ ਭੂਸ਼ਣ ਸਿੰਘ ਨੂੰ ਬਚਾਉਣ 'ਚ ਲੱਗਿਆ ਹੋਇਆ ਸੀ।' ਅਦਾਲਤੀ ਫ਼ੈਸਲੇ ਤੋਂ ਬਾਅਦ ਵਿਨੇਸ਼ ਫੋਗਾਟ ਅਤੇ ਬਜਰੰਗ ਪੂਨੀਆ ਨੇ ਨਿਰਾਸ਼ਾ ਪ੍ਰਗਟ ਕਰਦਿਆਂ ਕਿਹਾ ਕਿ ਦੋਸ਼ਮੁਕਤੀ ਦੇ ਫ਼ੈਸਲੇ ਨੂੰ ਉੱਚ ਅਦਾਲਤ ਵਿਚ ਚੁਣੌਤੀ ਦਿੱਤੀ ਜਾਵੇਗੀ।

ਉਪਰੋਕਤ ਦੋਵਾਂ ਰਸੂਖ਼ਵਾਨਾਂ ਨੂੰ ਦੋਸ਼ਮੁਕਤ ਕੀਤੇ ਜਾਣ ਨਾਲ ਇੱਕ ਫ਼ੌਜਦਾਰੀ ਮੁਕੱਦਮਾ ਭਾਵੇਂ ਖ਼ਤਮ ਹੋ ਗਿਆ ਹੋਵੇ, ਪਰ ਇਸ ਨਾਲ ਮੁਲਕ ਦੀਆਂ ਨਾਮਵਰ ਪਹਿਲਵਾਨ ਕੁੜੀਆਂ ਵੱਲੋਂ ਉਠਾਏ ਗਏ ਗੰਭੀਰ ਸਵਾਲਾਂ ਦਾ ਹੱਲ ਨਹੀਂ ਹੋਇਆ। ਇਸ ਦੇ ਉਲਟ, ਇਸ ਫ਼ੈਸਲੇ ਨੇ ਉਸ ਬਹੁਤ ਹੀ ਮਹੱਤਵਪੂਰਨ ਸਵਾਲ ਨੂੰ ਮੁੜ ਸਾਹਮਣੇ ਲਿਆਂਦਾ ਹੈ ਕਿ ਜਦੋਂ ਔਰਤਾਂ ਕਿਸੇ ਰਾਜਸੀ ਅਤੇ ਸੰਸਥਾਗਤ ਤੌਰ 'ਤੇ ਡਾਹਢੇ ਵਿਅਕਤੀ ਉੱਪਰ ਦੋਸ਼ ਲਗਾਉਂਦੀਆਂ ਹਨ ਤਾਂ ਉਨ੍ਹਾਂ ਨੂੰ ਸਿਰਫ਼ ਮੁਲਜ਼ਮਾਂ ਨਾਲ ਹੀ ਨਹੀਂ, ਸਗੋਂ ਉਸ ਦੀ ਪਿੱਠ 'ਤੇ ਖੜ੍ਹੇ ਪੂਰੇ ਸਰਕਾਰੀ ਤੰਤਰ ਨਾਲ ਵੀ ਲੜਨਾ ਪੈਣਾ ਹੈ। ਅਦਾਲਤਾਂ ਨੇ ਤਾਂ ਬਸ ਇਸ ਆਧਾਰ 'ਤੇ ਤੈਅ ਕਰਨਾ ਹੁੰਦਾ ਹੈ ਕਿ ਸਬੂਤ ਸ਼ੱਕ ਤੋਂ ਪਰੇ ਕਾਨੂੰਨੀ ਮਿਆਰ 'ਤੇ ਪੂਰੇ ਉਤਰਦੇ ਹਨ ਜਾਂ ਨਹੀਂ, ਪੀੜਤਾਂ ਲਈ ਇਹ ਸਮਾਜਿਕ ਦਬਾਅ, ਸੰਸਥਾਈ ਵਿਰੋਧ ਅਤੇ ਨਾਬਰਾਬਰ ਸੱਤਾ ਢਾਂਚਿਆਂ ਦੇ ਤਰ੍ਹਾਂ-ਤਰ੍ਹਾਂ ਦੇ ਅੜਿੱਕਿਆਂ ਅੱਗੇ ਦ੍ਰਿੜਤਾ ਨਾਲ ਡੱਟੇ ਰਹਿਣ ਦੀ ਬਹੁਤ ਔਖੀ ਨਿਆਂ ਪ੍ਰਕਿਰਿਆ ਹੁੰਦੀ ਹੈ। ਗੁਜਰਾਤ ਕਤਲੇਆਮ ਦਾ ਬੇਹੱਦ ਚਰਚਿਤ ਬਿਲਕਿਸ ਬਾਨੋ ਕੇਸ ਮੋਦੀ ਦੀ ਤਤਕਾਲੀ ਰਾਜ ਸਰਕਾਰ ਵੱਲੋਂ ਖੜ੍ਹੇ ਕੀਤੇ ਜਾ ਰਹੇ ਅੜਿੱਕਿਆਂ ਦੇ ਮੱਦੇਨਜ਼ਰ ਸੁਪਰੀਮ ਕੋਰਟ ਨੂੰ ਗੁਜਰਾਤ ਤੋਂ ਮੁੰਬਈ ਬਦਲਣਾ ਪਿਆ ਸੀ।

ਦੋਸ਼-ਮੁਕਤ ਕਰ ਦਿੱਤੇ ਜਾਣ ਜਾਂ ਬਰੀ ਕਰ ਦਿੱਤੇ ਜਾਣ ਦਾ ਆਪਣੇ ਆਪ 'ਚ ਇਹ ਮਤਲਬ ਨਹੀਂ ਹੁੰਦਾ ਕਿ ਸ਼ਿਕਾਇਤਾਂ ਮਨਘੜਤ ਸਨ ਜਾਂ ਔਰਤਾਂ ਨੇ ਮੰਦਭਾਵਨਾ ਨਾਲ ਦੋਸ਼ ਲਗਾਏ ਸਨ। ਇਸ ਦਾ ਮਤਲਬ ਸਿਰਫ਼ ਇਹ ਹੈ ਕਿ ਅਦਾਲਤ ਸਾਹਮਣੇ ਪੇਸ਼ ਕੀਤੇ ਸਬੂਤ ਕਿਸੇ ਵਿਅਕਤੀ ਨੂੰ ਦੋਸ਼ੀ ਠਹਿਰਾਉਣ ਲਈ 'ਲੋੜੀਂਦੀ' ਸਖ਼ਤ ਕਾਨੂੰਨੀ ਕਸੌਟੀ ਉੱਤੇ ਪੂਰੇ ਨਹੀਂ ਉਤਰੇ। ਇਹ ਫ਼ਰਕ ਸਮਝਣਾ ਬਹੁਤ ਜ਼ਰੂਰੀ ਹੈ। ਇਸ ਦੇ ਨਾਲ ਹੀ ਮੁਕੱਦਮੇ ਦੇ ਨਤੀਜੇ ਦੀ ਆੜ ਹੇਠ ਪਹਿਲਵਾਨਾਂ ਦੇ ਸੰਘਰਸ਼ ਦੇ ਇਤਿਹਾਸ ਅਤੇ ਅਜਿਹੇ ਮਾਮਲਿਆਂ ਕਾਰਨ ਉੱਘੜ ਕੇ ਸਾਹਮਣੇ ਆਈਆਂ ਸੰਸਥਾਗਤ ਨਾਕਾਮੀਆਂ ਨੂੰ ਵੀ ਭੁੱਲਣਾ ਨਹੀਂ ਚਾਹੀਦਾ। ਮਿਸਾਲ ਵਜੋਂ, 1984 ਦੇ ਕਤਲੇਆਮ ਵਿਚ ਵੱਡੇ-ਵੱਡੇ ਦੋਸ਼ੀ ਬਰੀ ਕਰ ਦਿੱਤੇ ਗਏ ਪਰ ਨਿਆਂਪ੍ਰਣਾਲੀ ਨੇ ਚਾਰ ਦਹਾਕੇ ਤੋਂ ਜ਼ਿਆਦਾ ਲੰਮੀ ਥਕਾਊ ਕਾਨੂੰਨੀ ਲੜਾਈ ਲੜਨ ਤੋਂ ਬਾਅਦ ਵੀ ਇਸ ਸਵਾਲ ਦਾ ਜਵਾਬ ਨਹੀਂ ਦਿੱਤਾ ਕਿ ਫਿਰ ਰਾਜਧਾਨੀ ਦੀਆਂ ਸੜਕਾਂ ਉੱਪਰ ਉਹ ਕਰੂਰ ਕਤਲੇਆਮ ਕਿਸਨੇ ਕੀਤੇ ਸਨ ਅਤੇ ਐਨੇ ਵੱਡੇ ਕਤਲੇਆਮ 'ਚ ਜਾਂਚ ਦੀ ਨਾਕਾਮੀ ਲਈ ਪੁਲਿਸ ਤੇ ਹੋਰ ਜਾਂਚ ਏਜੰਸੀਆਂ ਦੀ ਜਵਾਬਦੇਹੀ ਕਿਉਂ ਨਹੀਂ?

ਫ਼ੌਜਦਾਰੀ ਕਾਰਵਾਈ ਨੇ ਇਹ ਵੀ ਦਰਸਾਇਆ ਕਿ ਜਿਨਸੀ ਸ਼ੋਸ਼ਣ ਦੇ ਮਾਮਲਿਆਂ ਵਿਚ ਦੋਸ਼ ਸਿੱਧ ਕਰਨਾ ਖ਼ਾਸ ਤੌਰ 'ਤੇ ਔਖਾ ਕਿਉਂ ਹੁੰਦਾ ਹੈ। ਸ਼ਿਕਾਇਤ ਕਰਨ ਵਿਚ ਦੇਰੀ ਦਾ ਸਪਸ਼ਟ ਕਾਰਨ ਪੀੜਤ ਔਰਤਾਂ ਨੂੰ ਸਮਾਜਿਕ ਬਦਨਾਮੀ, ਬਦਲੇ ਦੀ ਕਾਰਵਾਈ, ਪੇਸ਼ੇਵਰ ਮੌਕਿਆਂ ਦੇ ਨੁਕਸਾਨ ਜਾਂ ਕਰੀਅਰ ਬਰਬਾਦ ਹੋਣ ਦਾ ਡਰ ਹੁੰਦਾ ਹੈ। ਇਹ ਹਾਲਾਤ ਪ੍ਰਾਸੀਕਿਊਸ਼ਨ ਉੱਪਰ ਦੋਸ਼ ਸਿੱਧ ਕਰਨ ਦੀ ਜ਼ਿੰਮੇਵਾਰੀ ਵਧਾਉਂਦੇ ਹਨ, ਅਤੇ ਤੁਰੰਤ ਤੇ ਨਿਰਪੱਖ ਜਾਂਚ, ਗਵਾਹਾਂ ਦੀ ਸੁਰੱਖਿਆ ਅਤੇ ਸਮੇਂ ਸਿਰ ਸਬੂਤ ਇਕੱਠੇ ਕਰਨ ਦੇ ਮਹੱਤਵ ਨੂੰ ਉਜਾਗਰ ਕਰਦੇ ਹਨ। ਪਰ ਤਾਕਤ ਦੇ ਬੇਹੱਦ ਅਸਾਵੇਂਪਣ ਕਾਰਨ ਜਾਂਚ ਤੋਂ ਲੈ ਕੇ ਕਾਨੂੰਨੀ ਪ੍ਰਕਿਰਿਆ ਨਿਰਪੱਖ ਨਹੀਂ ਚੱਲਦੀ।

ਪ੍ਰਦਰਸ਼ਨ ਦੌਰਾਨ ਪਹਿਲਵਾਨਾਂ ਨਾਲ ਹੋਇਆ ਵਤੀਰਾ ਰਾਜਸੀ ਰਸੂਖ਼ ਦੇ ਪਹਿਲੂ ਨੂੰ ਹੋਰ ਵੀ ਸਪੱਸ਼ਟ ਕਰਦਾ ਹੈ। 28 ਮਈ 2023 ਨੂੰ ਸੰਸਦ ਭਵਨ ਵੱਲ ਮਾਰਚ ਕਰਨ ਦੀ ਕੋਸ਼ਿਸ਼ ਕਰ ਰਹੇ ਪਹਿਲਵਾਨਾਂ ਨੂੰ ਪੁਲਿਸ ਨੇ ਹਿਰਾਸਤ ਵਿਚ ਲੈ ਕੇ ਪ੍ਰਦਰਸ਼ਨ ਵਾਲੀ ਥਾਂ ਤੋਂ ਜ਼ਬਰਦਸਤੀ ਖਦੇੜ ਦਿੱਤਾ ਸੀ। ਮੁਲਕ ਲਈ ਤਗਮੇ ਜਿੱਤਣ ਲਈ ਸਨਮਾਨਿਤ ਕੀਤੇ ਗਏ ਖਿਡਾਰੀਆਂ ਨੂੰ ਸੜਕਾਂ ਉੱਤੇ ਘੜੀਸੇ ਜਾਣ ਦੀਆਂ ਤਸਵੀਰਾਂ ਉਨ੍ਹਾਂ ਕੌਮੀ ਜਸ਼ਨਾਂ ਦੇ ਬਿਲਕੁਲ ਉਲਟ ਸਨ ਜੋ ਉਨ੍ਹਾਂ ਦੀਆਂ ਕੌਮਾਂਤਰੀ ਸਫਲਤਾਵਾਂ ਤੋਂ ਬਾਅਦ ਮਨਾਏ ਗਏ ਸਨ। ਇਕ ਗਵਾਹ ਦੀ ਸੁਰੱਖਿਆ ਗਵਾਹੀ ਦੇਣ ਤੋਂ ਇਕ ਦਿਨ ਪਹਿਲਾਂ ਵਾਪਸ ਲੈ ਲਈ ਗਈ। ਇਹ ਵਤੀਰਾ ਸੱਤਾ ਵੱਲੋਂ ਖਿਡਾਰਨਾਂ ਨੂੰ ਸਪਸ਼ਟ ਸੁਣਾਉਣੀ ਸੀ: ਖੇਡ ਪ੍ਰਾਪਤੀਆਂ ਜਨਤਕ ਸਨਮਾਨ ਤਾਂ ਦਿਵਾ ਸਕਦੀਆਂ ਹਨ, ਪਰ ਉਹ ਧੱਕਾ ਕਰਨ ਵਾਲੇ ਰਸੂਖ਼ਵਾਨਾਂ/ਸੱਤਾਧਾਰੀਆਂ ਨੂੰ ਚੁਣੌਤੀ ਦੇਣ 'ਤੇ ਸੱਤਾ ਕੋਲੋਂ ਸੁਰੱਖਿਆ, ਸਨਮਾਨ ਅਤੇ ਨਿਆਂ ਦੀ ਆਸ ਨਾ ਰੱਖਣ।

ਨਿਰਭੈ ਕਾਂਡ ਤੋਂ ਬਾਅਦ ਜਿਨਸੀ ਸ਼ੋਸ਼ਣ ਨੂੰ ਰੋਕਣ ਲਈ ਸੰਸਥਾਗਤ ਮਾਹੌਲ ਬਣਾਉਣ ਅਤੇ ਪੀੜਤ ਔਰਤਾਂ ਨੂੰ ਨਿਆਂ ਯਕੀਨੀਂ ਬਣਾਉਣ ਦੇ ਉਦੇਸ਼ ਨਾਲ ਸਖ਼ਤ ਕਾਨੂੰਨ ਅਤੇ ਸੰਸਥਾਗਤ ਢਾਂਚੇ ਬਣਾਏ ਜਾਣ ਦਾ ਦਾਅਵਾ ਕੀਤਾ ਗਿਆ ਸੀ। ਪਹਿਲਵਾਨ ਕੁੜੀਆਂ ਦੇ ਕੇਸ ਨੇ ਦਿਖਾਇਆ ਕਿ ਇਸ ਨਾਲ ਵੀ ਔਰਤ ਵਿਰੋਧੀ ਹਾਲਾਤਾਂ 'ਚ ਕੋਈ ਫ਼ਰਕ ਨਹੀਂ ਪਿਆ। ਜਿਨਸੀ ਸ਼ੋਸ਼ਣ ਅਤੇ ਤੰਗ-ਪ੍ਰੇਸ਼ਾਨ ਤੇ ਬਲੈਕਮੇਲ ਕੀਤੇ ਜਾਣ ਦਾ ਵਰਤਾਰਾ ਸੱਤਾ ਦੀ ਸਿਖ਼ਰਲੀ ਦਰਜੇਬੰਦੀ ਤੱਕ ਫੈਲਿਆ ਹੋਇਆ ਹੈ। ਜੇਕਰ ਨਾਮਣਾ ਖੱਟਣ ਵਾਲੀਆਂ ਖਿਡਾਰਨਾਂ ਵੀ ਇਸ ਤੋਂ ਮਹਿਫ਼ੂਜ਼ ਨਹੀਂ ਤਾਂ ਆਮ ਔਰਤਾਂ ਦੀ ਨਿਤਾਣੀ ਹਾਲਤ ਦਾ ਸਹਿਜੇ ਹੀ ਅੰਦਾਜ਼ਾ ਲਾਇਆ ਜਾ ਸਕਦਾ ਹੈ।

ਇਸ ਲਈ ਬੁਨਿਆਦੀ ਸਵਾਲ ਇਹ ਨਹੀਂ ਹੈ ਕਿ ਇੱਕ ਫ਼ੌਜਦਾਰੀ ਮੁਕੱਦਮਾ ਸਫ਼ਲ ਹੋਇਆ ਜਾਂ ਨਹੀਂ। ਅਸਲ ਸਵਾਲ ਇਹ ਹੈ ਕਿ ਕੀ ਕੋਈ ਖਿਡਾਰਨ ਆਪਣੇ ਕਰੀਅਰ, ਸਾਖ ਅਤੇ ਸੁਰੱਖਿਆ ਨੂੰ ਖ਼ਤਰੇ ਵਿਚ ਪਾਏ ਬਿਨਾਂ ਜਿਨਸੀ ਪਰੇਸ਼ਾਨੀ ਦੀ ਸ਼ਿਕਾਇਤ ਕਰ ਸਕਦੀ ਹੈ? ਜਨਤਕ ਪ੍ਰਦਰਸ਼ਨਾਂ ਅਤੇ ਸੁਪਰੀਮ ਕੋਰਟ ਦੇ ਦਖ਼ਲ ਤੋਂ ਬਿਨਾਂ ਸ਼ਿਕਾਇਤ ਦਰਜ ਕਰਾਉਣਾ ਅੱਜ ਵੀ ਅਸੰਭਵ ਕਿਉਂ ਬਣਿਆ ਹੋਇਆ ਹੈ? ਇਨ੍ਹਾਂ ਪਹਿਲਵਾਨ ਕੁੜੀਆਂ ਅੱਗੇ ਲੰਮੀ ਲੜਾਈ ਹੈ ਜਿਸ ਦੌਰਾਨ ਉਨ੍ਹਾਂ ਉੱਪਰ ਤਰ੍ਹਾਂ-ਤਰ੍ਹਾਂ ਦੇ ਦਬਾਅ ਪੈਣਗੇ। ਇਨਸਾਫ਼ਪਸੰਦ ਲੋਕਾਈ ਦੀ ਲਗਾਤਾਰ ਨੈਤਿਕ ਹਮਾਇਤ ਇਹ ਲੜਾਈ ਜਾਰੀ ਰੱਖਣ ਲਈ ਬੇਹੱਦ ਜ਼ਰੂਰੀ ਹੈ।

---

***(ਪਿਛਲੇ ਸਫੇ ਦਾ ਬਾਕੀ)***

ਤੋਂ ਕਨੇਡਾ ਵਿਚ ਹੀ ਰਹਿ ਰਿਹਾ ਸੀ...ਫੇਰ ਅਚਾਨਕ ਹੀ ਇੱਕ ਦਿਨ ਇਹ ਸਭ ਕੁਝ ਬੋਲਣਾ ਸ਼ੁਰੂ ਕਰ ਦਿੱਤਾ...ਤੇ ਉਸ ਦਿਨ ਮਗਰੋਂ ਹੁਣ ਸਾਰਾ ਸਾਰਾ ਦਿਨ ਬਸ ਏਹੀ ਕੁਝ ਹੀ ਬੋਲਦਾ ਰਹਿੰਦਾ ਏ...ਘਰਦੇ ਆਖਦੇ ਕੇ ਇਸਦੇ ਦਿਮਾਗ ਨੂੰ ਕੁਝ ਹੋ ਗਿਆ ਏ...!

ਸੋ ਦੋਸਤੋ ਜੇ ਕਿਧਰੇ ਆਸ ਪਾਸ ਕੋਈ ਐਸਾ ਉੱਚੀ ਬੋਲਦਾ ਹੋਇਆ ਮਨੁੱਖ ਦਿਸ ਪਵੇ ਤਾਂ ਉਸਨੂੰ ਸਿੱਧਰਾ ਪਾਗਲ ਸਮਝ ਨਕਾਰਿਓ ਬਿਲਕੁਲ ਨਾ, ਉਸ ਨਾਲ ਦੋ ਘੜੀਆਂ ਗੱਲਾਂ ਜ਼ਰੂਰ ਕਰ ਲਿਆ ਜੇ...ਹੋ ਸਕਦਾ ਉਸ ਅੰਦਰ ਵੀ 'ਕੈਮਲੂਪ' ਦੀ ਮੱਛੀ ਵਾਲੀ ਮੁੜ ਵਤਨਾਂ ਨੂੰ ਫੇਰੇ ਵਾਲੀ ਕੋਈ ਰਹਿੰਦੀ ਉਮਰ ਦੀ ਲਾਲਸਾ ਜਾਗ ਪਈ ਹੋਵੇ...!

ਜ਼ਿਕਰਯੋਗ ਏ ਕਿ ਪਾਰਕ ਵਿਚ ਇੱਕ ਐਸੀ ਹੀ ਕੈਮਲੂਪ ਵਾਲੀ ਮੱਛੀ ਨਾਲ ਮੇਰੀ ਮੁਲਾਕਾਤ ਹੋ ਹਟੀ ਏ... ਪੂਰੇ ਅੱਧਾ ਘੰਟਾ ਉਸਦੇ ਦੁਖੜੇ ਸੁਣਦਿਆਂ ਅਖੀਰ ਹਾਲਤ ਇੰਝ ਦੀ ਹੋ ਗਈ ਜਿੱਦਾਂ ਪੰਜਾਬ ਦੀ ਕੋਇਲ ਸੁਰਿੰਦਰ ਕੌਰ ਮੜੀਆਂ ਵਿਚੋਂ ਉੱਠ ਸਾਡੇ ਕੋਲ ਆ ਗਈ ਹੋਵੇ ਤੇ ਭਾਵੁਕ ਹੁੰਦੀ ਹੋਈ ਨੇ ਇਹ ਗੀਤ ਛੋਹ ਲਿਆ ਹੋਵੇ ...

'ਗਮਾਂ ਦੀ ਰਾਤ ਲੰਮੀ ਏ
ਜਾਂ ਮੇਰੇ ਗੀਤ ਲੰਮੇ ਨੇ
ਨਾ ਭੈੜੀ ਰਾਤ ਮੁੱਕਦੀ ਏ
ਨਾ ਮੇਰੇ ਗੀਤ ਮੁੱਕਦੇ ਨੇ'।

---



## ਨਾ ਕਲਮ ਹਾਰੀ, ਨਾ ਕਾਲਖ ਜਿੱਤੀ !

ਇਹ ਬੀਬੀ ਨੇਹਾ ਬੋਰਾ ਹੈ। ਪੈਲੇਟ ਗੰਨਾਂ ਤੋਂ ਨਹੀਂ ਡਰੀ। ਸਿਆਹੀ 'ਤੋਂ ਕਿਵੇਂ ਡਰ ਜਾਏਗੀ। ਪਹਿਲਾਂ ਜੰਤਰ ਮੰਤਰ 'ਤੇ ਕੁੱਦੀ। ਹੁਣ ਰਾਂਚੀ ਦੀਆਂ ਸੜਕਾਂ 'ਤੇ ਹੈ। ਉਸ ਦੇ ਚਿਹਰੇ 'ਤੇ ਕਿਸੇ 'ਦੇਸ਼ ਭਗਤ' ਨੇ ਸਿਆਹੀ ਸੁੱਟੀ। ਅਖੇ ਇਹ ਕੁੜੀ ਦੇਸ਼ ਵਿਰੋਧੀ ਹੈ। ਸਿਆਹੀ ਪੈੱਨ 'ਚ ਹੋਵੇ ਤਾਂ ਸੰਵਿਧਾਨ ਲਿਖਦੀ ਹੈ। ਭਵਿੱਖ ਦੀ ਇਬਾਰਤ ਲਿਖਦੀ ਹੈ। ਕਿੰਨੇ ਖ਼ਤ ਇਸ ਸਿਆਹੀ ਨੇ ਲਿਖੇ। ਬੇਅਕਲੇ ਦੇ ਹੱਥ ਸਿਆਹੀ ਆ ਜਾਵੇ ਤਾਂ ਕਾਲਖ ਬਣ ਜਾਂਦੀ ਹੈ।

ਜਦੋਂ ਸੰਵਾਦ ਦੀ ਥਾਂ ਕਾਲਖ ਲੈ ਲਵੇ, ਫਿਰ ਅਪਮਾਨ ਇੱਕ ਕੁੜੀ ਦਾ, ਸਵਾਲ ਪੂਰੇ ਸਮਾਜ 'ਤੇ ਉੱਠਦਾ ਹੈ। ਅਕਲ ਦੀ ਬੱਤੀ ਗੁੱਲ ਹੁੰਦੀ ਹੈ ਤਾਂ ਸਿਆਹੀ ਉੱਛਲਦੀ ਹੈ। ਪਿਆਰੇ ਦੇਸ਼ ਭਗਤ! ਨਾ ਕਦੇ ਕਲਮ ਹਾਰੀ ਹੈ ਤੇ ਨਾ ਕਦੇ ਕਾਲਖ ਜਿੱਤੀ ਹੈ। ਨੇਹਾ ਬੋੜਾ, ਆਲ ਇੰਡੀਆ ਸਟੂਡੈਂਟਸ ਐਸੋਸੀਏਸ਼ਨ ਦੀ ਆਗੂ ਹੈ। ਇੰਝ ਹਾਰਨ ਵਾਲੀ ਨਹੀਂ। ਫ਼ਿਕਰ ਉਹ ਕਰਨ ਜਿਨ੍ਹਾਂ ਦੀ ਅਕਲ ਨੂੰ ਜੰਗਾਲ ਪੈ ਗਈ ਹੈ।

**-ਚਰਨਜੀਤ ਭੁੱਲਰ**

# ਪੰਜਾਬੀ ਦੋਗਾਣਾ ਗਾਇਕੀ ਦਾ ਮੋਢੀ ਚਾਂਦੀ ਰਾਮ ਚਾਂਦੀ

ਇਤਿਹਾਸ ਵਿੱਚ ਕੁਝ ਅਜਿਹੇ ਕਲਾਕਾਰ ਹੋਏ ਹਨ, ਜਿਨ੍ਹਾਂ ਨੇ ਆਪਣੀ ਵਿਲੱਖਣ ਆਵਾਜ਼ ਅਤੇ ਲੋਕ-ਰੰਗ ਨਾਲ ਇਸ ਵਿਰਸੇ ਨੂੰ ਨਵੀਆਂ ਉਚਾਈਆਂ ਤੱਕ ਪਹੁੰਚਾਇਆ। ਅਜਿਹੇ ਹੀ ਮਹਾਨ ਫ਼ਨਕਾਰਾਂ ਵਿੱਚ ਚਾਂਦੀ ਰਾਮ ਚਾਂਦੀ ਦਾ ਨਾਂ ਬਹੁਤ ਸਤਿਕਾਰ ਨਾਲ ਲਿਆ। ਜਾਂਦਾ ਹੈ। ਉਹ ਕੇਵਲ ਇੱਕ ਗਾਇਕ ਹੀ ਨਹੀਂ ਸਨ, ਸਗੋਂ ਪੰਜਾਬੀ ਦੋਗਾਣਾ ਗਾਇਕੀ ਨੂੰ ਲੋਕ-ਮਨ ਵਿੱਚ ਵਸਾਉਣ ਵਾਲੇ ਮੋਢੀ ਕਲਾਕਾਰਾਂ ਵਿੱਚੋਂ ਇੱਕ ਸਨ। ਉਨ੍ਹਾਂ ਦੀ ਬੁਲੰਦ, ਦਰਦ ਭਰੀ ਅਤੇ ਮਿੱਟੀ ਦੀ ਮਹਿਕ ਨਾਲ ਰੰਗੀ ਆਵਾਜ਼ ਅੱਜ ਵੀ ਲੋਕਾਂ ਦੇ ਦਿਲਾਂ ਵਿੱਚ ਗੂੰਜਦੀ ਹੈ। ਚਾਂਦੀ ਰਾਮ ਚਾਂਦੀ ਦਾ ਜਨਮ 1937 ਵਿੱਚ ਬਰਤਾਨਵੀ ਪੰਜਾਬ ਦੇ

ਮਨਜੀਤ ਮਾਨ

ਸਰਗੋਧਾ ਜ਼ਿਲ੍ਹੇ (ਮੌਜੂਦਾ ਪਾਕਿਸਤਾਨ) ਦੇ ਪਿੰਡ ਚਾਲੀ ਚੱਕ (ਜਨਬੀ) ਵਿੱਚ ਹੋਇਆ। ਦੇਸ਼ ਦੀ ਵੰਡ ਸਮੇਂ ਉਨ੍ਹਾਂ ਦੇ ਪਰਿਵਾਰ ਨੂੰ ਵੀ ਲੱਖਾਂ ਹੋਰ ਪੰਜਾਬੀ ਪਰਿਵਾਰਾਂ ਵਾਂਗ ਆਪਣਾ ਘਰ-ਬਾਰ ਛੱਡ ਕੇ ਭਾਰਤ ਆਉਣਾ ਪਿਆ। ਗ਼ਰੀਬੀ ਤੇ ਸੰਘਰਸ਼ ਨੇ ਉਨ੍ਹਾਂ ਦੇ ਬਚਪਨ ਤੇ ਜਵਾਨੀ ਨੂੰ ਪ੍ਰਭਾਵਿਤ ਕੀਤਾ ਪਰ ਸੰਗੀਤ ਪ੍ਰਤੀ ਉਨ੍ਹਾਂ ਦਾ ਜਨੂੰਨ ਕਦੇ ਮੱਧਮ ਨਾ ਪਿਆ।

ਰੋਜ਼ੀ-ਰੋਟੀ ਲਈ ਉਨ੍ਹਾਂ ਨੇ ਲੰਮਾ ਸਮਾਂ ਰਿਕਸ਼ਾ ਚਲਾਇਆ। ਦਿਨ ਭਰ ਦੀ ਸਖ਼ਤ ਮਿਹਨਤ ਤੋਂ ਬਾਅਦ ਸ਼ਾਮ ਨੂੰ ਉਹ ਲੋਕ-ਮਹਿਫ਼ਲਾਂ ਵਿੱਚ ਗਾਉਂਦੇ ਸਨ। ਉਨ੍ਹਾਂ ਦੀ ਆਵਾਜ਼ ' ਵਿੱਚ ਅਜਿਹਾ ਦਰਦ ਤੇ ਖਿੱਚ ਸੀ ਕਿ ਰਾਹ ਲੰਘਦਾ ਵਿਅਕਤੀ ਵੀ ਰੁਕ ਕੇ ਸੁਣਨ ਲਈ ਮਜਬੂਰ ਹੋ ਜਾਂਦਾ ਸੀ । ਹੌਲੀ-ਹੌਲੀ ਉਨ੍ਹਾਂ ਦੀ ਇਹ ਪ੍ਰਤਿਭਾ ਸੰਗੀਤਕਾਰਾਂ ਦੀ ਨਜ਼ਰ ਵਿੱਚ ਆਈ ਅਤੇ ਰਿਕਾਰਡਿੰਗ ਦੀ ਦੁਨੀਆ ਦੇ ਦਰਵਾਜ਼ੇ ਉਨ੍ਹਾਂ ਲਈ ਖੁੱਲ੍ਹ ਗਏ।

ਚਾਂਦੀ ਰਾਮ ਚਾਂਦੀ ਇੱਕ ਸਮਰੱਥ ਗਾਇਕ ਹੋਣ ਦੇ ਨਾਲ-ਨਾਲ ਵਧੀਆ ਸੰਗੀਤਕਾਰ ਵੀ ਸਨ। ਤੂੰਬੀ ਉਨ੍ਹਾਂ ਦਾ ਸਭ ਤੋਂ ਪਿਆਰਾ ਸਾਜ਼ ਸੀ। ਜਦੋਂ ਉਹ ਇਸ ਦੀਆਂ ਤਾਰਾਂ ਨਾਲ ਆਪਣੀ ਗੂੰਜਦੀ ਆਵਾਜ਼ ਨੂੰ ਮਿਲਾਉਂਦੇ, ਤਾਂ ਪੰਜਾਬ ਦੀ ਮਿੱਟੀ, ਪਿੰਡਾਂ ਦੀ ਸਾਦਗੀ . ਅਤੇ ਲੋਕ-ਜੀਵਨ ਦੀ ਰੂਹ ਸੰਗੀਤ ਰਾਹੀਂ ਜਿਉਂਦੀ ਹੋ ਜਾਂਦੀ ਸੀ। ਉਨ੍ਹਾਂ ਨੇ ਕਦੇ ਵੀ ਆਪਣੀ ਗਾਇਕੀ ਵਿੱਚ ਬਣਾਵਟੀਪਣ ਨੂੰ ਜਗ੍ਹਾ ਨਹੀਂ ਦਿੱਤੀ, ਜਿਸ ਕਰਕੇ ਆਮ ਲੋਕ ਉਨ੍ਹਾਂ ਨਾਲ ਦਿਲੋਂ ਜੁੜੇ ਰਹੇ।

## ਹਰਮਨਪਿਆਰੀ ਹੋਈ ਸ਼ਾਂਤੀ ਦੇਵੀ ਨਾਲ ਜੋੜੀ

ਉਸ ਸਮੇਂ ਪੰਜਾਬੀ ਸੰਗੀਤ ਵਿੱਚ ਇਕੱਲੇ ਗਾਇਕਾਂ ਦਾ ਬੋਲਬਾਲਾ ਸੀ। ਚਾਂਦੀ ਰਾਮ ਚਾਂਦੀ ਨੇ ਦੋਗਾਣਾ ਗਾਇਕੀ ਨੂੰ ਨਵੀਂ ਪਛਾਣ ਦਿੱਤੀ। 'ਗਾਇਕਾ ਸ਼ਾਂਤੀ ਦੇਵੀ ਨਾਲ ਉਨ੍ਹਾਂ ਦੀ ਸੰਗੀਤਕ ਜੋੜੀ ਬੇਹੱਦ ਹਰਮਨਪਿਆਰੀ ਹੋਈ। ਬਾਅਦ ਵਿੱਚ ਇਹ ਸੰਗੀਤਕ ਸਾਂਝ ਜੀਵਨ-ਸਾਥ ਵਿੱਚ ਬਦਲ ਗਈ ਅਤੇ ਸ਼ਾਂਤੀ ਦੇਵੀ ਉਨ੍ਹਾਂ ਦੀ ਜੀਵਨ ਸਾਥਣ ਬਣੇ। ਇਸ ਜੋੜੀ ਨੇ ਪੰਜਾਬ ਦੇ ਮੇਲਿਆਂ, ਅਖਾੜਿਆਂ ਤੇ ਸਟੇਜਾਂ 'ਤੇ ਅਜਿਹੀ ਧੂਮ ਮਚਾਈ ਕਿ ਦੋਗਾਣਾ ਗਾਇਕੀ ਲੋਕ-ਸੰਗੀਤ ਦੀ ਸਭ ਤੋਂ ਮਕਬੂਲ ਵਿਧਾ ਬਣ ਗਈ।



## ਧਾਰਮਿਕ ਗਾਇਕੀ

ਧਾਰਮਿਕ ਗਾਇਕੀ ਵਿੱਚ ਵੀ ਉਨ੍ਹਾਂ ਨੇ ਅਹਿਮ ਯੋਗਦਾਨ ਪਾਇਆ। "ਗੁਰੂ ਦਸਮੇਸ਼ ਪਿਆਰੇ", "ਸਰਹੰਦ ਦੀਏ ਦੀਵਾਰੇ ਨੀ" ਤੇ "ਧਰਮ ਦੇਸ਼ ਦੀ ਖਾਤਰ ਪੁੱਤਰ ਵਾਰੇ ਨੇ" ਵਰਗੇ ਸ਼ਰਧਾ-ਭਾਵ ਨਾਲ ਭਰੇ ਗੀਤ ਅੱਜ ਵੀ ਸੰਗਤ ਵਿੱਚ ਅਕੀਦਤ ਨਾਲ ਸੁਣੇ ਜਾਂਦੇ ਹਨ। ਉਨ੍ਹਾਂ ਦੀ ਆਵਾਜ਼ ਦੀ ਗੰਭੀਰਤਾ ਤੇ ਭਾਵਪੂਰਨ ਅੰਦਾਜ਼ ਇਨ੍ਹਾਂ ਗੀਤਾਂ ਨੂੰ ਵਿਲੱਖਣ ਬਣਾਉਂਦਾ ਹੈ। ਇੱਕ ਸਮਾਂ ਅਜਿਹਾ ਵੀ ਸੀ ਜਦੋਂ ਚਾਂਦੀ ਰਾਮ ਚਾਂਦੀ ਦੀ ਪੰਜਾਬੀ ਸੰਗੀਤ ਜਗਤ ਵਿੱਚ ਤੂਤੀ ਬੋਲਦੀ ਸੀ। ਉਨ੍ਹਾਂ ਦੇ ਪ੍ਰੋਗਰਾਮਾਂ : ਵਿੱਚ ਹਜ਼ਾਰਾਂ ਦੀ ਗਿਣਤੀ ਵਿੱਚ ਲੋਕ. ਇਕੱਠੇ ਹੁੰਦੇ ਸਨ। ਉਨ੍ਹਾਂ ਦੀ ਸ਼ਾਨੋ- ਸ਼ੌਕਤ ਤੇ ਲੋਕਪ੍ਰਿਯਤਾ ਨਾਲ ਜੁੜੇ ਕਈ ਕਿੱਸੇ ਅੱਜ ਵੀ ਲੋਕ-ਚੇਤਨਾ ਦਾ ਹਿੱਸਾ ਹਨ। ਹਾਲਾਂਕਿ ਸਮੇਂ ਦੇ ਬਦਲਾਅ ਨਾਲ ਸੰਗੀਤ ਦੀ ਦਿਸ਼ਾ ਵੀ ਬਦਲੀ ਤੇ ਨਵੀਂ ਤਕਨਾਲੋਜੀ ਦੇ ਦੌਰ ਵਿੱਚ ਇਹ ਮਹਾਨ ਲੋਕ-ਗਾਇਕ ਹੌਲੀ-ਹੌਲੀ ਗੁਮਨਾਮੀ ਵੱਲ ਧੱਕਿਆ ਗਿਆ। ਜਿਸ ਕਲਾਕਾਰ ਦੀ ਆਵਾਜ਼ 'ਤੇ ਕਦੇ ਹਜ਼ਾਰਾਂ ਲੋਕ



ਗਾਇਕਾ ਸ਼ਾਂਤੀ ਦੇਵੀ

ਝੂਮਦੇ ਸਨ, ਉਹ ਆਪਣੇ ਆਖ਼ਰੀ ਦਿਨਾਂ ਵਿੱਚ ਆਰਥਿਕ ਤੰਗੀ ਤੇ ਬਿਮਾਰੀ ਨਾਲ ਜੂਝਦਾ ਰਿਹਾ। ਸਰਕਾਰਾਂ ਤੇ ਸੰਗੀਤ ਜਗਤ ਵੱਲੋਂ ਵੀ ਉਨ੍ਹਾਂ ਨੂੰ ਉਹ ਮਾਣ- ਸਤਿਕਾਰ ਨਹੀਂ ਮਿਲਿਆ, ਜਿਸ ਦੇ ਉਹ ਸੱਚੇ ਹੱਕਦਾਰ ਸਨ। ਸੰਨ 1996 ਵਿੱਚ ਉਨ੍ਹਾਂ ਨੇ ਇਸ ਦੁਨੀਆ ਨੂੰ ਅਲਵਿਦਾ ਕਹਿ ਦਿੱਤਾ ਅਤੇ ਪੰਜਾਬੀ ਲੋਕ-ਸੰਗੀਤ ਦਾ ਇੱਕ ਸੁਨਹਿਰੀ ਅਧਿਆਇ ਸਮਾਪਤ ਹੋ ਗਿਆ।

## ਨਵੇਂ ਗਾਇਕਾਂ ਨੂੰ ਦਿੱਤੀ ਸੰਗੀਤ ਦੀ ਸਿੱਖਿਆ

ਚਾਂਦੀ ਰਾਮ ਚਾਂਦੀ ਨੇ ਸਿਰਫ਼ ਸਦਾਬਹਾਰ ਗੀਤ ਹੀ ਨਹੀਂ ਦਿੱਤੇ, ਸਗੋਂ ਅਨੇਕ ਨਵੇਂ ਗਾਇਕਾਂ " ਨੂੰ ਸੰਗੀਤ ਦੀ ਸਿੱਖਿਆ ਦੇ ਕੇ ਇੱਕ ਬਿਹਤਰੀਨ ਉਸਤਾਦ ਹੋਣ ਦਾ ਫ਼ਰਜ਼ ਵੀ ਨਿਭਾਇਆ। ਉਨ੍ਹਾਂ ਦੀ ਗਾਇਕੀ ਦੀ ਛਾਪ ਅੱਜ ਵੀ ਪੰਜਾਬੀ ਲੋਕ- ਸੰਗੀਤ ਦੀਆਂ ਜੜ੍ਹਾਂ

**ਕਲਾ ਪਰਿਕਰਮਾ**

ਵਿੱਚ ਮਹਿਸੂਸ ਕੀਤੀ ਜਾ ਸਕਦੀ ਹੈ। ਅੱਜ ਜਦੋਂ ਪੰਜਾਬੀ ਸੰਗੀਤ ਵਿਸ਼ਵ ਪੱਧਰ 'ਤੇ ਆਪਣੀ ਪਛਾਣ ਬਣਾ ਰਿਹਾ ਹੈ, ਤਾਂ ਚਾਂਦੀ ਰਾਮ ਚਾਂਦੀ ਵਰਗੇ ਮਹਾਨ ਫ਼ਨਕਾਰਾਂ ਨੂੰ ਯਾਦ ਕਰਨਾ ਅਤੇ ਉਨ੍ਹਾਂ ਦੇ ਯੋਗਦਾਨ ਨੂੰ ਨਵੀਂ ਪੀੜ੍ਹੀ ਤੱਕ ਪਹੁੰਚਾਉਣਾ ਸਾਰੇ ਪੰਜਾਬੀਆਂ ਦਾ ਫ਼ਰਜ਼ ਬਣਦਾ ਹੈ। ਉਨ੍ਹਾਂ ਦੀ ਕਲਾ ਸਿਰਫ਼ ਮਨੋਰੰਜਨ ਦਾ ਸਾਧਨ ਨਹੀਂ ਸੀ, ਸਗੋਂ ਪੰਜਾਬ ਦੇ ਲੋਕ-ਜੀਵਨ, ਸੱਭਿਆਚਾਰ ਤੇ ਵਿਰਸੇ ਦੀ ਸੱਚੀ ਤਸਵੀਰ ਸੀ। ਸੱਚੀ ਕਲਾ ਤੇ ਸੁਰੀਲੀ ਆਵਾਜ਼ ਕਦੇ ਨਹੀਂ ਮਰਦੀ। ਅੱਜ ਵੀ ਜਦੋਂ ਉਨ੍ਹਾਂ ਦੇ ਗੀਤਾਂ ਦੀ ਧੁਨ ਕਿਸੇ ਰੇਡੀਓ, ਸੰਗੀਤ ਮੰਚ ਜਾਂ ਇੰਟਰਨੈੱਟ 'ਤੇ ਗੂੰਜਦੀ ਹੈ, ਤਾਂ ਮਹਿਸੂਸ ਹੁੰਦਾ ਹੈ ਕਿ ਪੰਜਾਬ ਦੀ ਮਿੱਟੀ ਦਾ ਇਹ ਅਮਰ ਗਾਇਕ ਅਜੇ ਵੀ ਆਪਣੇ ਸੁਰਾਂ ਰਾਹੀਂ ਸਾਡੇ ਵਿਚਕਾਰ ਜੀਵਤ ਹੈ।

# ਪਿੱਠਵਰਤੀ ਗਾਇਕੀ ਦਾ ਧਰੂ ਤਾਰਾ ਮੁਕੇਸ਼


ਮੁਕੇਸ਼ ਦੀ ਆਵਾਜ਼ ਇੰਨੀ ਦਮਦਾਰ ਸੀ ਕਿ ਕੋਈ ਵੀ ਉਸ ਤੋਂ ਪ੍ਰਭਾਵਿਤ ਹੋਏ ਬਿਨਾਂ ਨਹੀਂ ਰਹਿ ਸਕਿਆ। ਉਨ੍ਹਾਂ ਵਲੋਂ ਗਾਏ ਯਾਦਗਾਰੀ ਗੀਤਾਂ ਦੀ ਸੂਚੀ ਬੜੀ ਲੰਮੀ ਹੈ। ਪੱਥਰ ਕੇ ਸਨਮ, ਕਹੀ ਦੂਰ ਜਬ ਦਿਨ ਢਲ ਜਾਏ, ਜਾਨੇ ਕਹਾਂ ਗਏ ਵੋਹ ਦਿਨ, ਤੌਬਾ ਯੇਹ ਮਤਵਾਲੀ ਚਾਲ, ਚਾਂਦ ਸੀ ਮਹਿਬੂਬਾ ਹੋ ਮੇਰੀ ਆਦਿ ਗੀਤ ਮੁਕੇਸ਼ ਜੀ ਦੀ ਆਵਾਜ਼ ਨਾਲ ਸਦਾ ਲਈ ਅਮਰ ਹੋ ਗਏ। ਉਨ੍ਹਾਂ ਨੇ ਲਗਭਗ 1300 ਗੀਤਾਂ ਨੂੰ ਆਪਣੀ ਮਨਮੋਹਕ ਆਵਾਜ਼ ਨਾਲ ਨਿਵਾਜ ਕੇ ਸਦਾ ਲਈ ਅਮਰ ਕੀਤਾ ਹੈ। ਉਨ੍ਹਾਂ ਦੇ ਸਮਕਾਲੀ ਗਾਇਕਾਂ ਦੇ ਮੁਕਾਬਲੇ ਇਹ ਗਿਣਤੀ ਭਾਵੇਂ ਥੋੜ੍ਹੀ ਪ੍ਰਤੀਤ ਹੁੰਦੀ ਹੈ ਪਰ ਉਹ ਗਿਣਤੀ ਨਾਲੋਂ ਗੁਣਵੱਤਾ ਨੂੰ ਹਮੇਸ਼ਾ ਪਹਿਲ ਦਿੰਦੇ ਰਹੇ। ਸੱਤਰ ਦੇ ਦਹਾਕੇ ਦੌਰਾਨ ਉਨ੍ਹਾਂ ਨੇ ਸਭ ਤੋਂ ਘੱਟ ਗੀਤ ਗਾਏ ਜਿਸ ਦਾ ਮੁੱਖ ਕਾਰਨ ਸੀ ਉਨ੍ਹਾਂ ਦੀ ਵਿਗੜਦੀ ਸਿਹਤ ਅਤੇ ਪਿੱਠਵਰਤੀ ਗਾਇਕ ਕਿਸ਼ੋਰ ਕੁਮਾਰ ਦੀ ਗਾਇਕੀ ਆਗਾਜ਼। ਉਨ੍ਹਾਂ ਦੀ ਬਾਕਮਾਲ ਗਾਇਕੀ ਕਾਰਨ ਉਨ੍ਹਾਂ ਨੂੰ ਬਹੁਤ ਮਾਣ ਸਨਮਾਨ ਮਿਲੇ । ਉਨ੍ਹਾਂ 'ਚੋਂ ਕੁਝ ਕੁ ਦਾ ਜ਼ਿਕਰ ਕਰਨਾ ਲਾਜ਼ਮੀ ਹੈ। ਬੰਗਾਲ ਫ਼ਿਲਮ ਜਰਨਲਿਸਟ ਐਸੋਸ਼ੀਏਸ਼ਨ ਦੁਆਰਾ ਉਨ੍ਹਾਂ ਨੂੰ ਤਿੰਨ ਵਾਰ ਉੱਤਮ ਪਿੱਠਵਰਤੀ ਗਾਇਕ ਸਨਮਾਨ ਨਾਲ ਸਨਮਾਨਿਤ ਕੀਤਾ ਗਿਆ ਸੀ। ਸਾਲ 1974 ਵਿਚ ਉਨ੍ਹਾਂ ਨੂੰ ਉੱਤਮ ਪਿੱਠਵਰਤੀ (ਮਰਦ) ਗਾਇਕ ਕੌਮੀ ਫ਼ਿਲਮ ਸਨਮਾਨ ਨਾਲ ਨਿਵਾਜਿਆ ਗਿਆ ਸੀ। ਇਹ ਸਨਮਾਨ ਉਨ੍ਹਾਂ ਨੂੰ ਫ਼ਿਲਮ ਰਜਨੀਗੰਧਾ ਦੇ ਗੀਤ 'ਕਈ ਬਾਰ ਯੂਹੀ ਦੇਖਾ' ਦੇ ਲਈ ਦਿੱਤਾ ਗਿਆ ਸੀ। ਇਸ ਤੋਂ ਬਿਨਾਂ ਉਨ੍ਹਾਂ ਨੂੰ ਫ਼ਿਲਮ ਫੇਅਰ ਸਨਮਾਨ ਨਾਲ ਵੀ ਸਨਮਾਨਿਤ ਕੀਤਾ ਗਿਆ ਸੀ। 27 ਅਗਸਤ, 1976 ਨੂੰ ਉਨ੍ਹਾਂ ਦਾ ਸੰਗੀਤਕ ਪ੍ਰੋਗਰਾਮ ਅਮਰੀਕਾ ਦੇ ਸ਼ਹਿਰ ਮਿਸ਼ੀਗਨ ਵਿਚ ਸੀ, ਮਹਾਨ ਗਾਇਕਾ ਲਤਾ ਮੰਗੇਸ਼ਕਰ ਵੀ ਉਨ੍ਹਾਂ ਦੇ ਨਾਲ ਸਨ। ਸਵੇਰੇ ਉਹ ਜਲਦੀ ਉੱਠੇ ਅਤੇ ਸ਼ੋਅ ਲਈ ਤਿਆਰ ਹੋਏ ਪਰ ਉਨ੍ਹਾਂ ਦੇ ਇਹ ਗੱਲ ਯਾਦ ਚੇਤੇ ਵੀ ਨਹੀਂ ਸੀ. ਕਿ ਅੱਜ ਉਹ ਆਪਣੇ ਸਰੋਤਿਆਂ ਦੇ 'ਰੂਬਰੂ ਨਹੀਂ ਹੋ ਸਕਣਗੇ ਬਲਕਿ ਸਦਾ ਲਈ ਉਨ੍ਹਾਂ ਤੋਂ ਦੂਰ ਚਲੇ ਜਾਣਗੇ। ਸ਼ੋਅ ਲਈ ਜਾਂਦੇ ਸਮੇਂ ਉਨ੍ਹਾਂ ਨੂੰ ਛਾਤੀ 'ਚ ਦਰਦ ਹੋਇਆ ਤੇ ਉਨ੍ਹਾਂ ਨੂੰ ਹਸਪਤਾਲ ਲਿਜਾਇਆ ਗਿਆ ਪਰ ਉਹ ਇਸ ਦੁਨੀਆ ਤੋਂ ਰੁਖ਼ਸਤ ਹੋ ਚੁੱਕੇ ਸਨ। ਜਦ ਇਹ ਮੰਦਭਾਗੀ ਖ਼ਬਰ ਅਭਿਨੇਤਾ ਰਾਜ ਕਪੂਰ ਨੇ ਸੁਣੀ ਤਾਂ ਉਹ ਆਪ' ਮੁਹਾਰੇ ਹੀ ਬੋਲ ਉੱਠੇ 'ਅੱਜ ਮੈਂ ਆਪਣੀ ਆਵਾਜ਼ ਗਵਾ ਦਿੱਤੀ ਹੈ'। ਚਾਹੇ ਮੁਕੇਸ਼ ਜੀ ਨੂੰ ਸਾਡੇ ਤੋਂ ਵਿਛੜਿਆਂ ਕਈ ਦਹਾਕੇ ਹੋਣ ਵਾਲੇ ਹਨ ਪਰ ਉਨ੍ਹਾਂ ਦੀ ਦਮਦਾਰ ਆਵਾਜ਼ ਅੱਜ ਵੀ ਲੋਕਾਂ ਦੇ ਦਿਲਾਂ 'ਤੇ ਰਾਜ ਕਰਦੀ ਹੈ ਅਤੇ ਪਿੱਠਵਰਤੀ ਗਾਇਕੀ ਦੇ ਖੇਤਰ 'ਚ ਉਨ੍ਹਾਂ ਦਾ ਨਾਂਅ ਧਰੂ ' ਤਾਰੇ ਵਾਂਗ ਸਦਾ ਚਮਕਦਾ ਰਹੇਗਾ ।



# ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖ਼ੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਕੁਝ ਸਤਰਾਂ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 22 ਅਗਸਤ 2026 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-755



*ਸਾਂਝੇ ਪਰਿਵਾਰ ਦੀ ਜਾਪੇ ਕਹਾਣੀ, ਭੂਆ ਹੈ ਡੋਲੀ ਚੜ੍ਹਨ ਲੱਗੀ,*
*ਰਿਸ਼ਤੇਦਾਰ ਰੋ ਕੇ ਹਟ ਗਏ ਪਿੱਛੇ, ਬੱਚੇ ਦੇ ਮੱਥੇ ਠਣਕਣ ਲੱਗੀ।*
*ਜਿਸ ਨੇ ਕੁੱਛੜ ਚੁੱਕ ਲਾਡ ਲਡਾਏ, ਖੇਡਾਂ ਨਿੱਤ ਖਿਡਾਉਂਦੀ ਰਹੀ,*
*ਮੰਮੀ ਡੈਡੀ ਨੂੰ ਵਿਹਲ ਨਾ ਮਿਲਦਾ, ਤੂੰ ਕੱਪੜੇ ਨਵੇਂ ਪਾਉਂਦੀ ਰਹੀ।*

## ਕੈਪਸ਼ਨ ਮੁਕਾਬਲਾ-753



ਮਾਝਾ ਦੋਆਬਾ ਹੈ ਬਾਬਿਆਂ ਵਾਲ਼ਾ,
ਥਾਂ-ਪੁਰ-ਥਾਂ ਸਮਾਧਾਂ ਉੱਗੀਆਂ,
ਮੇਲੇ ਨਿੱਤ ਉਨ੍ਹਾਂ 'ਤੇ ਲੱਗਦੇ ਹਨ,
ਸੁੱਖਾਂ ਜਿਨ੍ਹਾਂ ਦੀਆਂ ਪੁੱਗੀਆਂ।
ਪੰਜ ਬਾਬੇ ਲਿਆ ਕੇ ਸਿੱਖ ਬਿਠਾਏ,
ਭਰਿਆ ਟਿਫਨਾਂ ਵਿਚ ਖਾਣਾ,
ਕਰਕੇ ਅਰਦਾਸਾ ਚੌਂਕੜਾ ਲਾਇਆ,
ਮਨ ਚਿੰਦਿਆ ਫ਼ਲ ਹੈ ਪਾਣਾ।
***-ਸੇਵਾ ਸਿੰਘ 'ਨੂਰਪੁਰੀ'***

---

ਲੰਮੇ ਚੋਲੇ ਪਹਿਨਦੇ, ਮਾਲਾ ਰੱਖਣ ਹੱਥ।
ਉੱਚੀ ਥਾਵੇਂ ਬੈਠਦੇ, ਲੋਕਾਂ ਤੋਂ ਰਹਿਣ ਵੱਖ।
ਭੋਰੇ ਵਿੱਚ ਨਾਉਂ ਜਪਦੇ, ਚੇਲੇ ਦੱਸਣ ਗੱਲ:
'ਦਰਗਾਹੇ ਹੈ ਚੱਲਦੀ,
ਮੁਸ਼ਕਿਲ ਹੁੰਦੀ ਹੱਲ।
ਨਿਰਾਹਾਰ ਏ ਰਹਿੰਦਾ,
ਇਹ ਦੁੱਧਾਧਾਰੀ ਸਾਧ।
ਦਰਸ ਓਹਦਾ ਜੋ ਕਰੇ,
ਮਿਟ ਜਾਂਦੀ ਉਪਾਧ।
ਬੀਬੀ ਚਰਣ ਪਲੋਸਦੀ,
ਲੈਂਦੀ ਪੁੱਤਰ-ਦਾਤ।
ਸ਼ਰਧਾਲੂ ਸੇਵਾ ਕਰੇ,
ਹਰ ਪੂਰੀ ਹੋਏ ਬਾਤ।
ਮਾਇਆ ਦੇ ਨੇੜੇ ਨਹੀਂ,
ਚੇਲੇ ਕੋਲ ਹਿਸਾਬ।
ਨੇਤਾ ਭਰਦੇ ਚੌਂਕੀਆਂ,
ਸਰਕਾਰੇ ਰੋਹਬ-ਦਾਬ।'
ਥਾਂ-ਥਾਂ ਬਾਬੇ ਵਿਚਰਦੇ,
ਆਪੋ-ਆਪਣਾ ਰਾਜ।
ਵੋਟ-ਖਜ਼ਾਨਾ ਰੱਖਦੇ,
ਰੱਖਣ ਹੱਥ ਲੋਕ-ਰਾਜ।
ਪੜ੍ਹੀ ਅਨਪੜ੍ਹ ਲੋਕਾਈ,
ਭੁੱਲੀ ਜੀਵਨ ਤੱਤ।
ਨੈਣ ਮੱਥੇ ਨਾ ਸੁੱਝਦਾ,
ਨਾ ਜਾਣੇ ਸੱਤ-ਅਸੱਤ।
***-ਗੁਰਬਖਸ਼ ਸਿੰਘ 'ਨਾਕਾਮ'***
***ਫੋਨ:+1 864 318 5500***

---

ਪਹਿਲੀ ਨਜ਼ਰੇ ਲੱਗਦਾ ਪੰਚਾਇਤ ਜੁੜੀ ਹੈ।
ਕੋਈ ਮੰਜਿਆਂ 'ਤੇ ਕੋਈ ਗੱਦੇ 'ਤੇ
ਕੋਈ ਭੁੰਜੇ ਬੈਠੇ,
ਬਾਬਿਆਂ ਦੀ ਲੰਗਰ ਸੇਵਾ ਜੁੜੀ ਹੈ।
ਖੁਸ਼ੀਆਂ ਵਾਲਾ ਮਾਹੌਲ ਹੈ ਬਣਿਆ,
ਠਹਾਕਿਆਂ ਦੀ ਲਾਈ ਝੜੀ ਹੈ।
ਹੁਣ ਕਿਸੇ ਕੋਲ
ਪੰਚਾਇਤਾਂ ਵਿਚ ਜਾਣ ਦੀ ਵਿਹਲ ਨਹੀਂ,
ਸਭ ਨੇ ਆਪਣੀ ਆਪਣੀ ਡੰਡੀ ਫੜੀ ਹੈ।
***-ਅਮਰਜੀਤ ਸਿੰਘ ਤੂਰ***
***ਕੁਲਬੁਰਛਾਂ (ਪਟਿਆਲਾ)***
***ਫੋਨ: 98784-69639***

---


ਪਤਾ ਨੀ ਕਿਧਰੋਂ ਵਿਹਲੜ ਆ ਕੇ
ਬਾਬਿਆਂ ਵਾਲਾ ਭੇਸ ਵਟਾਉਂਦੇ।
ਪਿੱਪਲ ਬੋਹੜ 'ਤੇ ਫੱਟਾ ਲਾ ਕੇ
ਸੇਵਾ ਵਾਲ਼ਾ ਢੌਂਗ ਰਚਾਉਂਦੇ।
ਆਪ ਮੁਹਾਰੇ ਰਾਸ਼ਨ ਆਉਂਦਾ
ਦਿਨ ਰਾਤ ਦਾ ਲੰਗਰ ਲਾਉਂਦੇ
ਘਰਾਂ ਤੋਂ ਵਿਹਲੇ, ਚਿੱਟੇ ਪਾ ਕੇ
ਮਹਿਮਾ ਤਾਈਂ ਹੋਰ ਵਧਾਉਂਦੇ।
ਵਧੀਆ ਖਾਂਦੇ, ਵਧੀਆ ਪੀਂਦੇ
ਬਾਬੇ ਵਾਲ਼ੀ ਮਹਿਮਾ ਗਾਉਂਦੇ।
ਭੋਲ਼ੇ ਲੋਕੀਂ ਸਮਝ ਨਾ ਸਕਦੇ
ਮੂਰਖ ਉਨ੍ਹਾਂ ਤਾਈਂ ਬਣਾਉਂਦੇ।
***-ਜਗਮੀਤ ਸਿੰਘ ਪੰਧੇਰ***
***ਫੋਨ: 9878337222***

---

ਨਾਲੇ ਚੋਪੜੀਆਂ, ਨਾਲੇ ਦੋ ਦੋ
ਦਸੇ ਉਂਗਲਾਂ ਬਾਬਿਆਂ ਦੀਆਂ ਘਿਓ 'ਚ
ਅਨਪੜ੍ਹਾਂ, ਦੁਖਿਅਰਿਆਂ,
ਗਰੀਬੀ ਮਾਰਿਆਂ ਨੂੰ
ਸਬਜ਼ਬਾਗ ਦਿਖਾ ਜਾਲ 'ਚ ਫਸਾਉਂਦੇ।
ਬਾਬੇ ਬਣ ਬਣ
ਬੀਬੀਆਂ ਨੂੰ ਕੋਲ ਬੁਲਾਉਂਦੇ।
ਲੈ ਕੇ ਵੱਡੀਆਂ ਰਕਮਾਂ
ਮੁੜ ਹੱਥ ਨਾ ਆਉਂਦੇ।
***-ਦਰਸ਼ਨ ਪਾਲ ਦੋਸਾਂਝ***

# ਅਧੂਰੇ ਸੁਪਨੇ ਨਹੀਂ... ਮੇਰੀ ਜ਼ਿੰਦਗੀ ਦੀ ਪੂੰਜੀ

'ਇਨਸਾਨ ਦੀ ਦੌਲਤ ਸਿਰਫ਼ ਉਸਦੇ ਬੈਂਕ ਖਾਤੇ ਵਿਚ ਨਹੀਂ ਹੁੰਦੀ, ਕਈ ਵਾਰ ਉਸਦੀ ਅਸਲ ਪੂੰਜੀ ਉਸ ਦੇ ਅਧਿਆਪਕ, ਉਸ ਦੇ ਦੋਸਤ, ਉਸ ਦੀਆਂ ਯਾਦਾਂ ਅਤੇ ਉਸ ਦੀ ਕਲਮ ਹੁੰਦੀ ਹੈ।'



ਜ਼ਿੰਦਗੀ ਦੇ ਸਫ਼ਰ ਵਿਚ ਕਈ ਸੁਪਨੇ ਅਧੂਰੇ ਰਹਿ ਜਾਂਦੇ ਹਨ, ਪਰ ਕੁਝ ਅਜਿਹੇ ਪਲ ਹੁੰਦੇ ਹਨ, ਜੋ ਸਮੇਂ ਦੇ ਹਰ ਤੂਫ਼ਾਨ ਨੂੰ ਮਾਤ ਦੇ ਕੇ ਰੂਹ ਵਿਚ ਵੱਸ ਜਾਂਦੇ ਹਨ। ਅੱਜ ਜਦੋਂ ਪਿੱਛੇ ਮੁੜ ਕੇ ਵੇਖਦਾ ਹਾਂ ਤਾਂ ਲੱਗਦਾ ਹੈ ਕਿ ਪ੍ਰਮਾਤਮਾ ਨੇ ਮੈਨੂੰ ਧਨ ਨਾਲੋਂ ਵੱਧ ਨੇਕ ਇਨਸਾਨਾਂ ਦੀ ਸੰਗਤ ਬਖ਼ਸ਼ੀ। ਇਹੀ ਮੇਰੀ ਸਭ ਤੋਂ ਵੱਡੀ ਕਮਾਈ ਹੈ।

**ਅਮਰੀਕ ਸਿੰਘ 'ਅਮਰ'**
**ਸ਼ਿਕਾਗੋ, (ਯੂ.ਐਸ.ਏ.)**
**ਫੋਨ: 773-507-8043**

ਜਦੋਂ ਮੈਂ ਸਰਕਾਰੀ ਕਾਲਜ ਹੁਸ਼ਿਆਰਪੁਰ ਵਿਚ ਬੀ.ਏ. ਭਾਗ ਪਹਿਲਾ ਵਿਚ ਦਾਖਲਾ ਲਿਆ, ਉਦੋਂ ਪ੍ਰਿੰਸੀਪਲ ਸ੍ਰੀ ਆਰ.ਸਿੰਘ ਬਾਵਾ ਜੀ ਦੀ ਸ਼ਖ਼ਸੀਅਤ ਹਰ ਵਿਦਿਆਰਥੀ ਲਈ ਪ੍ਰੇਰਣਾ ਸੀ। ਉਨ੍ਹਾਂ ਦਾ ਅਨੁਸ਼ਾਸਨ ਡਰ ਨਹੀਂ, ਸਗੋਂ ਚਰਿੱਤਰ ਦੀ ਨੀਂਹ ਸੀ। ਅੱਜ ਦੇ ਸਮੇਂ ਵਿਚ ਉਨ੍ਹਾਂ ਵਰਗੇ ਪ੍ਰਿੰਸੀਪਲ ਬਹੁਤ ਘੱਟ ਮਿਲਦੇ ਹਨ। ਉਨ੍ਹਾਂ ਦੇ ਕਾਰਜਕਾਲ ਦੌਰਾਨ 1988 ਵਿਚ ਮੈਂ ਆਪਣੀ ਐਮ.ਏ. ਦੀ ਪੜ੍ਹਾਈ ਪੂਰੀ ਕੀਤੀ ਅਤੇ ਇਹ ਮਾਣ ਹਮੇਸ਼ਾਂ ਮੇਰੇ ਨਾਲ ਰਹੇਗਾ ਕਿ ਮੈਂ ਉਸ ਸੰਸਥਾ ਦਾ ਵਿਦਿਆਰਥੀ ਰਿਹਾ ਜਿਸ ਨੇ ਕਿਤਾਬਾਂ ਨਾਲੋਂ ਵੱਧ ਵਿਦਿਆਰਥੀਆਂ ਨੂੰ ਅਸਲੀ ਇਨਸਾਨ ਬਣਨਾ ਸਿਖਾਇਆ।

ਮੇਰੇ ਅੰਗਰੇਜ਼ੀ ਦੇ ਪ੍ਰੋਫੈਸਰ ਸ੍ਰੀ ਦੇਸ਼ਬੀਰ ਸ਼ਰਮਾ ਜੀ, ਜੋ ਐਨ.ਐਸ.ਐਸ. ਦੇ ਮੁਖੀ ਵੀ ਸਨ, ਉਨ੍ਹਾਂ ਨੇ ਮੇਰੇ ਅੰਦਰ ਸਮਾਜ ਸੇਵਾ ਦਾ ਬੀਜ ਬੀਜਿਆ। ਉਨ੍ਹਾਂ ਦੀ ਰਹਿਨੁਮਾਈ ਹੇਠ ਮੈਂ ਐਨ.ਐਸ.ਐਸ. ਦਾ ਗਰੁੱਪ ਲੀਡਰ ਬਣਿਆ ਅਤੇ ਕਾਲਜ ਦੇ ਆਖ਼ਰੀ ਸਾਲ ਪ੍ਰਿੰਸੀਪਲ ਮੈਡਲ ਨਾਲ ਸਨਮਾਨਿਤ ਹੋਇਆ। ਉਹ ਮੈਡਲ ਅੱਜ ਵੀ ਮੇਰੇ ਲਈ ਸਿਰਫ਼ ਇੱਕ ਤਗਮਾ ਨਹੀਂ, ਸਗੋਂ ਜ਼ਿੰਮੇਵਾਰੀ ਦੀ ਯਾਦ ਹੈ।

ਖੇਡਾਂ ਮੇਰੀ ਜ਼ਿੰਦਗੀ ਦਾ ਅਟੁੱਟ ਹਿੱਸਾ ਰਹੀਆਂ। ਬਾਸਕਟਬਾਲ ਦੀ ਕਾਲਜ ਟੀਮ ਵਿਚ ਖੇਡਣ ਦਾ ਮਾਣ ਮਿਲਿਆ। ਡੀ.ਪੀ. ਸ੍ਰੀ ਗੁਰਦਿਆਲ ਸਿੰਘ ਜੀ ਅਤੇ ਕੋਚ ਸ੍ਰੀ ਪ੍ਰੇਮ ਸਿੰਘ ਜੀ ਨੇ ਮੈਨੂੰ ਸਿਰਫ਼ ਖੇਡਣਾ ਹੀ ਨਹੀਂ, ਸਗੋਂ ਜਿੱਤ ਅਤੇ ਹਾਰ ਦੋਵਾਂ ਨੂੰ ਇੱਜ਼ਤ ਨਾਲ ਸਵੀਕਾਰ ਕਰਨਾ ਵੀ ਸਿਖਾਇਆ। ਪ੍ਰੇਮ ਸਿੰਘ ਜੀ ਦੀ ਸੁਰੀਲੀ ਆਵਾਜ਼ ਨੇ ਮੇਰੇ ਅੰਦਰਲੇ ਗਾਇਕ ਨੂੰ ਵੀ ਹੌਸਲਾ ਦਿੱਤਾ।

ਉਹ ਦਿਨ ਅੱਜ ਵੀ ਮੇਰੇ ਦਿਲ ਵਿਚ ਤਾਜ਼ਾ ਹੈ ਜਦੋਂ ਡੀ.ਏ.ਵੀ. ਕਾਲਜ ਹੁਸ਼ਿਆਰਪੁਰ ਦੇ ਯੂਥ ਫੈਸਟੀਵਲ ਵਿਚ ਮੈਨੂੰ ਗਾਉਣ ਦਾ ਮੌਕਾ ਮਿਲਿਆ। ਮੇਰੇ ਤੋਂ ਪਹਿਲਾਂ ਮਾਹੌਲ ਕੁਝ ਠੰਢਾ ਸੀ, ਪਰ ਜਿਵੇਂ ਹੀ ਮੈਂ ਮਾਈਕ ਸੰਭਾਲਿਆ ਅਤੇ ਗੀਤ ਤੋਂ ਪਹਿਲਾਂ ਆਪਣੇ ਸ਼ੇਅਰ ਪੜ੍ਹੇ, ਜੋ ਲੋਕ ਉੱਠ ਕੇ ਜਾ ਰਹੇ ਸਨ, ਉਹ ਵੀ ਮੁੜ ਬੈਠ ਗਏ। ਪਹਿਲੇ ਹੀ ਬੋਲ ਨਾਲ ਮਿਲੀਆਂ ਤਾੜੀਆਂ ਅਤੇ ਪਿਆਰ ਨੇ ਮੈਨੂੰ ਇਹ ਵਿਸ਼ਵਾਸ ਦਿੱਤਾ ਕਿ ਸ਼ਬਦਾਂ ਵਿਚ ਦਿਲਾਂ ਨੂੰ ਛੂਹਣ ਦੀ ਤਾਕਤ ਹੁੰਦੀ ਹੈ। ਓਪਨ ਏਅਰ ਥੀਏਟਰ ਵਿਚ ਬੈਠੇ ਉਹ ਦੋਸਤ ਅੱਜ ਵੀ ਮੇਰੀਆਂ ਯਾਦਾਂ ਦੇ ਸਭ ਤੋਂ ਰੌਸ਼ਨ ਚਿਹਰੇ ਹਨ।

ਜਦੋਂ ਮੈਂ ਪੰਜਾਬੀ ਸਾਹਿਤ ਵਿਚ ਐਮ.ਏ. ਕੀਤੀ ਤਾਂ ਮੈਨੂੰ ਉਹ ਮਹਾਨ ਵਿਦਵਾਨ ਮਿਲੇ ਜਿਨ੍ਹਾਂ ਦੇ ਨਾਮ ਪੰਜਾਬੀ ਸਾਹਿਤ ਦੇ ਇਤਿਹਾਸ ਵਿਚ ਸੁਨਹਿਰੀ ਅੱਖਰਾਂ ਨਾਲ ਲਿਖੇ ਜਾਣਗੇ—ਡਾ. ਜਗਤਾਰ ਜੀ, ਸ੍ਰੀ ਜਸਵੰਤ ਸਿੰਘ ਵਿਰਦੀ ਜੀ, ਡਾ. ਰਣਧੀਰ ਸਿੰਘ ਚੰਦ ਜੀ, ਪ੍ਰੋਫੈਸਰ ਪਰਮਿੰਦਰਜੀਤ ਸਿੰਘ ਜੀ, ਮੈਡਮ ਬਲਜੀਤ ਕੌਰ ਜੀ ਅਤੇ ਪਿਆਰੇ ਸ਼ਾਇਰ ਸ੍ਰੀ ਦਿਦਾਰ ਸਿੰਘ 'ਦਿਦਾਰ' ਜੀ। ਉਨ੍ਹਾਂ ਦੀ ਸੰਗਤ ਨੇ ਮੇਰੇ ਅੰਦਰ ਲਿਖਣ ਦੀ ਜੋ ਅੱਗ ਬਾਲੀ, ਉਹ ਅੱਜ ਵੀ ਬੁੱਝੀ ਨਹੀਂ।

ਮੇਰੀ ਕਲਮ ਨੂੰ ਇੱਕ ਹੋਰ ਵੱਡਾ ਹੌਸਲਾ ਮਿਲਿਆ ਸ੍ਰੀ ਐਸ. ਅਸ਼ੋਕ ਭੌਰਾ ਸਾਹਿਬ ਤੋਂ। ਕਾਲਜ ਦੇ ਦਿਨਾਂ ਤੋਂ ਹੀ ਮੈਂ ਉਨ੍ਹਾਂ ਦੀ ਲਿਖਤ ਦਾ ਮੁਰੀਦ ਰਿਹਾ ਹਾਂ। ਅੱਜ ਵੀ ਜਦੋਂ ਉਨ੍ਹਾਂ ਵਲੋਂ ਸ਼ਲਾਘਾ ਜਾਂ ਹੱਲਾ-ਸ਼ੇਰੀ ਮਿਲਦੀ ਹੈ ਤਾਂ ਲੱਗਦਾ ਹੈ ਕਿ ਜ਼ਿੰਮੇਵਾਰੀ ਹੋਰ ਵਧ ਗਈ ਹੈ—ਹੁਣ ਲਿਖਣਾ ਸਿਰਫ਼ ਸ਼ੌਕ ਨਹੀਂ, ਸਮਾਜ ਪ੍ਰਤੀ ਫ਼ਰਜ਼ ਹੈ।

ਅੱਜ ਮੈਂ ਸੇਵਾਮੁਕਤ ਹਾਂ, ਪਰ ਮੇਰੀ ਕਲਮ ਰਿਟਾਇਰ ਨਹੀਂ ਹੋਈ। ਉਹ ਅਜੇ ਵੀ ਸਮਾਜ ਦੇ ਦਰਦ ਨੂੰ ਮਹਿਸੂਸ ਕਰਦੀ ਹੈ, ਪੰਜਾਬੀ ਭਾਸ਼ਾ ਦੀ ਖੁਸ਼ਬੂ ਨੂੰ ਸੰਭਾਲਣਾ ਚਾਹੁੰਦੀ ਹੈ ਅਤੇ ਨਵੀਂ ਪੀੜ੍ਹੀ ਨੂੰ ਆਪਣੀਆਂ ਜੜ੍ਹਾਂ ਨਾਲ ਜੋੜਨ ਦਾ ਸੁਪਨਾ ਵੇਖਦੀ ਹੈ। ਮੈਨੂੰ ਨਾ ਕਿਸੇ ਅਹੁਦੇ ਦੀ ਭੁੱਖ ਹੈ, ਨਾ ਕਿਸੇ ਪ੍ਰਸਿੱਧੀ ਦੀ ਲਾਲਸਾ। ਮੇਰੀ ਸਿਰਫ਼ ਇਹੀ ਇੱਛਾ ਹੈ ਕਿ ਜਦੋਂ ਮੇਰੀ ਕਲਮ ਰੁਕ ਜਾਵੇ, ਉਦੋਂ ਤੱਕ ਇਸਦੇ ਕੁਝ ਸ਼ਬਦ ਕਿਸੇ ਨੌਜਵਾਨ ਦੇ ਦਿਲ ਵਿਚ ਉਮੀਦ, ਕਿਸੇ ਮਾਂ ਦੀ ਅੱਖ ਵਿਚ ਮਾਣ ਅਤੇ ਕਿਸੇ ਪੰਜਾਬੀ ਦੇ ਮਨ ਵਿਚ ਆਪਣੀ ਮਾਂ-ਬੋਲੀ ਲਈ ਪਿਆਰ ਜਗਾ ਚੁੱਕੇ ਹੋਣ।

ਆਓ, ਅਸੀਂ ਸਾਰੇ ਮਿਲ ਕੇ ਆਪਣੀ ਭਾਸ਼ਾ, ਆਪਣੇ ਸਾਹਿਤ ਅਤੇ ਆਪਣੇ ਸਮਾਜ ਦੀ ਬਿਹਤਰੀ ਲਈ ਹੱਥ ਮਿਲਾਈਏ। ਕਿਉਂਕਿ ਕੌਮਾਂ ਤਲਵਾਰਾਂ ਨਾਲ ਨਹੀਂ, ਕਲਮਾਂ, ਕਿਤਾਬਾਂ ਅਤੇ ਚੰਗੇ ਕਿਰਦਾਰਾਂ ਨਾਲ ਜ਼ਿੰਦਾ ਰਹਿੰਦੀਆਂ ਹਨ।

'ਮੇਰੇ ਲਈ ਸਭ ਤੋਂ ਵੱਡਾ ਇਨਾਮ ਉਹ ਦਿਨ ਹੋਵੇਗਾ, ਜਦੋਂ ਮੇਰੇ ਜਾਣ ਤੋਂ ਬਾਅਦ ਵੀ ਮੇਰੇ ਸ਼ਬਦ ਕਿਸੇ ਦੇ ਦਿਲ ਵਿਚ ਜ਼ਿੰਦਾ ਰਹਿਣਗੇ।' ਇਸੇ ਉਮੀਦ ਨਾਲ ਉਦੋਂ ਤੱਕ ਲਿਖਦਾ ਰਹਾਂਗਾ ਜਦ ਤੱਕ ਪ੍ਰਮਾਤਮਾ ਨੇ ਸੁਆਸਾਂ ਦੀ ਪੂੰਜੀ ਦੀ ਬਖ਼ਸ਼ਿਸ਼ ਕੀਤੀ ਹੈ।

## ਗੱਲ ਬਣੀ ਕਿ ਨਹੀਂ

-ਐਸ. ਅਸ਼ੋਕ ਭੌਰਾ



### ਕੀ ਕਰੀ ਜਾਨਾ ਤੂੰ...

ਕੀ ਕਰੀ ਜਾਨਾ ਤੂੰ
ਐਂਵੇ ਡਰੀ ਜਾਨਾ ਤੂੰ।
ਮੂਰਖਾਂ ਦੇ ਕਾਹਤੋਂ
ਹਰਜਾਨੇ ਭਰੀ ਜਾਨਾ ਤੂੰ।

ਇਹ ਵਿਹਲੜਾਂ ਦੀ ਫੌਜ ਹੈ
ਲੁੱਟੀ ਜਾਂਦੀ ਮੌਜ ਹੈ
ਤੈਨੂੰ ਭੋਲੇ ਪੰਛੀਆ
ਇਹ ਦਈ ਜਾਂਦੀ ਡੌਜ ਹੈ
ਇਨ੍ਹਾਂ ਲਈ ਕਿਉਂ ਹੱਸ ਹੱਸ
ਰੋਜ਼ ਮਰੀ ਜਾਨਾ ਤੂੰ
ਕੀ ਕਰੀ...।

ਕੱਲ੍ਹ ਤੇਰਾ ਯਾਰ ਸੀ
ਅੱਜ ਹੈ ਜੋ ਮੰਤਰੀ
ਰਹਿੰਦੀ ਖੂੰਹਦੀ ਐਸ਼
ਕਰੀ ਜਾਂਦੇ ਨੇ ਗਵੰਤਰੀ
ਜਿੱਤ ਗਏ ਇਹ ਲੋਕ
ਨਿੱਤ ਆਪ ਹਰੀ ਜਾਨਾ ਤੂੰ-
ਕੀ ਕਰੀ...।

ਢਿੱਡ ਵਿਚ ਰੇਤ ਜਿਹੜੇ
ਮੋਢਿਆਂ ਤੋਂ ਥੁੱਕਦੇ
ਤੈਨੂੰ ਕੰਗਾਲ ਕਰ
ਆਪ ਵੇਖ ਬੁੱਕਦੇ
ਮਿੱਟੀ ਦਿਆ ਭਾਂਡਿਆ
ਕਿਉਂ ਰੋਜ਼ ਖਰੀ ਜਾਨਾ ਤੂੰ-
ਕੀ ਕਰੀ ਜਾਨਾ...।

# ਉਹ ਫ਼ਿਲਮ ਜੋ ਅੱਜ ਵੀ ਅਧੂਰੀ ਹੈ

ਸਮਾਂ ਕੇਵਲ ਮਨੁੱਖੀ ਹਾਲਾਤ ਹੀ ਨਹੀਂ ਬਦਲਦਾ, ਸਗੋਂ ਉਸਦੀਆਂ ਇੱਛਾਵਾਂ ਦੀ ਤਾਸੀਰ ਵੀ ਬਦਲ ਦਿੰਦਾ ਹੈ। ਤੰਗੀਆਂ-ਤੁਰਸ਼ੀਆਂ ਦੇ ਦਿਨਾਂ ਵਿਚ ਜਿਹੜੀਆਂ ਨਿੱਕੀਆਂ-ਨਿੱਕੀਆਂ ਰੀਝਾਂ ਜ਼ਿੰਦਗੀ ਦਾ ਵੱਡਾ ਮਕਸਦ ਜਾਪਦੀਆਂ ਹਨ, ਸਾਧਨ-ਸੰਪੰਨ ਹੋਣ 'ਤੇ ਅਕਸਰ ਉਨ੍ਹਾਂ ਦਾ ਮੋਹ ਭੰਗ ਹੋ ਜਾਂਦਾ ਹੈ। ਮੇਰੇ ਅਤੀਤ ਦੇ ਝਰੋਖੇ ਵਿਚੋਂ ਨਿਕਲੀ ਇੱਕ ਯਾਦ ਮਨੁੱਖੀ ਮਨ ਦੀ ਇਸੇ ਜਟਿਲਤਾ ਅਤੇ ਸਮੇਂ ਦੀ ਅਜੀਬ ਖੇਡ ਨੂੰ ਬਾਖ਼ੂਬੀ ਬਿਆਨ ਕਰਦੀ ਹੈ।




**ਨਵਦੀਪ ਸਿੰਘ ਝੁਨੀਰ (ਮਾਨਸਾ)**
**ਫੋਨ: +91-98769-68193**

ਗੱਲ 1995 ਦੇ ਆਸ-ਪਾਸ ਦੀ ਹੈ। ਉਨ੍ਹੀਂ ਦਿਨੀਂ ਮੈਂ ਆਪਣੀ ਪੜ੍ਹਾਈ ਵਿਚਕਾਰ ਛੱਡ ਕੇ ਜ਼ਿੰਦਗੀ ਦੇ ਵਿਹਾਰਕ ਸਬਕ ਸਿੱਖਣ ਦੇ ਸਿਲਸਿਲੇ ਵਿਚ ਮਾਨਸਾ ਵਿਖੇ ਆਪਣੇ ਚਾਚਾ ਜੀ ਕੋਲ ਰਹਿ ਰਿਹਾ ਸਾਂ। ਉਹ ਦੌਰ ਬੇਹੱਦ ਸਾਦਗੀ ਭਰਿਆ ਸੀ। ਖ਼ੁਸ਼ੀਆਂ ਮਹਿੰਗੇ ਸਾਧਨਾਂ ਵਿਚ ਨਹੀਂ, ਸਗੋਂ ਛੋਟੀਆਂ-ਛੋਟੀਆਂ ਗੱਲਾਂ ਵਿਚ ਵੱਸਦੀਆਂ ਸਨ। ਸ਼ੁੱਕਰਵਾਰ ਦੀ ਰਾਤ ਦੂਰਦਰਸ਼ਨ 'ਤੇ ਆਉਣ ਵਾਲੀ ਹਿੰਦੀ ਫ਼ੀਚਰ ਫ਼ਿਲਮ ਕਿਸੇ ਉਤਸਵ ਤੋਂ ਘੱਟ ਨਹੀਂ ਸੀ ਹੁੰਦੀ। ਰਾਤ ਦੇ ਨੌਂ ਵਜੇ ਦੇ ਕਰੀਬ ਅਸੀਂ ਦੁਕਾਨ ਵਧਾ ਕੇ ਘਰ ਪਰਤਦੇ ਅਤੇ ਬੜੇ ਚਾਅ ਨਾਲ ਟੈਲੀਵਿਜ਼ਨ ਅੱਗੇ ਬੈਠ ਜਾਂਦੇ।

ਇੱਕ ਅਜਿਹੀ ਹੀ ਆਮ ਜਿਹੀ ਸ਼ਾਮ ਸੀ। ਜਦੋਂ ਅਸੀਂ ਘਰ ਪਹੁੰਚੇ ਤਾਂ ਟੀ.ਵੀ. 'ਤੇ ਧਰਮਿੰਦਰ ਅਤੇ ਸ਼ਤਰੂਘਨ ਸਿਨਹਾ ਦੀ ਅਦਾਕਾਰੀ ਨਾਲ ਸਜੀ ਫ਼ਿਲਮ 'ਦੋਸਤ' ਸ਼ੁਰੂ ਹੋ ਚੁੱਕੀ ਸੀ। ਮੈਂ ਅਤੇ ਮੇਰੇ ਚਾਚਾ ਜੀ ਦਾ ਬੇਟਾ ਗੋਲਡੀ, ਰੋਟੀ ਖਾਂਦੇ-ਖਾਂਦੇ ਫ਼ਿਲਮ ਦੀ ਕਹਾਣੀ ਵਿਚ ਇੰਨੇ ਖੁੱਭ ਗਏ ਕਿ ਆਲੇ-ਦੁਆਲੇ ਦੀ ਦੁਨੀਆ ਤੋਂ ਬੇਖ਼ਬਰ ਹੀ ਹੋ ਗਏ। ਜਿਵੇਂ-ਜਿਵੇਂ ਕਹਾਣੀ ਅੱਗੇ ਵਧ ਰਹੀ ਸੀ, ਮੇਰੀਆਂ ਸੰਵੇਦਨਾਵਾਂ ਵੀ ਉਸੇ ਵਹਾਅ ਵਿਚ ਵਹਿੰਦੀਆਂ ਜਾ ਰਹੀਆਂ ਸਨ। ਫਿਰ ਅਚਾਨਕ ਉਹ ਪਲ ਆਇਆ ਜੋ ਕਿਸੇ ਆਸਮਾਨੀ ਬਿਜਲੀ ਵਾਂਗ ਕੜਕਿਆ। ਫ਼ਿਲਮ ਅਜੇ ਸਵਾ ਕੁ ਘੰਟਾ ਹੀ ਚੱਲੀ ਹੋਵੇਗੀ ਕਿ ਚਾਚਾ ਜੀ ਨੇ ਅਚਨਚੇਤ ਕਮਰੇ ਵਿਚ ਦਾਖ਼ਲ ਹੋ ਕੇ ਟੈਲੀਵਿਜ਼ਨ ਦਾ ਸਵਿਚ ਬੰਦ ਕਰ ਦਿੱਤਾ ਅਤੇ ਸੌਂ ਜਾਣ ਦਾ ਹੁਕਮ ਸੁਣਾ ਦਿੱਤਾ। ਉਸ ਪਲ ਜੋ ਮਾਨਸਿਕ ਪੀੜ ਹੋਈ, ਉਸ ਨੂੰ ਸ਼ਬਦਾਂ ਵਿਚ ਨਹੀਂ ਬਿਆਨਿਆ ਜਾ ਸਕਦਾ। ਮੈਨੂੰ ਇੰਝ ਪ੍ਰਤੀਤ ਹੋਇਆ ਜਿਵੇਂ ਕਿਸੇ ਨੇ ਮੇਰੇ ਵਜੂਦ ਵਿਚੋਂ ਸਾਹ ਹੀ ਖਿੱਚ ਲਏ ਹੋਣ। ਬੇਵੱਸੀ ਦੀ ਇੰਤਹਾ ਇਹ ਸੀ ਕਿ ਚਾਚਾ ਜੀ ਦੇ ਅਨੁਸ਼ਾਸਨ ਅੱਗੇ ਜ਼ੁਬਾਨ ਖੋਲ੍ਹਣ ਦੀ ਮੇਰੀ ਹਿੰਮਤ ਨਹੀਂ ਸੀ। ਉਸ ਰਾਤ ਮੈਂ ਆਪਣੇ ਆਪ ਨੂੰ ਦੁਨੀਆ ਦਾ ਸਭ ਤੋਂ ਲਾਚਾਰ ਅਤੇ ਮਜਬੂਰ ਇਨਸਾਨ ਮਹਿਸੂਸ ਕੀਤਾ। ਭਰੇ ਹੋਏ ਗਲੇ ਅਤੇ ਸਿੱਲ੍ਹੀਆਂ ਅੱਖਾਂ ਨਾਲ ਮੈਂ ਗੋਲਡੀ ਸਮੇਤ ਆਪਣੇ ਕਮਰੇ ਵਿਚ ਆ ਗਿਆ ਅਤੇ ਆਪਣੀ ਮਜਬੂਰੀ 'ਤੇ ਖ਼ੂਬ ਹੰਝੂ ਕੇਰੇ। ਰੋਂਦੇ-ਰੋਂਦੇ ਉਸ ਰਾਤ ਮੇਰੇ ਮਨ ਨੇ ਇੱਕ ਦ੍ਰਿੜ੍ਹ ਸੰਕਲਪ ਲਿਆ, 'ਜਦੋਂ ਮੈਂ ਆਪਣੇ ਪੈਰਾਂ 'ਤੇ ਖੜ੍ਹਾ ਹੋਵਾਂਗਾ, ਪੈਸੇ ਕਮਾਵਾਂਗਾ, ਤਾਂ ਆਪਣਾ ਨਿੱਜੀ ਵੀ.ਸੀ.ਆਰ. ਖਰੀਦਾਂਗਾ ਅਤੇ ਉਸ 'ਤੇ ਸਭ ਤੋਂ ਪਹਿਲਾਂ ਇਹੀ ਫ਼ਿਲਮ 'ਦੋਸਤ' ਪੂਰੀ ਦੇਖਾਂਗਾ।

ਵਕਤ ਆਪਣੀ ਤੋਰ ਤੁਰਦਾ ਰਿਹਾ। ਬਚਪਨ ਦੀਆਂ ਬਰੂਹਾਂ ਟੱਪ ਕੇ ਮੈਂ ਜਵਾਨੀ ਦੀ ਦਹਿਲੀਜ਼ 'ਤੇ ਪਹੁੰਚ ਗਿਆ। ਕੰਮ-ਕਾਰ ਵੀ ਸੈੱਟ ਹੋ ਗਿਆ ਅਤੇ ਆਰਥਿਕ ਤੌਰ 'ਤੇ ਸੁਤੰਤਰ ਵੀ ਹੋ ਗਿਆ। ਉਧਰ ਤਕਨੀਕ ਵੀ ਬਦਲ ਚੁੱਕੀ ਸੀ। ਵੀ.ਸੀ.ਆਰ. ਦਾ ਯੁੱਗ ਢਲ ਰਿਹਾ ਸੀ ਅਤੇ ਸੀ.ਡੀ. ਪਲੇਅਰਾਂ ਦਾ ਦੌਰ ਆ ਗਿਆ ਸੀ। ਮੈਂ ਸੀ.ਡੀ. ਪਲੇਅਰ ਵੀ ਖਰੀਦਿਆ ਅਤੇ ਕਈ ਫ਼ਿਲਮਾਂ ਦੇਖੀਆਂ। ਕੁਝ ਖਰੀਦ ਕੇ ਅਤੇ ਕੁਝ ਕਿਰਾਏ 'ਤੇ ਲੈ ਕੇ। ਪਰ ਇੱਕ ਅਜੀਬ ਇਤਫ਼ਾਕ ਸੀ ਕਿ 'ਦੋਸਤ' ਕਦੇ ਮੇਰੀ ਚੋਣ ਨਾ ਬਣੀ। ਨਾ ਮੈਂ ਉਸ ਦੀ ਸੀ.ਡੀ. ਖਰੀਦੀ ਅਤੇ ਨਾ ਹੀ ਕਿਰਾਏ 'ਤੇ ਲਈ।




ਸ਼ਾਇਦ ਸਮੇਂ ਦੇ ਨਾਲ ਮਨੁੱਖ ਦੀਆਂ ਤਰਜੀਹਾਂ ਵੀ ਬਦਲ ਜਾਂਦੀਆਂ ਹਨ। ਕਦੇ ਦਿਲ ਦੇ ਬਹੁਤ ਨੇੜੇ ਲੱਗਣ ਵਾਲੀਆਂ ਗੱਲਾਂ ਹੌਲੀ-ਹੌਲੀ ਯਾਦਾਂ ਦੀ ਧੂੜ ਹੇਠ ਦੱਬ ਜਾਂਦੀਆਂ ਹਨ। ਲੜਕਪਨ ਵਿਚ ਕੀਤਾ ਉਹ ਮਾਸੂਮ ਵਾਅਦਾ ਵੀ ਸ਼ਾਇਦ ਅਜਿਹੀ ਹੀ ਕਿਸੇ ਤਹਿ ਹੇਠ ਦਫ਼ਨ ਹੋ ਗਿਆ ਸੀ। ਫਿਰ ਤਕਨੀਕ ਨੇ ਇੱਕ ਹੋਰ ਕਰਵਟ ਲਈ। ਡੀ.ਟੀ.ਐਚ., ਸਮਾਰਟ ਟੀ.ਵੀ. ਅਤੇ ਇੰਟਰਨੈੱਟ ਦੇ ਦੌਰ ਵਿਚ ਮਨੋਰੰਜਨ ਦੇ ਅਣਗਿਣਤ ਸਾਧਨ ਉਪਲਬਧ ਹੋ ਗਏ। ਕਈ ਵਾਰ ਚੈਨਲ ਬਦਲਦਿਆਂ 'ਦੋਸਤ' ਦੇ ਦ੍ਰਿਸ਼ ਅਚਾਨਕ ਸਾਹਮਣੇ ਆ ਜਾਂਦੇ, ਪਰ ਮੈਂ ਬਿਨਾਂ ਰੁਕੇ ਅੱਗੇ ਲੰਘ ਜਾਂਦਾ। ਜਿਸ

## ਯਾਦਾਂ ਦੀ ਕਿਤਾਬ ਦੇ ਸੁਨਹਿਰੀ ਪੰਨੇ

ਫ਼ਿਲਮ ਨੂੰ ਕਦੇ ਪੂਰਾ ਦੇਖਣ ਦੀ ਤੜਫ਼ ਸੀ, ਉਸ ਪ੍ਰਤੀ ਹੁਣ ਕੋਈ ਖਿੱਚ ਬਾਕੀ ਨਹੀਂ ਰਹੀ ਸੀ।

ਅੱਜ ਦੇ ਡਿਜੀਟਲ ਯੁੱਗ ਵਿਚ ਭਾਵੇਂ ਇਹ ਫ਼ਿਲਮ ਮਹਿਜ਼ ਇੱਕ 'ਕਲਿੱਕ' ਦੀ ਵਿੱਥ 'ਤੇ ਹੈ, ਪਰ ਹੁਣ ਇਸਨੂੰ ਪੂਰਾ ਦੇਖਣ ਦੀ ਉਹ ਉਤਸੁਕਤਾ ਅਤੇ ਤੜਫ਼ ਮਨ ਵਿਚੋਂ ਪੂਰੀ ਤਰ੍ਹਾਂ ਖ਼ਤਮ ਹੋ ਚੁੱਕੀ ਹੈ। ਉਹ ਫ਼ਿਲਮ, ਜੋ 1995 ਦੀ ਉਸ ਰਾਤ ਮੇਰੇ ਲਈ ਇੱਕ ਸੁਪਨਾ ਸੀ, ਅੱਜ ਮਹਿਜ਼ ਇੱਕ ਆਮ ਜਿਹੀ ਫ਼ਿਲਮ ਬਣ ਕੇ ਰਹਿ ਗਈ ਹੈ।

ਅੱਜ ਪਿੱਛੇ ਮੁੜ ਕੇ ਦੇਖਦਾ ਹਾਂ ਤਾਂ ਸਮਝ ਆਉਂਦੀ ਹੈ ਕਿ ਜ਼ਿੰਦਗੀ ਦਾ ਗਣਿਤ ਕਿੰਨਾ ਅਜੀਬ ਹੈ। ਜਦੋਂ ਸਾਡੇ ਅੰਦਰ ਇੱਛਾਵਾਂ ਅਤੇ ਰੀਝਾਂ ਦਾ ਹੜ੍ਹ ਹੁੰਦਾ ਹੈ, ਜਦੋਂ ਅਸੀਂ ਕਿਸੇ ਚੀਜ਼ ਨੂੰ ਪਾਉਣ ਲਈ ਬੇਕਰਾਰ ਹੁੰਦੇ ਹਾਂ, ਤਾਂ ਉਸ ਵਕਤ ਸਾਡੇ ਕੋਲ ਉਨ੍ਹਾਂ ਨੂੰ ਪੂਰਾ ਕਰਨ ਲਈ ਸਾਧਨਾਂ ਦੀ ਥੁੜ੍ਹ ਹੁੰਦੀ ਹੈ। ਅਸੀਂ ਇਸੇ ਆਸ ਵਿਚ ਜਿਉਂਦੇ ਹਾਂ ਕਿ ਕਦੇ ਤਾਂ ਸਾਡੇ ਹੱਥਾਂ ਵਿਚ ਸਾਧਨ ਆਉਣਗੇ ਤਾਂ ਆਪਣੀਆਂ ਖਾਹਿਸ਼ਾਂ ਪੂਰੀਆਂ ਕਰਾਂਗੇ, ਪਰ ਜਦੋਂ ਸਾਲਾਂ ਦੀ ਜੱਦੋ-ਜਹਿਦ ਤੋਂ ਬਾਅਦ ਅਸੀਂ ਸਾਧਨ-ਸੰਪੰਨ ਹੋ ਜਾਂਦੇ ਹਾਂ, ਸਾਡੀ ਜੇਬ ਭਰ ਜਾਂਦੀ ਹੈ ਅਤੇ ਹਰ ਸੁਵਿਧਾ ਸਾਡੀ ਪਹੁੰਚ ਵਿਚ ਆ ਜਾਂਦੀ ਹੈ... ਤਾਂ ਹੈਰਾਨੀ ਦੀ ਗੱਲ ਹੈ ਕਿ ਉਦੋਂ ਤੱਕ ਉਨ੍ਹਾਂ ਇੱਛਾਵਾਂ ਦਾ ਹੀ ਕਤਲ ਹੋ ਚੁੱਕਾ ਹੁੰਦਾ ਹੈ।

ਸਾਧਨਾਂ ਦੀ ਆਮਦ ਅਤੇ ਇੱਛਾਵਾਂ ਦੀ ਉਮਰ ਦਾ ਆਪਸ ਵਿਚ ਕੋਈ ਤਾਲਮੇਲ ਨਹੀਂ ਹੁੰਦਾ। ਇੱਛਾਵਾਂ ਦਾ ਹੋਣਾ ਅਤੇ ਸਾਧਨਾਂ ਦਾ ਨਾ ਹੋਣਾ, ਫਿਰ ਸਾਧਨਾਂ ਦਾ ਮਿਲਣਾ ਅਤੇ ਇੱਛਾਵਾਂ ਦਾ ਮਰ ਜਾਣਾ। ਸ਼ਾਇਦ ਇਹੀ ਜ਼ਿੰਦਗੀ ਦੀ ਸਭ ਤੋਂ ਵੱਡੀ ਵਿਡੰਬਣਾ ਹੈ। 'ਦੋਸਤ' ਫ਼ਿਲਮ ਅੱਜ ਵੀ ਮੇਰੇ ਲਈ ਅਧੂਰੀ ਹੈ, ਕਿਉਂਕਿ ਜਦੋਂ ਉਸ ਨੂੰ ਦੇਖਣ ਦੀ ਤੜਫ਼ ਸੀ ਤਾਂ ਸਾਧਨ ਨਹੀਂ ਸਨ, ਅਤੇ ਅੱਜ ਸਾਧਨ ਬੇਸ਼ੁਮਾਰ ਹਨ, ਪਰ ਉਹ ਤੜਫ਼ ਹੀ ਬਾਕੀ ਨਹੀਂ ਰਹੀ।

## ਨਿੰਬੂ ਵਾਲਾ ਘਰ (ਮਿੰਨੀ ਕਹਾਣੀ)

ਹੌਲੀ ਹੌਲੀ ਸਾਰੇ ਗਲੀ-ਮਹੱਲੇ ਵਿਚ ਉਨ੍ਹਾਂ ਦਾ ਘਰ 'ਨਿੰਬੂ ਵਾਲੇ ਘਰ' ਵਜੋਂ ਜਾਣਿਆ ਜਾਣ ਲੱਗਾ। ਗੱਲ ਵੀ ਸਹੀ ਸੀ, ਘਰ ਦੀ ਮਾਲਕਣ ਨੇ ਪੁੱਤਾਂ ਵਾਂਗ ਪਾਲ ਪੋਸ ਕੇ ਪੌਦੇ ਨੂੰ ਵੱਡਾ ਕੀਤਾ ਸੀ। ਫਿਰ ਜਦੋਂ ਇਹਨੂੰ ਫਲ ਲੱਗਣ ਲੱਗਾ ਤਾਂ ਪੂਰੇ ਮਹੱਲੇ ਨੂੰ ਪਾਈਆ-ਪਾਈਆ ਨਿੰਬੂ ਤੋਹਫ਼ੇ ਵਜੋਂ ਵੰਡੇ ਗਏ। ਜਦੋਂ ਪੌਦਾ ਹੋਰ ਵੱਡਾ ਹੋ ਗਿਆ ਤਾਂ ਇਹਦੀਆਂ ਟਾਹਣੀਆਂ ਚਾਰਦੀਵਾਰੀ ਤੋਂ ਬਾਹਰ ਫੈਲ ਗਈਆਂ। ਹੁਣ ਹਰ ਕੋਈ ਆਉਂਦਾ-ਜਾਂਦਾ ਪੌਦੇ ਤੋਂ ਨਿੰਬੂ ਤੋੜਦਾ ਤੇ ਆਪਣੇ ਰਾਹ ਪੈਂਦਾ। ਪਤੀ-ਪਤਨੀ ਨੇ ਵੀ ਕਦੇ ਕਿਸੇ ਦਾ ਬੁਰਾ ਨਹੀਂ ਸੀ ਮਨਾਇਆ। ਪੌਦੇ ਤੇ ਬਾਰਾਂ ਮਹੀਨੇ ਨਿੰਬੂ ਲੱਗਦੇ ਤੇ ਲੱਗਦੇ ਵੀ ਵੱਡੇ-ਵੱਡੇ। ਦੋਵੇਂ ਬੱਚੇ ਵੱਡੇ ਹੋ ਗਏ ਤਾਂ ਉਨ੍ਹਾਂ ਨੇ ਅਮਰੀਕਾ ਨੂੰ ਆਪਣਾ ਸਥਾਈ ਨਿਵਾਸ ਬਣਾ ਲਿਆ। ਪਹਿਲਾਂ-ਪਹਿਲ ਤਾਂ ਪਤੀ-ਪਤਨੀ ਕਦੇ-ਕਦਾਈਂ ਉਨ੍ਹਾਂ ਕੋਲ ਜਾਂਦੇ ਪਰ ਸੇਵਾਮੁਕਤੀ ਪਿੱਛੋਂ ਲੰਮਾ ਸਮਾਂ ਬੱਚਿਆਂ ਕੋਲ ਰਹਿਣ ਲੱਗੇ। ਏਥੋਂ ਵਾਲੇ ਘਰ ਦੀ ਚਾਬੀ ਗੁਆਂਢੀ ਨੂੰ ਦੇ ਦਿੱਤੀ ਤਾਂ ਜੋ ਚਿੱਠੀ-ਪੱਤਰ ਤੇ ਹੋਰ ਘਰੋਗੀ ਬਿਲ ਸੰਭਾਲੇ ਜਾ ਸਕਣ। ਗਲੀ-ਮਹੱਲੇ ਨੂੰ ਜਦੋਂ ਪਤਾ ਲੱਗਾ ਕਿ ਮਾਲਕ ਤਾਂ ਵਿਦੇਸ਼ੀ ਹੋ ਗਏ ਹਨ ਤਾਂ ਉਨ੍ਹਾਂ ਨੇ ਬਾਹਰਲੀ ਕੰਧ ਟੱਪ ਕੇ ਨਿੰਬੂ ਤੋੜਨੇ ਸ਼ੁਰੂ ਕਰ ਦਿੱਤੇ। ਚਾਬੀ ਵਾਲਾ ਗੁਆਂਢੀ ਰੋਕਦਾ ਤਾਂ ਸੁਣਨਾ ਪੈਂਦਾ, "ਤੁਸੀਂ ਕਿਹੜਾ ਘਰ ਦੇ ਮਾਲਕ ਹੋ?" ਐਤਕੀ ਕਈ ਮਹੀਨਿਆਂ ਪਿੱਛੋਂ ਪਤੀ-ਪਤਨੀ ਏਥੇ ਆਏ ਤਾਂ ਪੌਦੇ ਦੀ ਦੁਰਦਸ਼ਾ ਵੇਖ ਕੇ ਡਾਢੇ ਚਿੰਤਿਤ ਹੋਏ। ਮਨ 'ਤੇ ਪੱਥਰ ਰੱਖ ਕੇ ਦੰਪਤੀ ਨੇ ਪੌਦਾ ਹੀ ਪੁੱਟ ਦਿੱਤਾ, ਚਾਰ-ਦੀਵਾਰੀ ਉੱਚੀ ਕਰ ਦਿੱਤੀ ਤੇ ਉੱਤੇ ਗਰਿੱਲ ਲਾ ਦਿੱਤਾ। ਮੁਹੱਲੇ ਵਾਲੇ ਚੋਰਾਂ ਤੋਂ ਤਾਂ ਛੁਟਕਾਰਾ ਮਿਲ ਗਿਆ ਪਰ ਪੌਦਾ ਪੁੱਟਣ ਵੇਲੇ ਜੋ ਦਰਦ ਪਤਨੀ ਨੇ ਸਹਾਰਿਆ, ਉਹ ਬਿਆਨ ਤੋਂ ਬਾਹਰ ਹੈ। ਇੱਕ ਦਿਨ ਮੈਂ ਦੰਪਤੀ ਨੂੰ ਮਿਲਣ ਗਿਆ ਤਾਂ ਮਾਲਕਣ ਨੇ ਦੱਸਿਆ, 'ਜਦੋਂ ਪੌਦਾ ਪੁੱਟਿਆ ਗਿਆ ਤਾਂ ਮੈਂ ਬਹੁਤ ਰੋਈ। ਏਨਾ ਦਰਦ ਤਾਂ ਮੈਨੂੰ ਉਦੋਂ ਵੀ ਨਹੀਂ ਸੀ ਹੋਇਆ, ਜਦੋਂ ਸਰਦਾਰ ਜੀ ਦੇ ਛੋਟੇ ਭਰਾ ਦੀ ਮੌਤ ਹੋਈ ਸੀ...।"

*-ਪ੍ਰੋ. ਨਵ ਸੰਗੀਤ ਸਿੰਘ*

# ਆਖ਼ਰਕਾਰ ਭਾਰਤ ਦੀ ਜੈਨਰੇਸ਼ਨ ਜ਼ੀ ਜਾਗੀ

ਭਾਰਤ ਦੀ ਰਾਜਨੀਤੀ ਇੱਕ ਨਵੇਂ ਮੋੜ 'ਤੇ ਆ ਖੜ੍ਹੀ ਹੋਈ ਹੈ। ਇਹ ਅਜ਼ਾਦੀ ਤੋਂ ਬਾਅਦ ਦੇਸ਼ ਦੀ ਰਾਜਨੀਤਕ ਕਮਾਂਡ ਸੰਭਾਲੀ ਇਲੀਟ ਲਈ ਇੱਕ ਨਵਾਂ ਇਮਤਿਹਾਨ ਹੈ। ਭਾਰਤ ਦੀ ਵਾਗਡੋਰ ਆਪਣੇ ਹੱਥਾਂ ਹੇਠ ਰੱਖਣ ਲਈ ਪਿਛਲੇ 80 ਸਾਲ ਤਕ ਜਿਹੜੀਆਂ ਰਾਜਨੀਤਕ ਤਾਕਤਾਂ ਰੂਪ ਬਦਲ ਬਦਲ ਕੇ ਸੱਤਾ 'ਤੇ ਕਾਬਜ਼ ਹੁੰਦੀਆਂ ਰਹੀਆਂ ਹਨ, ਉਨ੍ਹਾਂ ਨੂੰ ਹੁਣ ਬਹੁਤ ਸਾਰੇ ਉਨ੍ਹਾਂ ਅਣਕਿਆਸੇ ਸੁਆਲਾਂ ਦਾ ਸਾਹਮਣਾ ਹੈ, ਜੋ ਕਦੇ ਉਨ੍ਹਾਂ ਨੇ ਤਾਕਤ ਅਤੇ ਭ੍ਰਿਸ਼ਟ ਤੌਰ-ਤਰੀਕਿਆਂ ਨਾਲ ਕਮਾਏ ਧਨ-ਦੌਲਤ ਦੇ ਗਰੂਰ ਵਿਚ ਨਹੀਂ ਸਨ ਸੁਣੇ। ਇਸ ਵਰਤਾਰੇ ਨੂੰ ਸਿਰਫ਼ ਸਿਆਸੀ ਵਿਰੋਧ ਵਜੋਂ ਨਹੀਂ, ਸਗੋਂ ਇੱਕ ਵੱਡੇ ਸਮਾਜਿਕ ਬਦਲਾਅ ਵਜੋਂ ਵੀ ਦੇਖਿਆ ਜਾ ਰਿਹਾ ਹੈ। ਰੁਜ਼ਗਾਰ, ਸਿੱਖਿਆ, ਮਹਿੰਗਾਈ, ਭ੍ਰਿਸ਼ਟਾਚਾਰ ਵਰਗੇ ਮੁੱਦੇ ਭਾਵੇਂ ਹਰ ਪੰਜ




**ਹਰਜੀਤ ਸਿੰਘ ਗਿੱਲ**
ਫੋਨ:647-542-0007 (ਕਨੇਡਾ)
+9198889-45127 (ਭਾਰਤ)

ਵਰ੍ਹਿਆਂ ਮਗਰੋਂ ਆਉਣ ਵਾਲਿਆਂ ਚੋਣਾਂ ਵਿਚ ਉੱਭਰਦੇ ਰਹੇ ਹਨ, ਪਰ ਸਿਆਸਤਦਾਨਾਂ ਵੱਲੋਂ ਚਲਾਕੀ ਭਰੀਆਂ ਸਿਆਸੀ ਚਾਲਾਂ ਨਾਲ ਇਨ੍ਹਾਂ ਮੁੱਦਿਆਂ ਨੂੰ ਚੋਣਾਂ ਵਿਚ ਵਰਤ ਕੇ ਭੁਲਾ ਦਿੱਤਾ ਜਾਂਦਾ ਰਿਹਾ ਹੈ। ਪਰ ਹੁਣ ਇਹ ਮੁੱਦੇ ਦੇਸ਼ ਦੇ ਨੌਜਵਾਨਾਂ ਨੇ ਆਪਣੇ ਅੰਦਾਜ਼ ਵਿਚ ਚੁੱਕੇ ਹਨ ਜਿਸ ਵਿਚ ਭਾਰਤੀ ਸੰਵਿਧਾਨ ਵਿਚ ਅਪਣਾਏ ਗਏ ਲੋਕਤੰਤਰ ਵੱਲੋਂ ਦਿੱਤੇ ਗਏ ਅਧਿਕਾਰ ਅਤੇ ਆਜ਼ਾਦੀ ਵਰਗੇ ਨਵੇਂ ਮੁੱਦੇ ਨਵੀਂ ਪੀੜ੍ਹੀ ਲਈ ਕੇਂਦਰੀ ਮੁੱਦੇ ਬਣ ਰਹੇ ਹਨ। ਨੌਜਵਾਨਾਂ ਦੇ ਵੱਲੋਂ ਬੇਬਾਕੀ ਨਾਲ ਬੇਖ਼ੌਫ ਹੋ ਕੇ ਸਵਾਲ ਕਰਨ ਵਾਲੇ ਰੁਝਾਨ ਸਾਹਮਣੇ ਲਾਰੇ-ਲੱਪਿਆਂ ਅਤੇ ਝੂਠੀ ਦੇਸ਼ ਭਗਤੀ ਦੀ ਚਾਸ਼ਨੀ ਵਿਚ ਲਪੇਟ ਕੇ ਦਿੱਤੀ ਜਾਂਦੀ ਨਸੀਹਤ ਹੁਣ ਬੇਅਸਰ ਹੁੰਦੀ ਵਿਖਾਈ ਦੇ ਰਹੀ ਹੈ।

ਭਾਰਤ ਇੱਕ ਇਕਸਾਰ ਸਮਾਜ ਨਹੀਂ, ਸਗੋਂ ਅਨੇਕਾਂ ਭਾਸ਼ਾਈ, ਧਾਰਮਿਕ, ਖੇਤਰੀ, ਸੱਭਿਆਚਾਰਕ ਅਤੇ ਸਮਾਜਿਕ ਪਛਾਣਾਂ ਦਾ ਵਿਸ਼ਾਲ ਸੰਗਮ ਹੈ। ਪੰਜਾਬ ਦੀਆਂ ਸਮਾਜਿਕ-ਸੱਭਿਆਚਾਰਕ ਲੋੜਾਂ ਕੇਰਲ ਨਾਲੋਂ ਵੱਖਰੀਆਂ ਹਨ, ਤਾਮਿਲਨਾਡੂ ਦੀਆਂ ਤਰਜੀਹਾਂ ਉੱਤਰ ਪ੍ਰਦੇਸ਼ ਨਾਲੋਂ ਵੱਖਰੀਆਂ ਹਨ ਅਤੇ ਉੱਤਰ-ਪੂਰਬ ਦੇ ਲੋਕਾਂ ਦੇ ਮੁੱਦੇ ਦੇਸ਼ ਦੇ ਹੋਰ ਹਿੱਸਿਆਂ ਨਾਲੋਂ ਵੱਖਰੇ ਹੋ ਸਕਦੇ ਹਨ। ਇਹ ਵਿਭਿੰਨਤਾ ਜਿੱਥੇ ਆਪਣੇ ਆਪ ਵਿਚ ਭਾਰਤ ਦੀ ਤਾਕਤ ਹੈ, ਪਰ ਜਦੋਂ ਵੱਖ-ਵੱਖ ਸਮੂਹਾਂ ਦੇ ਹਿੱਤ, ਸਰੋਤਾਂ ਅਤੇ ਰਾਜਨੀਤਕ ਤਰਜੀਹਾਂ ਆਪਸ ਵਿਚ ਟਕਰਾਉਂਦੇ ਹਨ, ਤਾਂ ਇਹ ਟਕਰਾਅ ਰਾਜਨੀਤੀ ਦਾ ਹਿੱਸਾ ਬਣ ਜਾਂਦਾ ਹੈ। ਆਜ਼ਾਦੀ ਤੋਂ ਬਾਅਦ ਭਾਰਤੀ ਰਾਜਨੀਤੀ ਨੇ ਇਸ ਵਿਭਿੰਨਤਾ ਨੂੰ ਆਪਣਾ ਰਾਜਨੀਤਕ ਆਧਾਰ ਬਣਾਇਆ। ਜਾਤ, ਧਰਮ, ਭਾਸ਼ਾ, ਖੇਤਰ ਅਤੇ ਭਾਈਚਾਰੇ ਇਹ ਸਭ ਹੌਲੀ ਹੌਲੀ ਚੋਣਾਂ ਦੇ ਗਣਿਤ ਦਾ ਹਿੱਸਾ ਬਣਦੇ ਗਏ। ਕਿਸੇ ਸਮਾਜਕ ਪਛਾਣ ਨੂੰ ਲੋਕ-ਹਿੱਤ ਦੀ ਬਜਾਏ ਸਿਰਫ਼ ਵੋਟਾਂ ਦੇ ਸਮੂਹ ਵਜੋਂ ਦੇਖਿਆ ਜਾਣ ਲੱਗਾ ਤਾਂ ਲੋਕਤੰਤਰ ਦਾ ਕੇਂਦਰ ਨਾਗਰਿਕਾਂ ਤੋਂ ਹਟ ਕੇ ਵੋਟਰ ਬਲਾਕ ਬਣ ਜਾਂਦਾ ਰਿਹਾ ਹੈ। ਫਿਰ ਰਾਜਨੀਤਕ ਪਾਰਟੀਆਂ ਇਹ ਵੇਖਣ ਲੱਗੀਆਂ ਕਿ ਕਿਹੜਾ ਮੁੱਦਾ ਕਿਹੜੇ ਸਮੂਹ ਦੀਆਂ ਕਿੰਨੀਆਂ ਵੋਟਾਂ ਸਾਡੇ ਪੱਖ ਵਿਚ ਲਿਆ ਸਕਦਾ ਹੈ? ਇੱਥੋਂ ਵੋਟ ਰਾਜਨੀਤੀ ਦਾ ਇੱਕ ਅਜਿਹਾ ਚੱਕਰ ਸ਼ੁਰੂ ਹੁੰਦਾ ਹੈ ਜਿਸ ਵਿਚ ਸਮਾਜ ਦੀਆਂ ਅਸਲ ਸਮੱਸਿਆਵਾਂ ਵੀ ਕਈ ਵਾਰ ਪਛਾਣ ਦੀ ਰਾਜਨੀਤੀ ਦੇ ਪਿੱਛੇ ਛੁਪ ਜਾਂਦੀਆਂ ਰਹੀਆਂ ਹਨ।

ਪਰ ਭਾਰਤੀ ਰਾਜਨੀਤੀ ਵਿਚ ਜਿਹੜਾ ਸਮਾਜਿਕ ਜਾਂ ਸੱਭਿਆਚਾਰਕ ਟਕਰਾਅ ਰਾਜਨੀਤਕ ਤੌਰ 'ਤੇ ਲਾਭਦਾਇਕ ਹੋਵੇ, ਉਸ ਨੂੰ ਹੱਲ ਕਰਨ ਦੀ ਬਜਾਏ ਉਸ ਨੂੰ ਲੰਮਾ ਖਿੱਚਣਾ ਚੁਣਾਵੀ ਤੌਰ 'ਤੇ ਵਧੇਰੇ ਫ਼ਾਇਦੇਮੰਦ ਸਾਬਤ ਹੁੰਦਾ ਰਿਹਾ ਹੈ। ਇੱਕ ਭਾਈਚਾਰੇ ਦੀ ਚਿੰਤਾ ਦੂਜੇ ਭਾਈਚਾਰੇ ਲਈ ਖ਼ਤਰੇ ਵਜੋਂ ਪੇਸ਼ ਕੀਤਾ ਜਾਂਦਾ ਹੈ। ਇੱਕ ਖੇਤਰ ਦੀ ਮੰਗ ਨੂੰ ਦੂਜੇ ਖੇਤਰ ਦੇ ਹਿੱਤਾਂ ਦੇ ਵਿਰੁੱਧ ਖੜ੍ਹਾ ਕੀਤਾ ਜਾਂਦਾ ਹੈ। ਜਾਤੀ ਜਾਂ ਧਾਰਮਿਕ ਪਛਾਣ ਨੂੰ ਸਮਾਜਿਕ ਨਿਆਂ ਦੇ ਸਵਾਲ ਨਾਲ ਜੋੜਿਆ ਜਾਂਦਾ ਹੈ। ਆਜ਼ਾਦੀ ਤੋਂ ਤੁਰੰਤ ਬਾਅਦ ਦੇ ਭਾਰਤ ਦਾ ਰਾਜਨੀਤਕ ਚਿੱਤਰ ਅੱਜ ਦੇ ਭਾਰਤ ਤੋਂ ਕਾਫ਼ੀ ਵੱਖਰਾ ਸੀ। ਦੇਸ਼ ਵੰਡ ਦੀ ਭਿਆਨਕ ਤ੍ਰਾਸਦੀ ਵਿਚੋਂ ਨਿਕਲਿਆ ਸੀ। ਲੱਖਾਂ ਲੋਕ ਉੱਜੜੇ ਹੋਏ ਸਨ, ਹਜ਼ਾਰਾਂ ਪਰਿਵਾਰਾਂ ਦੇ ਘਰ ਅਤੇ ਜਾਇਦਾਦਾਂ ਪਿੱਛੇ ਰਹਿ ਗਈਆਂ ਸਨ ਅਤੇ ਨਵੇਂ ਬਣੇ ਦੇਸ਼ ਦੇ ਸਾਹਮਣੇ ਆਪਣੀ ਹੋਂਦ ਨੂੰ ਸਥਿਰ ਕਰਨ ਦੀ ਵੱਡੀ ਚੁਣੌਤੀ ਸੀ। ਕਿਸੇ ਹੱਦ ਤਕ ਰਾਸ਼ਟਰ-ਨਿਰਮਾਣ ਉਸ ਦੌਰ ਦੀ ਕੇਂਦਰੀ ਚਿੰਤਾ ਸੀ। ਸੰਵਿਧਾਨ ਦੀ ਰਚਨਾ, ਲੋਕਤੰਤਰੀ ਸੰਸਥਾਵਾਂ ਦੀ ਸਥਾਪਨਾ, ਰਿਆਸਤਾਂ ਦਾ ਏਕੀਕਰਨ, ਸ਼ਰਨਾਰਥੀਆਂ ਦਾ ਪੁਨਰਵਾਸ, ਖੇਤੀਬਾੜੀ ਅਤੇ ਉਦਯੋਗ ਦਾ ਵਿਕਾਸ, ਸਿੱਖਿਆ ਦਾ ਵਿਸਥਾਰ ਅਤੇ ਦੇਸ਼ ਨੂੰ ਆਰਥਿਕ ਤੌਰ 'ਤੇ ਖੜ੍ਹਾ ਕਰਨਾ, ਇਹ ਉਹ ਵੱਡੇ ਮਸਲੇ ਸਨ, ਜਿਨ੍ਹਾਂ ਨੇ ਪਹਿਲੀ ਪੀੜ੍ਹੀ ਦੇ ਭਾਰਤੀ ਰਾਜਨੀਤਕ ਆਗੂਆਂ ਦੀ ਸੋਚ ਨੂੰ ਪ੍ਰਭਾਵਿਤ ਕੀਤਾ ਸੀ। ਇਸ ਦਾ ਇਹ ਅਰਥ ਹਰਗਿਜ਼ ਨਹੀਂ ਕਿ ਉਸ ਸਮੇਂ ਸਮਾਜ ਵਿਚ ਜਾਤੀ, ਧਾਰਮਿਕ, ਭਾਸ਼ਾਈ ਜਾਂ ਖੇਤਰੀ ਵੱਖਰੇਵੇਂ ਨਹੀਂ ਸਨ। ਇਹ ਵੱਖਰੇਪਣ ਸਦੀਆਂ ਪੁਰਾਣੇ ਸਨ। ਪਰ ਨਵੇਂ ਗਣਰਾਜ ਦੀ ਰਾਜਨੀਤਕ ਕਲਪਨਾ ਵਿਚ ਇਨ੍ਹਾਂ ਵੱਖਰੀਆਂ ਪਛਾਣਾਂ ਨੂੰ ਇੱਕ ਸਾਂਝੀ ਭਾਰਤੀ ਨਾਗਰਿਕਤਾ ਦੇ ਅੰਦਰ ਜੋੜਨ ਦੀ ਕੋਸ਼ਿਸ਼ ਵਧੇਰੇ ਪ੍ਰਮੁੱਖ ਸੀ।



ਉਸ ਸਮੇਂ ਦੀ ਪ੍ਰਮੁੱਖ ਰਾਸ਼ਟਰੀ ਪਾਰਟੀ ਕਾਂਗਰਸ ਦੇ ਅੰਦਰ ਹੀ ਵੱਖ-ਵੱਖ ਵਿਚਾਰਧਾਰਾਵਾਂ, ਖੇਤਰੀ ਹਿੱਤਾਂ ਅਤੇ ਸਮਾਜਿਕ ਵਰਗਾਂ ਲਈ ਥਾਂ ਸੀ। ਵਿਰੋਧੀ ਧਿਰ ਵੀ ਮੌਜੂਦ ਸੀ ਅਤੇ ਵਿਚਾਰਧਾਰਕ ਬਹਿਸ ਵੀ ਸੀ, ਪਰ ਰਾਜਨੀਤੀ ਦਾ ਕੇਂਦਰੀ ਸਵਾਲ ਅਕਸਰ ਇਹ ਹੁੰਦਾ ਸੀ ਕਿ ਨਵੇਂ ਭਾਰਤ ਦੀ ਆਰਥਿਕ ਅਤੇ ਸਮਾਜਿਕ ਦਿਸ਼ਾ ਕੀ ਹੋਵੇ। ਹੌਲੀ-ਹੌਲੀ ਇਹ ਸਥਿਤੀ ਬਦਲਣੀ ਸ਼ੁਰੂ ਹੋਈ। ਜਿਵੇਂ-ਜਿਵੇਂ ਲੋਕਤੰਤਰ ਭਾਰਤੀ ਸਮਾਜ ਦੀਆਂ ਗਹਿਰਾਈਆਂ ਤੱਕ ਪਹੁੰਚਿਆ, ਵੱਖ-ਵੱਖ ਸਮਾਜਿਕ ਸਮੂਹਾਂ ਨੇ ਆਪਣੇ ਹੱਕਾਂ ਅਤੇ ਹਿੱਤਾਂ ਨੂੰ ਵਧੇਰੇ ਸੰਗਠਿਤ ਢੰਗ ਨਾਲ ਰਾਜਨੀਤੀ ਵਿਚ ਪੇਸ਼ ਕਰਨਾ ਸ਼ੁਰੂ ਕੀਤਾ। ਭਾਸ਼ਾ ਦੇ ਆਧਾਰ 'ਤੇ ਰਾਜਾਂ ਦੀ ਪੁਨਰ-ਰਚਨਾ ਹੋਈ। ਖੇਤਰੀ ਪਾਰਟੀਆਂ ਉੱਭਰੀਆਂ। ਪਿਛੜੇ ਵਰਗਾਂ, ਦਲਿਤਾਂ ਅਤੇ ਹੋਰ ਸਮਾਜਿਕ ਸਮੂਹਾਂ ਨੇ ਰਾਜਨੀਤਕ ਪ੍ਰਤੀਨਿਧਤਾ ਦੀ ਮੰਗ ਨੂੰ ਮਜ਼ਬੂਤ ਕੀਤਾ। ਧਰਮ ਬਹੁ ਗਿਣਤੀ ਅਤੇ ਘੱਟ ਗਿਣਤੀ ਸੰਬੰਧ ਵੀ ਰਾਜਨੀਤੀ ਦੇ ਮਹੱਤਵਪੂਰਨ ਮੁੱਦੇ ਬਣੇ। ਇਹ ਸਾਰਾ ਕੁਝ ਲੋਕਤੰਤਰ ਦੀ ਕੁਦਰਤੀ ਪ੍ਰਕਿਰਿਆ ਦਾ ਹਿੱਸਾ ਵੀ ਸੀ। ਜਿਹੜੇ ਸਮੂਹ ਲੰਮੇ ਸਮੇਂ ਤੱਕ ਹਾਸ਼ੀਏ 'ਤੇ ਰਹੇ ਸਨ, ਉਨ੍ਹਾਂ ਦਾ ਰਾਜਨੀਤਕ ਤੌਰ 'ਤੇ ਆਪਣੀ ਆਵਾਜ਼ ਉਠਾਉਣਾ ਲੋਕਤੰਤਰ ਦੀ ਕਮਜ਼ੋਰੀ ਨਹੀਂ, ਬਲਕਿ ਉਸ ਦੀ ਇੱਕ ਮਹੱਤਵਪੂਰਨ ਪ੍ਰਾਪਤੀ ਸੀ। ਪਰ ਇਸ ਦੇ ਨਾਲ ਇੱਕ ਹੋਰ ਤਬਦੀਲੀ ਵੀ ਆਈ। ਸਮਾਜਿਕ ਪਛਾਣ ਹੌਲੀ-ਹੌਲੀ ਚੋਣਾਂ ਦੇ ਗਣਿਤ ਵਿਚ ਬਦਲਣ ਲੱਗੀ। ਜਾਤ, ਧਰਮ, ਭਾਸ਼ਾ ਜਾਂ ਖੇਤਰ ਦੇ ਆਧਾਰ 'ਤੇ ਲੋਕਾਂ ਦਾ ਆਪਣੇ ਹੱਕਾਂ ਲਈ ਸੰਗਠਿਤ ਹੋਣਾ ਆਪਣੇ ਆਪ ਵਿਚ ਗ਼ਲਤ ਨਹੀਂ। ਲੋਕਤੰਤਰ ਵਿਚ ਹਰ ਸਮੂਹ ਨੂੰ ਆਪਣੀ ਆਵਾਜ਼ ਉਠਾਉਣ ਦਾ ਹੱਕ ਹੈ। ਪਰ ਸਮੱਸਿਆ ਉਦੋਂ ਪੈਦਾ ਹੋਣੀ ਸ਼ੁਰੂ ਹੋਈ ਜਦੋਂ ਰਾਜਨੀਤਕ ਪਾਰਟੀਆਂ ਨੇ ਸਮਾਜਿਕ ਵੰਡਾਂ ਨੂੰ ਹੱਲ ਕਰਨ ਦੀ ਥਾਂ ਉਨ੍ਹਾਂ ਨੂੰ ਸਥਾਈ ਚੁਣਾਵੀ ਧਰੁਵੀਕਰਨ ਵਿਚ ਬਦਲਣ ਲੱਗੀਆਂ। ਇੱਕ ਵਾਰ ਜਦੋਂ ਕੋਈ ਪਛਾਣ ਇੱਕ ਪੱਕੇ ਵੋਟ ਬੈਂਕ ਵਿਚ ਬਦਲ ਜਾਂਦੀ ਹੈ ਤਾਂ ਉਸ ਸਮੂਹ ਦੀਆਂ ਅਸਲ ਸਮੱਸਿਆਵਾਂ ਨਾਲੋਂ ਉਸ ਦੀਆਂ ਵੋਟਾਂ ਵਧੇਰੇ ਮਹੱਤਵਪੂਰਨ ਹੋ ਜਾਂਦੀਆਂ ਹਨ। ਇਹੀ ਉਹ ਮੋੜ ਹੈ ਜਿੱਥੋਂ ਭਾਰਤੀ ਰਾਜਨੀਤੀ ਵਿਚ ਲੋਕ-ਹਿੱਤ ਅਤੇ ਵੋਟ-ਹਿੱਤ ਵਿਚਕਾਰ ਫ਼ਰਕ ਹੌਲੀ-ਹੌਲੀ ਵਧਦਾ ਗਿਆ।

ਭਾਰਤੀ ਰਾਜਨੀਤੀ ਦੇ ਇਤਿਹਾਸ ਦਾ ਇਹ ਪੂਰਾ ਸਫ਼ਰ ਅੱਜ ਦੀ ਜੈੱਨ ਜ਼ੀ ਲਈ ਬਹੁਤ ਮਹੱਤਵਪੂਰਨ ਹੈ। ਇਹ ਪੀੜ੍ਹੀ ਅਜਿਹੇ ਭਾਰਤ ਵਿਚ ਜਨਮੀ ਹੈ ਜਿੱਥੇ ਪਛਾਣਾਂ ਦੀ ਰਾਜਨੀਤੀ ਪਹਿਲਾਂ ਹੀ ਕਾਫ਼ੀ ਮਜ਼ਬੂਤ ਹੈ। ਪਰ ਇਸ ਕੋਲ ਉਹ ਡਿਜੀਟਲ ਤਾਕਤ ਵੀ ਹੈ ਜਿਸ ਨਾਲ ਇਹ ਵੱਖ-ਵੱਖ ਸਮਾਜਾਂ, ਖੇਤਰਾਂ ਅਤੇ ਵਿਚਾਰਾਂ ਨੂੰ ਇੱਕੋ ਸਮੇਂ ਦੇਖ ਸਕਦੀ ਹੈ। ਇਸ ਲਈ ਇਸ ਪੀੜ੍ਹੀ ਸਾਹਮਣੇ ਚੋਣ ਇਹ ਹੈ ਕਿ ਕੀ ਉਹ ਪੁਰਾਣੀ ਵੋਟ-ਬੈਂਕ ਰਾਜਨੀਤੀ ਦਾ ਇੱਕ ਹੋਰ ਹਿੱਸਾ ਬਣੇਗੀ, ਜਾਂ ਰਾਜਨੀਤੀ ਨੂੰ ਮੁੜ ਨਾਗਰਿਕ-ਕੇਂਦਰਿਤ ਬਣਾਉਣ ਦੀ ਮੰਗ ਕਰੇਗੀ? ਕੀ ਉਹ ਪੁੱਛੇਗੀ ਕਿ ਮੇਰੀ ਜਾਤ ਨੂੰ ਕੀ ਮਿਲਿਆ? ਜਾਂ ਇਹ ਵੀ ਪੁੱਛੇਗੀ ਕਿ ਮੇਰੇ ਦੇਸ਼ ਦੇ ਹਰ ਨਾਗਰਿਕ ਨੂੰ ਕੀ ਮਿਲਿਆ? ਕੀ ਉਹ ਸਿਰਫ਼ ਇਹ ਦੇਖੇਗੀ ਕਿ ਮੇਰੇ ਧਰਮ ਜਾਂ ਖੇਤਰ ਨੂੰ ਕੀ ਫ਼ਾਇਦਾ ਹੋਇਆ? ਜਾਂ ਇਹ ਵੀ ਪੁੱਛੇਗੀ ਕਿ ਸੰਵਿਧਾਨ ਨੇ ਹਰ ਨਾਗਰਿਕ ਨੂੰ ਦਿੱਤੇ ਹੱਕ ਅਸਲ ਜੀਵਨ ਵਿਚ ਕਿੰਨੇ ਸੁਰੱਖਿਅਤ ਹਨ?

ਸ਼ਾਇਦ ਇੱਥੇ ਹੀ ਜੈੱਨ ਜ਼ੀ ਦੇ ਜਾਗਣ ਦੀ ਅਸਲ ਮਹੱਤਤਾ ਲੁਕੀ ਹੋਈ ਹੈ। ਕਿਉਂਕਿ ਜੇ ਨਵੀਂ ਪੀੜ੍ਹੀ ਪਛਾਣਾਂ ਨੂੰ ਨਕਾਰਦੀ ਨਹੀਂ, ਪਰ ਉਨ੍ਹਾਂ ਨੂੰ ਨਾਗਰਿਕਤਾ ਤੋਂ ਉੱਪਰ ਵੀ ਨਹੀਂ ਰੱਖਦੀ, ਤਾਂ ਭਾਰਤੀ ਲੋਕਤੰਤਰ ਇੱਕ ਨਵੇਂ ਪੜਾਅ ਵਿਚ ਦਾਖ਼ਲ ਹੋ ਸਕਦਾ ਹੈ। ਫਿਰ ਸਵਾਲ ਸਿਰਫ਼ ਇਹ ਨਹੀਂ ਰਹੇਗਾ ਕਿ ਕੌਣ ਕਿਸ ਨੂੰ ਵੋਟ ਦੇਵੇਗਾ? ਸਗੋਂ ਸਵਾਲ ਇਹ ਹੋਵੇਗਾ ਜਿਹੜਾ ਵੀ ਸੱਤਾ ਵਿਚ ਆਵੇ, ਉਹ ਸਾਡੇ ਲਈ ਕੀ ਕਰੇਗਾ? ਇਹ ਤਬਦੀਲੀ ਛੋਟੀ ਨਹੀਂ ਹੋਵੇਗੀ। ਇਹ ਭਾਰਤ ਦੀ ਰਾਜਨੀਤੀ ਨੂੰ ਵੋਟਰ-ਬਲਾਕ ਤੋਂ ਨਾਗਰਿਕ, ਪਛਾਣ ਤੋਂ ਨੀਤੀ ਅਤੇ ਚੋਣੀ ਵਾਅਦਿਆਂ ਤੋਂ ਜਵਾਬਦੇਹੀ ਵੱਲ ਲਿਜਾਣ ਵਾਲੀ ਤਬਦੀਲੀ ਹੋ ਸਕਦੀ ਹੈ। ਪੁਰਾਣੇ ਸਮੇਂ ਵਿਚ ਆਮ ਨੌਜਵਾਨ ਦੀ ਸਿਆਸਤ ਨਾਲ ਮੁਲਾਕਾਤ ਚੋਣਾਂ ਦੇ ਸਮੇਂ ਹੁੰਦੀ ਸੀ। ਨੇਤਾ ਪਿੰਡਾਂ ਵਿਚ ਆਉਂਦੇ, ਰੈਲੀਆਂ ਹੁੰਦੀਆਂ, ਭਾਸ਼ਣ ਹੁੰਦੇ ਅਤੇ ਲੋਕ ਵੋਟ ਪਾਉਂਦੇ। ਪਰ ਅੱਜ ਰਾਜਨੀਤੀ 24 ਘੰਟੇ ਮੋਬਾਈਲ ਦੀ ਸਕਰੀਨ 'ਤੇ ਮੌਜੂਦ ਹੈ। ਕਿਸੇ ਵੀ ਨੇਤਾ ਦੀ ਇੱਕ ਗੱਲ ਕੁਝ ਸਕਿੰਟਾਂ ਵਿਚ ਲੱਖਾਂ ਲੋਕਾਂ ਤੱਕ ਪਹੁੰਚ ਸਕਦੀ ਹੈ। ਉਸੇ ਤਰ੍ਹਾਂ ਆਮ ਨੌਜਵਾਨ ਦੀ ਇੱਕ ਵੀਡੀਓ ਵੀ ਲੱਖਾਂ ਲੋਕਾਂ ਤੱਕ ਪਹੁੰਚ ਸਕਦੀ ਹੈ। ਇਹ ਇੱਕ ਵੱਡਾ ਬਦਲਾਅ ਹੈ। ਪਹਿਲਾਂ ਰਾਜਨੀਤਕ ਆਗੂ ਲੋਕਾਂ ਨੂੰ ਸੰਬੋਧਨ ਕਰਦੇ ਸਨ, ਹੁਣ ਲੋਕ ਵੀ ਨੇਤਾਵਾਂ ਨੂੰ ਸੰਬੋਧਨ ਹੁੰਦੇ ਹਨ। ਇਹੀ ਡਿਜੀਟਲ ਯੁੱਗ ਦੀ ਰਾਜਨੀਤਿਕ ਤਬਦੀਲੀ ਹੈ।

ਭਾਰਤ ਵਿਚ ਕੁਝ ਲੋਕਾਂ ਦਾ ਮੰਨਣਾ ਹੈ ਕਿ ਜੈੱਨ ਜ਼ੀ ਦਾ ਅੰਦੋਲਨ ਸ਼ਹਿਰੀ ਵਰਗ ਦੀ ਇਲੀਟ ਕਲਾਸ ਦਾ ਅੰਦੋਲਨ ਹੈ, ਪਿੰਡਾਂ ਦੇ ਨੌਜਵਾਨਾਂ ਦਾ ਇਸ ਨਾਲ ਸਬੰਧ ਨਹੀਂ। ਭਾਵੇਂ ਇਹ ਧਾਰਨਾ ਆਮ ਹੈ ਪਰ ਪੂਰੀ ਤਰ੍ਹਾਂ ਸਹੀ ਨਹੀਂ। ਕਾਕਰੋਚ ਜਨਤਾ ਪਾਰਟੀ ਤੇ ਬੇ-ਭਰੋਸਗੀ ਦੇ ਸੁਆਲ ਚੁੱਕੇ ਗਏ ਕਿ ਇਹ ਕਿਸੇ ਏਜੰਡੇ ਤਹਿਤ ਖ਼ੁਦ ਭਾਰਤੀ ਜਨਤਾ ਪਾਰਟੀ ਦੀ ਇੱਕ ਰਾਜਨੀਤਕ ਚਾਲ ਹੈ। ਕਈ ਲੋਕਾਂ ਨੇ ਇਹ ਸ਼ੱਕ ਜ਼ਾਹਰ ਕੀਤਾ ਕਿ ਕਿਤੇ ਇਹ ਸਾਰਾ ਘਟਨਾਕ੍ਰਮ ਕਿਸੇ ਸੋਚੀ-ਸਮਝੀ ਰਾਜਨੀਤਕ ਰਣਨੀਤੀ ਦਾ ਹਿੱਸਾ ਤਾਂ ਨਹੀਂ? ਇਹ ਸਵਾਲ ਵੀ ਚਰਚਾ ਵਿਚ ਆਇਆ ਕਿ ਕਿਤੇ ਕਾਕਰੋਚ ਜਨਤਾ ਪਾਰਟੀ ਖ਼ੁਦ ਭਾਰਤੀ ਜਨਤਾ ਪਾਰਟੀ ਦੀ ਕਿਸੇ ਅੰਦਰੂਨੀ ਜਾਂ ਪਰੋਖ ਰਾਜਨੀਤਕ ਚਾਲ ਵਜੋਂ ਤਾਂ ਨਹੀਂ ਉਭਾਰੀ ਗਈ ਤਾਂ ਜੋ ਵਿਰੋਧੀ ਵੋਟਾਂ ਵਿਚ ਵੰਡ ਪੈਦਾ ਕੀਤੀ ਜਾ ਸਕੇ ਅਤੇ ਇਸ ਦਾ ਸਿਆਸੀ ਲਾਭ ਭਾਜਪਾ ਨੂੰ ਮਿਲੇ। ਹਾਲਾਂਕਿ ਅਜਿਹੇ ਸ਼ੱਕਾਂ ਨੂੰ ਸਾਬਤ ਕਰਨ ਲਈ ਠੋਸ ਤੱਥਾਂ ਦੀ ਲੋੜ ਹੈ, ਪਰ ਰਾਜਨੀਤੀ ਵਿਚ ਅਜਿਹੇ ਸਵਾਲਾਂ ਦਾ ਉੱਠਣਾ ਆਪਣੇ-ਆਪ ਵਿਚ ਇਸ ਘਟਨਾਕ੍ਰਮ ਦੀ ਭਰੋਸੇਯੋਗਤਾ ਉੱਤੇ ਇੱਕ ਮਹੱਤਵਪੂਰਨ ਪ੍ਰਸ਼ਨ ਚਿੰਨ੍ਹ ਲਾ ਦਿੰਦਾ ਹੈ। ਭਾਰਤ ਵਿਚ ਭ੍ਰਿਸ਼ਟਾਚਾਰ ਵਿਰੁੱਧ ਅੰਨਾ ਹਜ਼ਾਰੇ ਦੇ 2011 ਦੇ ਅੰਦੋਲਨ ਦੀ ਮਿਸਾਲ ਵੀ ਇਸ ਸੰਦਰਭ ਵਿਚ ਦਿੱਤੀ ਜਾਂਦੀ ਹੈ। ਅੰਦੋਲਨ ਦਾ ਐਲਾਨੀ ਮਕਸਦ ਭ੍ਰਿਸ਼ਟਾਚਾਰ ਵਿਰੁੱਧ ਜਨਤਕ ਦਬਾਅ ਬਣਾਉਣਾ ਅਤੇ ਲੋਕਪਾਲ ਦੀ ਮੰਗ ਨੂੰ ਮਜ਼ਬੂਤ ਕਰਨਾ ਸੀ, ਪਰ ਇਸ ਦੇ ਪਿੱਛੇ ਵੱਖ-ਵੱਖ ਸਿਆਸੀ ਅਤੇ ਸਮਾਜਿਕ ਤਾਕਤਾਂ ਦੀ ਭੂਮਿਕਾ ਬਾਰੇ ਸਵਾਲ ਵੀ ਉੱਠੇ। ਖ਼ਾਸ ਕਰਕੇ ਇਹ ਚਰਚਾ ਹੋਈ ਕਿ ਆਰ.ਐਸ.ਐਸ. ਨਾਲ ਜੁੜੇ ਜਾਂ ਉਸ ਦੇ ਨੇੜੇ ਮੰਨੇ ਜਾਂਦੇ ਲੋਕਾਂ ਅਤੇ ਸੰਗਠਨਾਂ ਨੇ ਅੰਦੋਲਨ ਨੂੰ ਜਨਤਕ ਸਮਰਥਨ ਦੇਣ ਵਿਚ ਸਰਗਰਮ ਭੂਮਿਕਾ ਨਿਭਾਈ। ਆਲੋਚਕਾਂ ਨੇ ਸਵਾਲ ਉਠਾਇਆ ਕਿ ਕੀ ਇੱਕ ਗੈਰ-ਸਿਆਸੀ ਅਤੇ ਭ੍ਰਿਸ਼ਟਾਚਾਰ ਵਿਰੋਧੀ ਜਨ ਅੰਦੋਲਨ ਦੇ ਪਿੱਛੇ ਕੋਈ ਵੱਡੀ ਸਿਆਸੀ ਰਣਨੀਤੀ ਵੀ ਕੰਮ ਕਰ ਰਹੀ ਸੀ। ਉਸ ਸਮੇਂ ਵੀ ਭ੍ਰਿਸ਼ਟਾਚਾਰ ਵਿਰੁੱਧ ਅੰਨਾ ਹਜ਼ਾਰੇ ਦੇ ਅੰਦੋਲਨ ਦੀ ਲੋਕਪ੍ਰਿਯਤਾ ਨੂੰ ਤਤਕਾਲੀ ਕਾਂਗਰਸ ਸਰਕਾਰ ਵਿਰੁੱਧ ਜਨਮਤ ਬਣਾਉਣ ਅਤੇ ਭਵਿੱਖ ਵਿਚ ਭਾਜਪਾ ਲਈ ਸਿਆਸੀ ਮਾਹੌਲ ਤਿਆਰ ਕਰਨ ਵਾਸਤੇ ਵਰਤਿਆ ਗਿਆ ਸੀ।

'ਬਦਲਾਅ' ਦੇ ਨਾਅਰੇ ਹੇਠ ਉੱਭਰੀ ਆਮ ਆਦਮੀ ਪਾਰਟੀ 'ਤੋਂ ਲੋਕਾਂ ਨੂੰ ਉਮੀਦ ਸੀ ਕਿ ਇਹ ਭਾਰਤ ਦੀ ਰਵਾਇਤੀ ਅਤੇ ਭ੍ਰਿਸ਼ਟ ਸਿਆਸੀ ਵਿਵਸਥਾ ਦਾ ਕੋਈ ਨਵਾਂ ਬਦਲ ਪੇਸ਼ ਕਰੇਗੀ। ਪਰ ਸਮੇਂ ਦੇ ਨਾਲ ਜਦੋਂ ਇਹ ਪਾਰਟੀ ਵੀ ਉਸੇ ਸਿਆਸੀ ਸਿਸਟਮ ਦਾ ਹਿੱਸਾ ਬਣ ਗਈ, ਜਿਸ ਦੇ ਵਿਰੁੱਧ ਖੜ੍ਹੇ ਹੋਣ ਦਾ ਦਾਅਵਾ ਕਰਕੇ ਇਹ ਲੋਕਾਂ ਦੇ ਵਿਚਕਾਰ ਆਈ ਸੀ, ਤਾਂ ਇਸ ਦੇ ਵਾਅਦਿਆਂ ਅਤੇ ਅਮਲ ਵਿਚਕਾਰਲਾ ਫ਼ਰਕ ਲੋਕਾਂ ਨੂੰ ਨਿਰਾਸ਼ ਕਰਨ ਲੱਗਾ। ਇਸ ਦਾ ਇੱਕ ਵੱਡਾ ਨੁਕਸਾਨ ਸਿਰਫ਼ ਕਿਸੇ ਇੱਕ ਪਾਰਟੀ ਦੀ ਭਰੋਸੇਯੋਗਤਾ ਨੂੰ ਨਹੀਂ ਹੋਇਆ, ਸਗੋਂ ਲੋਕਾਂ ਦਾ ਅੰਦੋਲਨ ਦੀ ਸਿਆਸਤ ਉੱਤੇ ਭਰੋਸੇ ਨੂੰ ਵੀ ਝਟਕਾ ਲੱਗਾ। ਜਦੋਂ ਕੋਈ ਜਨ ਅੰਦੋਲਨ ਸਿਆਸੀ ਬਦਲਾਅ ਦਾ ਵਾਅਦਾ ਕਰਦਾ ਹੈ ਅਤੇ ਬਾਅਦ ਵਿਚ ਉਹੀ ਸੱਤਾ ਕੇਂਦਰਿਤ ਰਾਜਨੀਤੀ ਦਾ ਹਿੱਸਾ ਬਣ ਜਾਂਦਾ ਹੈ, ਤਾਂ ਆਮ ਆਦਮੀ ਦੇ ਮਨ ਵਿਚ ਇਹ ਸ਼ੱਕ ਪੈਦਾ ਹੋਣਾ ਸੁਭਾਵਿਕ ਹੈ ਕਿ ਕਿਤੇ ਹਰ ਅੰਦੋਲਨ ਦੇ ਪਿੱਛੇ ਕੋਈ ਹੋਰ ਸਿਆਸੀ ਏਜੰਡਾ ਤਾਂ ਨਹੀਂ ਚੱਲ ਰਿਹਾ। ਇਸੇ ਕਰਕੇ ਅੱਜ ਆਮ ਲੋਕ ਕਿਸੇ ਵੀ ਨਵੇਂ ਅੰਦੋਲਨ, ਨਵੇਂ ਨਾਅਰੇ ਜਾਂ ਨਵੇਂ ਸਿਆਸੀ ਚਿਹਰੇ ਨੂੰ ਪਹਿਲਾਂ ਵਾਲੀ ਸਾਦਗੀ ਨਾਲ ਸਵੀਕਾਰ ਨਹੀਂ ਕਰਦੇ। ਉਹ ਪੁੱਛਦੇ ਹਨ ਇਸ ਅੰਦੋਲਨ ਨੂੰ ਕੌਣ ਚਲਾ ਰਿਹਾ ਹੈ? ਪੈਸਾ ਕਿੱਥੋਂ ਆ ਰਿਹਾ ਹੈ? ਇਸ ਦੇ ਪਿੱਛੇ ਕਿਹੜੀਆਂ ਤਾਕਤਾਂ ਹਨ ਅਤੇ ਆਖ਼ਰ ਇਸ ਦਾ ਸਿਆਸੀ ਲਾਭ ਕਿਸ ਨੂੰ ਮਿਲੇਗਾ? ਇਸ ਦਾ ਇੱਕ ਪੱਖ ਇਹ ਵੀ ਹੈ ਕਿ ਲੋਕ ਹੁਣ ਸਿਰਫ਼ ਨਾਅਰਿਆਂ ਨਾਲ ਸੰਤੁਸ਼ਟ ਹੋਣ ਦੀ ਬਜਾਏ ਅੰਦੋਲਨ ਦੇ ਸਰੋਤ, ਨੇਤ੍ਰਿਤਵ, ਵਿਚਾਰਧਾਰਾ ਅਤੇ ਅੰਤਿਮ ਸਿਆਸੀ ਨਤੀਜੇ ਨੂੰ ਵੀ ਪਰਖਣਾ ਚਾਹੁੰਦੇ ਹਨ।

ਹੁਣ ਸੁਆਲ ਪੈਦਾ ਹੁੰਦਾ ਹੈ ਕਿ ਪੰਜਾਬ ਹਮੇਸ਼ ਜਾਗ੍ਰਿਤੀ ਦਾ ਅਲੰਬਰਦਾਰ ਰਿਹਾ ਹੈ ਪਰ ਘਓਂ -ਢ ਅੰਦੋਲਨ ਨੂੰ ਮੱਠਾ ਹੁੰਗਾਰਾ ਕਿਉਂ? ਪੰਜਾਬ ਨੂੰ ਹਮੇਸ਼ਾ ਜਾਗ੍ਰਿਤੀ, ਵਿਰੋਧ ਅਤੇ ਲੋਕ-ਸੰਘਰਸ਼ਾਂ ਦੀ ਧਰਤੀ ਮੰਨਿਆ ਗਿਆ ਹੈ। ਇੱਥੋਂ ਦੀ ਮਿੱਟੀ ਨੇ ਸਮੇਂ-ਸਮੇਂ 'ਤੇ ਅਜਿਹੀਆਂ ਲਹਿਰਾਂ ਨੂੰ ਜਨਮ ਦਿੱਤਾ ਹੈ, ਜਿਨ੍ਹਾਂ ਨੇ ਸਿਰਫ਼ ਪੰਜਾਬ ਹੀ ਨਹੀਂ, ਸਗੋਂ ਦੇਸ਼ ਦੀ ਰਾਜਨੀਤੀ ਨੂੰ ਵੀ ਪ੍ਰਭਾਵਿਤ ਕੀਤਾ। ਫਿਰ ਅੱਜ ਜਦੋਂ ਜੈੱਨ ਜ਼ੀ ਦੁਨੀਆ ਦੇ ਕਈ ਹਿੱਸਿਆਂ ਵਿਚ ਸੱਤਾ, ਭ੍ਰਿਸ਼ਟਾਚਾਰ ਅਤੇ ਪੁਰਾਣੇ ਰਾਜਨੀਤਕ ਢਾਂਚਿਆਂ ਵਿਰੁੱਧ ਆਪਣੀ ਆਵਾਜ਼ ਬੁਲੰਦ ਕਰ ਰਹੀ ਹੈ, ਤਾਂ ਪੰਜਾਬ ਵਿਚ ਇਸ ਦੀ ਗੂੰਜ ਤੁਲਨਾਤਮਿਕ ਤੌਰ 'ਤੇ ਮੱਠੀ ਕਿਉਂ ਸੁਣਾਈ ਦਿੰਦੀ ਹੈ? ਇਸ ਦਾ ਇੱਕ ਵੱਡਾ ਕਾਰਨ ਸ਼ਾਇਦ ਅੰਦੋਲਨਾਂ ਪ੍ਰਤੀ ਪੈਦਾ ਹੋਇਆ ਲੋਕ-ਬੇਭਰੋਸਗੀ ਹੈ। ਪੰਜਾਬ ਨੇ ਅੰਦੋਲਨਾਂ ਦੇ ਉਭਾਰ ਵੀ ਵੇਖੇ ਹਨ ਅਤੇ ਉਨ੍ਹਾਂ ਦੀ ਸਿਆਸੀ ਵਰਤੋਂ ਵੀ। ਲੋਕਾਂ ਨੇ ਕਈ ਵਾਰ ਦੇਖਿਆ ਕਿ ਜਨਤਾ ਦੀਆਂ ਭਾਵਨਾਵਾਂ ਅਤੇ ਕੁਰਬਾਨੀਆਂ ਕਿਸੇ ਨਾ ਕਿਸੇ ਪੜਾਅ 'ਤੇ ਸਿਆਸੀ ਪਾਰਟੀਆਂ ਦੀ ਸੱਤਾ ਦੀ ਲੜਾਈ ਦਾ ਸਾਧਨ ਬਣ ਜਾਂਦੀਆਂ ਹਨ। ਅੰਨਾ ਹਜ਼ਾਰੇ ਦੇ ਭ੍ਰਿਸ਼ਟਾਚਾਰ ਵਿਰੋਧੀ ਅੰਦੋਲਨ ਤੋਂ ਲੈ ਕੇ 'ਬਦਲਾਅ' ਦੇ ਨਾਅਰੇ ਨਾਲ ਉੱਭਰੀ ਆਮ ਆਦਮੀ ਪਾਰਟੀ ਤੱਕ ਦਾ ਸਫ਼ਰ ਵੀ ਇਸ ਬੇਭਰੋਸਗੀ ਨੂੰ ਸਮਝਣ ਲਈ ਇੱਕ ਮਹੱਤਵਪੂਰਨ ਉਦਾਹਰਨ ਬਣਿਆ। ਜਿਸ ਰਾਜਨੀਤੀ ਤੋਂ ਲੋਕਾਂ ਨੂੰ ਰਵਾਇਤੀ ਸਿਸਟਮ ਦੇ ਬਦਲ ਦੀ ਆਸ ਸੀ, ਉਹ ਵੀ ਆਖ਼ਰਕਾਰ ਉਸੇ ਚੁਣਾਵੀ ਅਤੇ ਸੱਤਾ-ਕੇਂਦਰਿਤ ਪ੍ਰਬੰਧ ਦਾ ਹਿੱਸਾ ਬਣ ਗਈ। ਇਸ ਤਜਰਬੇ ਨੇ ਆਮ ਨਾਗਰਿਕ ਨੂੰ ਹੋਰ ਸਾਵਧਾਨ ਕਰ ਦਿੱਤਾ। ਪੰਜਾਬ ਵਿਚ ਇਤਿਹਾਸਕ ਤੌਰ 'ਤੇ ਅੰਦੋਲਨ ਸੰਗਠਨ, ਪਿੰਡਾਂ, ਧਾਰਮਿਕ-ਸਮਾਜਿਕ ਸੰਸਥਾਵਾਂ ਅਤੇ ਲੰਬੇ ਸਮੇਂ ਦੀ ਜਥੇਬੰਦੀ ਨਾਲ ਜੁੜੇ ਰਹੇ ਹਨ। ਜੈੱਨ ਜ਼ੀ ਅੰਦੋਲਨ ਅਤੇ ਪੰਜਾਬ ਦੀ ਤਾਸੀਰ ਅਤੇ ਦੋਹਾਂ ਅੰਦੋਲਨਾਂ ਦੀ ਰਾਜਨੀਤਕ ਸ਼ੈਲੀ ਵਿਚ ਵੱਡਾ ਫ਼ਰਕ ਹੈ। ਇਸ ਲਈ ਪੰਜਾਬ ਦਾ ਨੌਜਵਾਨ ਹੁਣ ਹਰ ਨਵੇਂ ਅੰਦੋਲਨ ਨੂੰ ਤੁਰੰਤ ਆਪਣਾ ਅੰਦੋਲਨ ਨਹੀਂ ਮੰਨਦਾ।

ਉੱਤਰ ਪ੍ਰਦੇਸ਼, ਬਿਹਾਰ ਅਤੇ ਮੱਧ ਪ੍ਰਦੇਸ਼ ਵਰਗੇ ਵੱਡੀ ਆਬਾਦੀ ਵਾਲੇ ਸੂਬਿਆਂ ਵਿਚ ਨੌਜਵਾਨਾਂ ਦੀ ਗਿਣਤੀ ਬਹੁਤ ਵੱਡੀ ਹੈ। ਇਹ ਨੌਜਵਾਨ ਦੇਸ਼ ਦੀ ਸਭ ਤੋਂ ਵੱਡੀ ਸਮਾਜਿਕ ਅਤੇ ਆਰਥਿਕ ਤਾਕਤ ਬਣ ਸਕਦੇ ਸਨ। ਪਰ ਚਿੰਤਾ ਦੀ ਗੱਲ ਇਹ ਹੈ ਕਿ ਨੌਜਵਾਨੀ ਦੀ ਇਸ ਊਰਜਾ ਦਾ ਇੱਕ ਹਿੱਸਾ ਸਿੱਖਿਆ, ਰੁਜ਼ਗਾਰ, ਵਿਗਿਆਨ ਅਤੇ ਸਮਾਜਿਕ ਤਰੱਕੀ ਦੇ ਮੁੱਦਿਆਂ ਦੀ ਥਾਂ ਧਾਰਮਿਕ ਪਛਾਣ ਅਤੇ ਟਕਰਾਅ ਦੀ ਰਾਜਨੀਤੀ ਵੱਲ ਜਾਂਦਾ ਦਿਖਾਈ ਦਿੰਦਾ ਹੈ। ਗਊ ਰੱਖਿਆ' ਵਰਗੇ ਧਾਰਮਿਕ ਸੱਭਿਆਚਾਰਕ ਮੁੱਦਿਆਂ ਨੂੰ ਜਦੋਂ ਰਾਜਨੀਤਕ ਧਰੁਵੀਕਰਨ ਨਾਲ ਜੋੜ ਦਿੱਤਾ ਜਾਂਦਾ ਹੈ, ਤਾਂ ਇੱਕ ਸਮਾਜਿਕ ਮੁੱਦਾ ਨਫ਼ਰਤੀ ਰਾਜਨੀਤੀ ਵਿਚ ਬਦਲ ਜਾਂਦਾ ਹੈ। ਇਸ ਮਾਹੌਲ ਵਿਚ ਹਿੰਦੂ-ਮੁਸਲਿਮ ਵੰਡ, ਸ਼ੱਕ ਅਤੇ ਨਫ਼ਰਤ ਨੌਜਵਾਨਾਂ ਦੀ ਰਾਜਨੀਤਕ ਸੋਚ ਨੂੰ ਪ੍ਰਭਾਵਿਤ ਕਰ ਰਹੀ ਹੈ। ਇਸ ਦਾ ਸਭ ਤੋਂ ਵੱਡਾ ਨੁਕਸਾਨ ਇਹ ਹੈ ਕਿ ਬੇਰੁਜ਼ਗਾਰੀ, ਮਹਿੰਗਾਈ, ਸਿੱਖਿਆ, ਸਿਹਤ, ਉਦਯੋਗ ਅਤੇ ਰੁਜ਼ਗਾਰ ਵਰਗੇ ਬੁਨਿਆਦੀ ਸਵਾਲ ਪਿੱਛੇ ਧੱਕੇ ਜਾਂਦੇ ਹਨ। ਇੱਥੇ ਅਸਲ ਸਵਾਲ ਧਰਮ ਦਾ ਨਹੀਂ, ਨੌਜਵਾਨੀ ਦੀ ਊਰਜਾ ਨੂੰ ਦਿੱਤੀ ਜਾਣ ਵਾਲੀ ਦਿਸ਼ਾ ਦਾ ਹੈ। ਜੇ ਨੌਜਵਾਨ ਨੂੰ ਕਿਤਾਬ, ਪ੍ਰਯੋਗਸ਼ਾਲਾ, ਹੁਨਰ, ਰੁਜ਼ਗਾਰ ਅਤੇ ਨਵੀਂ ਤਕਨਾਲੋਜੀ ਦੀ ਥਾਂ ਧਾਰਮਿਕ ਪਛਾਣ ਦੀ ਰੱਖਿਆ ਅਤੇ ਦੂਜੇ ਧਰਮ ਪ੍ਰਤੀ ਸ਼ੱਕ ਸਿਖਾਇਆ ਜਾਵੇ, ਤਾਂ ਇਹ ਸਿਰਫ਼ ਇੱਕ ਪੀੜ੍ਹੀ ਨੂੰ ਨਹੀਂ, ਸਗੋਂ ਪੂਰੇ ਸਮਾਜ ਦੀ ਭਵਿੱਖੀ ਸਮਰੱਥਾ ਨੂੰ ਕਮਜ਼ੋਰ ਕਰ ਸਕਦਾ ਹੈ।

ਭਾਰਤੀ ਰਾਜਨੀਤੀ ਦੇ ਮੌਜੂਦਾ ਰੁਝਾਨਾਂ ਨੂੰ ਦੇਖਦਿਆਂ ਇੱਕ ਗੰਭੀਰ ਸਵਾਲ ਉੱਠਦਾ ਹੈ ਕਿ ਰਾਜਨੀਤਕ ਪਾਰਟੀਆਂ ਲਈ ਇੱਕ ਅਜਿਹਾ ਨੌਜਵਾਨ ਵਰਗ ਵਧੇਰੇ ਸੁਵਿਧਾਜਨਕ ਹੈ ਜੋ ਆਪਣੇ ਹੱਕਾਂ, ਸੰਵਿਧਾਨਕ ਅਧਿਕਾਰਾਂ, ਆਰਥਿਕ ਨੀਤੀਆਂ ਅਤੇ ਰਾਜਨੀਤਕ ਫ਼ੈਸਲਿਆਂ ਬਾਰੇ ਡੂੰਘੀ ਜਾਣਕਾਰੀ ਨਾ ਰੱਖਦਾ ਹੋਵੇ? ਇਹ ਜ਼ਰੂਰ ਵਿਚਾਰਨ ਵਾਲੀ ਗੱਲ ਹੈ ਕਿ ਇੱਕ ਸਿੱਖਿਆ ਯਾਫ਼ਤਾ, ਤਰਕਸ਼ੀਲ ਅਤੇ ਸਵਾਲ ਪੁੱਛਣ ਵਾਲਾ ਵੋਟਰ ਸੱਤਾ ਲਈ ਵਧੇਰੇ ਜਵਾਬਦੇਹੀ ਪੈਦਾ ਕਰਦਾ ਹੈ। ਉਹ ਸਿਰਫ਼ ਧਰਮ, ਜਾਤ, ਭਾਸ਼ਾ ਜਾਂ ਭਾਵਨਾਤਮਕ ਨਾਅਰਿਆਂ ਦੇ ਆਧਾਰ 'ਤੇ ਵੋਟ ਨਹੀਂ ਪਾਉਂਦਾ, ਉਹ ਰੁਜ਼ਗਾਰ, ਸਿੱਖਿਆ, ਸਿਹਤ, ਮਹਿੰਗਾਈ, ਆਰਥਿਕ ਵਿਕਾਸ ਅਤੇ ਸਰਕਾਰ ਦੀ ਕਾਰਗੁਜ਼ਾਰੀ ਬਾਰੇ ਵੀ ਸਵਾਲ ਕਰਦਾ ਹੈ। ਇਹ ਸੁਆਲ ਸੱਤਾ ਨੂੰ ਪ੍ਰੇਸ਼ਾਨ ਕਰਦੇ ਹਨ। ਇਸ ਦੇ ਉਲਟ ਜਦੋਂ ਰਾਜਨੀਤੀ ਦਾ ਕੇਂਦਰ ਤੱਥਾਂ ਅਤੇ ਨੀਤੀਆਂ ਦੀ ਥਾਂ ਧਾਰਮਿਕ ਪਛਾਣ, ਜਾਤੀਵਾਦ, ਡਰ, ਨਫ਼ਰਤ ਅਤੇ ਭਾਵਨਾਤਮਕ ਮੁੱਦਿਆਂ ਵੱਲ ਖਿਸਕ ਜਾਂਦਾ ਹੈ, ਤਾਂ ਵੋਟਰ ਨੂੰ ਆਪਣੇ ਅਸਲ ਸਮਾਜਿਕ-ਆਰਥਿਕ ਹਿੱਤਾਂ ਤੋਂ ਦੂਰ ਰੱਖਣਾ ਆਸਾਨ ਹੋ ਜਾਂਦਾ ਹੈ। ਫਿਰ ਬੇਰੁਜ਼ਗਾਰ ਨੌਜਵਾਨ ਆਪਣੇ ਰੁਜ਼ਗਾਰ ਦਾ ਸਵਾਲ ਪੁੱਛਣ ਦੀ ਥਾਂ ਕਿਸੇ ਦੂਜੇ ਧਰਮ ਦੇ ਨੌਜਵਾਨ ਨੂੰ ਆਪਣਾ ਮੁਕਾਬਲੇਬਾਜ਼ ਜਾਂ ਦੁਸ਼ਮਣ ਸਮਝਣ ਲੱਗਦਾ ਹੈ। ਸਿੱਖਿਆ ਦਾ ਮਤਲਬ ਸਿਰਫ਼ ਡਿਗਰੀ ਹਾਸਲ ਕਰਨਾ ਨਹੀਂ। ਅਸਲ ਸਿੱਖਿਆ ਦਾ ਮਤਲਬ ਸਵਾਲ ਪੁੱਛਣ ਦੀ ਸਮਰੱਥਾ, ਤੱਥਾਂ ਦੀ ਜਾਂਚ, ਤਰਕ ਨਾਲ ਸੋਚਣਾ ਅਤੇ ਸੱਤਾ ਤੋਂ ਜਵਾਬ ਮੰਗਣਾ ਹੈ। ਜੇ ਨੌਜਵਾਨ ਕੋਲ ਇਹ ਸਮਰੱਥਾ ਨਹੀਂ, ਤਾਂ ਉਹ ਕਿਸੇ ਵੀ ਪਾਸੇ ਤੋਂ ਆਉਣ ਵਾਲੇ ਪ੍ਰਚਾਰ ਦਾ ਆਸਾਨ ਸ਼ਿਕਾਰ ਬਣ ਸਕਦਾ ਹੈ। ਇਸ ਲਈ ਭਾਰਤੀ ਲੋਕਤੰਤਰ ਸਾਹਮਣੇ ਅਸਲ ਚੁਣੌਤੀ ਸਿਰਫ਼ ਇਹ ਨਹੀਂ ਕਿ ਨੌਜਵਾਨ ਕਿੰਨੇ ਪੜ੍ਹੇ-ਲਿਖੇ ਹਨ। ਵੱਡਾ ਸਵਾਲ ਇਹ ਹੈ ਕਿ ਕੀ ਉਹ ਜਾਗਰੂਕ ਨਾਗਰਿਕ ਹਨ? ਕਿਉਂਕਿ ਸੱਤਾ ਨੂੰ ਸਭ ਤੋਂ ਵੱਡੀ ਚੁਣੌਤੀ ਅਨਪੜ੍ਹ ਭੀੜ ਤੋਂ ਨਹੀਂ, ਸਗੋਂ ਉਸ ਨਾਗਰਿਕ ਤੋਂ ਮਿਲਦੀ ਹੈ ਜੋ ਸਵਾਲ ਪੁੱਛਦਾ ਹੈ, ਤੱਥ ਜਾਂਚਦਾ ਹੈ ਅਤੇ ਆਪਣੇ ਵੋਟ ਨੂੰ ਕਿਸੇ ਧਾਰਮਿਕ ਜਾਂ ਭਾਵਨਾਤਮਕ ਪਛਾਣ ਦੀ ਥਾਂ ਆਪਣੇ ਭਵਿੱਖ ਨਾਲ ਜੋੜ ਕੇ ਵੇਖਦਾ ਹੈ। ਅੱਜ ਦੀ ਜੈੱਨ ਜ਼ੀ ਦੀ ਲੜਾਈ ਸ਼ਾਇਦ ਕਿਸੇ ਵੀ ਇੱਕ ਸਿਆਸੀ ਪਾਰਟੀ ਦੇ ਵਿਰੁੱਧ ਨਹੀਂ, ਸਗੋਂ ਅਗਿਆਨਤਾ, ਪ੍ਰਚਾਰ ਅਤੇ ਅੰਨ੍ਹੀ ਰਾਜਨੀਤਕ ਵਫ਼ਾਦਾਰੀ ਦੇ ਵਿਰੁੱਧ ਨਵੀਂ ਵਿਗਿਆਨਕ ਅਤੇ ਸਮੇ ਦੇ ਹਾਣ ਦੀ ਸੋਚ ਵੱਜੋ

***(ਬਾਕੀ ਅਗਲੇ ਸਫੇ 'ਤੇ)***

# ਅਮਰੀਕੀਆਂ ਦੇ ਰੰਗ ਨਿਆਰੇ: ਨਾ ਲਾਰੇ ਤੇ ਨਾ ਖਿਲਾਰੇ

ਅਮਰੀਕਾ ਸੰਸਾਰ ਦਾ ਸਭ ਤੋਂ ਵੱਧ ਵਿਕਸਤ ਅਤੇ ਖ਼ੁਸ਼ਹਾਲ ਦੇਸ਼ ਗਿਣਿਆ ਜਾਂਦਾ ਹੈ। ਇਸ ਦੇਸ਼ ਵਿਚ ਸੰਸਾਰ ਦੇ ਕੋਨੇ-ਕੋਨੇ ਤੋਂ ਲੋਕ ਆ ਕੇ ਵਸੇ ਹੋਏ ਹਨ। ਇਸ ਲਈ ਇਥੋਂ ਦੇ ਨਾਗਰਿਕਾਂ ਦੀ ਜ਼ਿੰਦਗੀ ਦੇ ਵੱਖੋ-ਵੱਖਰੇ



ਤੇ ਨਿਆਰੇ ਰੰਗ ਵੇਖਣ ਨੂੰ ਮਿਲਦੇ ਹਨ। ਸੰਸਾਰ ਦੀ ਕੋਈ ਅਜਿਹੀ ਕੌਮ/ਦੇਸ਼ ਨਹੀਂ ਹੈ, ਜਿਸਦੇ ਨਾਗਰਿਕ ਅਮਰੀਕਾ ਵਿਚ ਨਾ ਮਿਲਦੇ ਹੋਣ, ਪ੍ਰੰਤੂ ਅਨੁਸ਼ਾਸਨ ਕਮਾਲ ਦਾ ਹੈ। ਛੇਤੀ ਕੀਤਿਆਂ ਕੋਈ ਨਾਗਰਿਕ ਇਥੋਂ ਦੇ ਕਾਨੂੰਨਾਂ ਦੀ

**ਉਜਾਗਰ ਸਿੰਘ**
**ਫੋਨ: 94178-13072**

ਉਲੰਘਣਾ ਕਰਨ ਦੀ ਹਿੰਮਤ ਹੀ ਨਹੀਂ ਕਰਦਾ। ਮੈਂ ਅਤੇ ਮੇਰੀ ਪਤਨੀ ਲਗਪਗ ਪਿਛਲੇ ਵੀਹ ਸਾਲਾਂ ਤੋਂ ਅਮਰੀਕਾ ਜਾ ਰਹੇ ਹਾਂ। ਇਸ ਲਈ ਮੈਂ ਆਪਣੇ ਤਜਰਬੇ ਦੇ ਅਧਾਰ 'ਤੇ ਦੱਸਣਾ ਚਾਹੁੰਦਾ ਹਾਂ ਕਿ ਇਥੋਂ ਦੇ ਸਥਾਨਕ ਪ੍ਰਸ਼ਾਸਨ ਵਿਚ ਸਿਆਸੀ ਲੋਕਾਂ ਦੀ ਕੋਈ ਦਖ਼ਲ-ਅੰਦਾਜ਼ੀ ਨਹੀਂ ਹੈ, ਜਿਸ ਕਰਕੇ ਕੋਈ ਵੀ ਵਿਅਕਤੀ ਕੋਤਾਹੀ ਕਰਕੇ ਸਿਫਾਰਸ਼ ਕਰਵਾਉਣ ਦੀ ਕੋਸ਼ਿਸ਼ ਨਹੀਂ ਕਰਦਾ। ਜੇ ਕੋਈ ਕੋਸ਼ਿਸ਼ ਕਰਦਾ ਹੈ ਤਾਂ ਉਸਨੂੰ ਦੂਗਣੀ ਸਜ਼ਾ ਦਿੱਤੀ ਜਾਂਦੀ ਹੈ।

ਇਥੋਂ ਦੇ ਛੋਟੇ ਤੋਂ ਛੋਟੇ ਅਧਿਕਾਰੀ ਵੀ ਵੱਡੇ ਸਿਆਸਤਦਾਨਾਂ ਅਤੇ ਵੱਡੇ ਅਧਿਕਾਰੀਆਂ ਦੀ ਗ਼ਲਤੀ ਵਿਰੁੱਧ ਕਾਨੂੰਨੀ ਕਾਰਵਾਈ ਕਰ ਦਿੰਦੇ ਹਨ। ਸਿਪਾਹੀ ਵੀ ਮੰਤਰੀ ਦਾ ਚਲਾਣ ਕਰ ਸਕਦਾ ਹੈ। ਇਮਾਨਦਾਰੀ ਬਰਕਰਾਰ ਹੈ। ਜੇਕਰ ਕਿਸੇ ਵਿਅਕਤੀ ਨੇ ਕੋਈ ਗ਼ਲਤ ਕੰਮ ਕੀਤਾ ਹੈ ਤਾਂ ਪੁਲਿਸ ਕਥਿਤ ਦੋਸ਼ੀ ਨੂੰ ਪਕੜ ਕੇ ਹੱਥਕੜੀ ਉਸ ਵਿਅਕਤੀ ਦੇ ਹੱਥ ਪਿੱਛੇ ਕਰਕੇ ਬੰਨ੍ਹਦੀ ਹੈ। ਜੇਕਰ ਕਥਿਤ ਦੋਸ਼ੀ ਭੱਜਣ ਦੀ ਕੋਸ਼ਿਸ਼ ਕਰੇਗਾ ਤਾਂ ਉਹ ਗੋਲੀ ਮਾਰ ਦਿੰਦੇ ਹਨ। ਲੋਕ ਇਤਨੇ ਆਪੋ ਆਪਣੇ ਕੰਮਾਂ ਵਿਚ ਰੁੱਝੇ ਹੁੰਦੇ ਹਨ ਕਿ ਕੋਈ ਵੀ ਕਿਸੇ ਦੇ ਘਰ ਪਹਿਲਾਂ ਟੈਲੀਫੋਨ 'ਤੇ ਇਜਾਜ਼ਤ ਲੈਣ ਤੋਂ ਬਿਨਾ ਨਹੀਂ ਜਾਂਦਾ। ਘਰਾਂ ਦੇ ਆਲੇ-ਦੁਆਲੇ ਆਮ ਤੌਰ 'ਤੇ ਚਾਰਦੀਵਾਰੀ ਲੱਕੜ ਦੇ ਫੱਟਿਆਂ ਦੀ ਹੀ ਕੀਤੀ ਹੁੰਦੀ ਹੈ। ਇੱਟਾਂ ਵਾਲੀ ਚਾਰਦੀਵਾਰੀ ਨਹੀਂ ਹੁੰਦੀ। ਘਰ ਦੇ ਲਾਅਨ ਦਾ ਘਾਹ ਕੱਟ ਕੇ ਰੱਖਣਾ ਪੈਂਦਾ ਹੈ, ਭਾਵ ਸਾਫ-ਸੁਥਰਾ ਰੱਖਣਾ ਪੈਂਦਾ ਹੈ। ਘਰ ਦੇ ਆਲੇ-ਦੁਆਲੇ ਜਾਂ ਲਾਅਨ ਵਿਚ ਮਿੱਟੀ ਵਿਖਾਈ ਨਹੀਂ ਦੇਣੀ ਚਾਹੀਦੀ। ਇਸ ਕਰਕੇ ਮਿੱਟੀ ਘੱਟਾ ਉਡਦਾ ਹੀ ਨਹੀਂ। ਕੋਈ ਵੀ ਵਿਅਕਤੀ ਕਿਸੇ ਦੇ ਘਰ ਦੇ ਨਾਲ ਲਗਦੇ ਖਾਲ੍ਹੀ ਥਾਂ ਵਿਚ ਪੁੱਛੇ ਬਿਨਾ ਦਾਖ਼ਲ ਨਹੀਂ ਹੋ ਸਕਦਾ। ਅਮਰੀਕਾ ਵਿਚ ਜੇਕਰ ਕੋਈ ਬਿਨਾ ਪੁੱਛੇ ਵੜੇਗਾ ਤਾਂ ਉਸਦੇ ਗੋਲੀ ਮਾਰੀ ਜਾ ਸਕਦੀ ਹੈ। ਇਸਨੂੰ ਜੁਰਮ ਨਹੀਂ ਸਮਝਿਆ ਜਾਵੇਗਾ। ਕਿਤੇ ਵੀ ਕੋਈ ਮਰਦ ਜਾਂ ਔਰਤ ਸਾਹਮਣੇ ਮਿਲ ਜਾਵੇ ਤਾਂ ਉਹ 'ਹਾਏ', 'ਹੈਲੋ' ਕਰਕੇ ਮੁਸਕਰਾਹਟ ਦਿੰਦਾ ਹੈ, ਪ੍ਰੰਤੂ ਖੜ੍ਹ ਕੇ ਗੱਲ ਨਹੀਂ ਕਰੇਗਾ। ਇਥੇ ਲੜਕੇ ਅਤੇ ਲੜਕੀ ਦੀ ਦੋਸਤੀ ਵਰਜਿਤ ਨਹੀਂ, ਸਗੋਂ ਜੇਕਰ ਕਿਸੇ ਲੜਕੇ ਤੇ ਲੜਕੀ ਦਾ ਕੋਈ ਦੋਸਤ ਨਾ ਹੋਵੇ ਤਾਂ ਉਨ੍ਹਾਂ ਵਿਚ ਕੋਈ ਨੁਕਸ ਸਮਝਿਆ ਜਾਂਦਾ ਹੈ। ਲਗਪਗ ਹਰ ਲੜਕੇ ਅਤੇ ਲੜਕੀ ਦੀ ਕ੍ਰਮਵਾਰ ਗਰਲ ਅਤੇ ਬੁਆਏਫਰੈਂਡ ਹੁੰਦਾ ਹੈ, ਜਿਸਨੂੰ ਸਮਾਜ ਚੰਗਾ ਸਮਝਦਾ ਹੈ। ਇਥੋਂ ਤੱਕ ਕਿ ਵਿਆਹੇ ਜੋੜਿਆਂ ਦੇ ਫਰੈਂਡ ਹੁੰਦੇ ਹਨ ਤੇ ਉਨ੍ਹਾਂ ਨਾਲ ਸੈਰ ਸਪਾਟੇ 'ਤੇ ਜਾਂਦੇ ਰਹਿੰਦੇ ਹਨ। ਇਥੇ ਵਿਆਹ ਵੀ ਆਪਸੀ ਦੋਸਤੀ ਰਾਹੀਂ ਹੀ ਹੁੰਦੇ ਹਨ। ਵਿਚੋਲੇ ਨਹੀਂ ਹੁੰਦੇ। ਵਿਆਹ ਦੀ ਸੰਸਥਾ ਨਾ ਵਰਗੀ ਹੀ ਹੈ। ਇਹ ਗੋਰੇ ਲੋਕ ਮਿੰਟਾਂ-ਸਕਿੰਟਾਂ ਵਿਚ ਹੀ ਤਲਾਕ ਲੈ ਲੈਂਦੇ ਹਨ। ਇਥੇ ਗੋਰੇ ਆਦਮੀ ਤੀਵੀਂ ਦੀ ਲੜਾਈ ਘੱਟ ਹੀ ਹੁੰਦੀ ਹੈ, ਲੜਨ ਦੀ ਥਾਂ ਵੱਖ ਹੀ ਹੋ ਜਾਂਦੇ ਹਨ, ਪ੍ਰੰਤੂ ਜੇ ਕੋਈ ਮਸਲਾ ਹੋਵੇ ਤਾਂ ਆਦਮੀ ਨੂੰ ਪਹਿਲੀ ਸੱਟੇ ਘਰ ਛੱਡਣਾ ਪੈਂਦਾ ਹੈ। ਸਾਰੇ ਕਾਨੂੰਨ ਔਰਤ ਦੀ ਤਰਫਦਾਰੀ ਕਰਦੇ ਹਨ। ਵੈਸੇ ਅੱਜ ਕਲ੍ਹ ਗੋਰੇ ਗੋਰੀਆਂ ਵਿਆਹ ਵਿਚ ਰੁਚੀ ਨਹੀਂ ਰੱਖਦੇ। ਲਿਵ ਇਨ ਰਿਲੇਸ਼ਨ ਵਿਚ ਰਹਿਣ ਨੂੰ ਪਹਿਲ ਦਿੰਦੇ ਹਨ। ਆਮ ਤੌਰ 'ਤੇ ਗੋਰਿਆਂ ਵਿਚ ਵਿਆਹ ਸਾਧਾਰਨ ਹੁੰਦੇ ਹਨ। ਕਚਹਿਰੀ ਜਾ ਕੇ ਮੈਰਿਜ ਰਜਿਸਟਰ ਕਰਵਾ ਲੈਂਦੇ ਹਨ। ਫਿਰ ਜਦੋਂ ਪਾਰਟੀ ਕਰਨੀ ਹੈ ਤਾਂ ਪਾਰਟੀ ਦਾ ਖਰਚਾ ਲੜਕੇ ਤੇ ਲੜਕੀ ਨੇ ਹੀ ਕਰਨਾ ਹੁੰਦਾ ਹੈ। ਮਾਪਿਆਂ ਨੇ ਤਾਂ ਜੇਕਰ ਕੋਈ ਤੋਹਫਾ ਦੇਣਾ ਦੇ ਦਿੰਦੇ ਹਨ। ਪਾਰਟੀਆਂ ਵੀ ਉਹ ਪਾਰਕਾਂ ਵਿਚ ਸਾਧਾਰਨ ਢੰਗ ਨਾਲ ਹੀ ਕਰ ਲੈਂਦੇ ਹਨ। ਕਈ ਵਾਰ ਦਰਿਆਵਾਂ ਦੇ ਕੰਢਿਆਂ 'ਤੇ ਪਾਰਟੀਆਂ ਕਰ ਲੈਂਦੇ ਹਨ। ਸ਼ਗਨ ਦੇਣ ਦੀ ਪ੍ਰਥਾ ਵੀ ਤੋਹਫੇ ਦੇ ਤੌਰ 'ਤੇ ਹੀ ਹੁੰਦੀ ਹੈ। ਆਮ ਤੌਰ 'ਤੇ ਦਸ ਡਾਲਰ ਹੀ ਸ਼ਗਨ ਦਿੰਦੇ ਹਨ, ਪ੍ਰੰਤੂ ਕਈ ਬਹੁਤੇ ਨਜ਼ਦੀਕੀ ਵੱਧ ਤੋਂ ਵੱਧ ਪੰਜਾਹ ਡਾਲਰ ਦੇ ਦਿੰਦੇ ਹਨ। ਅਮੀਰ ਗੋਰੇ ਹੋਟਲਾਂ ਵਿਚ ਪਾਰਟੀਆਂ ਕਰਦੇ ਹਨ।

ਗੋਰੇ ਮਰਦਾਂ ਅਤੇ ਔਰਤਾਂ ਵਿਚ ਨੈਤਿਕਤਾ ਬਾਕਮਾਲ ਹੈ। ਉਨ੍ਹਾਂ ਦਾ ਪਹਿਰਾਵਾ ਉਥੋਂ ਦੀ ਪਰੰਪਰਾ ਹੈ। ਇਸਨੂੰ ਨੰਗੇਜ਼ ਨਹੀਂ ਸਮਝਿਆ ਜਾਂਦਾ। ਅਮਰੀਕਾ ਵਿਚ ਲਗਪਗ ਹਰ ਘਰ ਵਿਚ ਪਾਲਤੂ ਕੁੱਤੇ ਬਿਲੀਆਂ ਰੱਖੇ ਹੁੰਦੇ ਹਨ, ਕਿਉਂਕਿ ਇਹ ਲੋਕ ਕੁੱਤੇ ਬਿਲੀਆਂ ਨਾਲ ਹੀ ਆਪਣਾ ਦਿਲ ਪ੍ਰਚਾਉਂਦੇ ਹਨ। ਉਨ੍ਹਾਂ ਨੂੰ ਆਪਣੇ ਪਰਿਵਾਰ ਦੇ ਮੈਂਬਰ ਸਮਝਦੇ ਹਨ। ਕੁੱਤੇ ਬਿੱਲੀਆਂ ਨੂੰ ਵੀ ਘਰ ਵਿਚ ਇਕੱਲੇ ਨਹੀਂ ਛੱਡ ਸਕਦੇ। ਇਥੇ ਲੋਕਾਂ ਵਿਚ ਆਪਸੀ ਰਿਲੇਸ਼ਨ ਬਹੁਤ ਘੱਟ ਹੁੰਦੇ ਹਨ।

ਅਮਰੀਕਾ ਵਿਚ ਵਰਕ ਕਲਚਰ ਹੈ, ਲੋਕ ਕੰਮ ਕਰਨ ਵਿਚ ਯਕੀਨ ਰੱਖਦੇ ਹਨ। ਲਗਪਗ ਹਰ ਪਰਿਵਾਰ ਦੇ ਸਾਰੇ ਮੈਂਬਰ ਕੰਮ ਕਰਦੇ ਹਨ। ਬਜ਼ੁਰਗ ਵੀ ਅੱਸੀ-ਨੱਬੇ ਸਾਲ ਦੀ ਉਮਰ ਤੱਕ ਕੰਮ ਕਰਦੇ ਰਹਿੰਦੇ ਹਨ। ਵਿਹਲਾ ਕੋਈ ਨਹੀਂ ਰਹਿੰਦਾ। ਬਜ਼ੁਰਗ ਵਾਲੰਟੀਅਰ ਸਰਵਿਸ ਵੀ ਕਰਨ ਲੱਗ ਜਾਂਦੇ ਹਨ। ਆਪਣੇ ਆਪ ਨੂੰ ਤੰਦਰੁਸਤ ਰੱਖਣ ਲਈ ਕਸਰਤ ਬਹੁਤ



ਕਰਦੇ ਹਨ, ਕਿਉਂਕਿ ਉਨ੍ਹਾਂ ਨੂੰ ਪਤਾ ਹੁੰਦਾ ਹੈ ਕਿ ਉਨ੍ਹਾਂ ਆਪਣਾ ਹਰ ਕੰਮ ਆਪ ਹੀ ਕਰਨਾ ਹੁੰਦਾ ਹੈ। ਪੈਦਲ ਤੁਰਦੇ-ਫਿਰਦੇ ਲੋਕ ਘੱਟ ਹੀ ਮਿਲਦੇ ਹਨ, ਪ੍ਰੰਤੂ ਸੜਕਾਂ ਦੇ ਫੁੱਟ ਪਾਥਾਂ 'ਤੇ ਕਸਰਤ ਕਰਨ ਲਈ ਦੌੜਦੇ ਜ਼ਰੂਰ ਮਿਲਣਗੇ। ਕਸਰਤ ਕਰਨ ਲਈ ਜਿੰਮ ਜਾਂਦੇ ਤੇ ਸਾਈਕਲਾਂ ਦੀ ਵਰਤੋਂ ਵੀ ਕਰਦੇ ਹਨ। ਘਰਾਂ ਦੀ ਸਾਫ਼-ਸਫ਼ਾਈ ਆਪ ਹੀ ਕਰਦੇ ਹਨ। ਘਰਾਂ ਵਿਚ ਕੋਈ ਨੌਕਰ ਨਹੀਂ ਰੱਖਿਆ ਹੁੰਦਾ, ਕਿਉਂਕਿ ਨੌਕਰ ਰੱਖਣਾ ਬਹੁਤ ਮਹਿੰਗਾ ਪੈਂਦਾ ਹੈ। ਨਿੱਕੀ-ਮੋਟੀ ਮੁਰੰਮਤ ਵੀ ਆਪ ਹੀ ਕਰਦੇ ਹਨ। ਇੰਜਨੀਅਰ, ਡਾਕਟਰ ਅਤੇ ਹੋਰ ਮਹੱਤਵਪੂਰਨ ਅਹੁਦਿਆਂ ਵਾਲੇ ਵੀ ਸਾਰਾ ਕੰਮ ਆਪ ਹੀ ਕਰਦੇ ਹਨ। ਉਹ ਆਪ ਹੀ ਆਪਣੀ ਚਾਹ ਪਾਣੀ ਅਤੇ ਰੋਟੀ ਬਣਾਉਂਦੇ ਹਨ। ਬੱਚਿਆਂ ਦਾ ਅਮਰੀਕਾ ਵਿਚ ਵਿਸ਼ੇਸ਼ ਧਿਆਨ ਰੱਖਿਆ ਜਾਂਦਾ ਹੈ, ਤੇਰਾਂ ਸਾਲ ਦੀ ਉਮਰ ਤੱਕ ਉਨ੍ਹਾਂ ਨੂੰ ਸਕੂਲ ਮਾਪੇ ਛੱਡ ਕੇ ਅਤੇ ਲੈ ਕੇ ਆਉਂਦੇ ਹਨ। ਘਰ ਵਿਚ ਵੀ ਇਕੱਲਿਆਂ ਨੂੰ ਨਹੀਂ ਛੱਡਿਆ ਜਾਂਦਾ। ਵੈਸੇ ਹਰ ਰਾਜ ਦਾ ਆਪਣਾ ਕਾਨੂੰਨ ਹੈ। ਬੱਚਿਆਂ ਨੂੰ ਆਪਣਾ ਹਰ ਕੰਮ ਕਰਨ ਦੀ ਆਦਤ ਪਾ ਦਿੱਤੀ ਜਾਂਦੀ ਹੈ ਤਾਂ ਜੋ ਵੱਡੇ ਹੋ ਕੇ ਆਪਣਾ ਕੰਮ ਆਪ ਕਰਨ ਅਰਥਾਤ ਆਤਮ-ਨਿਰਭਰ ਬਣ ਜਾਣ। ਇੱਕ ਹੋਰ ਗੱਲ ਹੈ ਕਿ ਭਾਵੇਂ ਕਹੀ ਜਾਣ ਕਿ ਮਹਿੰਗਾਈ ਹੋ ਗਈ ਹੈ, ਪ੍ਰੰਤੂ ਇੱਕ ਡਾਲਰ ਦੀ ਬਰੈਡ ਲੈਣ ਲਈ ਫਟਾਫਟ ਕਾਰ ਵਿਚ ਚਲੇ ਜਾਂਦੇ ਹਨ।

ਬੱਚਿਆਂ ਨੂੰ ਮਾਪੇ ਘੂਰ ਵੀ ਨਹੀਂ ਸਕਦੇ, ਜੇਕਰ ਮਾਪੇ ਬੱਚੇ ਨੂੰ ਘੂਰਦੇ ਜਾਂ ਥੱਪੜ ਬਗੈਰਾ ਮਾਰਦੇ ਹਨ ਤਾਂ ਬੱਚੇ ਪੁਲਿਸ ਨੂੰ ਬੁਲਾ ਲੈਂਦੇ ਹਨ। ਪੁਲਿਸ ਬੱਚੇ ਦੀ ਮਦਦ ਕਰਦੀ ਹੈ। ਕਈ ਵਾਰ ਮਾਪਿਆਂ ਨੂੰ ਪੁਲਿਸ ਫੜ ਕੇ ਲੈ ਜਾਂਦੀ ਹੈ। ਜਦੋਂ ਬੱਚੇ ਬਾਲਗ ਹੋ ਜਾਂਦੇ ਹਨ, ਭਾਵੇ ਲੜਕਾ ਤੇ ਲੜਕੀ ਹੋਵੇ, ਅਕਸਰ ਉਨ੍ਹਾਂ ਨੂੰ ਕਿਹਾ ਜਾਂਦਾ ਹੈ ਕਿ ਆਪ ਕਮਾਓ ਤੇ ਖਾਓ। ਫਿਰ ਉਹ ਮਾਪਿਆਂ ਤੋਂ ਵੱਖਰੇ ਰਹਿਣ ਲੱਗ ਜਾਂਦੇ ਹਨ। ਬਜ਼ੁਰਗ ਵੱਖਰੇ ਘਰਾਂ ਵਿਚ ਇਕੱਲਿਆਂ ਹੀ ਰਹਿੰਦੇ ਹਨ। ਹਫ਼ਤੇ ਦੋ ਹਫ਼ਤੇ ਬਾਅਦ ਬੱਚੇ ਆ ਕੇ ਮਾਪਿਆਂ ਨੂੰ ਮਿਲ ਜਾਂਦੇ ਹਨ। ਪਿਤਾ/ਮਾਤਾ ਦਿਵਸ 'ਤੇ ਤੋਹਫੇ ਦੇ ਜਾਂਦੇ ਹਨ। ਬਿਮਾਰ ਮਾਪਿਆਂ ਨੂੰ ਸਰਕਾਰੀ ਪ੍ਰਬੰਧਾਂ ਹੇਠ ਚਲ ਰਹੇ ਆਸ਼ਰਮਾਂ ਵਿਚ ਛੱਡ ਦਿੱਤਾ ਜਾਂਦਾ ਹੈ। ਉਥੇ ਵੀ ਦਿਨ ਤਿਓਹਾਰ 'ਤੇ ਤੋਹਫੇ ਦੇਣ ਲਈ ਜਾਂਦੇ ਹਨ।

ਇਹ ਲੇਖ ਲਿਖਣ ਦਾ ਮੰਤਵ ਹੈ ਕਿ ਪੰਜਾਬੀਆਂ ਨੂੰ ਵੀ ਅਮਰੀਕਨਾਂ ਦੀਆਂ ਕੁਝ ਕੁ ਪਰੰਪਰਾਵਾਂ ਤੇ ਆਦਤਾਂ ਨੂੰ ਅਪਨਾਉਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ, ਜਿਹੜੀਆਂ ਪੰਜਾਬੀ ਸਭਿਆਚਾਰ ਨਾਲ ਮੇਲ ਖਾਂਦੀਆਂ ਹੋਣ। ਖਾਸ ਤੌਰ 'ਤੇ ਇਮਾਨਦਾਰੀ, ਨੈਤਿਕਤਾ, ਵਰਕ ਕਲਚਰ, ਸਤਿਕਾਰ ਤੇ ਪਿਆਰ ਆਦਿ। ਘੱਟੋ-ਘੱਟ ਇੱਕ ਦੂਜੇ ਦੇ ਮੁਕਾਬਲੇ ਵੱਡੇ ਘਰ ਤੇ ਕਾਰਾਂ ਖ੍ਰੀਦਣਾ ਬੰਦ ਕਰ ਦੇਣ ਅਤੇ ਨਫ਼ਰਤ ਦਾ ਤਿਆਗ ਕਰ ਦੇਣ ਤਾਂ ਸਫਲਤਾ ਪ੍ਰਾਪਤ ਕੀਤੀ ਜਾ ਸਕਦੀ ਹੈ।

---

*(ਪਿਛਲੇ ਸਫੇ ਦਾ ਬਾਕੀ)*

ਵੇਖਿਆ ਜਾਣਾ ਚਾਹੀਦਾ ਹੈ।


ਹੁਣ ਇਹ ਵੀ ਸੁਆਲ ਉੱਠਦਾ ਹੈ ਕਿ ਭਾਰਤ ਦੇ ਜੈੱਨ ਜ਼ੀ ਅੰਦੋਲਨ ਨੂੰ ਨੇਪਾਲ, ਬੰਗਲਾਦੇਸ਼ ਅਤੇ ਸ੍ਰੀਲੰਕਾ ਦੇ ਨੌਜਵਾਨ ਅੰਦੋਲਨਾਂ ਨਾਲ ਤੁਲਨਾ ਕਰਕੇ ਵੇਖਿਆ ਜਾ ਸਕਦਾ ਹੈ ਕਿ ਨਹੀਂ? ਇਹ ਚਾਰ ਮੁਲਕ ਭਾਵੇਂ ਇੱਕ ਹੀ ਭੂਗੋਲਿਕ ਖ਼ਿੱਤੇ ਦਾ ਹਿੱਸਾ ਹਨ ਪਰ ਵੱਖੋ ਵੱਖਰੇ ਰਾਜਨੀਤਕ ਪ੍ਰਬੰਧ ਦੇ ਚਲਦਿਆਂ ਇਸ ਦੇ ਉਭਾਰ ਦੇ ਕਾਰਨ,ਅਤੇ ਨਤੀਜੇ ਵੱਖੋ ਵੱਖਰੇ ਹਨ। ਪਰ ਇਨ੍ਹਾਂ ਅੰਦੋਲਨਾਂ ਵਿਚਕਾਰ ਵਿਚ ਇੱਕ ਸਾਂਝਾ ਧਾਗਾ ਜ਼ਰੂਰ ਲੱਭਿਆ ਜਾ ਸਕਦਾ ਹੈ ਉਹ ਹੈ ਨੌਜਵਾਨ ਪੀੜ੍ਹੀ ਦਾ ਰਵਾਇਤੀ ਸੱਤਾ-ਢਾਂਚੇ ਅਤੇ ਰਾਜਨੀਤਕ ਵਰਗ ਪ੍ਰਤੀ ਵਧਦਾ ਹੋਇਆ ਅਸੰਤੋਸ਼ ਅਤੇ ਬੇਭਰੋਸਗੀ। ਦੱਖਣੀ ਏਸ਼ੀਆ ਵਿਚ ਜੈੱਨ ਜ਼ੀ ਦੀ ਰਾਜਨੀਤਕ ਸਰਗਰਮੀ ਨੂੰ ਸਿਰਫ਼ ਇੱਕ ਦੇਸ਼ ਦੀ ਘਟਨਾ ਸਮਝਣਾ ਮੁਸ਼ਕਲ ਹੈ। ਨੇਪਾਲ, ਬੰਗਲਾਦੇਸ਼, ਸ੍ਰੀਲੰਕਾ ਅਤੇ ਭਾਰਤ ਚਾਰਾਂ ਦੇਸ਼ਾਂ ਵਿਚ ਨੌਜਵਾਨ ਪੀੜ੍ਹੀ ਨੇ ਰਵਾਇਤੀ ਰਾਜਨੀਤੀ, ਸੱਤਾ ਦੇ ਕੇਂਦਰੀਕਰਨ, ਭ੍ਰਿਸ਼ਟਾਚਾਰ, ਬੇਰੁਜ਼ਗਾਰੀ ਅਤੇ ਭਵਿੱਖ ਦੀ ਅਨਿਸ਼ਚਿਤਤਾ ਪ੍ਰਤੀ ਆਪਣਾ ਅਸੰਤੋਸ਼ ਵੱਖ-ਵੱਖ ਢੰਗ ਨਾਲ ਪ੍ਰਗਟ ਕੀਤਾ ਹੈ। ਪਰ ਇਨ੍ਹਾਂ ਚਾਰਾਂ ਦੇਸ਼ਾਂ ਦੀ ਜੈੱਨ ਜ਼ੀ ਬਗ਼ਾਵਤ ਦੀ ਦਿਸ਼ਾ ਅਤੇ ਤੀਬਰਤਾ ਇੱਕੋ ਜਿਹੀ ਨਹੀਂ। ਨੇਪਾਲ ਦੀ ਨੌਜਵਾਨੀ ਸਾਹਮਣੇ ਲੰਮੇ ਸਮੇਂ ਤੋਂ ਰਾਜਨੀਤਕ ਅਸਥਿਰਤਾ, ਪੁਰਾਣੀ ਲੀਡਰਸ਼ਿਪ ਅਤੇ ਸੀਮਤ ਆਰਥਿਕ ਮੌਕਿਆਂ ਦਾ ਸਵਾਲ ਰਿਹਾ ਹੈ। ਇੱਥੇ ਨੌਜਵਾਨਾਂ ਦਾ ਗ਼ੁੱਸਾ ਇਸ ਗੱਲ ਨਾਲ ਜੁੜਦਾ ਹੈ ਕਿ ਰਾਜਨੀਤੀ ਵਾਰ-ਵਾਰ ਉਹੀ ਚਿਹਰਿਆਂ ਅਤੇ ਉਹੀ ਸੱਤਾ ਦੀਆਂ ਖੇਡਾਂ ਦੇ ਆਲ਼ੇ-ਦੁਆਲੇ ਘੁੰਮਦੀ ਰਹਿੰਦੀ ਹੈ। ਨੇਪਾਲ ਵਿਚ ਸਵਾਲ ਪੁਰਾਣੀ ਰਾਜਨੀਤੀ 'ਤੋਂ ਮੁਕਤੀ ਦਾ ਹੈ। ਬੰਗਲਾਦੇਸ਼ ਵਿਚ ਨੌਜਵਾਨਾਂ ਅਤੇ ਵਿਦਿਆਰਥੀਆਂ ਦੀ ਰਾਜਨੀਤਕ ਸਰਗਰਮੀ ਨੇ ਰੁਜ਼ਗਾਰ ਅਤੇ ਮੌਕਿਆਂ ਦੀ ਬਰਾਬਰੀ ਵਰਗੇ ਮੁੱਦਿਆਂ ਨੂੰ ਸੱਤਾ ਦੀ ਜਵਾਬਦੇਹੀ ਨਾਲ ਜੋੜ ਦਿੱਤਾ। ਸ੍ਰੀ ਲੰਕਾ ਦਾ ਅਨੁਭਵ ਇਨ੍ਹਾਂ ਸਭ ਤੋਂ ਵੱਖਰਾ ਹੈ। ਜਦੋਂ ਆਰਥਿਕ ਸੰਕਟ ਨੇ ਆਮ ਜੀਵਨ ਨੂੰ ਸਿੱਧੇ ਤੌਰ 'ਤੇ ਪ੍ਰਭਾਵਿਤ ਕੀਤਾ, ਮਹਿੰਗਾਈ, ਕਮੀ ਅਤੇ ਜੀਵਨ ਦੀਆਂ ਮੁਸ਼ਕਲਾਂ ਨੇ ਨੌਜਵਾਨਾਂ ਸਮੇਤ ਵੱਡੇ ਜਨ ਸਮੂਹ ਨੂੰ ਸੜਕਾਂ 'ਤੇ ਲਿਆ ਦਿੱਤਾ। ਸ੍ਰੀ ਲੰਕਾ ਵਿਚ ਆਰਥਿਕ ਤਬਾਹੀ ਨੇ ਨੌਜਵਾਨੀ ਨੂੰ ਵਿਆਪਕ ਜਨ-ਵਿਦਰੋਹ ਨਾਲ ਜੋੜਿਆ। ਭਾਰਤ ਦੀ ਸਥਿਤੀ ਸਭ ਤੋਂ ਗੁੰਝਲਦਾਰ ਹੈ। ਇੱਥੇ ਨੌਜਵਾਨਾਂ ਦੀ ਗਿਣਤੀ ਵਿਸ਼ਾਲ ਹੈ ਅਤੇ ਬੇਰੁਜ਼ਗਾਰੀ, ਸਿੱਖਿਆ, ਮਹਿੰਗਾਈ, ਪਰਵਾਸ, ਭ੍ਰਿਸ਼ਟਾਚਾਰ ਅਤੇ ਭਵਿੱਖ ਦੀ ਅਨਿਸ਼ਚਿਤਤਾ ਵਰਗੇ ਸਵਾਲ ਵੀ ਮੌਜੂਦ ਹਨ। ਪਰ ਭਾਰਤੀ ਨੌਜਵਾਨੀ ਦਾ ਸੱਤਾ ਪ੍ਰਤੀ ਅਸੰਤੋਸ਼ ਅਤੇ ਗ਼ੁੱਸਾ ਇੱਕੋ ਰਾਜਨੀਤਕ ਧਾਰਾ ਵਿਚ ਇਕੱਠਾ ਨਹੀਂ ਹੁੰਦਾ। ਇੱਕ ਹਿੱਸਾ ਰੁਜ਼ਗਾਰ ਅਤੇ ਸਿੱਖਿਆ ਦੀ ਮੰਗ ਕਰਦਾ ਹੈ, ਦੂਜਾ ਭ੍ਰਿਸ਼ਟਾਚਾਰ ਅਤੇ ਪ੍ਰਣਾਲੀ ਵਿਰੁੱਧ ਆਵਾਜ਼ ਉਠਾਉਂਦਾ ਹੈ, ਜਦਕਿ ਇੱਕ ਹੋਰ ਹਿੱਸਾ ਧਰਮ, ਰਾਸ਼ਟਰਵਾਦ, ਜਾਤ ਅਤੇ ਪਛਾਣ ਦੀ ਰਾਜਨੀਤੀ ਨਾਲ ਜੁੜ ਜਾਂਦਾ ਹੈ। ਭਾਰਤ ਵਿਚ ਜੈੱਨ ਜ਼ੀ ਅੰਦੋਲਨ ਦੀ ਸਭ ਤੋਂ ਵੱਡੀ ਚੁਣੌਤੀ ਸਿਰਫ਼ ਸਰਕਾਰ ਜਾਂ ਕਿਸੇ ਇੱਕ ਪਾਰਟੀ ਦਾ ਮੁਕਾਬਲਾ ਕਰਨਾ ਨਹੀਂ। ਚੁਣੌਤੀ ਇਹ ਵੀ ਹੈ ਕਿ ਉਹ ਆਪਣਾ ਸੁਤੰਤਰ ਏਜੰਡਾ ਕਿਵੇਂ ਤੈਅ ਕਰੇ, ਜਿਸ ਦਾ ਕੇਂਦਰ ਧਰਮ ਜਾਂ ਨਫ਼ਰਤ ਨਹੀਂ, ਸਗੋਂ ਸਿੱਖਿਆ, ਰੁਜ਼ਗਾਰ, ਸਮਾਜਿਕ ਨਿਆਂ, ਸੰਵਿਧਾਨਕ ਅਧਿਕਾਰ ਅਤੇ ਭਵਿੱਖ ਦੀਆਂ ਸੰਭਾਵਨਾਵਾਂ ਹੋਣ। ਭਾਰਤ ਦੀ ਨੌਜਵਾਨੀ ਦੀ ਤਾਕਤ ਸਿਰਫ਼ ਸੜਕਾਂ 'ਤੇ ਉਤਰ ਆਉਣ ਵਿਚ ਨਹੀਂ, ਸਗੋਂ ਇਹ ਤਹਿ ਕਰਨ ਵਿਚ ਹੈ ਕਿ ਉਹ ਕਿਸ ਲਈ ਅਤੇ ਕਿਸ ਦਿਸ਼ਾ ਵਿਚ ਸੜਕ 'ਤੇ ਉਤਰ ਰਹੀ ਹੈ। ਆਖ਼ਰੀ ਸੁਆਲ ਇਹ ਹੈ ਕਿ ਜੈੱਨ ਜ਼ੀ ਆਪਣੀ ਰਾਜਨੀਤਕ ਦਿਸ਼ਾ ਖੁਦ ਤੈਅ ਕਰੇਗੀ ਜਾਂ ਉਸ ਦੀ ਊਰਜਾ ਅਤੇ ਪਹਿਲਕਦਮੀ ਨੂੰ ਪਹਿਲਾਂ ਤੋਂ ਮੌਜੂਦ ਸਿਆਸੀ ਤਾਕਤਾਂ ਆਪਣੀ-ਆਪਣੀ ਦਿਸ਼ਾ ਵਿਚ ਮੋੜ ਦੇਣਗੀਆਂ?

ਇਸ ਉੱਭਰ ਰਹੇ ਅੰਦੋਲਨ ਨੂੰ ਜਿਸ ਸਖ਼ਤੀ ਨਾਲ ਨਜਿੱਠਣ ਦੀ ਕੋਸ਼ਿਸ਼ ਕੀਤੀ ਗਈ, ਉਸ ਨੇ ਪੁਲਿਸ ਦੀ ਭੂਮਿਕਾ ਅਤੇ ਰਾਜ ਦੀ ਲੋਕਤੰਤਰਿਕ ਸਹਿਣਸ਼ੀਲਤਾ ਬਾਰੇ ਕਈ ਗੰਭੀਰ ਸਵਾਲ ਖੜ੍ਹੇ ਕੀਤੇ ਹਨ। ਕਿਸੇ ਵੀ ਲੋਕਤੰਤਰ ਵਿਚ ਨੌਜਵਾਨਾਂ ਦਾ ਸਰਕਾਰ ਦੀਆਂ ਨੀਤੀਆਂ ਜਾਂ ਸਿਆਸੀ ਪ੍ਰਬੰਧ ਵਿਰੁੱਧ ਆਵਾਜ਼ ਉਠਾਉਣਾ ਆਪਣੇ-ਆਪ ਵਿਚ ਕੋਈ ਜੁਰਮ ਨਹੀਂ। ਅਸਲ ਕਸੌਟੀ ਇਹ ਹੈ ਕਿ ਰਾਜ ਉਸ ਆਵਾਜ਼ ਨਾਲ ਕਿਵੇਂ ਪੇਸ਼ ਆਉਂਦਾ ਹੈ। ਜੇ ਸ਼ਾਂਤਮਈ ਪ੍ਰਦਰਸ਼ਨ ਨੂੰ ਗੱਲਬਾਤ, ਸੰਵਾਦ ਅਤੇ ਲੋਕਤੰਤਰਿਕ ਪ੍ਰਕਿਰਿਆ ਰਾਹੀਂ ਸੁਣਨ ਦੀ ਥਾਂ ਤਾਕਤ ਦੇ ਪ੍ਰਯੋਗ ਨਾਲ ਦਬਾਉਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ, ਤਾਂ ਸਵਾਲ ਸਿਰਫ਼ ਪੁਲਿਸ ਦੀ ਕਾਰਵਾਈ ਤੱਕ ਸੀਮਤ ਨਹੀਂ ਰਹਿੰਦਾ। ਫਿਰ ਸਵਾਲ ਇਹ ਬਣ ਜਾਂਦਾ ਹੈ ਕਿ ਕੀ ਸੱਤਾ ਨੌਜਵਾਨਾਂ ਦੇ ਸਵਾਲਾਂ ਦਾ ਜਵਾਬ ਦੇਣ ਦੀ ਸਮਰੱਥਾ ਗੁਆ ਰਹੀ ਹੈ? ਇੱਥੇ ਇੱਕ ਹੋਰ ਵੱਡਾ ਵਿਰੋਧਾਭਾਸ ਵੀ ਸਾਹਮਣੇ ਆਉਂਦਾ ਹੈ। ਜਿਸ ਨੌਜਵਾਨ ਪੀੜ੍ਹੀ ਨੂੰ ਦੇਸ਼ ਦਾ ਭਵਿੱਖ ਕਿਹਾ ਜਾਂਦਾ ਹੈ, ਜਦੋਂ ਉਹ ਆਪਣੇ ਭਵਿੱਖ ਬਾਰੇ ਸਵਾਲ ਪੁੱਛਦੀ ਹੈ ਤਾਂ ਉਸ ਦੀ ਆਵਾਜ਼ ਨੂੰ ਸੁਣਨ ਦੀ ਥਾਂ ਜੇ ਉਸ ਨੂੰ ਸ਼ੱਕ, ਡਰ ਜਾਂ ਬਲ-ਪ੍ਰਯੋਗ ਨਾਲ ਦੇਖਿਆ ਜਾਵੇ, ਤਾਂ ਇਹ ਨੌਜਵਾਨੀ ਅਤੇ ਰਾਜ ਦੇ ਵਿਚਕਾਰ ਭਰੋਸੇ ਦੀ ਦੂਰੀ ਹੋਰ ਵਧਾ ਸਕਦਾ ਹੈ। ਇਸ ਅੰਦੋਲਨ ਦੀ ਅਸਲ ਪਰਖ ਸਿਰਫ਼ ਅੰਦੋਲਨਕਾਰੀਆਂ ਦੀ ਨਹੀਂ, ਰਾਜ ਦੀ ਵੀ ਹੈ। ਨੌਜਵਾਨ ਸੜਕ 'ਤੇ ਕਿਉਂ ਆਏ? ਇਹ ਸਵਾਲ ਜਿੰਨਾ ਮਹੱਤਵਪੂਰਨ ਹੈ, ਉਨਾ ਹੀ ਮਹੱਤਵਪੂਰਨ ਇਹ ਵੀ ਹੈ ਕਿ ਉਨ੍ਹਾਂ ਨੂੰ ਸੁਣਨ ਦੀ ਥਾਂ ਤਾਕਤ ਦੀ ਵਰਤੋਂ ਕਿਉਂ ਕੀਤੀ ਗਈ। ਲੋਕਤੰਤਰ ਦੀ ਤਾਕਤ ਇਸ ਵਿਚ ਨਹੀਂ ਕਿ ਉਹ ਅਸਹਿਮਤੀ ਨੂੰ ਕਿੰਨੀ ਜਲਦੀ ਚੁੱਪ ਕਰਾ ਸਕਦਾ ਹੈ। ਲੋਕਤੰਤਰ ਦੀ ਤਾਕਤ ਇਸ ਵਿਚ ਹੈ ਕਿ ਉਹ ਅਸਹਿਮਤੀ ਨੂੰ ਕਿੰਨੀ ਸਹਿਣਸ਼ੀਲਤਾ ਨਾਲ ਸੁਣ ਸਕਦਾ ਹੈ। ਇਸ ਬਗ਼ਾਵਤ ਦਾ ਇੱਕ ਬੁਨਿਆਦੀ ਸਵਾਲ ਖੜ੍ਹਾ ਹੁੰਦਾ ਹੈ ਕਿ ਕੀ ਨਵੀਂ ਪੀੜ੍ਹੀ ਨੂੰ ਸਿਰਫ਼ ਵੋਟਰ ਸਮਝਿਆ ਜਾਵੇਗਾ ਜਾਂ ਇੱਕ ਸਵਾਲ ਪੁੱਛਣ ਵਾਲੇ ਨਾਗਰਿਕ ਵਜੋਂ ਵੀ ਸਵੀਕਾਰ ਕੀਤਾ ਜਾਵੇਗਾ?

ਸੱਤਾਧਾਰੀ ਰਾਜਨੀਤੀ ਨੇ ਜੈੱਨ ਜ਼ੀ ਦੀ ਇਸ ਭਾਸ਼ਾ ਦੇ ਮਿਆਰ ਅਤੇ ਸ਼ਾਲੀਨਤਾ ਉੱਤੇ ਸਵਾਲ ਚੁੱਕੇ ਹਨ। ਇੱਥੇ ਇੱਕ ਦਿਲਚਸਪ ਵਿਰੋਧਾਭਾਸ ਪੈਦਾ ਹੁੰਦਾ ਹੈ। ਕੀ ਸਿਰਫ਼ ਇਸ ਲਈ ਕਿ ਨੌਜਵਾਨਾਂ ਦੀ ਭਾਸ਼ਾ ਰਵਾਇਤੀ ਸਿਆਸੀ ਭਾਸ਼ਾ ਨਾਲੋਂ ਵਧੇਰੇ ਤਿੱਖੀ, ਵਿਅੰਗਮਈ ਜਾਂ ਗ਼ੈਰ ਰਸਮੀ ਹੈ, ਉਨ੍ਹਾਂ ਦੇ ਸਵਾਲਾਂ ਨੂੰ ਵੀ ਘੱਟ ਮਹੱਤਵਪੂਰਨ ਮੰਨ ਲਿਆ ਜਾਵੇ? ਸੱਤਾ ਨੂੰ ਵੀ ਇਹ ਸਮਝਣਾ ਪਵੇਗਾ ਕਿ ਨਵੀਂ ਪੀੜ੍ਹੀ ਦੀ ਭਾਸ਼ਾ ਨੂੰ ਰੱਦ ਕਰ ਦੇਣਾ ਉਸ ਦੇ ਸਵਾਲਾਂ ਨੂੰ ਰੱਦ ਕਰ ਦੇਣਾ ਨਹੀਂ ਹੈ। ਜੇ ਨੌਜਵਾਨ ਇੰਸਟਾਗ੍ਰਾਮ ਦੀ ਇੱਕ ਛੋਟੀ ਪੋਸਟ, ਮੀਮ ਜਾਂ ਵਿਅੰਗ ਰਾਹੀਂ ਸਰਕਾਰ ਦੀ ਕਿਸੇ ਨੀਤੀ 'ਤੇ ਸਵਾਲ ਕਰਦਾ ਹੈ, ਤਾਂ ਸੱਤਾ ਲਈ ਅਸਲ ਚੁਣੌਤੀ ਉਸ ਦੀ ਭਾਸ਼ਾ ਦਾ ਮਿਆਰ ਨਹੀਂ, ਸਗੋਂ ਉਸ ਸਵਾਲ ਦਾ ਜਵਾਬ ਦੇਣਾ ਹੈ। ਇੱਥੇ ਜੈੱਨ ਜ਼ੀ ਅਤੇ ਰਵਾਇਤੀ ਰਾਜਨੀਤੀ ਵਿਚਕਾਰ ਇੱਕ ਪੀੜ੍ਹੀ ਗਤ ਟਕਰਾਅ ਵੀ ਦਿਖਾਈ ਦਿੰਦਾ ਹੈ। ਪੁਰਾਣੀ ਰਾਜਨੀਤੀ ਅਕਸਰ ਮੰਚ, ਮਾਈਕ, ਭਾਸ਼ਣ ਅਤੇ ਪ੍ਰੈੱਸ ਕਾਨਫਰੰਸ ਦੀ ਭਾਸ਼ਾ ਵਿਚ ਗੱਲ ਕਰਦੀ ਹੈ। ਜੈੱਨ ਜ਼ੀ ਰੀਲ, ਮੀਮ, ਸਟੋਰੀ, ਹੈਸ਼ਟੈਗ ਅਤੇ ਛੋਟੀ ਵੀਡੀਓ ਵਿਚ ਆਪਣਾ ਵਿਰੋਧ ਦਰਜ ਕਰਦੀ ਹੈ। ਇਸ ਲਈ ਅਸਲ ਸਵਾਲ ਇਹ ਨਹੀਂ ਕਿ ਜੈੱਨ ਜ਼ੀ ਦੀ ਭਾਸ਼ਾ ਰਵਾਇਤੀ ਸਿਆਸੀ ਭਾਸ਼ਾ ਵਰਗੀ ਕਿਉਂ ਨਹੀਂ। ਅਸਲ ਸਵਾਲ ਇਹ ਹੈ ਕਿ ਕੀ ਸੱਤਾ ਨਵੀਂ ਪੀੜ੍ਹੀ ਦੀ ਨਵੀਂ ਭਾਸ਼ਾ ਦੇ ਪਿੱਛੇ ਲੁਕੇ ਸਵਾਲਾਂ ਨੂੰ ਸੁਣਨ ਲਈ ਤਿਆਰ ਹੈ? ਭਾਰਤੀ ਜਨਤਾ ਪਾਰਟੀ ਦੇ ਲੀਡਰਾਂ ਦਾ ਖੁਦ ਦਾ ਇਤਿਹਾਸ ਗਾਲੀ-ਗਲੋਚ ਅਤੇ ਨਫ਼ਰਤ ਦੀ ਬੋਲੀ ਵਜੋਂ ਦਰਜ਼ ਹੈ। ਭਾਰਤੀ ਰਾਜਨੀਤੀ ਵਿਚ ਵੱਖ-ਵੱਖ ਪਾਰਟੀਆਂ ਦੇ ਆਗੂਆਂ ਵੱਲੋਂ ਸਮੇਂ-ਸਮੇਂ 'ਤੇ ਨਿੱਜੀ ਹਮਲਿਆਂ, ਤਿੱਖੀ ਬੋਲੀ ਅਤੇ ਧਰੁਵੀਕਰਨ ਪੈਦਾ ਕਰਨ ਵਾਲੀ ਭਾਸ਼ਾ ਦੀ ਵਰਤੋਂ ਹੁੰਦੀ ਰਹੀ ਹੈ। ਭਾਰਤੀ ਜਨਤਾ ਪਾਰਟੀ ਨਾਲ ਜੁੜੇ ਕੁਝ ਆਗੂਆਂ ਦੇ ਬਿਆਨਾਂ ਨੂੰ ਲੈ ਕੇ ਵੀ ਅਤੀਤ ਵਿਚ ਗਾਲ਼ੀ-ਗਲੋਚ, ਨਫ਼ਰਤ ਭਰੀ ਜਾਂ ਭੜਕਾਊ ਭਾਸ਼ਾ ਦੇ ਦੋਸ਼ ਅਤੇ ਵਿਵਾਦ ਸਾਹਮਣੇ ਆਉਂਦੇ ਰਹੇ ਹਨ। ਇਸ ਲਈ ਭਾਸ਼ਾ ਦੇ ਮਿਆਰ 'ਤੇ ਸਵਾਲ ਉਠਾਉਣ ਤੋਂ ਪਹਿਲਾਂ ਸਿਆਸੀ ਵਰਗ ਨੂੰ ਆਪਣੇ ਜਨਤਕ ਭਾਸ਼ਣ ਦੇ ਮਿਆਰ ਬਾਰੇ ਵੀ ਆਤਮ-ਪੜਤਾਲ ਕਰਨੀ ਚਾਹੀਦੀ ਹੈ। ਜੇ ਸੱਤਾ ਵਿਚ ਬੈਠੇ ਲੋਕ ਖ਼ੁਦ ਕਈ ਵਾਰ ਇਸੇ ਤਰ੍ਹਾਂ ਦੀ ਤਿੱਖੀ ਜਾਂ ਵੰਡ ਪੈਦਾ ਕਰਨ ਵਾਲੀ ਭਾਸ਼ਾ ਵਰਤਦੇ ਰਹੇ ਹੋਣ, ਤਾਂ ਸਿਰਫ਼ ਜੈੱਨ ਜ਼ੀ ਨੂੰ 'ਭਾਸ਼ਾ ਦਾ ਸਬਕ' ਦੇਣਾ ਦੋਹਰੇ ਮਾਪਦੰਡ ਵਜੋਂ ਦੇਖਿਆ ਜਾ ਸਕਦਾ ਹੈ। ਨਵੀਂ ਪੀੜ੍ਹੀ ਦੀ ਭਾਸ਼ਾ ਨੂੰ ਸੁਧਾਰਨ ਦੀ ਸਲਾਹ ਦੇਣ ਤੋਂ ਪਹਿਲਾਂ ਸਿਆਸੀ ਲੀਡਰਾਂ ਨੂੰ ਵੀ ਇਹ ਦਿਖਾਉਣਾ ਪਵੇਗਾ ਕਿ ਉਹ ਖ਼ੁਦ ਅਸਹਿਮਤੀ, ਵਿਰੋਧੀ ਵਿਚਾਰ ਅਤੇ ਰਾਜਨੀਤਕ ਮੁਕਾਬਲੇ ਨੂੰ ਕਿੰਨੀ ਸੰਜੀਦਗੀ ਅਤੇ ਸ਼ਾਲੀਨਤਾ ਨਾਲ ਸੰਬੋਧਨ ਕਰਦੇ ਹਨ। ਹੋਰ ਬੁਰਾਈਆਂ ਦੀ ਤਰ੍ਹਾਂ ਹੀ ਲੋਕਤੰਤਰ ਵਿਚ ਭਾਸ਼ਾ ਦਾ ਮਿਆਰ ਉੱਪਰੋਂ ਹੇਠਾਂ ਆਉਂਦਾ ਹੈ, ਹੇਠਾਂ ਤੋਂ ਉੱਪਰ ਨਹੀਂ।

ਜੰਤਰ ਮੰਤਰ ਵਿਚ ਸ਼ੱਕੀ ਬੰਦੇ ਪਲਾਂਟ ਕਰਨਾ ਭਾਰਤੀ ਜਨਤਾ ਪਾਰਟੀ ਦੇ ਵਰਕਰਾਂ ਵੱਲੋਂ ਨੌਜੁਆਨਾਂ ਨੂੰ ਹਿੰਸਾ ਲਈ ਉਕਸਾਉਣਾ, ਨੌਜੁਆਨ ਲੜਕੀਆਂ 'ਤੇ ਦੋਸ਼ ਲਾਉਣਾ, ਸਿਆਹੀ ਸੁੱਟਣਾ ਵੀ ਸਾਰੀ ਦੁਨੀਆ ਨੇ ਅੱਖੀਂ ਵੇਖਿਆ ਹੈ। ਜੈੱਨ ਜ਼ੀ ਦੇ ਵਿਰੋਧ ਨਾਲ ਜੁੜੀਆਂ ਜੰਤਰ-ਮੰਤਰ ਦੀਆਂ ਘਟਨਾਵਾਂ ਨੇ ਵੀ ਕਈ ਗੰਭੀਰ ਸਵਾਲ ਖੜ੍ਹੇ ਕੀਤੇ ਹਨ। ਪ੍ਰਦਰਸ਼ਨ ਦੇ ਮਾਹੌਲ ਵਿਚ ਕੁਝ ਅਜਿਹੇ ਵਿਅਕਤੀਆਂ ਦੀ ਮੌਜੂਦਗੀ ਅਤੇ ਹਰਕਤਾਂ ਬਾਰੇ ਸਵਾਲ ਉੱਠੇ, ਜਿਨ੍ਹਾਂ ਨੂੰ ਲੈ ਕੇ ਸ਼ੱਕ ਜ਼ਾਹਰ ਕੀਤਾ ਗਿਆ ਕਿ ਕਿਤੇ ਉਹ ਜਾਣ-ਬੁੱਝ ਕੇ ਤਣਾਅ ਪੈਦਾ ਕਰਨ ਜਾਂ ਨੌਜਵਾਨਾਂ ਨੂੰ ਹਿੰਸਕ ਪ੍ਰਤੀਕਿਰਿਆ ਵੱਲ ਧੱਕਣ ਲਈ ਤਾਂ ਨਹੀਂ ਲਿਆਂਦੇ ਗਏ ਸਨ। ਇਸੇ ਤਰ੍ਹਾਂ ਨੌਜਵਾਨਾਂ ਨੂੰ ਭੜਕਾਉਣ, ਨੌਜਵਾਨ ਲੜਕੀਆਂ ਉੱਤੇ ਇਲਜ਼ਾਮ ਲਗਾਉਣ ਅਤੇ ਪ੍ਰਦਰਸ਼ਨਕਾਰੀਆਂ ਵੱਲ ਸਿਆਹੀ ਸੁੱਟਣ ਵਰਗੀਆਂ ਘਟਨਾਵਾਂ ਨੇ ਵੀ ਵਿਰੋਧ ਦੇ ਮਾਹੌਲ ਨੂੰ ਹੋਰ ਤਣਾਅਪੂਰਨ ਬਣਾਇਆ। ਇਨ੍ਹਾਂ ਘਟਨਾਵਾਂ ਦੀਆਂ ਤਸਵੀਰਾਂ ਅਤੇ ਵੀਡੀਓਜ਼ ਸੋਸ਼ਲ ਮੀਡੀਆ ਰਾਹੀਂ ਵਿਆਪਕ ਤੌਰ 'ਤੇ ਸਾਹਮਣੇ ਆਈਆਂ, ਜਿਸ ਕਾਰਨ ਇਹ ਸਵਾਲ ਹੋਰ ਤਿੱਖਾ ਹੋਇਆ ਹੈ ਕਿ ਕੀ ਇਸ ਸ਼ਾਂਤਮਈ ਅੰਦੋਲਨ ਨੂੰ ਜਾਣ-ਬੁੱਝ ਕੇ ਟਕਰਾਅ ਅਤੇ ਹਿੰਸਾ ਵੱਲ ਧੱਕਣ ਦੀ ਕੋਸ਼ਿਸ਼ ਕੀਤੀ ਗਈ ਹੈ? ਜੇ ਅਜਿਹੀਆਂ ਘਟਨਾਵਾਂ ਪਿੱਛੇ ਸਿਆਸੀ ਤੌਰ 'ਤੇ ਪ੍ਰੇਰਿਤ ਤੱਤਾਂ ਦੀ ਭੂਮਿਕਾ ਸਾਬਤ ਹੁੰਦੀ ਹੈ, ਤਾਂ ਇਹ ਸਿਰਫ਼ ਇੱਕ ਅੰਦੋਲਨ ਨੂੰ ਬਦਨਾਮ ਕਰਨ ਦਾ ਮਾਮਲਾ ਨਹੀਂ ਰਹਿੰਦਾ। ਇਹ ਲੋਕਤੰਤਰ ਵਿਚ ਸ਼ਾਂਤਮਈ ਵਿਰੋਧ ਦੇ ਅਧਿਕਾਰ ਅਤੇ ਰਾਜਨੀਤਕ ਉਕਸਾਵੇ ਦਾ ਗੰਭੀਰ ਸਵਾਲ ਬਣ ਜਾਂਦਾ ਹੈ।

# ਸੈਂਕੜੇ ਧੀਆਂ ਦਾ ਬਾਪ - ਕੁਲਦੀਪ ਸਿੰਘ ਸਰਾ



ਹਿੰਦੁਸਤਾਨ ਵਿਚ ਤੇ ਖਾਸ ਕਰਕੇ ਸਾਂਝੇ ਪੰਜਾਬ ਵਿਚ ਸਦੀਆਂ ਤੋਂ ਜਿਵੇਂ ਕੁੜੀਆਂ ਨੂੰ ਬਦਸ਼ਗਨੀ, ਮਾਪਿਆਂ ਉਪਰ ਬੋਝ ਅਤੇ ਪੁਰਖਿਆਂ ਦਾ ਵਾਰਸ ਨਾ ਬਣਨ ਜਿਹੀਆਂ ਅਲਾਮਤਾਂ ਨਾਲ ਨਿਵਾਜਿਆ ਜਾਂਦਾ ਰਿਹਾ ਹੈ, ਉਹ ਕਿਸੇ ਤੋਂ ਗੁੱਝਾ ਨਹੀਂ ਹੈ। ਪੁਰਾਣੇ ਜ਼ਮਾਨੇ ਵਿਚ ਤਾਂ ਦੱਸਦੇ ਨੇ ਕਿ ਕੁੜੀ ਦੇ ਜੰਮਦਿਆਂ ਹੀ ਉਸਨੂੰ ਕੁੱਜੇ ਜਾਂ ਕਿਸੇ ਹੋਰ ਮਿੱਟੀ ਦੇ ਭਾਂਡੇ ਵਿਚ ਰੱਖ ਕੇ, ਨਾਲ ਕੁਝ ਪੂਣੀਆਂ ਅਤੇ ਗੁੜ ਦੀ ਡਲੀ ਰੱਖ ਕੇ ਜ਼ਮੀਨ ਵਿਚ ਦੱਬ ਦਿੱਤਾ ਜਾਂਦਾ ਸੀ। ਦੱਬਣ ਤੋਂ ਬਾਅਦ ਘਰ ਦੀ ਬਜ਼ੁਰਗ ਤੀਵੀਂ ਇਹ ਕਹਿੰਦੀ ਹੁੰਦੀ ਸੀ :-

ਗੁੜ ਖਾਈਂ ਪੂਣੀ ਕੱਤੀਂ
ਆਪ ਨਾ ਆਈਂ
ਵੀਰ ਨੂੰ ਘੱਲੀਂ।

ਹੁਣ ਭਾਵੇਂ ਮਿੱਟੀ ਵਿਚ ਦੱਬਣ ਵਾਲੀ ਗੱਲ ਤਾਂ ਰਹੀ ਨਹੀਂ ਪਰ ਇਸ ਤੋਂ ਵੀ ਭੈੜੀ ਰੀਤ ਚੱਲ ਪਈ ਕਿ ਜੰਮਣ ਤੋਂ ਪਹਿਲਾਂ ਹੀ ਗਰਭ ਵਿਚ ਮਿੱਟੀ ਬਣਾ ਦਿਉ। ਅਜੇ ਕੱਲ੍ਹ ਦੀ ਹੀ ਤਾਂ ਗੱਲ ਹੈ ਜਦੋਂ ਪੰਜਾਬ ਦੇ ਹਰ ਕੋਨੇ ਵਿਚ 'ਲਿੰਗ



**ਰਵਿੰਦਰ ਸਿੰਘ ਸਹਿਰਾਅ**
**ਫੋਨ: 219-900-1115**

ਟੈਸਟ' ਕਰਨ ਵਾਲੇ ਕਾਤਲ ਡਾਕਟਰਾਂ ਦੇ ਇਸ਼ਤਿਹਾਰ ਦੇਖਣ ਨੂੰ ਮਿਲ ਜਾਂਦੇ ਸਨ। ਵਕਤ ਪੈਣ ਨਾਲ ਕਈ ਜਥੇਬੰਦੀਆਂ ਵੱਲੋਂ ਵਿਰੋਧ ਹੋਇਆ ਤਾਂ ਸਰਕਾਰਾਂ ਸਖ਼ਤ ਹੋਈਆਂ ਪਰ ਦੱਸਦੇ ਨੇ ਕਿ ਚੋਰੀ ਛਿਪੇ ਅਜੇ ਵੀ ਇਹ ਧੰਦਾ ਚੱਲ ਰਿਹਾ ਹੈ।

ਕੁੜੀਆਂ ਨੂੰ ਨਫਰਤ ਕਰਨ ਦਾ ਕਾਰਣ ਵਿਆਹਾਂ ਉੱਪਰ ਬੇਲੋੜੇ ਖਰਚੇ, ਮੁੰਡੇ ਵਾਲਿਆਂ ਦਾ ਲਾਲਚ ਤੇ ਸਮਾਜ ਵਿਚ ਗੁੰਡਾ ਅਨਸਰਾਂ ਦਾ ਬੋਲਬਾਲਾ ਵੀ ਰਿਹਾ ਹੈ। ਹੈਰਾਨੀ ਤਾਂ ਉਦੋ ਹੁੰਦੀ ਹੈ ਜਦੋਂ ਔਰਤ ਹੀ ਔਰਤ ਦੀ ਦੁਸ਼ਮਣ ਬਣ ਜਾਂਦੀ ਹੈ। ਸਮਾਂ ਬਦਲਣ ਨਾਲ ਭਾਵੇਂ ਬੜਾ ਫਰਕ ਪੈ ਗਿਆ ਹੈ। ਪਰ ਅੱਜ ਵੀ ਅਮੀਰ ਘਰਾਂ ਦੇ ਕਾਕੇ ਭ੍ਰਿਸ਼ਟ ਸਿਆਸੀ ਆਕਾਵਾਂ ਦੀ ਸ਼ਹਿ 'ਤੇ ਸਕੂਲ-ਕਾਲਜ ਜਾਂਦੀਆਂ ਲੜਕੀਆਂ ਲਈ ਦਹਿਸ਼ਤ ਅਤੇ ਖ਼ੌਫ ਵਾਲਾ ਮਾਹੌਲ ਬਣਾਉਣ ਵਿਚ ਕੋਈ ਕਸਰ ਨਹੀਂ ਛੱਡ ਰਹੇ। ਸ਼ਰ੍ਹੇਆਮ ਅਗਵਾ ਕਰਕੇ ਗੈਂਗ ਰੇਪ ਤੇ ਫਿਰ ਮਾਰ ਖਪਾ ਦੇਣ ਦੀਆਂ ਕਿੰਨੀਆਂ ਹੀ ਘਟਨਾਵਾਂ ਪੰਜਾਬ ਦੀ ਧਰਤੀ ਉੱਪਰ ਲਹੂ ਨਾਲ ਲਿਖੀਆਂ ਜਾ ਚੁੱਕੀਆਂ ਹਨ। ਗਰੀਬ ਮਾਪੇ ਇਸ ਖ਼ੌਫ ਕਾਰਣ ਧੀਆਂ ਨੂੰ ਸਕੂਲ ਭੇਜਣ ਤੋਂ ਕੰਨੀ ਕਤਰਾਉਂਦੇ ਹਨ।

ਅਜਿਹੇ ਖ਼ੌਫਨਾਕ ਸਮਿਆਂ ਵਿਚ ਕੁਲਦੀਪ ਸਿੰਘ ਸਰਾ ਧੀਆਂ ਲਈ ਵਰਦਾਨ ਬਣ ਕੇ ਸਾਹਮਣੇ ਆਇਆ ਹੈ। ਉਸ ਦੀ ਆਪਣੀ ਧੀ ਨਹੀਂ ਸੀ ਪਰ ਉਸਦੇ ਸੰਵੇਦਨਸ਼ੀਲ ਮਨ ਨੇ ਫੈਸਲਾ ਕੀਤਾ ਕਿ ਗੁਰੂਆਂ, ਪੀਰਾਂ ਤੇ ਸੂਫੀਆਂ ਦੀ ਧਰਤੀ ਪੰਜਾਬ ਵਿਚ ਖ਼ੌਫਜ਼ਦਾ ਧੀਆਂ ਦੀ ਬਾਂਹ ਫੜਨ ਅਤੇ ਉਨ੍ਹਾਂ ਦੇ ਸਿਰ ਉੱਪਰ ਹੱਥ ਰੱਖਣ ਦਾ ਵਕਤ ਆ ਗਿਆ ਹੈ।

ਕੰਮ ਸੌਖਾ ਨਹੀਂ ਸੀ। ਪਰ 'ਹਿੰਮਤੇ ਮਰਦਾਂ-ਮਦਦੇ ਖ਼ੁਦਾ' ਦੀ ਕਹਾਵਤ ਮੁਤਾਬਿਕ ਉਸਨੇ 2011 ਵਿਚ ਇਕ ਜਥੇਬੰਦੀ 'ਧੀਆਂ ਪੁਕਾਰਦੀਆਂ' ਬਣਾਈ। ਥਾਂ-ਥਾਂ ਜਾ ਕੇ ਹੋਕਾ ਦਿੱਤਾ। ਕਈਆਂ ਨੇ ਹੱਸ ਛੱਡਿਆ ਪਰ ਬਥੇਰਿਆਂ ਨੇ ਇਸਨੂੰ ਗੰਭੀਰਤਾ ਨਾਲ ਲਿਆ। ਉਸਨੇ ਪੰਜਾਬ ਗੇੜੇ ਮਾਰਨੇ ਸ਼ੁਰੂ ਕੀਤੇ। ਪਹਿਲ ਆਪਣੇ ਜ਼ਿਲ੍ਹੇ ਗੁਰਦਾਸਪੁਰ ਤੋਂ ਕੀਤੀ। ਸਕੂਲ-ਕਾਲਜਾਂ ਦੇ ਮੋਢੀਆਂ ਨਾਲ ਮੁਲਾਕਾਤਾਂ ਕੀਤੀਆਂ। ਉਨ੍ਹਾਂ ਕੁੜੀਆਂ ਦੀ ਪਛਾਣ ਕੀਤੀ ਜੋ ਪੜ੍ਹਾਈ ਵਿਚ ਲਾਇਕ ਤਾਂ ਸਨ ਪਰ ਸਾਧਨਾਂ ਦੀ ਘਾਟ ਕਾਰਣ ਉਚੇਰੀ ਪੜ੍ਹਾਈ ਵੱਸੋਂ ਬਾਹਰ ਸੀ। ਪਹਿਲੇ ਸਾਲ ਉਸ ਕੋਲ ਸਿਰਫ ਛੇ ਕੁੜੀਆਂ ਸਨ। ਸਕੂਲ ਮੁਖੀਆਂ ਰਾਹੀਂ ਉਸਨੇ ਹਰ ਕੁੜੀ ਲਈ ਮਹੀਨੇਵਾਰ ਲੋੜੀਂਦੀ ਰਕਮ ਭੇਜਣੀ ਸ਼ੁਰੂ ਕੀਤੀ। ਉਨ੍ਹਾਂ ਵਿਚ ਉਹ ਕੁੜੀਆਂ ਵੀ ਸਨ ਜਿਨ੍ਹਾਂ ਦੇ ਬਾਪ ਨਸ਼ਿਆਂ ਕਾਰਣ ਘਰ ਤਬਾਹ ਕਰ ਰਹੇ ਸਨ। ਖ਼ਾਸ ਕਰਕੇ ਧੀਆਂ ਅਤੇ ਮਾਵਾਂ ਲਈ ਅਜਿਹੇ ਘਰ ਨਰਕ ਬਣ ਚੁੱਕੇ ਸਨ। ਕੁਲਦੀਪ ਦਾ ਕੋਮਲ ਮਨ ਉਨ੍ਹਾਂ ਦੀ ਕਹਾਣੀ ਸੁਣ ਕੇ ਵਲੂੰਧਰਿਆ ਗਿਆ।

ਐਮਰਜੈਂਸੀ (1975) ਦੀਆਂ ਵਧੀਕੀਆਂ ਦਾ ਸ਼ਿਕਾਰ ਕੁਲਦੀਪ ਸਿੰਘ ਸਰਾ ਵੱਖ-ਵੱਖ ਦੇਸ਼ਾਂ ਵਿਚ ਹੁੰਦਾ ਹੋਇਆ ਅਮੈਰਿਕਾ ਦੀ ਸਟੇਟ ਇਲੀਨੌਏ (Illinois) ਪਹੁੰਚਿਆ, ਤੇ ਹੁਣ ਉਹ ਇਸ ਦੇ ਜਗਤ ਪ੍ਰਸਿਧ ਸ਼ਹਿਰ ਸ਼ਿਕਾਗੋ ਦੀ ਇਕ ਖ਼ੂਬਸਰਤ ਸਬਰਬ ਨੇਪਰਵਿੱਲ ਵਿਚ ਰਹਿੰਦਾ ਹੈ।

ਕੁਲਦੀਪ ਨੇ ਆਪਣੇ ਹਮਖਿਆਲਾਂ, ਨੇੜਲੇ ਰਿਸ਼ਤੇਦਾਰਾਂ ਅਤੇ ਇਲਾਕੇ ਦੇ ਗੁਰੂਘਰਾਂ ਵਿਚ ਆਪਣੀ ਗੱਲ ਰੱਖੀ। ਉਸਦੇ ਤਰਕਸੰਗਤ, ਸੰਜਮ, ਮਿੱਠ ਬੋਲੜੇ, ਸਹਿਜ ਵਾਲੇ ਸੁਭਾਅ ਨੇ ਜਾਦੂਮਈ ਅਸਰ ਕੀਤਾ। ਨਤੀਜੇ ਵਜੋਂ ਸਾਲ 2025 ਤਕ ਅੱਪੜਦਿਆਂ ਉਸਨੇ ਕਰੀਬ ਤੇਰਾਂ ਸੌ ਬੱਚੀਆਂ ਦੀ ਬਾਂਹ ਫੜ ਕੇ ਕਾਲਜ ਤੱਕ ਦੀ ਉਚੇਰੀ ਪੜ੍ਹਾਈ ਕਰਨ ਵਿਚ ਮਦਦ ਕੀਤੀ ਹੈ। ਵੱਡੀ ਗਿਣਤੀ ਵਿਚ ਲੋਕ ਹੁਣ ਹਰ ਸਾਲ ਬੱਝਵੀਂ ਰਕਮ ਨਾਲ ਲਗਾਤਾਰ ਮਦਦ ਕਰਦੇ ਆ ਰਹੇ ਹਨ। 'ਧੀਆਂ ਪੁਕਾਰਦੀਆਂ' ਅਮਰੀਕਾ ਵਿਚ ਰਜਿਸਟਰਡ ਸੰਸਥਾ ਹੈ। ਦਾਨ ਕੀਤੀ ਰਕਮ ਟੈਕਸ-ਮੁਆਫ (Tax Exempt) ਹੈ। ਇਹ ਸੰਸਥਾ ਅਮਰੀਕੀ ਕਾਨੂੰਨ 501 (c) (3) ਦੀ ਧਾਰਾ ਥੱਲੇ ਦਰਜ ਹੈ ਜਿਸ ਰਾਹੀਂ ਦਾਨੀ ਸੱਜਣ ਆਪਣੀ ਆਮਦਨ ਵਿਚੋਂ ਹਰ ਸਾਲ ਟੈਕਸ ਭਰਨ ਸਮੇਂ ਛੋਟ ਲੈ ਸਕਦੇ ਹਨ। ਪਰ ਫਿਰ ਵੀ ਉਹ ਦੱਸਦੇ ਹਨ ਕਿ ਕਈ ਕਾਨੂੰਨ (ਦੇਸ ਅਤੇ ਵਿਦੇਸ਼) ਅੜਿੱਕਾ ਬਣਦੇ ਹਨ। ਉਹ ਹਰ ਹਾਲਤ ਦਾ ਮੁਕਬਲਾ ਕਰਦੇ ਹੋਏ ਲਗਾਤਾਰ ਸਹਾਇਤਾ ਭੇਜਣ ਲਈ ਵਚਨਬੱਧ ਹਨ। ਧੀਆਂ ਨੂੰ ਉਹ ਸਮਾਜ ਦਾ ਸਭ ਤੋਂ ਅਹਿਮ ਅੰਗ ਮੰਨਦੇ ਹਨ। ਬਾਬੇ ਨਾਨਕ ਦੇ ਫਲਸਫੇ ਨੂੰ ਅਗਾਂਹ ਤੋਰਨ ਵਾਲਾ ਸਾਡਾ ਸ਼ਾਇਰ ਤ੍ਰੈਲੋਚਨ ਲੋਚੀ ਵੀ ਲਿਖਦਾ ਹੈ:-

ਜ਼ਾਲਮ ਕਹਿਣ ਬਲਾਵਾਂ ਹੁੰਦੀਆਂ।
ਕੁੜੀਆਂ ਤਾਂ ਕਵਿਤਾਵਾਂ ਹੁੰਦੀਆਂ

ਹੋਰ ਵੀ ਕਈ ਸ਼ਾਇਰਾਂ ਨੇ ਧੀਆਂ ਬਾਰੇ ਬਹੁਤ ਖ਼ੂਬਸੂਰਤ ਨਜ਼ਮਾਂ ਲਿਖੀਆਂ ਹਨ। ਪੰਜਾਬੀ ਦੇ ਮਾਣਮੱਤੇ ਕਵੀ ਧਨੀ ਰਾਮ ਚਾਤ੍ਰਿਕ ਲਿਖਦੇ ਹਨ:-

ਭਾਗ ਲੱਗਾ ਸੀ ਚਾਰ (ਚੁਫੇਰੇ)
ਐਸੀ ਸੋਹਣੀ ਪਿਆਰੀ ਮਿੱਠੀ
ਇਸ ਤੋਂ ਪਹਿਲਾਂ ਨਹਿੰ ਸੀ ਡਿੱਠੀ (ਇਕ ਲੰਮੀ ਕਵਿਤਾ 'ਚੋਂ)

ਮੇਰੀ ਇੱਕ ਨਜ਼ਮ 'ਧੀਆਂ' ਦੀਆਂ ਕੁਝ ਸਤਰਾਂ ਹਨ:

ਹੱਜ ਕਰਨ ਤੋਂ
ਕਿਸੇ ਵੀ ਤਰ੍ਹਾਂ ਘੱਟ ਨਹੀਂ ਹੁੰਦਾ
ਕਲਾਵੇ ਵਿਚ ਲਈ ਧੀ ਦਾ ਮੱਥਾ ਚੁੰਮਣਾ।

ਕੁਲਦੀਪ ਸਿੰਘ ਸਰਾ ਨੂੰ ਹਾਸ਼ੀਏ 'ਤੇ ਰਹਿੰਦੇ ਲੋਕਾਂ ਦੀ ਧਿਰ ਬਣਨ ਦੀ ਗੁੜ੍ਹਤੀ ਪਰਿਵਾਰ ਕੋਲੋਂ ਮਿਲੀ। 7 ਜੁਲਾਈ 1945 ਨੂੰ ਉਨ੍ਹਾਂ ਦਾ ਜਨਮ ਨਾਨਕੇ ਪਿੰਡ ਵੀਲ੍ਹਾ ਬੱਜੂ (ਨੇੜੇ ਸ੍ਰੀ ਹਰਗੋਬਿੰਦ ਪੁਰ ਜ਼ਿਲ੍ਹਾ ਗੁਰਦਾਸਪੁਰ) ਵਿਚ ਪਿਤਾ ਸ. ਰਘਬੀਰ ਸਿੰਘ ਅਤੇ ਮਾਤਾ ਆਗਿਆ ਕੌਰ ਦੀ ਕੁੱਖੋਂ ਹੋਇਆ। ਉਂਜ ਉਨ੍ਹਾਂ ਦਾ ਜੱਦੀ ਪਿੰਡ ਧੌਲਪੁਰ ਜ਼ਿਲ੍ਹਾ ਗੁਰਦਾਸਪੁਰ ਹੈ। ਉਨ੍ਹਾਂ ਦੇ ਪੁਰਖੇ ਸਾਲ 1957 ਵਿਚ ਪੰਜਾਬ ਵਿਚਲੀ ਜ਼ਮੀਨ ਵੇਚ ਕੇ ਨੇਪਾਲ ਦੇ ਬਾਰਡਰ ਲਾਗੇ ਯੂ.ਪੀ. ਵਿਚ ਵਸ ਗਏ। ਇਨ੍ਹਾਂ ਦੇ ਪਰਿਵਾਰ ਦੀ ਨੇੜਤਾ ਗਦਰੀ ਬਾਬਾ ਵਿਸਾਖਾ ਸਿੰਘ ਜੀ ਨਾਲ ਉਨ੍ਹਾਂ ਦੇ ਅੰਤਲੇ ਸਾਹਾਂ ਤਕ ਰਹੀ। ਘਰ ਵਿਚ ਅਕਸਰ ਬਾਬਾ ਜੀ ਦੀਆਂ ਕੁਰਬਾਨੀਆਂ ਦਾ ਜ਼ਿਕਰ ਹੁੰਦਾ ਰਹਿੰਦਾ ਸੀ, ਜਿਸਦਾ ਅਸਰ ਬਾਲ ਕੁਲਦੀਪ ਉਪਰ ਏਨਾ ਪਿਆ ਕਿ ਉਸਦੀ ਸੋਚ ਹੀ ਬਦਲ ਗਈ।

ਪੰਜਾਬ ਵਿਚ ਰਹਿੰਦਿਆਂ ਉਨ੍ਹਾਂ ਦੇ ਪਿਤਾ ਨੇ ਭਾਵੇਂ ਵੈਟਰਨਰੀ ਡਾਕਟਰ ਦੀ ਡਿਗਰੀ ਤਾਂ ਪ੍ਰਾਪਤ ਨਾ ਕੀਤੀ ਪਰ ਹਿਸਾਰ (ਹੁਣ ਹਰਿਆਣਾ) ਵਿਚ ਕੁਝ ਮਹੀਨਿਆਂ ਦੀ ਸਿਖਲਾਈ ਲੈ ਕੇ ਉਹ ਚੰਗੇ ਕਹਿੰਦੇ ਕਹਾਉਂਦੇ ਡਾਕਟਰਾਂ ਵਾਂਗ ਇਲਾਕੇ ਵਿਚ ਕੰਮ ਕਰਦੇ ਰਹੇ। ਕਿਸੇ ਗਰੀਬ-ਗੁਰਬੇ ਦਾ ਮਾਲ ਡੰਗਰ ਬਿਮਾਰ ਹੋ ਜਾਣਾ ਤਾਂ ਉਹ ਨਾ ਦਿਨ ਦੇਖਦੇ ਤੇ ਨਾ ਰਾਤ। ਬਿਨਾਂ ਫੀਸ ਲਿਆਂ ਉਸਦਾ ਇਲਾਜ ਕਰਦੇ ਤਾਂ ਅਸੀਸਾਂ ਲੈਂਦੇ।

ਉਹ ਪੰਜ ਭੈਣ-ਭਰਾਵਾਂ ਵਿਚੋਂ ਵੱਡੇ ਹਨ। ਤਿੰਨ ਭਰਾ ਅੱਜ-ਕੱਲ੍ਹ ਅਮਰੀਕਾ ਵਿਚ ਚੰਗੇ ਕਾਰੋਬਾਰ ਕਰਦੇ ਹਨ। ਇੱਕ ਭਰਾ ਪ੍ਰੋ. ਮਨਜੀਤ ਸਿੰਘ ਪੰਜਾਬ ਯੂਨੀਵਰਸਿਟੀ ਵਿਚੋਂ ਕੰਮ ਮੁਕਤ (Retire) ਹੋ ਕੇ ਪੰਜਾਬ ਦੀ ਸਿਆਸਤ ਬਾਰੇ ਤਬਸਰਾ ਕਰਨ ਵਾਲੇ ਕੁਝ ਕੁ ਉਂਗਲਾਂ 'ਤੇ ਗਿਣੇ ਜਾਣ ਵਾਲੇ ਵਿਅਕਤੀਆਂ ਵਿਚ ਸ਼ੁਮਾਰ ਹੈ। ਜਿਸਨੇ ਇਤਿਹਾਸਕ ਕਿਸਾਨ ਮੋਰਚੇ ਵੇਲੇ ਮੂਹਰਲੀਆਂ ਸਫਾਂ ਵਿਚ ਰਹਿ ਕੇ ਦਿਨ-ਰਾਤ ਇੱਕ ਕਰ ਦਿੱਤਾ ਸੀ। ਇੱਕ ਭਰਾ ਅਮਰੀਕ ਸਿੰਘ ਜਵਾਨੀ ਵੇਲੇ ਵਿਦਿਆਰਥੀ ਲਹਿਰਾਂ ਦਾ ਹਿੱਸਾ ਰਿਹਾ। ਉਸ ਨੂੰ ਗਾਂਧੀ ਚੌਕ ਫਗਵਾੜਾ (ਜੋ ਹੁਣ ਨਹੀਂ ਰਿਹਾ) ਵਿਚ ਗਾਂਧੀ ਦਾ ਬੁੱਤ ਤੋੜਨ ਦੇ ਇਲਜ਼ਾਮ ਵਿਚ ਜੇਲ੍ਹ ਵੀ ਜਾਣਾ ਪਿਆ ਸੀ। ਪੰਜਾਂ ਭਰਾਵਾਂ ਦੀ ਇਕਲੌਤੀ ਭੈਣ ਇੰਦਰਜੀਤ ਕਿਸੇ ਵੇਲੇ ਪੰਜਾਬ ਸਟੂਡੈਂਟਸ ਯੂਨੀਅਨ ਦੀ ਸਰਗਰਮ ਵਰਕਰ ਰਹੀ। ਅੱਜ-ਕੱਲ, ਉਹ ਕਾਲਜ ਵਿਚੋਂ ਕੰਮ ਮੁਕਤ ਹੋ ਕੇ ਆਪਣੇ ਸਾਥੀ ਦਲਜੀਤ ਸਿੰਘ ਸਰਾਂ ਨਾਲ ਚੰਡੀਗੜ੍ਹ ਕਿਆਮ ਕਰ ਰਹੀ ਹੈ। ਦਲਜੀਤ ਵੀ ਪੰਜਾਬੀ ਦੇ ਸਿਰਕੱਢ ਪੱਤਰਕਾਰਾਂ ਵਿਚ ਗਿਣਿਆ ਜਾਂਦਾ ਹੈ।

ਕੁਲਦੀਪ ਨੇ ਪ੍ਰਾਇਮਰੀ ਪੜ੍ਹਾਈ ਤੋਂ ਬਾਅਦ ਹਾਇਰ ਸੈਕੰਡਰੀ ਖ਼ਾਲਸਾ ਕਾਲਜ ਅੰਬਰਸਰ ਦੇ ਸਕੂਲ ਤੋਂ ਪਾਸ ਕੀਤੀ। ਪੜ੍ਹਨ ਵਿਚ ਲਾਇਕ ਹੋਣ ਕਾਰਨ ਉਨ੍ਹਾਂ ਰਾਮਗੜ੍ਹੀਆ ਪਾਲੇਟੈਕਨਿਕ ਕਾਲਜ ਫਗਵਾੜਾ ਵਿਚ ਦਾਖਲਾ ਲਿਆ ਅਤੇ ਮਕੈਨੀਕਲ ਇੰਜੀਨੀਅਰ ਦੀ ਡਿਗਰੀ/ਡਿਪਲੋਮਾ ਹਾਸਲ ਕੀਤਾ। ਉਨ੍ਹੀਂ ਦਿਨੀਂ ਉਹ ਫਗਵਾੜਾ ਦੇ ਸਤਨਾਮਪੁਰਾ ਮੁਹੱਲੇ ਵਿਚ ਇੱਕ ਕਿਰਾਏ ਦੇ ਮਕਾਨ ਵਿਚ ਰਹਿੰਦੇ ਸਨ। ਮਾਤਾ-ਪਿਤਾ ਅਤੇ ਚਾਚੇ ਕਿਉਂਕਿ ਯੂ.ਪੀ. ਵਿਚ ਰਹਿੰਦੇ ਸਨ ਪਰ ਪੜ੍ਹਾਈ ਦੀ ਅਹਿਮੀਅਤ ਨੂੰ ਬਾਖ਼ੂਬੀ ਸਮਝਦੇ ਸਨ। ਬੱਚਿਆਂ ਨੂੰ ਪੜ੍ਹਾ ਤਾਂ ਉਹ ਉੱਥੇ ਵੀ ਸਕਦੇ ਸਨ ਪਰ ਪੰਜਾਬੀ ਬੋਲੀ ਤੇ ਸੱਭਿਆਚਾਰ ਤੋ ਉਨ੍ਹਾਂ ਕੋਰੇ ਰਹਿ ਜਾਣਾ ਸੀ। ਇਸੇ ਲਈ ਛੋਟੇ ਭੈਣ-ਭਰਾਵਾਂ ਨੂੰ ਵੀ ਉਨ੍ਹਾਂ ਕੁਲਦੀਪ ਕੋਲ ਫਗਵਾੜੇ ਹੀ ਭੇਜ ਦਿੱਤਾ। ਤਾਂ ਜੋ ਉਹ ਪੰਜਾਬ ਦੇ ਅਮੀਰ ਵਿਰਸੇ ਨੂੰ ਆਪਣੇ ਦਿਲੋ-ਦਿਮਾਗ ਵਿਚ ਵਸਾ ਸਕਣ।

ਇੱਥੇ ਹੀ ਉਨ੍ਹਾਂ ਦੀ ਜ਼ਿੰਦਗੀ ਵਿਚ ਬੜੀਆਂ ਦਿਲਚਸਪ ਤੇ ਰੰਗੀਨ ਤਬਦੀਲੀਆਂ ਸ਼ੁਰੂ ਹੁੰਦੀਆਂ ਹਨ। ਉਹ ਮਾਂ-ਬਾਪ ਦੀ ਗੈਰ-ਹਾਜ਼ਰੀ ਵਿਚ ਛੋਟੇ ਭੈਣ ਭਰਾਵਾਂ ਲਈ ਬਾਪ ਅਤੇ ਖਾਸ ਕਰਕੇ ਮਾਂ ਬਣ ਕੇ ਵਿਚਰਨ ਲੱਗੇ। ਸਵੇਰੇ ਉੱਠ ਕੇ ਉਨ੍ਹਾਂ ਨੂੰ ਨੁਹਾ ਕੇ ਤਿਆਰ ਕਰਨਾ, ਚੰਗੀ ਸਿੱਖਿਆ ਦੇਣਾ, ਸਕੂਲ ਭੇਜਣਾ, ਉਨ੍ਹਾਂ ਦੀ ਜ਼ਿੰਦਗੀ ਦਾ ਨਿੱਤ ਦਾ ਕਰਮ ਬਣ ਗਿਆ। ਆਂਢ-ਗੁਆਂਢ ਦੇ ਲੋਕ ਵੀ ਉਸਦੀ ਲਗਨ ਉੱਪਰ ਫਖ਼ਰ ਕਰਦੇ। ਉਹ ਅਕਸਰ ਕਹਿੰਦੇ ਕਿ 'ਰੱਬਾ ਜੇ ਪੁੱਤ ਦੇਣਾ ਹੈ ਤਾਂ ਉਹ ਕੁਲਦੀਪ ਵਰਗਾ ਦੇਵੀਂ।'

ਇਹ ਦਿਨ ਸਿਆਸਤ ਵਿਚ ਇਨਕਲਾਬੀ ਉੱਥਲ-ਪੁੱਥਲ ਦੇ ਸਨ। ਮਈ 1967 ਵਿਚ ਬੰਗਾਲ ਦੇ ਜ਼ਿਲ੍ਹਾ ਦਾਰਜੀਲਿੰਗ ਦੇ ਪਿੰਡ, ਨਕਸਲਬਾੜੀ ਵਿਚ ਹਥਿਆਰਬੰਦ ਇਨਕਲਾਬ ਦਾ ਬਿਗਲ ਵੱਜ ਚੁੱਕਾ ਸੀ। ਇਸ ਲਾਲ ਹਨੇਰੀ ਦੇ ਬੁੱਲ੍ਹੇ ਹੋਰ ਸੂਬਿਆਂ ਸਮੇਤ ਪੰਜਾਬ ਵਿਚ ਵੀ ਪਹੁੰਚ ਰਹੇ ਸਨ। ਪੋਲੀਟੈਕਨਿਕ ਕਾਲਜ ਫਗਵਾੜਾ ਵਿਚ ਪੜ੍ਹਦਿਆਂ ਉਨ੍ਹਾਂ ਦਾ ਇੱਕ ਪ੍ਰੋਫੈਸਰ ਮਨੋਹਰ ਸਿੰਘ ਪਰਮਾਰ ਹੁੰਦਾ ਸੀ ਜੋ ਅਗਾਂਹਵਧੂ ਖ਼ਿਆਲਾਂ ਦਾ ਸੀ। ਇਕ ਦਿਨ ਉਸ ਨੇ ਕੁਲਦੀਪ ਨੂੰ ਕਿਹਾ, 'ਮੈਂ ਬਾਬਾ ਸੋਹਣ ਸਿੰਘ ਭਕਨਾ ਨੂੰ ਮਿਲਣ ਜਾਣਾ ਹੈ। ਤੂੰ ਵੀ ਮੇਰੇ ਨਾਲ ਚੱਲ'। ਬਾਬਾ ਜੀ ਨਾਲ ਮੁਲਾਕਾਤ ਨੇ ਉਨ੍ਹਾਂ ਦੀ ਜ਼ਿੰਦਗੀ ਹੀ ਬਦਲ ਦਿੱਤੀ। ਇਹ ਉਹੀ ਦਿਨ ਸਨ ਜਦੋਂ ਮਲਵਿੰਦਰਜੀਤ ਸਿੰਘ ਵੜੈਚ ਅਤੇ ਰਜਿੰਦਰ ਸਿੰਘ ਚੀਮਾ (ਜੋ ਬਾਅਦ ਵਿਚ ਕਾਂਗਰਸ ਸਰਕਾਰ ਵੇਲੇ ਅਟਾਰਨੀ ਜਨਰਲ ਵੀ ਰਹੇ) ਆਦਿ ਕੁੱਝ ਨੌਜਵਾਨਾਂ ਨੇ ਭਗਤ ਸਿੰਘ ਦੀ ਮਾਤਾ ਦੀ ਪ੍ਰੇਰਨਾ ਨਾਲ ਜਲੰਧਰ ਵਿਚ 'ਯੁਵਕ ਕੇਂਦਰ' ਬਣਾਇਆ। ਕੁਲਦੀਪ ਸਿੰਘ ਵੀ ਉੱਥੇ ਜਾਣ ਲੱਗ ਪਿਆ। ਨੌਜਵਾਨਾਂ ਵਿਚ ਇਨਕਲਾਬ ਦੀ ਚਿਣਗ ਲਾਉਣ ਲਈ ਯੁਵਕ ਕੇਂਦਰ ਦਾ ਬੜਾ ਅਹਿਮ ਰੋਲ ਰਿਹਾ ਹੈ। ਇੱਥੇ ਹੀ ਉਨ੍ਹਾਂ ਦੀ ਦੋਸਤੀ ਪ੍ਰਸਿੱਧ ਕਵੀ (ਹੁਣ ਸਫਲ ਕਿਸਾਨ ਵਜੋਂ ਜਾਣੇ ਜਾਂਦੇ) ਮੁਹਿੰਦਰ ਸਿੰਘ ਦੋਸਾਂਝ ਨਾਲ ਹੋਈ। ਦੋਸਾਂਝ ਦੇ ਪਿੰਡ ਜਗਤਪੁਰ ਉਨ੍ਹਾਂ ਦੇ ਖੂਹ 'ਤੇ ਪਹਿਲੀ ਵੇਰ ਬਾਬਾ ਬੂਝਾ ਸਿੰਘ ਅਤੇ ਭਾਗ ਸਿੰਘ ਕੈਨੇਡੀਆ ਨਾਲ ਵੀ ਮੁਲਾਕਾਤ ਇੱਕ ਸਕੂਲਿੰਗ ਦੌਰਾਨ ਹੋਈ। ਕੁਲਦੀਪ ਸਿੰਘ ਦੇ ਬਾਬੇ ਸ. ਪੂਰਨ ਸਿੰਘ ਦੇ ਭਰਾ ਸ. ਲਸ਼ਮਣ ਸਿੰਘ ਅਤੇ ਸ. ਬਿਸ਼ਨ ਸਿੰਘ ਅੰਗਰੇਜ਼ਾਂ ਖ਼ਿਲਾਫ ਲੱਗੇ ਕਈ ਮੋਰਚਿਆਂ ਵਿਚ ਹਿੱਸਾ ਲੈਂਦੇ ਰਹੇ ਸਨ। 'ਪ੍ਰੀਤ ਲੜੀ' ਮੈਗਜ਼ੀਨ ਵੀ ਉਨ੍ਹਾਂ ਦੇ ਘਰ ਆਉਂਦਾ ਸੀ, ਜਿਸ ਕਾਰਣ ਗੁਰਬਖਸ਼ ਸਿੰਘ ਦਾ ਆਦਰਸ਼ਿਕ ਜੀਵਨ ਜਿਉਣ ਦਾ ਢੰਗ ਉਨ੍ਹਾਂ ਨੂੰ ਚੰਗਾ ਲੱਗਦਾ ਸੀ ਤੇ ਹੁਣ ਤਕ ਉਹ ਉਸੇ ਜੀਵਨ ਜਾਚ ਨਾਲ ਜਿਉ ਰਹੇ ਹਨ। ਆਮ ਤੌਰ 'ਤੇ ਬਹੁਤੇ ਕਾਮਰੇਡ ਸਾਥੀ ਸਿਗਰਟ, ਦਾਰੂ ਆਦਿ ਪੀਣ ਨੂੰ ਆਪਣਾ ਇਨਕਲਾਬੀ ਕਰਮ ਮੰਨਦੇ ਸਨ ਪਰ ਇਹ ਚੀਜ਼ਾਂ ਉਨ੍ਹਾਂ ਲਾਗੇ ਵੀ ਨਹੀਂ ਲੱਗਣ ਦਿੱਤੀਆਂ।

1971 ਵਿਚ ਉਨ੍ਹਾਂ ਦਾ ਵਿਆਹ ਬਰਜਿੰਦਰ ਕੌਰ (ਬਿੰਦਰ) ਨਾਲ ਹੋ ਗਿਆ। ਵਿਆਹ ਦਾ ਕਿੱਸਾ ਵੀ ਕਿਸੇ ਪਰੀ ਕਹਾਣੀ ਤੋਂ ਘੱਟ ਨਹੀਂ। ਫਗਵਾੜੇ ਦੇ ਸਤਨਾਮਪੁਰਾ ਮੁਹੱਲੇ (ਰਾਮਗੜ੍ਹੀਆ ਕਾਲਜਾਂ ਦੇ ਸਾਹਮਣੇ) ਜਿੱਥੇ ਉਹ ਰਹਿੰਦੇ ਸਨ, ਉਨ੍ਹਾਂ ਦੇ ਗੁਆਂਢ ਵਿਚ ਰਾਮਗੜ੍ਹੀਆ ਆਰਟਸ ਕਾਲਜ ਵਿਚ ਅੰਗਰੇਜ਼ੀ ਦੇ ਪ੍ਰੋਫੈਸਰ ਹਰਬੰਸ ਸਿੰਘ ਵਿਰਕ ਆਪਣੀ ਅਧਿਆਪਕ ਪਤਨੀ ਨਾਲ ਰਹਿੰਦੇ ਸਨ। ਵਿਰਕ ਹੋਰਾਂ ਦਾ ਪਿੰਡ ਨਡਾਲੇ ਅਤੇ ਲੱਖਣਕੇ ਪੱਡਾ ਵਿਚਕਾਰ ਜੱਗਾਂ ਸੀ। ਛੇ ਭਰਾਵਾਂ ਅਤੇ ਦੋ ਭੈਣਾਂ ਵਿਚੋਂ ਉਹ ਦੂਜੇ ਨੰਬਰ 'ਤੇ ਸਨ। ਕੁਲਦੀਪ ਦੇ ਛੋਟੇ ਭੈਣ ਭਰਾਵਾਂ ਵਾਂਗ ਉਨ੍ਹਾਂ ਦੀ ਛੋਟੀ ਭੈਣ ਬਿੰਦਰ ਅਤੇ ਇਕ ਭਰਾ ਕਮਲਜੀਤ ਵੀ ਉਨ੍ਹਾਂ ਕੋਲ ਹੀ ਰਹਿੰਦੇ ਸਨ। ਕਮਲਜੀਤ ਰਾਮਗੜ੍ਹੀਆ ਹਾਇਰ ਸੈਕੰਡਰੀ ਸਕੂਲ ਦੀ ਫੁੱਟਬਾਲ ਟੀਮ ਵਿਚ ਚੰਗਾ ਖਿਡਾਰੀ ਸੀ। ਇਹ ਉਹੀ ਕਮਲਜੀਤ ਸੀ ਜੋ ਬਾਅਦ ਵਿਚ ਨਡਾਲੇ ਕਾਲਜ ਵਿਚ ਪੜ੍ਹਦਿਆਂ ਪੀ.ਐੱਸ.ਯੂ. ਦੇ ਸੰਪਰਕ ਵਿਚ ਆ ਕੇ ਧੜੱਲੇਦਾਰ ਆਗੂ ਬਣਿਆ ਤੇ ਕਮਲਜੀਤ ਵਿਰਕ ਦੇ ਨਾਂਅ ਨਾਲ ਜਾਣਿਆ ਜਾਣ ਲੱਗਿਆ। ਉਸਨੇ ਸਾਡੇ ਨਾਲ ਐਮਰਜੈਂਸੀ ਵਿਚ ਮੀਸਾ (MISA) ਤਹਿਤ ਨਜ਼ਰਬੰਦੀ ਵੀ ਕੱਟੀ ਅਤੇ ਅੰਬਰਸਰ ਦੇ ਬਦਨਾਮ ਬੁੱਚੜਖ਼ਾਨੇ ਦਾ ਤਸ਼ੱਦਦ ਵੀ ਝੱਲਿਆ।

ਖੈਰ......ਆਪਾਂ ਤਾਂ ਕੁਲਦੀਪ ਸਿੰਘ ਦੇ ਵਿਆਹ ਦੀ ਗੱਲ ਕਰਨ ਲੱਗੇ ਸੀ। ਪ੍ਰੋ. ਵਿਰਕ ਬਹੁਤ ਹੀ ਸਹਿਜ, ਸਿਆਣੇ ਅਤੇ ਸੰਤ ਸੁਭਾਅ ਵਾਲੀ ਸ਼ਖ਼ਸੀਅਤ ਦੇ ਮਾਲਕ ਸਨ। ਉਨ੍ਹਾਂ ਹਰ ਰੋਜ਼ ਕੁਲਦੀਪ ਦੀਆਂ ਸਰਗਰਮੀਆਂ ਦੇਖਣੀਆਂ ਕਿ ਕਿਵੇਂ ਉਹ ਆਪਣੇ ਨਿੱਕੇ ਭੈਣ ਭਰਾਵਾਂ ਦੀ ਦੇਖਭਾਲ ਕਰਦਾ ਹੈ। ਉਨ੍ਹਾਂ ਦੋਵਾਂ ਜੀਆਂ ਦੇ ਮਨ ਵਿਚ ਆਉਣਾ ਕਿ ਕਿਉਂ ਨਾ ਬਿੰਦਰ ਦਾ ਰਿਸ਼ਤਾ ਇਸ ਨੌਜਵਾਨ ਨਾਲ ਕਰ ਦਿੱਤਾ ਜਾਵੇ। ਬਿੰਦਰ ਵੀ ਸੋਹਣੀ ਫੱਬਦੀ ਗੋਰੀ ਚਿੱਟੀ ਸਲੀਕੇ ਵਾਲੀ ਕੁੜੀ ਸੀ। ਗੁਆਂਢ ਵਿਚ ਰਹਿਣ ਕਾਰਨ ਉਹ ਕੁਲਦੀਪ ਦੇ ਭਰਾ ਤੇ ਭੈਣ ਨਾਲ ਕਾਫੀ ਘੁਲ-ਮਿਲ ਗਈ ਸੀ। ਇੱਕ ਵਾਰ ਛੁੱਟੀਆਂ ਵਿਚ ਕੁਲਦੀਪ ਆਪਣੇ ਮਾਪਿਆਂ ਦੀ ਮਦਦ ਕਰਨ ਯੂ.ਪੀ. ਗਿਆ ਹੋਇਆ ਸੀ। ਪਿੱਛੋਂ ਭੈਣ ਭਰਾ ਨੇ ਬਿੰਦਰ ਨਾਲ ਤੇ ਵਿਰਕ ਜੋੜੀ ਨਾਲ ਸਲਾਹ ਕਰਕੇ ਮਤਾ ਪਕਾ ਲਿਆ ਕਿ ਇਨ੍ਹਾਂ ਦੋਵਾਂ ਦਾ ਵਿਆਹ ਕਰ ਦੇਣਾ ਹੈ। ਕੁਲਦੀਪ ਭਾਜੀ ਦੱਸਦੇ ਨੇ ਕਿ ਜਦੋ ਮੈਂ ਵਾਪਸ ਫ਼ਗਵਾੜੇ ਆਇਆ ਤਾਂ ਨਿੱਕੇ ਭੈਣ, ਭਰਾ ਨੇ ਬਿਠਾ ਕੇ ਫੈਸਲਾ ਸੁਣਾ ਦਿੱਤਾ ਕਿ ਅਸੀਂ ਤੁਹਾਡੇ ਲਈ ਕੁੜੀ ਪਸੰਦ ਕਰ ਲਈ ਹੈ। ਤੁਸੀਂ ਨਾਂਹ ਨਹੀਂ ਕਰ ਸਕਦੇ। ਉਹ ਹੱਕੇ-ਬੱਕੇ ਹੋ ਕੇ ਰਹਿ ਗਏ ਕਿ ਇਹ ਕਿਹੋ ਜਿਹਾ ਫੈਸਲਾ ਹੈ ਤੇ ਉੱਤੋ ਨਾਂਹ ਵੀ ਨਹੀਂ ਕਰਨੀ। ਇਸ ਤਰ੍ਹਾਂ ਇਨ੍ਹਾਂ ਦਾ ਵਿਆਹ ਹੋ ਗਿਆ। ਬਰਾਤ ਨਾਲ ਗਏ ਚੰਦ ਕੁ ਜਮਾਤੀਆਂ-ਮਿੱਤਰਾਂ ਨਾਲ ਉਹ ਬੜੀ ਹੀ ਸਾਦਗੀ ਨਾਲ ਜਦੋਂ ਬਿਨਾਂ ਕਿਸੇ ਦਾਜ ਦਹੇਜ ਤੋਂ ਬਰਜਿੰਦਰ ਕੌਰ ਨੂੰ ਵਿਆਹ ਕੇ ਲੈ ਆਏ ਤਾਂ ਪਿੰਡ (ਜੱਗਾਂ) ਵਾਲੇ ਹੈਰਾਨ ਵੀ ਹੋਏ ਅਤੇ ਖੁਸ਼ ਵੀ ਕਿ ਵਿਆਹ ਇਸ ਤਰ੍ਹਾਂ ਵੀ ਹੁੰਦੇ ਹਨ।

1972 ਵਿਚ ਉਨ੍ਹਾਂ ਦੇ ਘਰ ਵੱਡੇ ਲੜਕੇ ਅਮਨਦੀਪ ਸਿੰਘ ਜਿਸ ਨੂੰ ਸਾਰੇ ਪਿਆਰ ਨਾਲ ਰਿੰਕੂ ਕਹਿੰਦੇ ਸਨ ਦਾ ਜਨਮ ਹੋਇਆ। 1973-74 ਵਿਚ ਮੇਰਾ ਵਾਹ ਇਨ੍ਹਾਂ ਨਾਲ ਪੈਂਦਾ ਹੈ। ਉਦੋਂ ਮੈਂ ਰਾਮਗੜ੍ਹੀਆ ਕਾਲਜ ਫਗਵਾੜਾ ਵਿਚ ਪੀ.ਐਸ.ਯੂ. ਦਾ ਸਕੱਤਰ ਸੀ। ਉਦੋਂ ਅਜੇ ਯੂਨੀਅਨ ਦੋਫਾੜ ਨਹੀਂ ਸੀ ਹੋਈ। ਉਨ੍ਹਾਂ ਦੀ ਭੈਣ ਇੰਦਰਜੀਤ ਨੇ ਵੀ ਪ੍ਰੀ-ਮੈਡੀਕਲ ਵਿਚ ਦਾਖਲਾ ਲਿਆ ਸੀ ਅਤੇ ਉਹ ਸਾਡੀ ਸਰਗਰਮ ਵਰਕਰ ਬਣ ਗਈ। ਉਨ੍ਹਾਂ ਦੀ ਰਿਹਾਇਸ਼ ਰਾਮਗੜ੍ਹੀਆ ਮਾਡਲ ਸਕੂਲ (ਹੁਣ ਭਾਈ ਲਾਲੋ ਕਾਲਜ ਲੜਕੀਆਂ) ਦੇ ਰਿਹਾਇਸ਼ੀ ਕੁਆਰਟਰਾਂ ਵਿਚ ਸੀ। ਨਾਲ ਲੰਘਦੀ ਜੀ.ਟੀ. ਰੋਡ ਉੱਤੇ ਇੰਜਣਾਂ ਦੇ ਹਿੱਸੇ ਪੁਰਜ਼ੇ ਬਣਾਉਣ ਦੀ ਉਨ੍ਹਾਂ ਨੇ ਇੱਕ ਨਿੱਕੀ ਜਿਹੀ ਵਰਕਸ਼ਾਪ ਖੋਲ੍ਹ ਲਈ ਸੀ। ਉਨ੍ਹਾਂ ਦਾ ਕੁਆਰਟਰ ਕਾਮਰੇਡਾਂ ਦੇ ਘਰ ਵਜੋਂ ਜਾਣਿਆਂ ਜਾਂਦਾ ਸੀ। ਕਾਲਜ ਤੋਂ ਬਾਅਦ ਤਕਰੀਬਨ ਹਰ ਰੋਜ਼ ਮੇਰਾ ਇੱਥੇ ਆਉਣਾ-ਜਾਣਾ ਸੀ। ਇੱਥੇ ਹੀ ਮੈਂ ਪਹਿਲੀ ਵੇਰ ਕਾਮਰੇਡ ਦਰਸ਼ਨ ਦੋਸਾਂਝ, ਦਰਸ਼ਨ ਖਟਕੜ, ਅਜਮੇਰ ਸਿੰਘ ਸਮਰਾ, ਜੈਮਲ ਪੱਡਾ, ਕੇਵਲ ਕੌਰ, ਤਾਰਾ ਸਿੰਘ ਚਲਾਕੀ ਅਤੇ ਕਈ ਹੋਰ ਅਗੂਆਂ ਨੂੰ ਮਿਲਿਆ।

ਰੂਪੋਸ਼ ਹੋਣ ਦੇ ਕਾਰਨ ਉਨ੍ਹਾਂ ਦੇ ਨਾਮ ਫਰਜ਼ੀ ਰੱਖੇ ਹੋਏ ਸਨ। ਉਹ ਆਉਂਦੇ ਰੋਟੀ ਪਾਣੀ ਛਕਦੇ ਤੇ ਜ਼ਰੂਰੀ ਗੱਲਬਾਤ ਕਰਕੇ ਕੁਆਰਟਰ ਪਿਛਲੀ ਗਲੀ ਵਿਚੋਂ ਨਿਕਲ ਕੇ ਆਪਣੇ ਅਗਲੇ ਪੜਾਅ ਵੱਲ ਨਿਕਲ ਜਾਂਦੇ। ਕਮਲਜੀਤ ਵਿਰਕ ਦੇ ਯੂਨੀਅਨ ਵਿਚ ਸਰਗਰਮ ਹੋਣ ਨਾਲ ਸਾਡਾ ਦੋਵਾਂ ਪਰਿਵਾਰਾਂ ਨਾਲ ਪਰਿਵਾਰਕ ਰਿਸ਼ਤਾ ਬਣ ਗਿਆ। ਜੋ ਹੁਣ ਤੱਕ ਕਾਇਮ ਹੈ। ਬਿੰਦਰ ਭੈਣ ਹੁਣ ਵਿਰਕਾਂ ਦੀ ਭੈਣ ਹੀ ਨਹੀਂ ਸਗੋਂ ਸਾਰੇ ਜੁਝਾਰੂ ਸਾਥੀਆਂ ਦੀ ਭੈਣ ਬਣ ਗਈ ਸੀ। ਸਾਂਵਲੇ ਰੰਗ ਦੀ ਨਟਖਟ ਇੰਦਰਜੀਤ ਦੇ ਹਾਸੇ-ਮਜ਼ਾਕ ਸਾਰਿਆਂ ਦਾ ਦਿਲ ਖੁਸ਼ ਕਰ ਦਿੰਦੇ। ਇੱਕ ਦਿਨ ਜਲੰਧਰ ਕੇਵਲ ਕੌਰ ਦੇ ਘਰ ਛਾਪਾ ਪੈ ਗਿਆ। ਇੰਦਰਜੀਤ ਵੀ ਉੱਥੇ ਹੀ ਸੀ। ਬਾਲੜੀ ਇੰਦਰਜੀਤ ਨੂੰ ਥਹੁ ਟਿਕਾਣਾ ਪੁੱਛਿਆ ਤਾਂ ਸ਼ੱਕ ਦੀ ਸੂਈ ਫਗਵਾੜੇ ਵਾਲੇ ਕੁਆਰਟਰ 'ਤੇ ਅਟਕ ਗਈ। ਪੁਲਸ ਨੇ ਸੋਚਿਆ ਹੋਣਾ ਕਿ ਫਗਵਾੜੇ ਰਹਿੰਦੀ ਕੁੜੀ ਦਾ ਜਲੰਧਰ ਕੇਵਲ ਕੌਰ ਦੇ ਘਰ, ਕਿਵੇਂ ਆਉਣਾ ਹੋਇਆ। ਉਨ੍ਹਾਂ ਨੇ ਕੁਲਦੀਪ ਦੀ ਇੰਜਣਾਂ ਦੇ ਪੁਰਜ਼ੇ ਬਣਾਉਣ ਵਾਲੀ ਵਰਕਸ਼ਾਪ ਵਿਚ ਇਨਕਲਾਬੀਆਂ ਲਈ ਹਥਿਆਰ ਬਣਾਉਣ ਦਾ ਦੋਸ਼ ਮੜ੍ਹ ਦਿੱਤਾ। ਅਸਲ ਵਿਚ ਇਹ ਸ਼ੱਕ ਸੱਚਾ ਵੀ ਸੀ ਪਰ ਇਸ ਦਾ ਕੋਈ ਵੀ ਸਬੂਤ ਪੁਲਸ ਕੋਲ ਨਹੀਂ ਸੀ।

25 ਜੂਨ 1975 ਨੂੰ ਦੇਸ਼ ਦੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ ਆਪਣੇ ਰੂਸੀ ਅਕਾਵਾਂ ਦੀ ਸ਼ਹਿ 'ਤੇ ਦੇਸ਼ ਵਿਚ ਐਮਰਜੈਂਸੀ ਦਾ ਐਲਾਨ ਕਰ ਦਿੱਤਾ। ਬਹਾਨੇ ਭਾਵੇਂ ਕਈ ਸਨ ਪਰ ਇਹ ਸ਼ਹਿਰੀ ਅਜ਼ਾਦੀਆਂ ਉੱਪਰ ਦਿਨ ਦਿਹਾੜੇ ਡਾਕਾ ਸੀ। ਸੀ.ਪੀ. ਆਈ. (ਕਮਿਊਨਿਸਟ ਪਾਰਟੀ ਆਫ ਇੰਡੀਆ) ਜਿਸ ਦੀਆਂ ਤਾਰਾਂ ਰੂਸ ਤੋਂ ਹਿੱਲਦੀਆਂ ਸਨ ਤੋਂ ਇਲਾਵਾ ਹਰ ਵਿਰੋਧੀ ਪਾਰਟੀ ਦੇ ਨਿੱਕੇ-ਵੱਡੇ ਵਰਕਰਾਂ ਨੂੰ ਜੇਲ੍ਹਾਂ ਵਿਚ ਡੱਕ ਦਿੱਤਾ। ਪੂਰਾ ਹਿੰਦੁਸਤਾਨ ਇਕ ਵੱਡੀ ਜੇਲ੍ਹ ਦਾ ਰੂਪ ਧਾਰਨ ਕਰ ਗਿਆ। ਕੁਲਦੀਪ ਨੂੰ ਵੀ




*ਖਾਲਸਾ ਕਾਲਜ ਮੋਹਾਲੀ ਅਤੇ ਐੱਸ ਡੀ ਕਾਲਜ ਗੁਰਦਾਸਪੁਰ ਵਿਖੇ ਕੁਲਦੀਪ ਸਰਾ ਦਾ ਸਨਮਾਨ ਕੀਤੇ ਜਾਣ ਦੀਆਂ ਤਸਵੀਰਾਂ।*

*(ਬਾਕੀ ਅਗਲੇ ਸਫੇ 'ਤੇ)*

# ਰਾਹੁਲ ਸਾਂਕ੍ਰਿਤਿਆਇਨ ਤੋਂ ਕਿਸਨੂੰ ਲੱਗਦਾ ਹੈ ਡਰ?

*20 ਜੁਲਾਈ ਨੂੰ ਪੱਛਮੀ ਬੰਗਾਲ ਵਿਚ ਸੱਤਾਧਾਰੀ ਭਾਜਪਾ ਦੇ ਰਾਜ ਵਿਚ ਮਹਾਨ ਖੋਜੀ ਵਿਦਵਾਨ ਰਾਹੁਲ ਸਾਂਕ੍ਰਿਤਿਆਇਨ ਦਾ ਬੁੱਤ ਤੋੜ ਦਿੱਤਾ ਗਿਆ। ਅਗਾਂਹਵਧੂ ਵਿਚਾਰਾਂ ਦੇ ਚਿੰਨ੍ਹ ਸ਼ਖ਼ਸੀਅਤਾਂ ਦੇ ਬੁੱਤਾਂ ਨੂੰ ਤੋੜਨ ਦੇ ਲਗਾਤਾਰ ਵਰਤਾਰੇ ਦੇ ਪ੍ਰਸੰਗ ਵਿਚ ਇਸ ਕਾਰਵਾਈ ਦੇ ਮਾਇਨੇ ਕੀ ਹਨ ਅਤੇ ਰਾਹੁਲ ਸਾਂਕ੍ਰਿਤਿਆਇਨ ਹੋਣ ਦਾ ਮਹੱਤਵ ਕੀ ਹੈ, ਇਸ ਦੀ ਚਰਚਾ ਇਸ ਲੇਖ ਵਿਚ ਕੀਤੀ ਗਈ ਹੈ। ਪੀਪਲਜ਼ ਡੈਮੋਕਰੇਸੀ ਦੇ ਧੰਨਵਾਦ ਸਹਿਤ ਇਸਦਾ ਪੰਜਾਬੀ ਰੂਪ ਪਾਠਕਾਂ ਨਾਲ ਸਾਂਝਾ ਕੀਤਾ ਜਾ ਰਿਹਾ ਹੈ।-ਸੰਪਾਦਕ॥*



20 ਜੁਲਾਈ ਦੀ ਅੱਧੀ ਰਾਤ ਨੂੰ ਕੁਝ 'ਅਗਿਆਤ ਬਦਮਾਸ਼ਾਂ' ਨੇ ਪੱਛਮੀ ਬੰਗਾਲ ਦੇ ਸਨਅਤੀ ਸ਼ਹਿਰ, ਰਾਣੀਗੰਜ, ਦੇ ਇੱਕ ਮੁੱਖ ਚੌਰਾਹੇ 'ਤੇ ਲੱਗੀ ਰਾਹੁਲ ਸਾਂਕ੍ਰਿਤਿਆਇਨ ਦੀ ਆਦਮਕੱਦ ਮੂਰਤੀ ਮਲੀਆਮੇਟ ਕਰ ਦਿੱਤੀ। ਅਗਲੀ ਸਵੇਰ ਉੱਥੇ ਇੱਟਾਂ ਅਤੇ ਮਲਬੇ ਤੋ ਬਿਨਾਂ ਕੁੱਝ ਨਹੀਂ ਸੀ। ਹੈਰਾਨ ਹੋਏ ਉੱਥੋਂ ਦੇ ਵਾਸੀਆਂ ਨੇ ਤੁਰੰਤ ਇਸ ਦੀ ਸ਼ਿਕਾਇਤ ਪੁਲਿਸ ਥਾਣੇ 'ਚ ਦਰਜ ਕਰਵਾਈ ਪਰ ਅਜੇ ਤੱਕ ਕਿਸੇ ਵੀ ਵਿਅਕਤੀ ਦੀ ਇਸ ਸੰਬੰਧੀ ਗ੍ਰਿਫ਼ਤਾਰੀ ਨਹੀਂ ਹੋਈ। ਤੁਸੀਂ ਇਸ ਨੂੰ ਪੱਛਮੀ ਬੰਗਾਲ 'ਚ ਭਾਰਤੀ ਜਨਤਾ ਪਾਰਟੀ ਦੀ ਨਵੀਂ ਸਰਕਾਰ ਦੇ ਦੌਰ 'ਚ ਕਾਨੂੰਨ ਵਿਵਸਥਾ ਦੀ ਸਥਿਤੀ 'ਤੇ ਤਿੱਖੀ

**ਮਾਲਿਨੀ ਭੱਟਾਚਾਰੀਆ**
**(ਪੇਸ਼ਕਸ਼: ਬੂਟਾ ਸਿੰਘ ਮਹਿਮੂਦਪੁਰ)**

ਟਿੱਪਣੀ ਮੰਨ ਸਕਦੇ ਹੋ ਕਿ ਸਥਾਨਕ ਪ੍ਰਸ਼ਾਸਨ ਨੇ ਇਸ ਮਾਮਲੇ ਵੱਲ ਕੋਈ ਧਿਆਨ ਨਹੀਂ ਦਿੱਤਾ। ਮੁੱਖ ਮੰਤਰੀ ਸਮੇਤ ਕਿਸੇ ਮੰਤਰੀ ਜਾਂ ਵਿਧਾਇਕ ਨੇ ਇਸ 'ਤੇ ਕੋਈ ਚਿੰਤਾ ਨਹੀਂ ਪ੍ਰਗਟਾਈ, ਘਟਨਾ ਦੀ ਨਿੰਦਾ ਜਾਂ ਇਸ ਦੀ ਭਰਪਾਈ ਤਾਂ ਦੂਰ ਦੀ ਗੱਲ। ਪਰ ਭਾਜਪਾ ਦੇ ਕੁਝ ਗੁੰਡਿਆਂ ਨੇ ਸੀ.ਪੀ.ਆਈ.(ਐਮ.) ਦੇ ਕਾਰਕੁਨਾਂ ਨੂੰ ਗੰਭੀਰ ਨਤੀਜੇ ਭੁਗਤਣ ਦੀ ਧਮਕੀ ਜ਼ਰੂਰ ਦਿੱਤੀ, ਕਿਉਂਕਿ ਉਨ੍ਹਾਂ ਨੇ ਕਈ ਫ਼ਿਕਰਮੰਦ ਲੋਕਾਂ ਨਾਲ ਮਿਲ ਕੇ ਇਸ ਕਾਰੇ ਦੀ ਨਿੰਦਾ ਕਰਨ ਲਈ, ਉਸ ਥਾਂ 'ਤੇ ਇਕ ਰੋਸ ਸਭਾ ਕਰਵਾਈ ਸੀ।

ਅਜਿਹਾ ਵਿਹਾਰ ਕੋਈ ਹੈਰਾਨੀ ਵਾਲੀ ਗੱਲ ਨਹੀਂ ਹੈ ਕਿਉਂਕਿ ਨਵੀਂ ਸਰਕਾਰ ਦੀ ਸ਼ੁਰੂਆਤ ਗਾਂਧੀ ਜੀ ਅਤੇ ਲੈਨਿਨ ਦੀਆਂ ਮੂਰਤੀਆਂ ਨੂੰ ਨੁਕਸਾਨ ਪਹੁੰਚਾਉਣ ਅਤੇ ਬੰਗਾਲ 'ਚ 1860 ਦੇ ਦਹਾਕੇ ਦੇ 'ਨੀਲ ਵਿਦਰੋਹ' ਨਾਲ ਜੁੜੀ ਇੱਕ ਕਲਾਕ੍ਰਿਤੀ ਨੂੰ ਤੋੜਨ ਨਾਲ ਹੋਈ ਸੀ। ਭਾਜਪਾ ਦੇ ਸੱਤਾ ਵਿਚ ਆਉਣ ਪਹਿਲਾਂ ਵੀ ਕੁਝ ਸਾਲ ਹੋਏ, ਏ.ਬੀ.ਵੀ.ਪੀ. (ਅਖਿਲ ਭਾਰਤੀ ਵਿਦਿਆਰਥੀ ਪਰਿਸ਼ਦ) ਦੇ ਕਾਰਕੁਨਾਂ ਨੇ ਹੁਕਮਰਾਨ ਤ੍ਰਿਣਮੂਲ ਕਾਂਗਰਸ ਦੇ ਕਾਰਕੁਨਾਂ ਨਾਲ ਝੜਪ ਦੌਰਾਨ, ਈਸ਼ਵਰ ਚੰਦਰ ਵਿਦਿਆਸਾਗਰ ਦੇ ਨਾਮ 'ਤੇ ਬਣੇ ਕਾਲਜ ਦੇ ਕੈਂਪਸ ਵਿਚ ਬਣੀ ਉਨ੍ਹਾਂ ਦੀ ਮੂਰਤੀ ਤੋੜ ਦਿੱਤੀ ਸੀ। ਹੁਣ ਜਦੋਂ ਉਹ ਸੱਤਾ 'ਚ ਹਨ ਤਾਂ ਯਕੀਨਨ ਤੌਰ 'ਤੇ ਉਹ ਜਨਤਕ ਥਾਵਾਂ 'ਤੇ ਬਣੇ ਪ੍ਰਤੀਕਾਂ ਨੂੰ ਨਸ਼ਟ ਕਰਕੇ ਉਨ੍ਹਾਂ ਸਾਰੀਆਂ ਥਾਵਾਂ 'ਤੇ ਕਬਜ਼ਾ ਕਰਨ ਦੀ ਚਾਹ ਲਾਉਣਗੇ, ਜੋ ਪ੍ਰਤੀਕ ਕਿਸੇ ਦੂਸਰੀ ਵਿਚਾਰਧਾਰਾ ਜਾਂ ਉਸ ਦੇ ਪ੍ਰਭਾਵ ਨੂੰ ਦਰਸਾਉਂਦੇ ਹਨ। ਅਗਲਾ ਕਾਰਾ ਹੋਵੇਗਾ ਜਿਵੇਂ ਕਿ ਸਾਰੀਆਂ ਫਾਸੀਵਾਦੀ ਤਾਕਤਾਂ ਦੇ ਮਾਮਲੇ 'ਚ ਹੁੰਦਾ ਹੈ, ਇਤਿਹਾਸ ਦੀਆਂ ਇਨ੍ਹਾਂ ਖਾਲੀ ਥਾਵਾਂ ਨੂੰ ਆਪਣੀ ਪਸੰਦ ਦੇ ਪ੍ਰਤੀਕਾਂ ਨਾਲ ਮੁੜ ਭਰਨਾ ਅਤੇ ਸਥਾਨਕ ਪੱਧਰ 'ਤੇ ਇਤਿਹਾਸ ਨੂੰ ਮੁੜ ਤੋਂ ਲਿਖਣਾ, ਠੀਕ ਉਸੇ ਹੀ ਤਰ੍ਹਾਂ ਜਿਸ ਤਰ੍ਹਾਂ ਉਹ ਕੌਮੀ ਪੱਧਰ 'ਤੇ ਕਰ ਰਹੇ ਹਨ।

ਹਾਲਾਂਕਿ, ਰਾਣੀਗੰਜ ਚੌਂਕ 'ਚ ਰਾਹੁਲ ਸਾਂਕ੍ਰਿਤਆਯਨ ਦੇ ਲੱਗੇ ਇਸ ਆਦਮਕੱਦ ਬੁੱਤ ਦਾ ਆਪਣਾ ਬਹੁਤ ਹੀ ਖ਼ਾਸ ਇਤਿਹਾਸ ਹੈ। ਕਈ ਵਾਰ ਇਹ ਸ਼ਿਕਾਇਤ ਕੀਤੀ ਜਾਂਦੀ ਹੈ—ਅਤੇ ਸ਼ਾਇਦ ਇਸ ਵਿਚ ਕੁਝ ਸੱਚਾਈ ਵੀ ਹੈ—ਕਿ ਰਾਹੁਲ ਸਾਂਕ੍ਰਿਤਿਆਇਨ ਵਰਗੇ ਅਸਾਧਾਰਣ ਵਿਦਵਾਨ, ਬੁੱਧੀਜੀਵੀ ਅਤੇ ਆਜ਼ਾਦੀ ਅੰਦੋਲਨ ਦੇ ਕਾਰਕੁਨ ਨੂੰ ਇਸ ਅੰਦੋਲਨ ਦੇ ਇਤਿਹਾਸਕ ਬਿਰਤਾਂਤਾਂ ਵਿਚ ਉਚਿਤ ਥਾਂ ਨਹੀਂ ਦਿੱਤੀ ਗਈ। ਪਰ 1993 ਵਿਚ, ਉਨ੍ਹਾਂ ਦੀ ਜਨਮ-ਸ਼ਤਾਬਦੀ ਦੇ ਵਰ੍ਹੇ ਦੌਰਾਨ, ਪੱਛਮੀ ਬੰਗਾਲ ਵਿਚ ਉਨ੍ਹਾਂ ਦੇ ਜੀਵਨ ਅਤੇ ਰਚਨਾਵਾਂ ਦਾ ਜਸ਼ਨ ਮਨਾਉਣ ਅਤੇ ਉਨ੍ਹਾਂ ਦੇ ਯੋਗਦਾਨ ਦਾ ਉਚਿਤ ਮੁਲਾਂਕਣ ਕਰਨ ਲਈ ਅਨੇਕਾਂ ਯਤਨ ਹੋਏ।

ਕੋਲਾ-ਖਾਣ ਖੇਤਰ ਵਿਚ ਸਥਿਤ ਅਤੇ ਵੱਡੀ ਉਦਯੋਗਿਕ ਆਬਾਦੀ ਵਾਲੇ ਰਾਣੀਗੰਜ ਵਿਚ, ਕਈ ਮਜ਼ਦੂਰ ਆਗੂਆਂ ਨੇ ਅਗਾਂਹਵਧੂ ਲੇਖਕਾਂ, ਕਲਾਕਾਰਾਂ ਅਤੇ ਅਧਿਆਪਕਾਂ ਨਾਲ ਮਿਲ ਕੇ ਉਨ੍ਹਾਂ ਦੀ ਜਨਮ-ਸ਼ਤਾਬਦੀ ਮਨਾਉਣ ਲਈ ਸਾਲ ਭਰ ਚੱਲਣ ਵਾਲਾ ਪ੍ਰੋਗਰਾਮ ਆਯੋਜਿਤ ਕੀਤਾ। ਇਸ ਦਾ ਮਕਸਦ ਰਾਹੁਲ ਦੀ ਭੂਮਿਕਾ ਨੂੰ ਸਿਰਫ਼ ਇੱਕ ਅਸਾਧਾਰਣ ਵਿਦਵਾਨ, ਦਾਰਸ਼ਨਿਕ ਅਤੇ ਭਾਸ਼ਾ-ਵਿਗਿਆਨੀ ਵਜੋਂ ਹੀ ਨਹੀਂ, ਸਗੋਂ ਲੋਕਾਂ ਦੀ ਸ਼ਖ਼ਸੀਅਤ ਵਜੋਂ ਵੀ ਉਜਾਗਰ ਕਰਨਾ ਸੀ—ਇੱਕ ਅਣਥੱਕ ਯਾਤਰੀ, ਜੋ ਲੋਕਾਂ ਵਿਚ ਵਿਚਰਦਾ ਹੋਇਆ ਸਮਾਜ ਵਿਚ ਉਨ੍ਹਾਂ ਵੱਲੋਂ ਝੱਲੀ ਜਾਂਦੀ ਲੁੱਟ-ਖਸੁੱਟ ਅਤੇ ਜਬਰ ਦੀਆਂ ਗਹਿਰਾਈਆਂ ਨੂੰ ਨਿਰੰਤਰ ਜਾਣਨ-ਸਮਝਣ ਅਤੇ ਸਮਾਜਿਕ ਮੁਕਤੀ ਦਾ ਰਾਹ ਤਲਾਸ਼ਣ ਲਈ ਯਤਨਸ਼ੀਲ ਰਿਹਾ।

1993 'ਚ ਉਨ੍ਹਾਂ ਦੀ ਜਨਮ-ਸ਼ਤਾਬਦੀ ਦੇ ਵਰ੍ਹੇ ਮੌਕੇ ਪੱਛਮੀ ਬੰਗਾਲ 'ਚ ਉਨ੍ਹਾਂ ਦੇ ਜਨਮਦਿਨ ਮੌਕੇ 'ਤੇ ਰਾਣੀਗੰਜ ਵਿਚ ਇਹ ਪ੍ਰੋਗਰਾਮ ਇਸ ਲਈ ਕੀਤਾ ਗਿਆ ਕਿ ਮਜ਼ਦੂਰਾਂ, ਲੇਖਕਾਂ, ਕਲਾਕਾਰਾਂ ਅਤੇ ਬੁੱਧੀਜੀਵੀਆਂ ਨੂੰ ਇਕੱਠਾ ਕਰਕੇ ਰਾਹੁਲ ਸਾਂਕ੍ਰਿਤਆਯਨ ਦੇ ਜੀਵਨ ਅਤੇ ਉਨ੍ਹਾਂ ਦੇ ਕੰਮਾਂ ਦੀ ਮਹੱਤਤਾ ਬਾਰੇ ਚਰਚਾ ਕੀਤੀ ਜਾ ਸਕੇ। ਇਸ ਮੌਕੇ 'ਤੇ ਮਜ਼ਦੂਰਾਂ ਦੇ ਮੁੱਦਿਆਂ ਅਤੇ ਉਨ੍ਹਾਂ ਦੀਆਂ ਸਮੱਸਿਆਵਾਂ ਬਾਰੇ ਮੀਟਿੰਗਾਂ ਅਤੇ ਵਿਰੋਧ ਸਭਾਵਾਂ ਵੀ ਕੀਤੀਆਂ ਗਈਆਂ।

ਇਹ ਪ੍ਰੋਗਰਾਮ ਇਸ ਲਈ ਵੀ ਮਹੱਤਵਪੂਰਨ ਸਨ ਕਿਉਂਕਿ ਇਨ੍ਹਾਂ ਰਾਹੀਂ ਨਵੀਂ ਪੀੜ੍ਹੀ ਤੱਕ ਰਾਹੁਲ ਸਾਂਕ੍ਰਿਤਆਯਨ ਦੇ ਜੀਵਨ ਅਤੇ ਉਨ੍ਹਾਂ ਦੇ ਵਿਚਾਰਾਂ ਦੀ ਮਹੱਤਤਾ ਪਹੁੰਚਾਉਣ ਦੀ ਕੋਸ਼ਿਸ਼ ਕੀਤੀ ਗਈ। ਗਾਂਧੀ ਅਤੇ ਲੈਨਿਨ ਵਰਗੀਆਂ ਸ਼ਖ਼ਸੀਅਤਾਂ ਨਾਲ ਉਨ੍ਹਾਂ ਦੀ ਵਿਚਾਰਧਾਰਕ ਸੰਵਾਦ-ਪਰੰਪਰਾ ਅਤੇ ਮਿਹਨਤਕਸ਼ ਲੋਕਾਂ ਵਿੱਚ ਗਿਆਨ ਤੇ ਚੇਤਨਾ ਪੈਦਾ ਕਰਨ ਦੀ ਉਨ੍ਹਾਂ ਦੀਆਂ ਕੋਸ਼ਿਸ਼ ਨੂੰ ਯਾਦ ਕੀਤਾ ਗਿਆ। ਰਾਹੁਲ ਸਾਂਕ੍ਰਿਤਿਆਇਨ ਨੇ ਆਪਣਾ ਜੀਵਨ ਬਦਲਦੀ ਦੁਨੀਆ ਨੂੰ ਲਗਾਤਾਰ ਜਾਣਨ ਅਤੇ ਸਮਝਣ ਦੇ ਲੇਖੇ ਲਾਇਆ। ਉਹ ਅਸਾਧਾਰਣ ਵਿਦਵਾਨ, ਖੋਜੀ ਅਤੇ ਵਿਚਾਰਕ ਸਨ। ਉਨ੍ਹਾਂ ਨੇ ਰਵਾਇਤੀ ਸੰਸਥਾਵਾਂ ਦੀਆਂ ਹੱਦਾਂ ਤੋਂ ਬਾਹਰ ਨਿਕਲ ਕੇ ਦੁਨੀਆ ਨੂੰ ਸਮਝਣ ਦੀ ਕੋਸ਼ਿਸ਼ ਕੀਤੀ ਅਤੇ ਆਪਣਾ ਗਿਆਨ ਲੋਕਾਂ ਤੱਕ ਪਹੁੰਚਾਇਆ।

ਰਾਣੀਗੰਜ ਦੇ ਚੌਰਾਹੇ 'ਤੇ ਲੱਗੀ ਰਾਹੁਲ ਦੀ ਮੂਰਤੀ ਦਾ ਵੀ ਆਪਣਾ ਇੱਕ ਇਤਿਹਾਸ ਹੈ। ਕਈ ਵਾਰ ਇਸ ਮੂਰਤੀ ਦੀ ਮੁਰੰਮਤ ਕੀਤੀ ਗਈ ਅਤੇ ਇਸ ਨੂੰ ਨਵੇਂ ਰੂਪ ਵਿੱਚ ਸਜਾਇਆ ਗਿਆ। ਰਾਹੁਲ ਦੀ ਯਾਦ ਵਿੱਚ ਹਰ ਸਾਲ ਉਨ੍ਹਾਂ ਦਾ ਜਨਮ ਦਿਨ ਮਨਾਉਣ ਦੀ ਪਰੰਪਰਾ ਵੀ ਜਾਰੀ ਰਹੀ।

ਰਾਹੁਲ ਦਾ ਜਨਮ ਜਿਸ ਪਰਿਵਾਰ ਵਿਚ ਹੋਇਆ, ਉਹ ਪਰੰਪਰਾਗਤ ਬ੍ਰਾਹਮਣ ਪਰਿਵਾਰ ਸੀ। ਪਰ ਵੀਹਵੀਂ ਸਦੀ ਦੀ ਸ਼ੁਰੂਆਤ ਵਿਚ ਭਾਰਤ ਵਿਚ ਆ ਰਹੀਆਂ ਸਮਾਜਿਕ ਤਬਦੀਲੀਆਂ ਨੇ ਉਨ੍ਹਾਂ ਨੂੰ ਵੀ ਪ੍ਰਭਾਵਿਤ ਕੀਤਾ। ਇਨ੍ਹਾਂ ਤਬਦੀਲੀਆਂ ਨੇ ਉਨ੍ਹਾਂ ਦੇ ਤੇਜ਼ ਅਤੇ ਜਿਗਿਆਸੂ ਦਿਮਾਗ ਨੂੰ ਆਪਣੇ ਆਲੇ-ਦੁਆਲੇ ਦੀ ਬਦਲਦੀ ਦੁਨੀਆ ਨੂੰ ਜਾਣਨ ਅਤੇ ਸਮਝਣ ਲਈ ਪ੍ਰੇਰਿਤ ਕੀਤਾ। ਉਨ੍ਹਾਂ ਨੇ ਦੁਨੀਆ ਦੇ ਵੱਖ-ਵੱਖ ਹਿੱਸਿਆਂ ਦੀ ਯਾਤਰਾ ਕੀਤੀ, ਵੱਖ-ਵੱਖ ਭਾਸ਼ਾਵਾਂ ਅਤੇ ਸਭਿਆਚਾਰਾਂ ਦਾ ਅਧਿਐਨ ਕੀਤਾ ਅਤੇ ਬੇਸ਼ੁਮਾਰ ਕਿਤਾਬਾਂ ਲਿਖੀਆਂ। ਉਨ੍ਹਾਂ ਦੀਆਂ ਯਾਤਰਾਵਾਂ ਸੈਰ-ਸਪਾਟੇ ਲਈ ਨਹੀਂ ਸਨ, ਸਗੋਂ ਗਿਆਨ ਦੀ ਖੋਜ ਅਤੇ ਸਮਾਜ ਨੂੰ ਸਮਝਣ ਦਾ ਜ਼ਰੀਆ ਸਨ। ਰਾਹੁਲ ਸਾਂਕ੍ਰਿਆਯਨ ਦੀ ਜ਼ਿੰਦਗੀ ਸਾਨੂੰ ਇਹ ਸਿਖਾਉਂਦੀ ਹੈ ਕਿ ਗਿਆਨ ਕਿਸੇ ਇੱਕ ਮੁਲਕ, ਭਾਸ਼ਾ ਜਾਂ ਸੰਸਥਾ ਦੀ ਜਾਇਦਾਦ ਨਹੀਂ। ਦੁਨੀਆ ਨੂੰ ਜਾਣਨ ਲਈ ਖੁੱਲ੍ਹੇ ਮਨ ਨਾਲ ਯਾਤਰਾ ਕਰਨੀ, ਸਿੱਖਣਾ ਅਤੇ ਸਵਾਲ ਪੁੱਛਣੇ ਜ਼ਰੂਰੀ ਹਨ।

ਉਨ੍ਹਾਂ ਨੇ ਕਈ ਸਾਲ ਤੱਕ ਰਵਾਇਤੀ ਸੰਸਥਾਵਾਂ ਨਾਲ ਜੁੜ ਕੇ ਗਿਆਨ ਹਾਸਲ ਕੀਤਾ, ਹਾਲਾਂਕਿ ਉਨ੍ਹਾਂ ਨੂੰ ਕਦੇ ਵੀ 'ਆਧੁਨਿਕ' ਵਿਦਿਅਕ ਸੰਸਥਾਵਾਂ ਤੋਂ ਕੋਈ ਡਿਗਰੀ ਨਹੀਂ ਮਿਲੀ ਪਰ ਇਹ ਗੱਲ ਉਨ੍ਹਾਂ ਦੇ ਗਿਆਨ ਵਿੱਚ ਕਦੀ ਰੁਕਾਵਟ ਨਹੀਂ ਬਣੀ। ਇੱਥੋਂ ਤੱਕ ਕਿ ਜਦੋਂ ਉਹ ਪਰੰਪਰਾਗਤ ਸਿੱਖਿਆ ਪ੍ਰਣਾਲੀਆਂ ਵਿੱਚ ਗੁਜ਼ਰੇ, ਓਦੋਂ ਵੀ ਉਨ੍ਹਾਂ ਨੇ ਆਪਣੀ ਆਲੋਚਨਾਤਮਕ ਸੋਚ ਦਾ ਇਸਤੇਮਾਲ ਕੀਤਾ ਅਤੇ ਅਸਹਿਮਤੀ ਦੀਆਂ ਪਰੰਪਰਾਵਾਂ ਤੋਂ ਵੀ ਵਾਕਫ਼ ਹੋਏ। ਇਸ ਤਰ੍ਹਾਂ ਉਹ ਮੁੱਖ ਰੂਪ ਵਿਚ ਆਧੁਨਿਕ ਵਿਅਕਤੀ ਸਨ, ਜੋ ਉਸ ਦੌਰ ਦੇ ਉਥਲ-ਪੁੱਥਲ ਭਰੇ ਹਾਲਾਤਾਂ ਦੀ ਉਪਜ ਸੀ, ਜਿਸ ਵਿੱਚ ਉਹ ਵੱਡੇ ਹੋਏ ਸਨ। ਭਰਮਣ ਕਰਨ ਵਾਲੇ ਵਿਦਵਾਨ ਦੇ ਤੌਰ 'ਤੇ ਉਨ੍ਹਾਂ ਨੇ ਆਪਣਾ ਨਾਮ 'ਰਾਹੁਲ ਸਾਂਕ੍ਰਿਤਿਆਇਨ ਰੱਖਿਆ ਅਤੇ ਗਿਆਨ ਦੀ ਖੋਜ ਵਿੱਚ ਤਿੱਬਤ, ਸ੍ਰੀਲੰਕਾ ਅਤੇ ਸੋਵੀਅਤ ਰੂਸ ਦੀਆਂ ਯਾਤਰਾਵਾਂ ਦੌਰਾਨ ਉਨ੍ਹਾਂ ਨੂੰ ਕਾਫ਼ੀ ਸ਼ੁਹਰਤ ਅਤੇ ਮਾਣ-ਸਨਮਾਨ ਮਿਲਿਆ। ਨਾਲ ਹੀ, 1922 ਵਿੱਚ ਗਾਂਧੀਵਾਦੀ ਅੰਦੋਲਨ ਦੇ ਇੱਕ ਕਾਰਕੁਨ ਦੇ ਤੌਰ 'ਤੇ ਉਹ ਪਹਿਲੀ ਵਾਰ ਜੇਲ੍ਹ ਗਏ। ਬਾਅਦ ਵਿੱਚ 1938 ਵਿਚ ਉਹ ਕਿਸਾਨ ਸਭਾ ਵਿੱਚ ਸ਼ਾਮਲ ਹੋਏ ਅਤੇ ਆਲ ਇੰਡੀਆ ਕਿਸਾਨ ਸਭਾ ਦੇ ਪ੍ਰਧਾਨ ਵੀ ਬਣੇ। ਕਿਸਾਨ ਅੰਦੋਲਨ ਵਿਚ ਸ਼ਾਮਲ ਰਹਿਣ ਦੌਰਾਨ ਉਹ ਕਈ ਵਾਰ ਜੇਲ੍ਹ ਗਏ। ਉਹ 1939 ਵਿਚ ਬਣਾਈ ਗਈ ਭਾਰਤੀ ਕਮਿਊਨਿਸਟ ਪਾਰਟੀ ਦੀ ਮੋਂਗੀਰ ਇਕਾਈ ਦੇ ਬਾਨੀ ਮੈਂਬਰਾਂ ਵਿੱਚ ਸ਼ੁਮਾਰ ਸਨ।

ਸਵਾਲ ਇਹ ਉੱਠਦਾ ਹੈ ਕਿ ਕੀ ਰਾਣੀਗੰਜ ਵਿੱਚ ਮੂਰਤੀ ਹਟਾਉਣ ਵਾਲੇ ਗੁੰਡਿਆਂ ਨੂੰ ਇਨ੍ਹਾਂ ਸਾਰੀਆਂ ਗੱਲਾਂ ਦੀ ਜਾਣਕਾਰੀ ਸੀ, ਜਾਂ ਫਿਰ ਇਹ ਖੱਬੇਪੱਖੀ ਅਤੇ ਅਗਾਂਹਵਧੂ ਸਮੂਹਾਂ ਦੇ ਇਕੱਠਾਂ ਲਈ ਆਮ ਤੌਰ 'ਤੇ ਇਸਤੇਮਾਲ ਹੋਣ ਵਾਲੀ ਜਗ੍ਹਾ 'ਤੇ ਕੀਤੀ ਗਈ ਭੰਨਤੋੜ ਦਾ ਬੇਸਮਝ ਕਾਰਾ ਸੀ? ਇਸ ਵਿੱਚ ਕੋਈ ਸ਼ੱਕ ਨਹੀ ਕਿ ਆਰ.ਐਸ.ਐਸ. ਦੇ ਵਿਚਾਰਧਾਰਕ ਆਗੂਆਂ ਨੇ ਤਾਂ ਪਹਿਲਾਂ ਹੀ ਖੱਬੇ ਪੱਖੀਆਂ ਅਤੇ ਖੱਬੇਪੱਖੀ ਵਿਚਾਰਧਾਰਾ ਨੂੰ ਆਪਣਾ ਮੁੱਖ ਦੁਸ਼ਮਣ ਮੰਨਿਆ ਹੋਇਆ ਹੈ। ਜੇਕਰ ਸੱਤਾ ਵਿੱਚ ਬੈਠੇ ਲੋਕ ਅਤੇ ਉਨ੍ਹਾਂ ਦੇ ਕਾਡਰ ਇਸ ਨੂੰ ਗੰਭੀਰਤਾ ਨਾਲ ਲੈਂਦੇ ਹਨ, ਤਾਂ ਹੁਣ ਪੱਛਮੀ ਬੰਗਾਲ ਵਿਚ ਵੀ ਖੱਬੇਪੱਖੀ ਚਿੰਨ੍ਹਾਂ ਨੂੰ ਲਗਾਤਾਰ ਨਿਸ਼ਾਨਾ ਬਣਾਇਆ ਜਾਵੇਗਾ। ਪਰ ਅੱਜ ਸਾਡੇ ਲਈ ਰਾਹੁਲ ਸਾਂਕ੍ਰਿਤਿਆਇਨ ਦਾ ਨਾਮ ਖਾਸ ਮਾਇਨੇ ਰੱਖਦਾ ਹੈ। ਉਨ੍ਹਾਂ ਨੇ ਜੋ ਜੁਝਾਰੂ ਪਦਾਰਥਵਾਦੀ ਨਜ਼ਰੀਆ ਅਪਣਾਇਆ, ਉਸ ਦਾ ਖ਼ਾਸ ਮਹੱਤਵ ਹੈ। ਕਰਪਾਤੀ ਜੀ ਵਰਗੇ 'ਸਨਾਤਨੀਆਂ' ਨੇ ਇਤਿਹਾਸਿਕ ਪਦਾਰਥਵਾਦ 'ਤੇ ਜੋ ਹਮਲਾ ਕੀਤਾ ਸੀ, ਉਸ ਦਾ ਉਨ੍ਹਾਂ ਨੇ ਆਪਣੀ ਛੋਟੀ-ਜਿਹੀ ਪੁਸਤਕ 'ਰਾਮਰਾਜਿਆ ਔਰ ਮਾਰਕਸਵਾਦ' ਵਿੱਚ ਖੰਡਨ ਕੀਤਾ ਸੀ। ਉਨ੍ਹਾਂ ਦਾ ਇਹ ਕੰਮ ਅੱਜ ਖ਼ਾਸ ਤੌਰ 'ਤੇ ਮਹੱਤਵਪੂਰਨ ਹੈ। ਧਾਰਮਿਕ ਆਸਥਾ ਦਾ ਇਸਤੇਮਾਲ ਕਰਕੇ ਹਰ ਤਰ੍ਹਾਂ ਦੀ ਲੁੱਟਖਸੁੱਟ ਨੂੰ 'ਮਾਇਆ' ਅਤੇ ਅਮੀਰਾਂ ਅਤੇ ਤਾਕਤਵਰ ਲੋਕਾਂ ਅੱਗੇ ਬਿਨਾਂ ਸੋਚੇ ਸਮਝੇ ਝੁਕਣ ਨੂੰ ਇਨਸਾਨ ਦੇ ਕਰਮ, ਬ੍ਰਾਹਮਣਵਾਦੀ ਸ਼ਾਸਨ ਨੂੰ ਨੈਤਿਕ ਅਤੇ ਪਤੀ ਦੀ ਚਿਤਾ 'ਤੇ ਮਰਨ ਨੂੰ ਔਰਤਾਂ ਦਾ ਫ਼ਰਜ਼ ਦੱਸਣ ਉੱਪਰ ਉਨ੍ਹਾਂ ਦੀਆਂ ਸ਼ਾਨਦਾਰ ਵਿਅੰਗਾਤਮਕ ਟਿੱਪਣੀਆਂ ਨੂੰ ਅੱਜ ਦੇ ਨਜ਼ਰੀਏ ਨਾਲ ਪੜ੍ਹਨਾ ਹੋਵੇਗਾ, ਜਿੱਥੇ ਲੁੱਟੇ-ਪੁੱਟੇ ਅਤੇ ਦੱਬੇ-ਕੁਚਲੇ ਲੋਕਾਂ ਦੇ ਦਿਮਾਗਾਂ ਨੂੰ ਗ਼ੁਲਾਮ ਬਣਾਉਣ ਲਈ ਫਾਸ਼ੀਵਾਦੀ ਬੇਹੂਦਗੀ ਫੈਲਾਈ ਜਾ ਰਹੀ ਹੈ। ਹਾਂ, ਫਾਸ਼ੀਵਾਦੀਆਂ ਨੇ ਉਸ ਸੁਤੰਤਰ ਇਨਸਾਨੀ ਦਿਮਾਗ ਤੋਂ ਭੈਅ ਭੀਤ ਹੋਣਾ ਹੀ ਹੈ, ਜਿਸ ਦੀ ਨੁਮਾਇੰਦਗੀ ਮਹਾਪੰਡਿਤ ਰਾਹੁਲ ਸਾਂਕ੍ਰਿਤਆਯਨ ਕਰਦੇ ਹਨ।

---

*(ਪਿਛਲੇ ਸਫੇ ਦਾ ਬਾਕੀ)*

ਹਿਰਾਸਤ ਵਿਚ ਲੈ ਲਿਆ ਗਿਆ ਪਰ ਕੁਝ ਮਹੀਨਿਆਂ ਬਾਅਦ ਬੰਦਖਲਾਸੀ ਹੋ ਗਈ। ਮੈਂ ਅਤੇ ਕਮਲਜੀਤ ਨੇ ਵੀ ਕੁਝ ਹੋਰ ਸਾਥੀਆਂ ਸਮੇਤ ਪਹਿਲੇ ਛੇ ਮਹੀਨੇ ਤਾਂ ਬਚ-ਬਚਾਅ ਨਾਲ ਲੰਘਾ ਲਏ ਪਰ ਫਰਵਰੀ 1976 ਵਿਚ ਇੱਕ ਗਦਾਰ ਦੀ ਵਜ੍ਹਾ ਨਾਲ ਫੜੇ ਗਏ। ਬਿੰਦਰ ਭੈਣ ਮੁਲਾਕਾਤਾਂ ਲਈ ਕਦੇ ਜਲੰਧਰ, ਕਦੇ ਫਿਰੋਜ਼ਪੁਰ, ਕਦੇ ਸੰਗਰੂਰ ਤੇ ਕਦੇ ਅੰਬਰਸਰ ਜਾਂਦੀ ਤਾਂ ਪੁਲਸੀਆਂ ਨੇ ਕਹਿਣਾ 'ਭੈਣੇ ਕੀ ਤੇਰੇ ਸਾਰੇ ਈ ਭਰਾ ਜੇਲ੍ਹਾਂ ਵਿਚ ਹਨ?' ਇੱਕ ਵੇਰ ਕਪੂਰਥਲੇ ਸਾਡੀ ਪੇਸ਼ੀ ਸੀ। ਨਿੱਕਾ ਜਿਹਾ ਸੋਹਣਾ ਸੁਨੱਖਾ ਤੇ ਲਾਲ ਸੂਹੇ ਰੰਗ ਵਾਲਾ ਰਿੰਕੂ (ਭਾਜੀ ਦਾ ਵੱਡਾ ਲੜਕਾ ਜੋ ਉਦੋਂ ਢਾਈ-ਤਿੰਨ ਸਾਲ ਦਾ ਸੀ) ਪੁਲਸੀਆਂ ਨੂੰ ਲਾਹਨਤਾਂ ਪਾ ਰਿਹਾ ਸੀ। ਕਹਿੰਦਾ 'ਮੈਨੂੰ ਵੱਡਾ ਹੋ ਲੈਣ ਦਿਉ। ਜਿਨ੍ਹਾਂ ਮੇਰੇ ਮਾਮਿਆਂ ਨੂੰ ਫੜਿਆ ਮੈਂ ਬਦੂਕ (ਬੰਦੂਕ) ਨਾਲ ਮਾਰ ਦੇਣਾ।' ਇਸ ਦਾ ਜ਼ਿਕਰ ਮੈਂ ਆਪਣੀ ਇਕ ਕਵਿਤਾ ਵਿਚ ਵੀ ਕੀਤਾ ਸੀ।

ਨੰਨ੍ਹੇ ਜਿਹੇ ਰਿੰਕੂ ਦੇ
ਰੋਹਲੇ ਬੋਲਾਂ ਨੂੰ
ਕਿਉਂ ਦਿਉ ਕੱਦ ਪੁਲਸੀਏ ਚਿਹਰੇ
ਹਨ ਘੂਰਦੇ ਰਹਿੰਦੇ?

ਮਾਰਚ ਜਾਂ ਅਪਰੈਲ 1977 ਦੀ ਗੱਲ ਹੈ। ਦੇਸ਼ ਵਿਚ ਆਮ ਚੋਣਾਂ ਹੋਈਆਂ। ਕਾਂਗਰਸ ਪੂਰੀ ਤਰ੍ਹਾਂ ਪਛਾੜ ਦਿੱਤੀ ਗਈ। ਇੰਦਰਾ ਗਾਂਧੀ ਨੂੰ ਇਕ ਮਜ਼ਾਕੀਆ ਕਿਸਮ ਦੇ ਉਮੀਦਵਾਰ ਨੇ ਹਰਾ ਕੇ ਸਭ ਨੂੰ ਹੈਰਾਨ ਕਰ ਦਿਤਾ। ਹਾਲਾਤ ਆਮ ਵਰਗੇ ਹੋਣ ਲੱਗੇ ਪਰ ਕੁਲਦੀਪ ਨੇ ਸੋਚਿਆ ਕਿ ਹੁਣ ਇਸ ਮੁਲਕ ਵਿਚ ਰਹਿਣਾ ਸੌਖਾ ਨਹੀਂ। ਇਸੇ ਸਾਲ ਹੀ ਉਨ੍ਹਾਂ ਦੇ ਘਰ ਦੂਜੇ ਬੱਚੇ ਗਗਨਦੀਪ ਨੇ ਜਨਮ ਲਿਆ। ਉਨ੍ਹਾਂ ਨੇ ਮਹਿਰੂਮ ਕਾਮਰੇਡ ਦਰਸ਼ਨ ਦੋਸਾਂਝ ਨਾਲ ਸਲਾਹ ਕੀਤੀ। ਉਸ ਨੇ ਵੀ ਸਹਿਮਤੀ ਦਿੱਤੀ। ਭਾਜੀ ਨੇ ਮੈਨੂੰ ਅਤੇ ਕਮਲਜੀਤ ਵਿਰਕ ਨੂੰ ਬਿਠਾ ਕੇ ਕਿਹਾ 'ਹੁਣ ਮੈਂ ਬਾਹਰ ਚੱਲਿਆਂ, ਤੁਸੀਂ ਬਿੰਦਰ ਅਤੇ ਬੱਚਿਆਂ ਦਾ ਖਿਆਲ ਰੱਖਣਾ।' ਉਹ ਇਰਾਨ ਚਲੇ ਗਏ। ਸ਼ਾਹ (ਮੁਹੰਮਦ ਰਜ਼ਾ ਪਹਿਲਵੀ) ਦੀ ਹਕੂਮਤ ਸੀ। ਜਾਣ ਲਈ ਵੀਜ਼ੇ ਦੀ ਜ਼ਰੂਰਤ ਵੀ ਨਹੀਂ ਹੁੰਦੀ ਸੀ। ਦੱਸਦੇ ਨੇ ਕਿ ਲੋਕ ਬਹੁਤ ਖੁਸ਼ ਸਨ, ਪਰ 1979 ਦੇ ਅਖੀਰ ਵਿਚ ਉੱਥੇ ਰਾਜ ਪਲਟਾ ਹੋ ਗਿਆ। ਕੱਟੜਪੰਥੀ ਆਇਤੁੱਲਾ ਰੂਹੁੱਲਾ ਖ਼ਮੇਨੀ ਨੇ ਇਸਲਾਮਿਕ ਸਰਕਾਰ ਬਣਾ ਲਈ। ਲੋਕਾਂ ਉਪਰ ਇਸਲਾਮੀ ਫੈਸਲੇ ਜ਼ਬਰਦਸਤੀ ਥੋਪਣੇ ਸ਼ੁਰੂ ਕਰ ਦਿੱਤੇ। ਆਦਰਸ਼ਕ ਤੇ ਜੁਝਾਰੂ ਕੁਲਦੀਪ ਦਾ ਦਮ ਘੁੱਟਣ ਲੱਗਾ ਤਾਂ ਉਹ ਸਵਾ ਦੋ ਸਾਲਾਂ ਬਾਅਦ ਇਰਾਨ ਨੂੰ ਅਲਵਿਦਾ ਆਖ ਮੁੜ ਪੰਜਾਬ ਆ ਗਿਆ।

ਭਾਰਤ ਦੀ ਕੁਰੱਪਟ ਰਾਜਨੀਤੀ ਅਤੇ ਬਦਨਾਮ ਰਿਸ਼ਵਤਖੋਰ ਅਫਸਰਸ਼ਾਹੀ ਨੇ ਲੋਕਾਂ ਦੇ ਨੱਕ ਵਿਚ ਦਮ ਕਰ ਰੱਖਿਆ ਸੀ ਜੋ ਹੁਣ ਤਕ ਵੀ ਜਾਰੀ ਹੈ। ਕੁਲਦੀਪ ਨੇ ਫਿਰ ਹਿੰਮਤ ਕੀਤੀ। ਕੁਝ ਪਾਰਟੀ ਆਗੂਆਂ ਨੇ ਦੱਬੀ ਜੀਭ ਨਾਲ ਨੁਕਤਾਚੀਨੀ ਵੀ ਕੀਤੀ। ਆਖਰ ਉਹ ਬੈਲਜੀਅਮ, ਨੌਰਵੇ ਹੁੰਦਾ ਹੋਇਆ ਅਮਰੀਕਾ ਪਹੁੰਚ ਗਿਆ। ਹਿੰਮਤ ਅਤੇ ਕੁਝ ਕਰ ਗੁਜ਼ਰਨ ਦੀ ਲਗਨ ਨੇ ਉਸਦਾ ਸਾਥ ਦਿੱਤਾ। ਉਸਨੇ ਲੰਬਾਰਡ (LOMBARD) ਸਥਿਤ 'ਮਿਡ ਵੈਸਟ ਕਾਲਜ ਆਫ ਇੰਜੀਨੀਅਰਿੰਗ' ਵਿਚ ਇੱਕ ਹੋਰ ਡਿਗਰੀ ਲਈ ਦਾਖਲਾ ਲੈ ਲਿਆ। ਪਰ ਛੇਤੀ ਹੀ ਮਹਿਸੂਸ ਕੀਤਾ ਕਿ ਇਸ ਪੜ੍ਹਾਈ ਨਾਲ ਟੈਕਨੌਲੋਜੀ ਦੇ ਗਿਆਨ ਵਿਚ ਕੋਈ ਜ਼ਿਆਦਾ ਵਾਧਾ ਨਹੀਂ ਹੋਣਾ। ਇੱਕ ਕੋਰਸ ਤੋਂ ਬਾਅਦ ਹੀ ਉਨ੍ਹਾਂ ਉਸ ਨੂੰ ਵੀ ਅਲਵਿਦਾ ਆਖ ਦਿੱਤੀ। ਜੌਬ (ਕੰਮ) ਸ਼ੁਰੂ ਕਰ ਲਈ। ਸ਼ਾਇਦ ਇਹ 1980 ਦੀ ਗੱਲ ਹੈ। ਸਮਾਂ ਬੀਤਦਾ ਗਿਆ। ਦੋ-ਤਿੰਨ ਹੋਰ ਜੌਬਾਂ ਕਰਨ ਤੋਂ ਬਾਅਦ ਉਨ੍ਹਾਂ ਨੇ 'ਫਰਮੀ ਨੈਸ਼ਨਲ ਐਕਸਿਲਰੇਟਰ ਲੈਬ' ਵਿਚ ਕੰਮ ਸ਼ੁਰੂ ਕਰ ਲਿਆ। ਕੁਲਦੀਪ ਨੇ ਇਸ ਲੈਬ ਵਿਚ ਲੰਮਾ ਸਮਾਂ ਕੰਮ ਕੀਤਾ ਅਤੇ 2010 ਵਿਚ ਰਿਟਾਇਰ ਹੋਏ।

ਗੱਲ ਲੰਮੀ ਹੋ ਰਹੀ ਹੈ ਤਾਂ ਹੁਣ ਆਪਾਂ 'ਧੀਆਂ ਪੁਕਾਰਦੀਆਂ' ਵੱਲ ਮੁੜ ਪਰਤਦੇ ਹਾਂ। ਕੰਮ ਮੁਕਤ (ਰਿਟਾਇਰਮੈਂਟ ਨੂੰ ਮੈਂ ਜਾਣਬੁਝ ਕੇ ਸੇਵਾ ਮੁਕਤ ਦੀ ਥਾਂ ਕੰਮ ਮੁਕਤ ਲਿਖਦਾ ਹਾਂ ਕਿਉਂਕਿ ਸੇਵਾ ਤਾਂ ਮੁਫ਼ਤ ਦੀ ਹੁੰਦੀ ਹੈ ਤੇ ਕੰਮ ਆਪਾਂ ਤਨਖਾਹ ਲੈ ਕੇ ਕਰਦੇ ਹਾਂ) ਹੋ ਕੇ ਉਨ੍ਹਾਂ ਨੇ ਜਨਵਰੀ ਦੀ ਸਤਾਰਾਂ ਤਰੀਕ ਵੀਹ ਸੌ ਗਿਆਰਾਂ ਨੂੰ ਇਹ ਸੰਸਥਾ ਬਣਾਈ। ਫੰਡ ਦੇਣ ਵਾਲਿਆਂ ਜਾਂ ਸਹਾਇਤਾ ਕਰਨ ਵਾਲਿਆਂ ਨਾਲ ਇਹ ਵਾਅਦਾ ਕੀਤਾ ਗਿਆ ਕਿ 'ਧੀਆਂ ਪੁਕਾਰਦੀਆਂ' ਲਈ ਆਇਆ ਇੱਕ-ਇੱਕ ਡਾਲਰ ਧੀਆਂ ਦੀ ਜ਼ਿੰਦਗੀ ਬਿਹਤਰ ਬਣਾਉਣ ਲਈ ਵਰਤਿਆ ਜਾਏਗਾ ਤੇ ਸੰਸਥਾ ਨੂੰ ਚਲਾਉਣ ਦਾ ਖਰਚਾ ਵੀ ਆਪ ਕਰਨਗੇ। ਅੱਜ ਤਕ ਉਹ ਆਪਣੇ ਇਸ ਵਾਅਦੇ ਉੱਪਰ ਖ਼ਰੇ ਉੱਤਰ ਰਹੇ ਹਨ। ਹਜ਼ਾਰ ਤੋਂ ਉੱਪਰ ਧੀਆਂ ਵਿਚੋਂ ਇੱਕ ਹੋਣਹਾਰ ਧੀ ਮਨਦੀਪ ਕੌਰ ਨੂੰ ਗੋਦ ਲੈ ਲਿਆ। ਉਸਨੇ ਪਟਿਆਲਾ ਤੋਂ ਗਰੈਜੂਏਸ਼ਨ ਕੀਤੀ। ਕੁਲਦੀਪ ਦੀ ਰਹਿਨੁਮਾਈ ਥੱਲੇ ਉਹਨੇ ਅਮਰੀਕਾ ਦੀਆਂ ਯੂਨੀਵਰਸਿਟੀਆਂ ਵਿਚ ਉਚੇਰੀ ਪੜ੍ਹਾਈ ਦੇ ਦਾਖਲੇ ਲਈ ਅਰਜ਼ੀਆਂ ਦਿੱਤੀਆਂ ਤੇ ਆਖਰ ਸ਼ਿਕਾਗੋਲੈਂਡ ਦੀ ਇਕ ਯੂਨੀਵਰਸਿਟੀ ਵਿਚ ਉਹਨੂੰ ਦਾਖਲਾ ਮਿਲ ਗਿਆ। ਜਿੱਥੇ ਉਸਨੇ ਕੰਪਿਊਟਰ ਸਾਇੰਸ ਵਿਚ ਮਾਸਟਰ ਡਿਗਰੀ ਪਾਸ ਕੀਤੀ। ਅਜੇ ਪਿਛਲੇ ਸਾਲ 2025 ਵਿਚ ਹੀ ਉਸਦੀ ਸ਼ਾਦੀ ਹੋਈ ਹੈ ਅਤੇ ਉਹ ਆਪਣੇ ਸਹੁਰੇ ਪਰਿਵਾਰ ਆਪਣੇ ਸੁਚੱਜੇ ਪੜ੍ਹੇ-ਲਿਖੇ ਸਾਥੀ ਨਾਲ ਹੱਸਦੀ ਵਸਦੀ ਰਹਿੰਦੀ ਹੈ। ਹਰ ਦੂਜੇ ਵੀਕਐਂਡ 'ਤੇ ਉਹ ਆਪਣੇ ਹੀ ਨਹੀਂ ਸਗੋਂ ਸੈਂਕੜੇ ਧੀਆਂ ਦੇ ਬਾਪ ਨੂੰ ਬਿਨਾਂ ਨਾਗਾ ਮਿਲਣ ਆਉਂਦੀ ਹੈ ਅਤੇ 'ਧੀਆਂ ਪੁਕਾਰਦੀਆਂ' ਸੰਸਥਾ ਵਿਚ ਪਿਤਾ ਦੀ ਮਦਦ ਕਰਦੀ ਹੈ।

ਮੇਰੇ ਇੱਕ ਬਹੁਤ ਹੀ ਪਿਆਰੇ ਸ਼ਾਇਰ ਦੋਸਤ ਤੇ ਯੁੱਧ ਸਾਥੀ ਰਹੇ ਜਸਵਿੰਦਰ ਦਾ ਇੱਕ ਸ਼ੇਅਰ ਹੈ -

ਸਾਡੇ ਪੈਰ 'ਚ ਚੱਕਰ ਯਾਰ
ਅਸੀਂ ਤਾਂ ਤੁਰਦੇ ਜਾਣਾ।

ਕੁਲਦੀਪ ਸਿੰਘ ਸਰਾ ਭਾਜੀ ਦੇ ਵੀ ਪੈਰ 'ਚ ਚੱਕਰ ਹੈ। ਉਹ ਟਿਕ ਕੇ ਨਹੀਂ ਬਹਿ ਸਕਦੇ। ਹਰ ਕੰਮ ਨੂੰ ਤਰਤੀਬ ਅਤੇ ਸਲੀਕੇ ਨਾਲ ਕਰਦੇ ਹਨ। ਘਰ ਵਿਚ ਅਜੇ ਵੀ ਨਿੱਕੇ-ਮੋਟੇ ਪੁਰਜ਼ੇ ਤਿਆਰ ਕਰਨ ਵਾਲੀ ਮਸ਼ੀਨ ਰੱਖੀ ਹੋਈ ਹੈ। ਜਿਸ ਨਾਲ ਉਨ੍ਹਾਂ ਨੂੰ ਪੈਨਸ਼ਨ ਤੋਂ ਇਲਾਵਾ ਵਾਧੂ ਕਮਾਈ ਹੋ ਜਾਂਦੀ ਹੈ। ਘਰ ਵਿਚ ਕਿਤਾਬਾਂ ਹਨ। ਚੰਗੀਆਂ ਕਿਤਾਬਾਂ ਪੜ੍ਹਨ ਦਾ ਸ਼ੌਕ ਹੈ। ਅਮਰੀਕਨ ਤਿਉਹਾਰਾਂ ਵਿਚ ਉਹ ਮੋਹਰੀ ਬਣ ਕੇ ਵਿਚਰ ਰਹੇ ਹਨ। ਥੈਂਕਸ ਗਿਵਿੰਗ ਦਾ ਤਿਉਹਾਰ ਉਹ ਹਰ ਸਾਲ ਆਪਣੇ ਘਰ ਵਿਚ ਆਪਣੇ ਕਰੀਬੀ ਮਿੱਤਰਾਂ ਨਾਲ ਦਹਾਕਿਆਂ ਬੱਧੀ ਮਨਾਉਂਦੇ ਰਹੇ ਹਨ। ਉਮਰ ਦੇ ਇਕਾਸੀਵੇਂ ਵਰ੍ਹੇ ਵਿਚ ਵੀ ਉਹ ਆਪਣੀ ਸੁਚੱਜੀ ਜੀਵਨ ਜਾਚ ਕਾਰਨ ਜਵਾਨ ਲੱਗਦੇ ਹਨ। ਪਰ ਪਿਛੇ ਜਿਹੇ ਸਿਹਤ ਕੁਝ ਢਿੱਲੀ ਵੀ ਹੋ ਗਈ ਸੀ ਅਤੇ 2009 ਵਿਚ ਸਟੈਂਟ ਵੀ ਪਾਇਆ ਗਿਆ ਸੀ। ਨਿੱਕੀਆਂ-ਮੋਟੀਆਂ ਬਿਮਾਰੀਆਂ ਦੀ ਪ੍ਰਵਾਹ ਨਾ ਕਰਦੇ ਹੋਏ ਹਮੇਸ਼ਾਂ ਹਾਂ-ਪੱਖੀ ਖਿਆਲਾਂ ਨਾਲ ਲਬਰੇਜ਼ ਰਹਿੰਦੇ ਹਨ।

ਉਨ੍ਹਾਂ ਦੀ ਦੋਸਤੀ ਦਾ ਘੇਰਾ ਵੀ ਕਮਾਲ ਦਾ ਹੈ। ਜੋ ਆਪੋ ਆਪਣੇ ਖੇਤਰ ਵਿਚ ਜ਼ਿਕਰਯੋਗ ਕੰਮ ਕਰ ਰਹੇ ਹਨ। ਪਿਛੇ ਜਿਹੇ ਉਨ੍ਹਾਂ ਆਪਣੇ ਇਕ ਦੋਸਤ ਲਾਲ ਸਿੰਘ ਪਨੇਸਰ ਨਾਲ ਰਲ ਕੇ ਇਕ ਹੋਰ ਸੰਸਥਾ ਪਗੜੀ (PAGRI-PUNJAB AGRICULTURAL REJUVATION INITATIVE) ਵੀ ਬਣਾਈ। ਜਿਸਨੇ ਪੰਜਾਬ ਵਿਚ ਕਿਸਾਨਾਂ ਤੇ ਖਾਸ ਕਰਕੇ ਛੋਟੇ ਕਿਸਾਨਾਂ ਨੂੰ ਕਣਕ ਅਤੇ ਝੋਨੇ ਵਰਗੀਆਂ ਰਵਾਇਤੀ ਫਸਲਾਂ ਛੱਡ ਕੇ ਜੈਵਿਕ ਖੇਤੀ ਵੱਲ ਅਤੇ ਹੋਰ ਲਾਹੇਵੰਦ ਕਿੱਤਿਆਂ ਵੱਲ ਮੋੜਨ ਦਾ ਕੰਮ ਸ਼ੁਰੂ ਕੀਤਾ ਹੋਇਆ ਹੈ। ਇਸਦੇ ਚੰਗੇ ਨਤੀਜੇ ਵੀ ਸਾਹਮਣੇ ਆ ਰਹੇ ਹਨ। ਭਾਵੇਂ ਖੇਤੀਬਾੜੀ ਯੂਨੀਵਰਸਿਟੀ ਅਤੇ ਹੋਰ ਖੇਤੀ ਵਿਗਿਆਨੀ ਵੀ ਲੰਮੇ ਸਮੇਂ ਤੋਂ ਇਸ ਖੇਤਰ ਵਿਚ ਕੰਮ ਕਰਦੇ ਆ ਰਹੇ ਹਨ ਪਰ ਗੱਲ ਤਾਂ ਹਜ਼ਾਰਾਂ ਮੀਲ ਦੂਰ ਬਹਿ ਕੇ ਵੀ ਆਪਣੀਆਂ ਜੜ੍ਹਾਂ ਨਾਲ ਜੁੜ ਕੇ ਹੰਭਲਾ ਮਾਰਨ ਦੀ ਹੈ। ਵਿਹਲੇ ਸਮੇਂ ਵਿਚ ਉਹ ਘਰ ਦੀ ਬਗੀਚੀ ਵਿਚ ਵੀ ਔਰਗੈਨਿਕ ਸਬਜ਼ੀਆਂ ਤਿਆਰ ਕਰਦੇ ਹਨ। ਲੋੜੋਂ ਵੱਧ ਸਬਜ਼ੀਆਂ ਨੂੰ ਉਹ ਦੋਸਤਾਂ- ਮਿੱਤਰਾਂ ਦੇ ਘਰ ਵੰਡ ਕੇ ਖੁਸ਼ੀ ਮਹਿਸੂਸ ਕਰਦੇ ਹਨ। ਅਗਲੇ ਸਾਲ ਲਈ ਉਹ ਬੀਜ ਵੀ ਖੁਦ ਤਿਆਰ ਕਰ ਲੈਂਦੇ ਹਨ ਤੇ ਫਿਰ ਸਲੀਕੇ ਨਾਲ ਬਹੁਤ ਸੋਹਣੀ ਪੈਕਿੰਗ ਕਰਕੇ ਸੰਭਾਲ ਲੈਂਦੇ ਹਨ।

ਦਸ ਕੁ ਸਾਲ ਪਹਿਲਾਂ ਮੈਂ ਉਨ੍ਹਾਂ ਨੂੰ ਤਾਕੀਦ ਕੀਤੀ ਕਿ ਭਾਜੀ ਤੁਹਾਡੇ ਕੋਲ ਖੱਟੇ-ਮਿੱਠੇ ਤਜਰਬਿਆਂ ਦਾ ਏਨਾ ਵੱਡਾ ਖਜ਼ਾਨਾ ਹੈ ਕਿਉਂ ਨਹੀਂ ਤੁਸੀਂ ਇਸਨੂੰ ਕਲਮਬੱਧ ਕਰ ਲੈਂਦੇ। ਫਿਰ ਉਨ੍ਹਾਂ ਨੇ 'ਵਿੰਗੇ ਟੇਢੇ ਰਾਹ' ਨਾਂਅ ਥੱਲੇ ਇਕ ਖ਼ੂਬਸੂਰਤ ਲੇਖ ਲਿਖਿਆ, ਜਿਸਨੂੰ ਅਸੀਂ ਸਾਹਿਤਕ ਚੌਮਾਸਕ ਮੈਗਜ਼ੀਨ 'ਹੁਣ' ਦੇ ਇਕੱਤੀਵੇਂ ਅੰਕ ਵਿਚ ਛਾਪਿਆ ਵੀ ਸੀ। ਦੋ ਕੁ ਸਾਲ ਪਹਿਲਾਂ ਉਹ ਆਪਣੀਆਂ ਸੰਸਥਾਵਾਂ ਦੇ ਸਬੰਧ ਵਿਚ ਪੰਜਾਬ ਜਾ ਰਹੇ ਸਨ। ਸ਼ਿਕਾਗੋ ਤੋਂ ਦਿੱਲੀ ਦੀ ਫਲਾਈਟ ਸੀ। ਅੱਧ ਅਸਮਾਨੀ ਉਨ੍ਹਾਂ ਦੀ ਸਿਹਤ ਅਚਾਨਕ ਵਿਗੜ ਗਈ। ਪਾਇਲਟ ਨੂੰ ਜਹਾਜ਼ ਫਿਨਲੈਂਡ ਦੀ ਰਾਜਧਾਨੀ ਹਿਲਸਿੰਕੀ ਉਤਾਰਨਾ ਪਿਆ। ਹਫਤੇ ਕੁ ਦੇ ਇਲਾਜ ਮਗਰੋਂ ਉਹ ਸ਼ਿਕਾਗੋ ਆ ਗਏ ਤੇ ਮੁੜ ਉਸੇ ਰਫ਼ਤਾਰ ਨਾਲ ਆਪਣੇ ਕੰਮਾਂ ਵਿਚ ਜੁੱਟ ਗਏ। ਪੰਜ ਦਹਾਕਿਆਂ ਤੋਂ ਵੀ ਵੱਧ ਸਮੇਂ ਤੋਂ ਉਹ ਤੇ ਦਰਸ਼ਨ ਖਟਕੜ ਮੇਰੇ ਵਡੇ ਭਰਾ ਵੀ ਹਨ ਅਤੇ ਰੋਲ ਮਾਡਲ ਵੀ। ਪੰਜ ਕੁ ਸਾਲ ਤੋਂ ਅਸੀਂ ਪੈਨਸਿਲਵੇਨੀਆ ਤੋਂ ਇੰਡਿਆਨਾ ਆ ਗਏ ਤਾਂ ਇਹ ਮਿਲਣੀਆਂ ਹੋਰ ਵੀ ਵਧ ਗਈਆਂ। ਡਾ. ਆਤਮਜੀਤ ਦਾ ਸ਼ਿਕਾਗੋ ਆ ਜਾਣਾ ਤੇ ਹੁਣ ਉਨ੍ਹਾਂ ਦੇ ਹੀ ਸ਼ਹਿਰ ਨੇਪਰਵਿਲ ਵਿਚ ਆਪਣੇ ਬੱਚਿਆਂ ਕੋਲ ਟਿਕਾਣਾ ਬਣਾ ਲੈਣਾ, ਸਾਡੇ ਲਈ ਬਹੁਤ ਲਾਹੇਵੰਦ ਹੋ ਨਿਬੜਿਆ ਹੈ। ਠੰਢੀਆਂ ਹਵਾਵਾਂ ਨਾਲ ਜਾਣਿਆ ਜਾਂਦਾ ਸ਼ਿਕਾਗੋ ਜੋ ਮਜ਼ਦੂਰ ਸੰਘਰਸ਼ ਦਾ ਅਮੀਰ ਵਿਰਸਾ ਸੰਭਾਲੀ ਬੈਠਾ ਹੈ, ਹੁਣ ਸਾਹਿਤਕ ਫਿਜ਼ਾਵਾਂ ਵਿਚ ਮਹਿਕਾਂ ਵੀ ਬਖੇਰ ਰਿਹਾ ਹੈ। ਕੁਲਦੀਪ ਸਰਾ ਦੀ ਸੂਝ ਅਤੇ ਲਗਨ ਨੂੰ ਸਲਾਮ।

# ਦੇਸ਼ ਵੰਡ ਦਾ ਦੁਖਾਂਤ



***ਬਰਤਾਨਵੀ ਅਫ਼ਸਰ ਸਰ ਸਾਇਰਲ ਰੈਡਕਲਿਫ ਦੀ ਖਿੱਚੀ ਲਕੀਰ ਨੇ ਅੱਜ ਤੋਂ 79 ਵਰ੍ਹੇ ਪਹਿਲਾਂ ਪੰਜਾਬ ਦੇ ਦੋ ਟੁਕੜੇ ਕਰ ਦਿੱਤੇ ਸਨ। ਉਸ ਸਮੇਂ ਸਿਆਸੀ ਤੌਰ 'ਤੇ ਵਾਪਰੀਆਂ ਘਟਨਾਵਾਂ ਭਾਵੇਂ ਇਤਿਹਾਸ ਦੀਆਂ ਪੁਸਤਕਾਂ ਅਤੇ ਦਸਤਾਵੇਜ਼ਾਂ 'ਚ ਦਰਜ ਹਨ, ਪਰ ਵੰਡ ਦਾ ਸੰਤਾਪ ਹੰਢਾਉਣ ਵਾਲੇ ਬਹੁਤ ਸਾਰੇ ਲੋਕਾਂ ਦੀਆਂ ਆਪਬੀਤੀਆਂ ਵਕਤ ਦੇ ਪੰਨਿਆਂ ਹੇਠ ਦਬ ਗਈਆਂ। ਹਥਲੇ ਲੇਖ ਵਿਚ ਲੇਖਕ ਨੇ ਅਜਿਹੇ ਹੀ ਕੁਝ ਲੋਕਾਂ ਨਾਲ ਕੀਤੀਆਂ ਗੱਲਾਂ ਪਾਠਕਾਂ ਨਾਲ ਸਾਂਝੀਆਂ ਕੀਤੀਆਂ ਹਨ।***

**ਗੁਰਪ੍ਰੀਤ ਸਿੰਘ ਤੂਰ**
**ਫੋਨ: 98158-00405**

ਸੁਰਤ ਸੰਭਾਲਦਿਆਂ ਹੀ ਦੇਸ਼ ਵੰਡ ਦੇ ਦੁਖਾਂਤ ਨੇ ਮੇਰੀ ਸੁਰਤ ਨੂੰ ਕਿਸੇ ਤਾਕਤਵਰ ਚੁੰਬਕ ਵਾਂਗ ਖਿੱਚਿਆ। ਸਾਡਾ ਪਰਿਵਾਰ ਲਾਇਲਪੁਰ ਦੇ ਚੱਕ ਨੰਬਰ 531 ਤੋਂ ਉੱਠ ਕੇ ਆਇਆ ਸੀ। ਵੰਡ ਸਮੇਂ ਮੇਰੇ ਪਿਤਾ ਤੇ ਚਾਚਾ ਜੀ ਦਸਵੀਂ ਤੇ ਅੱਠਵੀਂ ਜਮਾਤ ਦੇ ਵਿਦਿਆਰਥੀ ਸਨ। ਉਸ ਸਮੇਂ ਘਰ ਛੱਡਣ ਅਤੇ ਕਾਫ਼ਲਿਆਂ ਦੇ ਸਫ਼ਰ ਦੇ ਅਥਾਹ ਦੁੱਖ ਦਾਦੀ ਮਾਂ ਝੋਲੀ 'ਚ ਪੁਆ ਕੇ ਲਿਆਈ, ਜੋ ਉਸ ਅੰਤ ਤੱਕ ਹੰਢਾਏ। ਉਹ ਸਾਰੀ ਜ਼ਿੰਦਗੀ ਕਾਫ਼ਲਿਆਂ ਦੇ ਸਫ਼ਰ ਵਿਚ ਹੀ ਰਹੀ। ਕੋਈ ਨਿੰਬੂ ਤੇ ਮਾਲਟੇ ਵੇਚਣ ਵਾਲਾ ਆ ਜਾਂਦਾ ਜਾਂ ਦੀਵਾਲੀ ਦੇ ਦਿਨਾਂ ਵਿਚ ਕ੍ਰਿਸ਼ਨਾ ਤਾਈ ਦੀਵੇ ਦੇਣ ਆ ਜਾਂਦੀ ਤਾਂ ਦਾਦੀ ਹਰ ਵਸਤ ਦੀ ਤੁਲਨਾ ਪੁਰਾਣੇ ਪਿੰਡ ਦੀਆਂ ਵਸਤਾਂ ਨਾਲ ਹੀ ਕਰਦੀ। ਅਸੀਂ ਆਖੇ ਨਾ ਲੱਗਦੇ, ਖੇਡਦੇ-ਖੇਡਦੇ ਉਸ ਨੂੰ ਖਿਝਾ ਦਿੰਦੇ ਜਾਂ ਮਾਂ ਤੇ ਚਾਚੀ ਉਲਝ ਪੈਂਦੀਆਂ ਤਾਂ ਹਰ ਮੁਸ਼ਕਿਲ ਅਤੇ ਹਰ ਮੁਹਾਜ਼ 'ਤੇ ਉਹ ਉਨ੍ਹਾਂ ਦੁੱਖਾਂ ਦਾ ਹੀ ਸਹਾਰਾ ਲੈਂਦੀ। ਆਪ ਹੀ ਬੋਲਦੀ ਰਹਿੰਦੀ, ਉਸ ਨੂੰ ਕਿਸੇ ਹੁੰਗਾਰੇ ਦੀ ਲੋੜ ਨਹੀਂ ਸੀ। ਬੋਲਦਿਆਂ-ਬੋਲਦਿਆਂ ਉਸ ਦੀ ਆਵਾਜ਼ ਭਾਰੀ ਹੋ ਜਾਂਦੀ ਤੇ ਅੱਖਾਂ ਨਮ ਹੋ ਜਾਂਦੀਆਂ। ਇਸ ਮਾਨਸਿਕਤਾ ਤਹਿਤ ਉਸ ਦਾ ਬੋਲਿਆ ਹਰ ਸ਼ਬਦ ਰਚ-ਮਿਚ ਪੈਂਦੇ ਮੀਂਹ ਵਾਂਗ ਬਚਪਨ ਵਿਚ ਮੇਰੇ ਅੰਦਰ ਸਮਾਉਂਦਾ ਰਿਹਾ।

***

ਜੁਲਾਈ 1994 'ਚ ਮੇਰੀ ਤਾਇਨਾਤੀ ਨਵਾਂਸ਼ਹਿਰ ਵਿਖੇ ਹੋਈ। ਰਾਹੋਂ ਦੇ ਸਰਕਾਰੀ ਸਕੂਲ ਵਿਚ ਲੋਕਾਂ ਨੂੰ ਮਿਲਣ ਮਗਰੋਂ ਮੈਂ ਵੱਡੀ ਉਮਰ ਦੇ ਲੋਕਾਂ ਨਾਲ ਦੇਸ਼ ਵੰਡ ਸਮੇਂ ਦੀਆਂ ਯਾਦਾਂ ਸਾਂਝੀਆਂ ਕਰਨ ਲੱਗਾ। ਉੱਥੋਂ ਦਾ ਇੱਕ ਵਿਅਕਤੀ, ਜੋ ਹੁਣ ਸੂਬੇਦਾਰ ਪੈਨਸ਼ਨ ਆ ਗਿਆ ਸੀ, ਉਦੋਂ ਨੌਵੀਂ ਜਮਾਤ ਦਾ ਵਿਦਿਆਰਥੀ ਸੀ। 'ਪਹਿਲਾ ਹਮਲਾ ਖਮਾਚੋਂ ਹੋਇਆ ਫੇਰ ਕਰਿਆਮ, ਸਲੋਹ ਪਿੰਡ ਕਈ ਘਰਾਂ ਨੂੰ ਅੱਗ ਲੱਗੀ। ਰਾਹੋਂ ਤੇ ਸਤਲੁਜ ਦੇ ਨੇੜੇ ਵਸੇ ਛੋਟੇ-ਛੋਟੇ ਪਿੰਡਾਂ ਦੇ ਮੁਸਲਮਾਨ ਪਰਿਵਾਰ ਔੜ ਪਿੰਡ ਇਕੱਠੇ ਹੋ ਗਏ ਸਨ। ਉਨ੍ਹਾਂ ਕੋਲ ਬੰਦੂਕਾਂ ਸਨ। ਸਲੋਹ ਪਿੰਡ ਦੇ ਦੋ ਬੰਦੇ ਮਾਰੇ ਗਏ। ਦੋ ਦਿਨ ਘੇਰਾ ਪਿਆ ਰਿਹਾ। ਸਾਡੀ ਮੁੰਡਿਆਂ ਦੀ ਡਿਊਟੀ ਚਾਹ ਤੇ ਰੋਟੀਆਂ ਪਹੁੰਚਾਉਣ ਦੀ ਸੀ। ਤੀਜੇ ਦਿਨ ਹਮਲਾ ਕੀਤਾ, ਤਿੰਨ ਹਜ਼ਾਰ ਦੇ ਲਗਭਗ ਮੁਸਲਮਾਨ ਮਾਰੇ ਗਏ। ਇੱਕ ਪਰਿਵਾਰ ਵੀਰਾਨ ਪਏ ਮੁਸਲਮਾਨਾਂ ਦੇ ਘਰੋਂ ਇੱਕ ਸੱਜਰ ਸੂਈ ਮੱਝ ਬੰਨ੍ਹ ਲਿਆਇਆ। ਮੱਝ ਦਾ ਲੇਵਾ ਆਕੜ ਗਿਆ ਸੀ। ਥਣਾਂ ਵਿਚੋਂ ਦੁੱਧ ਸਿੰਮਣ ਲੱਗਾ, ਪਰ ਉਹ ਦੁਲੱਤੇ ਮਾਰੇ। ਉਸ ਦੇ ਥੱਲੇ ਬੈਠਣਾ ਦੂਰ ਦੀ ਗੱਲ, ਉਹ ਨੇੜੇ ਵੀ ਢੁਕਣ ਨਾ ਦੇਵੇ। ਸਵੇਰੇ ਸੁਵਖਤੇ ਇੱਕ ਹੋਰ ਸੂਈ ਮੱਝ ਦੀ ਕੱਟੀ ਹੌਲੀ ਜਿਹੀ ਉਸ ਦੇ ਨੇੜੇ ਲਿਆਂਦੀ। ਮੱਝ ਕੱਟੀ ਨੂੰ ਚੱਟਣ ਲੱਗੀ। ਸੁਆਣੀ ਨੇ ਦਬਾਦਬ ਦੁੱਧ ਦੀ ਬਾਲਟੀ ਭਰ ਲਈ।' ਇਹ ਬਿਰਤਾਂਤ ਸੁਣਾਉਣ ਵਾਲਾ ਵਿਅਕਤੀ ਤਿੰਨ ਹਜ਼ਾਰ ਬੇਕਸੂਰ ਵਿਅਕਤੀਆਂ ਦੇ ਕਤਲ ਅਤੇ ਮੱਝ ਨੂੰ ਚੋਣ ਦੀ ਘਟਨਾ ਨੂੰ ਇੱਕੋ ਲੈਅ 'ਚ ਕਿਵੇਂ ਸੁਣਾ ਗਿਆ, ਇਸ ਗੱਲ ਨੇ ਮੈਨੂੰ ਕਈ ਦਿਨ ਪਰੇਸ਼ਾਨ ਕਰੀ ਰੱਖਿਆ।

***

ਸਾਲ 1998 'ਚ ਵਾਪਰੀ ਸੰਗਰੂਰ ਜ਼ਿਲ੍ਹੇ ਦੀ ਇੱਕ ਘਟਨਾ ਵੀ ਸਾਂਝੀ ਕਰਨੀ ਬਣਦੀ ਹੈ। ਕਈ ਪਾਕਿਸਤਾਨੀ ਨਾਗਰਿਕ ਸ਼ਹਿਰ ਮਾਲੇਰਕੋਟਲਾ ਅਤੇ ਆਸੇ-ਪਾਸੇ ਦੇ ਪਿੰਡਾਂ ਵਿਚ ਆਪਣੇ ਰਿਸ਼ਤੇਦਾਰਾਂ ਨੂੰ ਮਿਲਣ ਆਉਂਦੇ। ਇਨ੍ਹਾਂ ਵਿਚੋਂ ਬਹੁਤੇ ਪਰਿਵਾਰ ਉਹ ਹੁੰਦੇ, ਜੋ ਵੰਡ ਸਮੇਂ ਇਧਰੋਂ ਉੱਠ ਕੇ ਉੱਧਰ ਗਏ ਸਨ। ਵਿਦੇਸ਼ੀ ਨਾਗਰਿਕਾਂ ਦੀ ਆਮਦ ਰਿਪੋਰਟ ਅਤੇ ਵੀਜ਼ਾ ਪਰਮਿਟ ਦੇ ਆਰਜ਼ੀ ਵਾਧੇ ਸਬੰਧੀ ਮੇਰੀ ਉਨ੍ਹਾਂ ਨਾਲ ਮੁਲਾਕਾਤ ਹੁੰਦੀ। ਮੈਂ ਉਨ੍ਹਾਂ ਤੋਂ ਦੇਸ਼ ਵੰਡ ਸਮੇਂ ਏਧਰੋਂ ਜਾਣ ਦੇ ਸਫ਼ਰ ਦੀਆਂ ਗੱਲਾਂ ਸੁਣਦਾ। ਅਜਿਹੀ ਇੱਕ ਘਟਨਾ ਦਾ ਜ਼ਿਕਰ ਕਰਨ ਲੱਗਾ ਹਾਂ। ਇਸ ਵਿਅਕਤੀ ਦਾ ਪਰਿਵਾਰ ਲੁਧਿਆਣੇ ਦੀ ਜਗਰਾਉਂ ਤਹਿਸੀਲ ਦੇ ਪਿੰਡ ਲੰਮੇ-ਜੱਟ ਪੁਰੇ ਤੋਂ ਉੱਠ ਕੇ ਗਿਆ ਸੀ। ਦਫ਼ਤਰ ਦਾ ਕੰਮ ਮੁਕੰਮਲ ਹੋਣ ਮਗਰੋਂ ਮੈਂ ਉਸ ਨੂੰ ਪੁੱਛਿਆ ਕਿ ਮੈਂ ਤੁਹਾਡੀ ਕੀ ਮਦਦ ਕਰ ਸਕਦਾ ਹਾਂ? ਉਹ ਕੁਰਸੀਆਂ ਦੀ ਪਹਿਲੀ ਕਤਾਰ ਵਿਚੋਂ ਉੱਠ ਕੇ ਤੀਜੀ ਤੇ ਆਖ਼ਰੀ ਕਤਾਰ ਵਿਚ ਜਾ ਬੈਠਾ। ਕੁਝ ਸੋਚਦਾ ਰਿਹਾ ਤੇ ਅਚਾਨਕ ਬੋਲਿਆ, 'ਪਿੰਡ ਲੰਮੇ ਤੋਂ ਅਜੀਤਵਾਲ ਕੈਂਪ ਤੱਕ ਮੈਂ ਉਹੀ ਸਫ਼ਰ ਪੈਦਲ ਕਰਨਾ ਚਾਹੁੰਦਾ ਹਾਂ। ਸਿਰ 'ਤੇ ਕੱਪੜਿਆਂ ਦੀ ਪੰਡ ਰੱਖਣੀ ਹੈ, ਝੋਲੇ ਵਿਚ ਆਟਾ ਪਾ ਕੇ ਮੋਢੇ ਟੰਗਣਾ ਹੈ, ਕਮਾਲਪੁਰੇ ਸੂਏ ਵਿਚੋਂ ਪਾਣੀ ਪੀਣਾ ਹੈ, ਅਖਾੜਾ ਨਹਿਰ ਉੱਤੇ ਨਲਕੇ ਤੋਂ ਅੱਖਾਂ 'ਚ ਠੰਢੇ ਪਾਣੀ ਦੇ ਛਿੱਟੇ ਮਾਰਨੇ ਹਨ।' ਫਿਰ ਉਹ ਅਚਾਨਕ ਭੁੱਬਾਂ ਮਾਰ ਕੇ ਰੋਣ ਲੱਗਿਆ। ਨਹਿਰ ਦੇ ਪੁਲ ਤੋਂ ਅਜੀਤਵਾਲ ਤੱਕ ਦੇ 4-5 ਮੀਲ ਸਫ਼ਰ ਦੌਰਾਨ ਉਸ ਦਾ ਅੱਬਾ ਮਾਰਿਆ ਗਿਆ ਸੀ।

***

ਦੇਸ਼ ਵੰਡ ਸਮੇਂ ਵਿਛੜੀ ਧੰਨੋ ਪੈਂਹਟ ਵਰ੍ਹਿਆਂ ਬਾਅਦ ਸਾਲ 2012 'ਚ ਆਪਣੇ ਮਾਂ ਜਾਇਆਂ ਨੂੰ ਪਿੰਡ ਡਰੋਲੀ ਭਾਈ ਅਚਾਨਕ ਆਣ ਮਿਲੀ ਸੀ। ਵੰਡ ਸਮੇਂ ਉਸ ਦੀ ਉਮਰ 22 ਵਰ੍ਹੇ ਸੀ ਤੇ ਉਹ ਸਹੁਰੇ ਪਰਿਵਾਰ ਨਾਲ ਪਾਕਿਸਤਾਨ ਚਲੀ ਗਈ ਜਦੋਂਕਿ ਪੇਕਾ ਪਰਿਵਾਰ ਇੱਧਰ ਹੀ ਟਿਕਿਆ ਰਿਹਾ। ਉਸ ਨੇ ਡਰੋਲੀ ਭਾਈ ਪਹੁੰਚਣ ਤੋਂ ਪਹਿਲਾਂ ਡਗਰੂ ਰੇਲਵੇ ਸਟੇਸ਼ਨ ਨੂੰ ਸਿਜਦਾ ਕੀਤਾ, ਜਿੱਥੋਂ ਰੇਲਵੇ ਲਾਈਨ ਦੇ ਨਾਲ-ਨਾਲ ਉਹ ਫਿਰੋਜ਼ਪੁਰ ਹੋ ਕੇ ਗੰਡਾ ਸਿੰਘ ਵਾਲਾ ਤੋਂ ਪਾਕਿਸਤਾਨ ਦਾਖ਼ਲ ਹੋਏ ਸਨ। ਪਿੰਡ ਪਹੁੰਚ ਕੇ ਉਹ ਭਾਈਆਂ ਦੇ ਪਰਿਵਾਰਾਂ ਨੂੰ ਮਿਲੀ ਤੇ ਫਿਰ ਪਿੰਡ ਵਿਚ ਛੱਪੜ ਕਿਨਾਰੇ ਬੋਹੜਾਂ ਤੇ ਪਿੱਪਲਾਂ ਥੱਲੇ ਜਾ ਬੈਠੀ, ਜਿੱਥੇ ਉਹ ਬਚਪਨ ਵਿਚ ਸਹੇਲੀਆਂ ਨਾਲ ਖੇਡਿਆ ਕਰਦੀ ਸੀ। ਵੱਗ ਦੇ ਬੈਠਣ ਵਾਲੀ ਥਾਂ ਉਸ ਨੇ ਲੱਭ ਲਈ ਸੀ। ਅਚਾਨਕ ਉਸ ਦਾ ਹੱਥ ਮੱਥੇ 'ਤੇ ਪਈਆਂ ਤਿਉੜੀਆਂ ਨੂੰ ਜਾ ਛੋਹਿਆ। ਪਿੰਡ ਦੀਆਂ ਬੀਹੀਆਂ ਵਿਚ ਘੁੰਮਦਿਆਂ ਮੀਰਜ਼ਾਦਿਆਂ ਦੀ ਧੀ ਨੇ ਸਾਰੇ ਪਿੰਡ ਵਿਚ ਭਾਈਚਾਰਕ ਸਾਂਝ ਦੀ ਖੁਸ਼ਬੋ ਦਾ ਛਿੱਟਾ ਦੇ ਦਿੱਤਾ। ਇਸ ਬਾਰੇ ਉਦੋਂ ਮੈਂ ਇੱਕ ਲੇਖ ਲਿਖਿਆ ਸੀ 'ਭੂਆ ਧੰਨੋ'। ਮੈਂ ਲਿਖਿਆ ਸੀ ਕਿ ਦੇਸ਼ ਵੰਡ ਸਮੇਂ ਵਿਛੜ ਗਏ ਪਰਿਵਾਰਾਂ ਦੇ ਮਿਲਾਪ ਦੀ ਇਹ ਆਖ਼ਰੀ ਘਟਨਾ ਜਾਪਦੀ ਹੈ। ਪਰ ਇਮਲੀ ਦਾ ਬੀਜ ਜਿਵੇਂ 35-40 ਵਰ੍ਹਿਆਂ ਬਾਅਦ ਵੀ ਧਰਤੀ ਦੀ ਸਤਾਹ ਪਾਸੇ ਕਰਕੇ ਉੱਗ ਪੈਂਦਾ ਹੈ, ਇਉਂ ਹੀ ਦੇਸ਼ ਵੰਡ ਤੋਂ ਸੱਤ ਦਹਾਕਿਆਂ ਬਾਅਦ (2018) ਅਜਿਹੀ ਇੱਕ ਹੋਰ ਘਟਨਾ ਨੇ ਦਸਤਕ ਦਿੱਤੀ।

ਮਾਲੇਰਕੋਟਲਾ ਕੈਂਪ ਵਿਚ ਸ਼ਰੀਫ਼ਾਂ ਨੂੰ ਪੇਕਾ ਪਰਿਵਾਰ ਵੀ ਮਿਲ ਗਿਆ ਸੀ। ਕੈਂਪ ਵਿਚ ਉਨ੍ਹਾਂ ਨੂੰ ਪਤਾ ਲੱਗਿਆ ਕਿ ਮਾਲੇਰਕੋਟਲਾ ਰਿਆਸਤ ਦੇ ਪਿੰਡਾਂ ਵਿਚ ਮੁਸਲਮਾਨ ਪਰਿਵਾਰਾਂ ਨੂੰ ਉਠਾਇਆ ਤੇ ਮਾਰਿਆ ਨਹੀਂ ਜਾਂਦਾ। ਉਸ ਦਾ ਪੇਕਾ ਪਰਿਵਾਰ ਮਾਲੇਰਕੋਟਲਾ ਰਿਆਸਤ ਦੇ ਪਿੰਡ ਹਥਨ ਆਪਣੇ ਰਿਸ਼ਤੇਦਾਰਾਂ ਕੋਲ ਰੁਕ ਗਿਆ ਤੇ ਇਧਰ ਹੀ ਰਹਿ ਗਿਆ, ਪਰ ਸ਼ਰੀਫ਼ਾਂ ਖਾਵੰਦ ਦਾ ਪੱਲਾ ਫੜ ਰੇਲ ਗੱਡੀ ਵਿਚ ਜਾ ਬੈਠੀ, ਜੋ ਲਾਹੌਰ ਜਾਣ ਲਈ ਤਿਆਰ ਖੜ੍ਹੀ ਸੀ। ਦਿਨ ਛਿਪ ਚੁੱਕਿਆ ਸੀ।

ਲਾਹੌਰ ਉਹ ਪਰਿਵਾਰ ਸਮੇਤ ਤਿੰਨ ਮਹੀਨੇ ਕੈਂਪ ਵਿਚ ਰਹੀ। ਉਸ ਦਾ ਪਰਿਵਾਰ ਇੱਕ ਥਾਂ ਤੋਂ ਦੂਜੀ ਥਾਂ ਬਾਗ਼ਾਂ ਦੇ ਠੇਕੇ ਲੈਂਦਿਆਂ-ਲੈਂਦਿਆਂ ਸੂਬਾ ਸਿੰਧ ਦੇ ਸ਼ਹਿਰ ਮੀਰਪੁਰ ਜਾ ਵਸਿਆ। ਉਸ ਨੇ ਵਿਛੜੇ ਪੇਕਾ ਪਰਿਵਾਰ ਨਾਲ ਰਾਬਤਾ ਕਾਇਮ ਕਰਨ ਲਈ ਕਈ ਯਤਨ ਕੀਤੇ, ਪਰ ਮਿਲਾਪ ਦੀ ਕਿਸੇ ਵੀ ਆਸ ਨੂੰ ਬੂਰ ਨਾ ਪਿਆ। ਉਸ ਦੀਆਂ ਪਾਈਆਂ ਚਿੱਠੀਆਂ ਰਿਆਸਤਾਂ ਦੀ ਅਦਲਾ-ਬਦਲੀ ਕਾਰਨ ਆਪਣੀ ਮੰਜ਼ਿਲ ਤੱਕ ਨਾ ਪਹੁੰਚ ਸਕੀਆਂ। ਜ਼ਿੰਦਗੀ ਦੇ ਅੰਤਲੇ ਪੜਾਅ 'ਤੇ ਸ਼ਰੀਫ਼ਾਂ ਦੀ ਤਾਂਘ ਤੇ ਯਤਨ ਸਫ਼ਲ ਹੋਏ। ਮਾਲੇਰਕੋਟਲਾ ਦੇ ਪਿੰਡਾਂ ਵਿਚ ਆਪਣੀਆਂ ਰਿਸ਼ਤੇਦਾਰੀਆਂ 'ਚ ਮਿਲਣ ਆਉਂਦੇ-ਜਾਂਦੇ ਪਾਕਿਸਤਾਨੀ ਵਸਨੀਕਾਂ ਦੇ ਹੱਥ ਨਿਰੰਤਰ ਸੁਨੇਹਿਆਂ ਦੀ ਮਦਦ ਨਾਲ ਉਸ ਨੇ ਆਪਣੇ ਭਾਈਆਂ ਨੂੰ ਲੱਭ ਲਿਆ।

ਉਸ ਨਾਲ ਗੱਲਾਂ ਕਰਦਿਆਂ ਮੈਂ ਪੁੱਛਿਆ, 'ਅੰਮਾ, ਵੰਡ ਵੇਲੇ ਜਦੋਂ ਤੁਸੀਂ ਮਾਲੇਰਕੋਟਲਾ ਤੋਂ ਰੇਲਗੱਡੀ ਰਾਹੀਂ ਲਾਹੌਰ ਪਹੁੰਚੇ ਉਦੋਂ ਦੀ ਕੋਈ ਗੱਲ ਯਾਦ ਕਰੋ?' ਉਹ ਕਹਿੰਦੀ, 'ਅਸੀਂ ਤਿੰਨ ਮਹੀਨੇ ਤੰਬੂਆਂ ਵਿਚ ਲਾਹੌਰ ਰਹੇ, ਬਹੁਤ ਇਕੱਠ ਸੀ, ਕਹਿੰਦੇ ਸਨ ਕਿ ਉਸ ਦੇਸ਼ ਦਾ ਰਾਜਾ ਇਸੇ ਫ਼ਿਕਰ ਨਾਲ ਮਰ ਗਿਆ ਸੀ ਕਿ ਇੰਨੇ ਲੋਕਾਂ ਨੂੰ ਕਿਵੇਂ ਸਾਂਭਾਂਗਾ।' ਪਰ ਉਸ ਨੂੰ ਇਸ ਬਾਰੇ ਕੁਝ ਵੀ ਨਹੀਂ ਸੀ ਪਤਾ ਕਿ ਮੁਹੰਮਦ ਅਲੀ ਜਿਨਾਹ ਕੌਣ ਸਨ। ਆਪਣੇ ਪੇਕੇ ਪਿੰਡ ਹਰਚੰਦਪੁਰੇ (ਧੂਰੀ) ਪਹੁੰਚ ਕੇ ਉਸ ਨੇ ਪੁਰਾਣਾ ਦਰਵਾਜ਼ਾ ਲੱਭ ਲਿਆ, ਜਿੱਥੇ ਉਹ ਬਚਪਨ ਵਿਚ ਸਹੇਲੀਆਂ ਨਾਲ ਖੇਡਿਆ ਕਰਦੀ ਸੀ। ਦਰਵਾਜ਼ੇ ਵੜਦਿਆਂ ਉਸ ਨੇ ਜੁੱਤੀ ਲਾਹ ਦਿੱਤੀ ਤਾਂ ਕਿ ਉਸ ਦੇ ਪੈਰ ਉਸ ਦੀ ਜਨਮਭੂਮੀ ਨੂੰ ਛੂਹ ਸਕਣ, ਹੱਥਾਂ ਦੀਆਂ ਉਂਗਲਾਂ ਨੂੰ ਦਰਵਾਜ਼ੇ ਵਿਚ ਬਣੇ ਆਲ਼ਿਆਂ ਵਿਚ ਘੁਮਾਇਆ ਤਾਂ ਜੋ ਉਸ ਦੇ ਹੱਥ ਸੁੱਚੇ ਹੋ ਜਾਵਣ ਤੇ ਫਿਰ ਉਸ ਨੇ ਕਿਸੇ ਨਿੱਘ ਦੀ ਆਸ ਵਿਚ ਦਰਵਾਜ਼ੇ ਦੇ ਥਮਲੇ ਦੁਆਲੇ ਆਪਣੀ ਬਾਂਹ ਵਲ ਲਈ ਸੀ।

ਭਾਵੇਂ ਉਸ ਨੇ 71 ਵਰ੍ਹਿਆਂ ਬਾਅਦ ਆਪਣੇ ਮਾਂ ਜਾਇਆਂ ਨੂੰ ਲੱਭ ਲਿਆ ਸੀ, ਪਰ ਉਸ ਦੇ ਮਨ ਅੰਦਰ ਗੁਆਚ ਜਾਣ ਦਾ ਡਰ ਸੀ। ਇੱਧਰ ਆਉਣ ਤੋਂ ਪਹਿਲਾਂ ਉਸ ਨੇ ਮੀਰਪੁਰ-ਮਾਲੇਰਕੋਟਲਾ ਇਹ ਦੋਵੇਂ ਨਾਮ ਆਪਣੇ ਚੇਤਿਆਂ ਵਿਚ ਪੱਕੇ ਖੁਣ ਲਏ ਸਨ। ਚੱਲਣ ਤੋਂ ਪਹਿਲਾਂ ਉਸ ਨੇ ਦੋਵੇਂ ਪਤਿਆਂ ਦੀਆਂ ਦੋ-ਦੋ ਕਾਪੀਆਂ ਕਰਵਾ ਕੇ ਆਪਣੇ ਪਹਿਰਾਵੇ ਅੰਦਰ ਵੱਖ-ਵੱਖ ਸਾਂਭ ਲਈਆਂ ਸਨ। ਮੇਰੇ ਨਾਲ ਗੱਲਾਂ ਕਰਦੀ-ਕਰਦੀ ਉਹ ਕੋਲ ਬੈਠੀ ਆਪਣੀ ਧੀ ਬਸ਼ੀਰਾਂ ਨੂੰ ਪੁੱਛਣ ਲੱਗੀ, 'ਲਾਹੌਰ ਟੇਸ਼ਨ ਦਾ ਪਤੈ ਤੈਨੂੰ, ਆਪਾਂ ਗੁਆਚ ਤਾਂ ਨਹੀਂ ਜਾਮਾਂਗੀਆਂ?' ਮੈਂ ਉਸ ਨੂੰ ਕਰੰਸੀ ਨੋਟ ਪਾਸੇ ਰੱਖ ਕੇ ਪਤੇ ਵਾਲੀਆਂ ਪਰਚੀਆਂ ਦੀਆਂ ਤਹਿਆਂ ਲਾਉਂਦੀ ਵੇਖਿਆ।

***

ਅੰਦਰੇਟੇ ਦੀ ਧਰਤੀ ਨੂੰ ਮਾਣ ਹੈ ਕਿ ਪ੍ਰਸਿੱਧ ਚਿੱਤਰਕਾਰ ਸੋਭਾ ਸਿੰਘ ਅਤੇ ਪੰਜਾਬ ਨਾਟ ਮੰਚ ਦਾ ਨੀਂਹ ਪੱਥਰ ਰੱਖਣ ਵਾਲੀ ਨੋਰਾ ਰਿਚਰਡ ਨੇ ਇੱਥੇ ਆਪਣੇ ਘਰ ਬਣਾਏ। ਇਹ ਦੋਵੇਂ ਕਲਾਕਾਰ ਵੰਡ ਤੋਂ ਪਹਿਲਾਂ ਹੀ ਅੰਦਰੇਟੇ ਆ ਵਸੇ ਸਨ। ਇਸ ਲਈ ਜਿੱਥੇ ਇਹ ਧਰਤੀ ਲੰਮਾ ਸਮਾਂ ਕਲਾ ਦਾ ਕੇਂਦਰ ਬਣੀ ਰਹੀ, ਉੱਥੇ ਇਨ੍ਹਾਂ ਪਹਾੜੀ ਢਲਾਣਾਂ ਵਿਚ ਸਾਂਝੇ ਪੰਜਾਬ ਦੀਆਂ ਯਾਦਾਂ ਅਤੇ ਕਈ ਦੁਖਦਾਇਕ ਘਟਨਾਵਾਂ ਦੀ ਦਾਬ ਦੱਬੀ ਪਈ ਹੈ।

ਦੇਸ਼ ਵੰਡ ਸਮੇਂ ਰਹਿਮਤੀ ਦੀ ਉਮਰ 27-28 ਵਰ੍ਹਿਆਂ ਦੀ ਸੀ। ਅੰਦਰੇਟੇ ਤੋਂ ਇੱਕ ਪਹਾੜੀ ਪਾਰ ਕਰਕੇ ਨੈਣਾ ਨਾਮੀ ਖੱਡ ਦੇ ਕਿਨਾਰੇ ਇਸ ਪਰਿਵਾਰ ਦੇ ਤਿੰਨ-ਚਾਰ ਘਰ ਸਨ। ਅਗਸਤ 1947 ਦੀ ਇੱਕ ਚੰਨ ਚਾਨਣੀ ਰਾਤ ਨੂੰ ਕੁਝ ਵਿਅਕਤੀਆਂ ਨੇ ਤੇਜ਼ ਹਥਿਆਰਾਂ ਨਾਲ ਇਨ੍ਹਾਂ ਘਰਾਂ 'ਤੇ ਹਮਲਾ ਕਰ ਦਿੱਤਾ। ਰਹਿਮਤੀ ਦੀਆਂ ਅੱਖਾਂ ਸਾਹਮਣੇ ਉਸ ਦਾ ਪਰਿਵਾਰ ਮਾਰਿਆ ਗਿਆ। ਉਸ ਸਮੇਂ ਰਹਿਮਤੀ ਗਰਭਵਤੀ ਸੀ। ਭੀੜ ਵਿਚੋਂ ਕਿਸੇ ਨੇ ਆਖਿਆ ਕਿ ਗਰਭਵਤੀ ਔਰਤ ਨੂੰ ਮਾਰਨਾ ਪਾਪ ਹੋਵੇਗਾ। ਕੂਹਣੀਆਂ ਦੇ ਜੋੜ ਕੋਲੋਂ ਉਸ ਦੀਆਂ ਦੋਵੇਂ ਬਾਹਾਂ ਵੱਢ ਦੇਣ ਦਾ ਫ਼ੈਸਲਾ ਲਿਆ ਗਿਆ। ਲਹੂ-ਲੁਹਾਣ ਹੋਈ ਰਹਿਮਤੀ ਖੱਡ ਦੇ ਨਾਲ-ਨਾਲ ਤੁਰਦੀ ਆਈ ਤੇ ਨੋਰਾ ਦੇ ਘਰ ਦੇ ਪਿਛਲੇ ਪਾਸੇ ਲੁਕ ਗਈ। ਵੱਡੀ ਰਾਤ ਰਹਿਮਤੀ ਦੇ ਦਰਦ ਨਾਲ ਕਰਾਹੁਣ ਦੀ ਆਵਾਜ਼ ਨੋਰਾ ਦੇ ਕੰਨਾਂ ਵਿਚ ਪਈ। ਉਸ ਨੇ ਲੰਮੀ ਸੀਟੀ ਮਾਰੀ ਤੇ ਉਸ ਦਾ ਨੌਕਰ ਸਾਬਰ ਝੱਟ ਆ ਪਹੁੰਚਿਆ। ਦੋਵਾਂ ਨੇ ਲਾਲਟੈਨ ਜਗਾ ਕੇ ਬਗੀਚੀ ਵਿਚ ਵੇਖਿਆ ਤਾਂ ਰਹਿਮਤੀ ਦੋਵੇਂ ਬਾਹਵਾਂ ਕੱਟ ਜਾਣ ਦੀ ਪੀੜ ਕਾਰਨ ਕੁਰਲਾ ਰਹੀ ਸੀ। ਨੋਰਾ ਨੇ ਝਟਪਟ ਆਪਣੇ ਨੀਰੂ ਨਾਮੀ ਘੋੜੇ 'ਤੇ ਰਹਿਮਤੀ ਨੂੰ ਲਿਟਾ ਕੇ ਆਪਣੀ ਬੁੱਕਲ ਵਿਚ ਲੈ ਲਿਆ। ਘੋੜੇ ਦੀ ਲਗਾਮ ਸਾਬਰ ਨੂੰ ਫੜਾ ਦਿੱਤੀ। ਉਸ ਖ਼ੌਫ਼ਨਾਕ ਰਾਤ ਨੂੰ ਨੋਰਾ ਅਤੇ ਉਸ ਦੇ ਨੌਕਰ ਨੇ ਰਹਿਮਤੀ ਨੂੰ ਮਿਸ਼ਨ ਹਸਪਤਾਲ, ਪਾਲਮਪੁਰ ਦਾਖਲ ਕਰਵਾ ਦਿੱਤਾ। ਉਸ ਦੀਆਂ ਬਾਹਾਂ ਦੇ ਜ਼ਖ਼ਮ ਸੀਤੇ ਗਏ ਅਤੇ ਅਗਲੇ ਦਿਨ ਉਸ ਨੇ ਇੱਕ ਬੱਚੇ ਨੂੰ ਜਨਮ ਦਿੱਤਾ, ਜਿਸ ਦਾ ਨਾਮ ਕਰਮਦੀਨ ਰੱਖਿਆ ਗਿਆ।

ਮੈਂ 1996 ਵਿਚ ਸਾਬਰ ਦੇ ਪੁੱਤਰ ਸਰਬਜੀਤ ਨੂੰ ਪੁੱਛਿਆ, 'ਕੀ ਰਹਿਮਤੀ ਜਿਊਂਦੀ ਹੈ?' ਉਸ ਨੇ ਰੁੱਖਾਂ ਤੇ ਵੇਲਾਂ ਵਿਚਦੀ ਢਲਾਣ ਵੱਲ ਇਸ਼ਾਰਾ ਕੀਤਾ ਕਿ ਉਸ ਨਲਕੇ ਤੋਂ ਪਸ਼ੂਆਂ ਨੂੰ ਪਾਣੀ ਪਿਲਾਉਂਦੀ ਔਰਤ ਰਹਿਮਤੀ ਹੈ। ਅਸੀਂ ਝਟਪਟ ਉਸ ਕੋਲ ਜਾ ਪਹੁੰਚੇ। ਕੂਹਣੀਆਂ ਤੋਂ ਮੋਢੇ ਤੱਕ ਕੱਪੜੇ ਵਲ੍ਹੇਟ ਕੇ ਰੱਸੀਆਂ ਬੰਨੀਆਂ ਹੋਈਆਂ ਸਨ। ਇਸੇ ਮਦਦ ਨਾਲ ਉਹ ਦੋਵੇਂ ਪਾਸੇ ਦੀਆਂ ਅੱਧੀਆਂ-ਅੱਧੀਆਂ ਬਾਹਾਂ ਨਾਲ ਨਲਕਾ ਗੇੜ ਰਹੀ ਸੀ। ਮੈਂ ਰਹਿਮਤੀ ਨੂੰ ਨੋਰਾ ਰਿਚਰਡ ਬਾਰੇ ਪੁੱਛਿਆ, ਉਹ ਮੂੰਹੋਂ ਕੁਝ ਨਾ ਬੋਲ ਸਕੀ। ਉਸ ਨੇ ਸਿਰਫ਼ ਆਪਣੇ ਖੱਬੇ ਪਾਸੇ ਵਾਲੀ ਅੱਧੀ ਬਾਂਹ ਨੂੰ ਧਰਤੀ ਨਾਲ ਰਗੜਿਆ ਅਤੇ ਅੰਦਰੇਟੇ ਦੀ ਮਿੱਟੀ ਨੂੰ ਆਪਣੇ ਮੱਥੇ ਨਾਲ ਲਾਇਆ ਜਿਸ ਵਿਚ ਨੋਰਾ ਦੀ ਮਹਿਕ ਰਲੀ ਹੋਈ ਸੀ।

***

ਪਿੰਡ ਕੁਠਿਆਲਾ ਵਿਰਕਾਂ ਤਹਿਸੀਲ ਮੁਰੀਦਕੇ ਜ਼ਿਲ੍ਹਾ ਸ਼ੇਖ਼ੂਪੁਰਾ ਵਿਖੇ ਵਿਰਕ ਸਿੱਖ ਪਰਿਵਾਰਾਂ ਦਾ ਦੇਸ਼ ਵੰਡ ਸਮੇਂ ਅਥਾਹ ਨੁਕਸਾਨ ਹੋਇਆ। ਇਸ ਦੇ ਦੋ ਮੂਲ ਕਾਰਨ ਸਨ: ਪਹਿਲਾ, ਪਿੰਡ ਵਾਸੀ ਸੋਚਦੇ ਰਹੇ ਕਿ ਨਨਕਾਣਾ ਸਾਹਿਬ ਤੱਕ ਤਾਂ ਹਿੰਦੋਸਤਾਨ ਦੀ ਹੱਦ ਰਹੇਗੀ ਹੀ, ਇਹ ਸੋਚ 25 ਅਗਸਤ ਤੱਕ ਲਮਕ ਗਈ ਅਤੇ ਘਾਤਕ ਸਿੱਧ ਹੋਈ। ਦੂਜਾ ਮੁਸਲਮਾਨ ਖ਼ਾਸ ਤੌਰ 'ਤੇ ਪਠਾਣ ਆਸੇ-ਪਾਸੇ ਲੁੱਟ-ਮਾਰ ਕਰਕੇ ਵਿਹਲੇ ਹੋ ਗਏ ਸਨ। ਉਨ੍ਹਾਂ ਦਾ ਵੱਡਾ ਸ਼ਿਕਾਰ ਕੁਠਿਆਲਾ ਵਿਰਕਾਂ ਹੁਣ ਚੱਕਰ ਰੂਪੀ ਘੇਰੇ ਦੇ ਅੰਦਰ ਸੀ। ਉਦੋਂ ਗੁਰਦੀਪ ਸਿੰਘ ਪਿੰਡ ਦਾ ਜ਼ੈਲਦਾਰ ਸੀ। ਉਸ ਦਾ ਚਚੇਰਾ ਭਰਾ ਫਕੀਰ ਸਿੰਘ (13) ਅਤੇ ਭਤੀਜਾ ਸੂਰਤ ਸਿੰਘ (12) ਇਸ ਘਟਨਾ ਦੇ ਚਸ਼ਮਦੀਦ ਗਵਾਹ ਹਨ। ਉਨ੍ਹਾਂ ਨਾਲ ਪਿੰਡ ਲੱਖਮੜੀ ਜ਼ਿਲ੍ਹਾ ਕੁਰੂਕਸ਼ੇਤਰ ਵਿਖੇ ਕੀਤੀ ਗਈ ਗੱਲਬਾਤ (22-03-2025) ਦੇ ਕੁਝ ਅੰਸ਼ ਸਾਂਝੇ ਕੀਤੇ ਜਾ ਰਹੇ ਹਨ:

### ਤੁਹਾਡਾ ਨਾਮ ਪਤਾ? ਪਿੰਡ ਵਿਚ ਸਕੂਲ ਹੈ ਸੀ?

ਫਕੀਰ ਸਿੰਘ ਵਲਦ ਮਾਨ ਸਿੰਘ ਵਲਦ ਸੰਤ ਸਿੰਘ ਪਿੰਡ ਕੁਠਿਆਲਾ ਵਿਰਕਾਂ ਤਹਿਸੀਲ ਮੁਰੀਦਕੇ ਜ਼ਿਲ੍ਹਾ ਸ਼ੇਖ਼ੂਪੁਰਾ। ਪਿੰਡ ਵਿਚ ਪ੍ਰਾਇਮਰੀ ਸਕੂਲ ਹੈ ਸੀ। ਉਦੋਂ ਪ੍ਰਾਇਮਰੀ ਸਿੱਖਿਆ ਚੌਥੀ ਤੱਕ ਹੁੰਦੀ ਸੀ। ਮੈਂ ਚੌਥੀ ਜਮਾਤ ਵਿਚ ਸਾਂ ਤੇ ਇਹ (ਸੂਰਤ ਸਿੰਘ ਵੱਲ ਇਸ਼ਾਰਾ ਕਰਕੇ) ਤੀਜੀ ਜਮਾਤ ਵਿਚ ਸੀ। ਮੈਨੂੰ ਉਦੋਂ ਪੂਰੀ ਸੁਰਤ ਸੀ।

### ਪਿੰਡ ਕਦੋਂ ਤੇ ਕਿਸ ਮਾਹੌਲ ਵਿਚ ਛੱਡਿਆ?

ਅਤਿਅੰਤ ਤਣਾਅ ਭਰੇ ਮਾਹੌਲ ਵਿਚ 25 ਅਗਸਤ ਦੀ ਅੱਧੀ ਰਾਤ ਨੂੰ ਅਸੀਂ ਪਿੰਡ ਛੱਡਣ ਲੱਗੇ। ਸਾਡੇ ਵਡੇਰਿਆਂ ਨੇ ਨਨਕਾਣਾ ਸਾਹਿਬ ਵੱਲ ਕੂਚ ਕੀਤਾ ਜਿੱਥੇ ਕੈਂਪ ਲੱਗਿਆ ਹੋਇਆ ਸੀ। ਜਿਉਂ ਹੀ ਕਾਫ਼ਲਾ ਪਿੰਡੋਂ ਬਾਹਰ ਨਿਕਲਿਆ ਤਾਂ ਪਠਾਣ ਕਰੀਮ ਬਖ਼ਸ਼ ਨੇ ਗੋਲੀ ਚਲਾ ਦਿੱਤੀ। ਹੁਣ ਕਾਫ਼ਲੇ ਦਾ ਵੱਡਾ ਹਿੱਸਾ ਭਿਆਨਕ ਤਬਾਹੀ ਦਾ ਸਾਹਮਣਾ ਕਰਨ ਲਈ ਪਿੰਡ ਵੱਲ ਨੂੰ ਵਾਪਸ ਮੁੜ ਗਿਆ।

### ਔਰਤਾਂ ਤੇ ਬੱਚਿਆਂ ਨੂੰ ਆਪਣਿਆਂ ਕਿਵੇਂ ਮਾਰਿਆ?

ਸਿੱਖ ਪਰਿਵਾਰਾਂ ਦੀਆਂ 30 ਤੋਂ ਵੱਧ ਔਰਤਾਂ ਇੱਕੋ ਥਾਂ ਇਕੱਠੀਆਂ ਬੈਠੀਆਂ ਸਨ। ਬੰਦਿਆਂ ਨੇ ਉਨ੍ਹਾਂ ਨੂੰ ਸਮਝਾਇਆ ਕਿ ਸਾਨੂੰ ਮਾਰ ਕੇ ਧਾੜਵੀ ਤੁਹਾਨੂੰ ਆਪਣੇ ਘਰਾਂ ਵਿਚ ਵਸਾਉਣਗੇ। ਔਰਤਾਂ ਨੇ ਤੁਰੰਤ ਫ਼ੈਸਲਾ ਕੀਤਾ ਕਿ ਤੁਸੀਂ ਸਾਨੂੰ ਆਪਣੇ ਹੱਥੀਂ ਮਾਰ ਕੇ ਬਾਰਡਰ ਵੱਲ ਭੱਜ ਜਾਓ, ਜਿੰਨੇ ਬਚ ਸਕਦੇ ਹੋ। ਅਗਲੇ ਦਸ ਮਿੰਟਾਂ ਵਿਚ 33 ਔਰਤਾਂ ਮੌਤ ਦੇ ਘਾਟ ਉਤਾਰ ਦਿੱਤੀਆਂ ਗਈਆਂ। ਗੁਰਦੀਪ ਸਿੰਘ ਤੇ ਲਾਭ ਸਿੰਘ ਜਦੋਂ ਔਰਤਾਂ ਨੂੰ ਮਾਰ-ਮੁਕਾ ਕੇ ਘੋੜੀਆਂ ਉੱਤੇ ਸਵਾਰ ਹੋਣ ਲੱਗੇ ਤਾਂ ਗੁਰਦੀਪ ਸਿੰਘ ਨੂੰ ਯਾਦ ਆਇਆ ਕਿ ਉਸ ਦਾ ਛੋਟਾ ਪੁੱਤਰ ਕਾਕਾ ਸਿੰਘ ਘਰ ਵਿਚ ਸੁੱਤਾ ਰਹਿ ਗਿਆ ਹੈ। ਪਲ ਭਰ ਵਿਚ ਹੀ ਉਸ ਨੇ ਇੱਕ ਟੱਕ ਨਾਲ ਬੱਚੇ ਦਾ ਸਿਰ ਵੱਢ ਦਿੱਤਾ। ਗੁਰਦੀਪ ਸਿੰਘ ਤੇ ਲਾਭ ਸਿੰਘ ਘੋੜੀਆਂ 'ਤੇ ਭੱਜੇ ਅਤੇ ਇੱਧਰ ਪਹੁੰਚ ਗਏ।

### ਬੱਚਿਆਂ ਦਾ ਕੀ ਬਣਿਆ?

ਇਹ ਬੜੀ ਦੁਖਦਾਇਕ ਕਹਾਣੀ ਹੈ। ਪੀਰਾਂ ਦਿੱਤਾ ਸਾਡਾ ਮੁਜ਼ਾਰਾ ਸੀ। ਉਹਦੀ ਬੇਗ਼ਮ ਤਾਲੀਆ ਪਿੱਛੋਂ ਗੁਰਦਾਸਪੁਰ ਦੇ ਅਰਾਈਆਂ ਪਰਿਵਾਰ ਵਿਚੋਂ ਸੀ। ਅਸੀਂ ਉਹਨੂੰ ਫੁੱਫੀ ਕਹਿੰਦੇ। ਉਸ ਨੇ ਚੀਖ-ਚਿਹਾੜੇ ਦੌਰਾਨ ਸਾਨੂੰ ਇੱਕ ਕੋਠੜੀ ਵਿਚ ਬੰਦ ਕਰਕੇ ਬਾਹਰੋਂ ਜਿੰਦਰਾ ਮਾਰ ਦਿੱਤਾ। ਅਸੀਂ ਨਨਕਾਣਾ ਸਾਹਿਬ ਵੱਲ ਨੂੰ ਕੂਚ ਕੀਤਾ ਅਤੇ 10-12 ਦਿਨਾਂ ਬਾਅਦ ਆਪਣੇ ਆਪ ਨੂੰ ਇੱਕ ਮਿਲਟਰੀ ਟਰੱਕ ਵਿਚ ਵੇਖਿਆ।

### ਕੀ ਤੁਹਾਡਾ ਕੁਠਿਆਲਾ ਵਿਰਕਾਂ ਪਿੰਡ ਜਾਣ ਨੂੰ ਦਿਲ ਕਰਦਾ ਹੈ?

ਜਾਣ ਨੂੰ! ਮੈਂ ਹਰ ਰੋਜ਼ ਹੀ ਕੁਠਿਆਲਾ ਵਿਰਕਾਂ ਰਹਿੰਦਾ ਹਾਂ। ਉੱਥੋਂ ਉੱਠ ਕੇ ਕਦੇ-ਕਦੇ ਮੁਰੀਦ ਕੇ ਮੰਡੀ, ਸ਼ੇਖ਼ੂਪੁਰਾ ਸ਼ਹਿਰ ਸੌਦਾ-ਪੱਤਾ ਖਰੀਦਣ ਚਲਿਆ ਜਾਂਦਾ ਹਾਂ।

ਦੇਸ਼ ਵੰਡ ਦਾ ਦਰਦ ਹੰਢਾ ਚੁੱਕੇ ਮੇਰੀ ਦਾਦੀ ਵਰਗੇ ਇਨ੍ਹਾਂ ਬਜ਼ੁਰਗਾਂਨਾਲ ਕੀਤੀਆਂਮੁਲਾਕਾਤਾਂ ਨੇ ਮੇਰੀਆਂਅੱਖਾਂਅੱਗੇ ਸੰਨ ਸੰਤਾਲੀ ਦੇ ਉਹ ਦਰਦਨਾਕ ਦ੍ਰਿਸ਼ ਮੁੜ ਲਿਆ ਦਿੱਤੇ। ਮੈਂ ਬਚਪਨ ਤੋਂਹੀ ਇਸ ਵੰਡ ਦੀਆਂਗੱਲਾਂਸੁਣਦਾ ਆ ਰਿਹਾ ਹਾਂ। ਇਸ ਲਈ ਵੰਡ ਤੋਂ ਬਾਅਦ ਦੀ ਪੀੜ੍ਹੀ ਦਾ ਹੋਣਦੇ ਬਾਵਜੂਦ ਧਰਮਾਂ ਦੇ ਨਾਂ 'ਤੇ ਕੀਤੀ ਗਈ ਮੁਲਕ ਦੀ ਵੰਡ ਦੀ ਪੀੜ ਮੇਰੇ ਮਨ ਵਿਚੋਂ ਵੀ ਕਦੇ ਨਹੀਂਨਿਕਲਣੀ ਅਤੇ ਮੇਰੀ ਪੀੜ੍ਹੀ ਦੇ ਹੋਰ ਬਹੁਤ ਸਾਰੇ ਲੋਕਾਂਦੀ ਵੀ ਇਹੋ ਹੋਣੀ ਹੈ।

ਚੜ੍ਹਦੇ ਤੇ ਲਹਿੰਦੇ ਪੰਜਾਬ ਦੀਆਂਵੰਡ ਤੋਂਬਾਅਦ ਦੀਆਂਪੀੜ੍ਹੀਆਂ ਵੀ ਵੰਡ ਦੇ ਜ਼ਖ਼ਮਾਂ ਨੂੰ ਭੁੱਲ ਨਹੀਂਸਕੀਆਂ। ਨਵੀਂ ਪੀੜ੍ਹੀ ਦੇ ਕੁਝ ਨੌਜਵਾਨ ਵਿਛੜ ਚੁੱਕੇ ਪੰਜਾਬ ਦੇ ਇੱਕ ਹਿੱਸੇ 'ਚ ਰਹਿ ਗਏ ਪੀੜਤ ਪਰਿਵਾਰਾਂਦੇ ਪੁਰਾਣੇ ਪਿੰਡਾਂ, ਕਸਬਿਆਂਅਤੇ ਸ਼ਹਿਰਾਂ ਬਾਰੇ ਵੀਡੀਓ ਬਣਾ ਕੇ ਸੋਸ਼ਲ ਮੀਡੀਆ ਰਾਹੀਂਇੱਕ ਦੂਜੇ ਨਾਲ ਰਾਬਤਾ ਕਰਨਦਾ ਉੱਦਮ ਕਰ ਰਹੇ ਹਨ। ਅਜਿਹੀ ਹੀ ਇੱਕ ਵੀਡੀਓ ਵਿਚ ਡਰੋਨਰਾਹੀਂਜਦੋਂਇੱਕ ਪਿੰਡ ਦਿਖਾਇਆ ਜਾਂਦਾ ਹੈ ਤਾਂਇਸ ਵਿਚ ਕੈਮਰੇ ਰਾਹੀਂਪਿੰਡ ਦੀਆਂਮਸੀਤਾਂ, ਗੁਰਦੁਆਰੇ ਦੀਆਂਪੁਰਾਣੀਆਂਇਮਾਰਤਾਂ ਆਦਿ ਦਿਖਾਉਂਦਿਆਂਇੱਕ ਵਿਅਕਤੀ ਹੇਠ ਲਿਖੀ ਕਵਿਤਾ ਉਚਾਰਦਾ ਸੁਣਦਾ ਹੈ:


ਜਿਨ੍ਹਾਂ ਰੋਂਦੇ ਬੱਦਲ ਵੇਖੇ,
ਹੱਥੀਂ ਚੰਨ ਖਿਡਾ ਕੇ
ਜਿਨ੍ਹਾਂ ਭਿੱਜਿਆ ਸੂਰਜ ਤੱਕਿਆ,
ਪੀੜਾਂ ਨਾਲ ਨਹਾ ਕੇ
ਜਿਨ੍ਹਾਂ ਪਿੱਟਦੀ ਧਰਤੀ ਵੇਖੀ,
ਗ਼ਲ ਵਿਚ ਬਾਹਵਾਂ ਪਾ ਕੇ
ਵਿਹਲ ਮਿਲੇ ਤਾਂ ਇਕ ਦਿਨ ਬਹਿ ਕੇ,
ਝਟਕ ਹਵਾਵਾਂ ਕੋਲੋਂ
ਸਾਡੇ ਦੁੱਖ ਜੇ ਪੁੱਛਣੇ ਈ
ਤੇ ਪੁੱਛ ਦਰਿਆਵਾਂ ਕੋਲੋਂ।

*(ਬਾਕੀ ਅਗਲੇ ਸਫੇ 'ਤੇ)*

# ਫਲਾਤੂ ਅਤੇ ਪੱਤਰਕਾਰ

ਇਕ ਪਤਲਾ ਜਿਹਾ ਬੰਦਾ, ਅਧਰਾਣੇ ਕੱਪੜੇ, ਸਾਦੀ ਪੱਗ, ਲੰਮੀ ਦਾੜ੍ਹੀ, ਘਿੱਗੀ ਅਵਾਜ਼ ਤੇ ਕਣਕੀ ਰੰਗ। ਅਸਲੀ ਨਾਂ ਉਹਦਾ ਹੋਰ ਹੈ ਤੇ ਮਸ਼ਹੂਰ ਕਿਸੇ ਹੋਰ ਨਾਂ ਨਾਲ ਹੈ। ਕਈ ਉਸਨੂੰ ਸਮਝਦੇ ਹਨ ਕਿ ਉਹ ਵਿਦਵਾਨ ਸਿੱਖ ਹੈ ਤੇ ਕਈ ਸਮਝਦੇ ਹਨ ਕਿ ਉਹ ਸਿੱਖ ਵਿਦਵਾਨ ਹੈ। ਪਰ ਉਸਦੀਆਂ ਗੱਲਾਂ ਦੱਸਦੀਆਂ ਹਨ ਕਿ ਉਹ ਵਿਦਵਾਨ ਨਹੀਂ ਹੈ ਤੇ ਆਪਣੀ ਸਿੱਖੀ ਬਾਰੇ ਸਿਰਫ ਉਹੀ ਦੱਸ ਸਕਦਾ ਹੈ।

ਉਹ ਹਮੇਸ਼ਾ ਫਾਲਤੂ ਜਿਹੀਆਂ ਗੱਲਾਂ ਕਰਦਾ ਰਹਿੰਦਾ ਹੈ ਤੇ ਆਪਣੇ ਆਪ ਨੂੰ ਫਲਾਤੂ (Plato) ਸਮਝਦਾ ਹੈ। ਅਸਲ ਵਿਚ ਉਹ ਬਿੰਦਰਖੀਏ ਦੇ ਗਾਣੇ ਵਾਲੀ ਜੈ ਕੌਰ ਹੈ, ਜਿਹਦਾ ਪਾਣੀ ਵਿਕਣ ਲੱਗ ਪਿਆ ਹੈ। ਉਸਨੂੰ ਇਕ ਪੱਤਰਕਾਰ ਨੇ ਸਵਾਲ ਪੁੱਛਿਆ ਕਿ ਫਲਾਣੀ ਜਾਤ ਦੇ ਲੋਕ ਸਿਖੀ ਉਤੇ ਕਾਬਜ਼ ਕਿੱਦਾਂ ਹੋ ਗਏ। ਉਸਨੇ ਇਸ ਬੇਤੁਕੇ ਸਵਾਲ ਦਾ ਜਵਾਬ ਦਿਤਾ ਕਿ ਇਸ ਜਾਤ ਦੇ ਲੋਕ ਗੁਰੂ ਅਰਜਨ ਦੇਵ ਜੀ ਦੇ ਸਮੇਂ ਵੱਡੀ ਗਿਣਤੀ ਵਿਚ ਸਿੱਖੀ ਵਿਚ ਆਏ ਸਨ।



ਜੇ ਉਹ ਸਿਖ ਹੁੰਦਾ ਤਾਂ ਉਸ ਪੱਤਰਕਾਰ ਦੇ ਜਾਤੀ ਅਧਾਰਤ ਸਵਾਲ ਦਾ ਜਵਾਬ ਦੇਣ ਤੋਂ ਮਨ੍ਹਾ ਕਰ ਦਿੰਦਾ। ਜੇ ਉਹ ਵਿਦਵਾਨ ਹੁੰਦਾ ਤਾਂ ਆਪਣੇ

**ਅਵਤਾਰ ਸਿੰਘ (ਪ੍ਰੋ.)**
**ਫੋਨ: +91-94175-18384**

ਇਸ ਤੱਥ ਦਾ ਹਵਾਲਾ ਦਿੰਦਾ ਕਿ ਫਲਾਣੇ ਵਿਦਵਾਨ ਨੇ ਫਲਾਣੀ ਕਿਤਾਬ ਦੇ ਫਲਾਣੇ ਸਫੇ 'ਤੇ ਲਿਖਿਆ ਹੈ ਕਿ ਗੁਰੂ ਅਰਜਨ ਦੇਵ ਦੇ ਸਮੇਂ ਫਲਾਣੀ ਜਾਤ ਦੇ ਲੋਕ ਵੱਡੀ ਗਿਣਤੀ ਵਿਚ ਸਿਖੀ ਵਿਚ ਆਏ। ਉਸਨੂੰ ਚਾਹੀਦਾ ਸੀ ਕਿ ਉਹ ਦੱਸਦਾ ਕਿ ਸਿਖੀ ਵਿਚ ਆਉਣ, ਸਿੱਖ ਬਣਨ ਤੇ ਸਿੱਖੀ ਉਤੇ ਕਾਬਜ਼ ਹੋਣ ਵਿਚ ਫਰਕ ਹੈ। ਕਿਉਂਕਿ ਆਉਣ ਵਾਲੇ ਕਬਜ਼ਾ ਕਰਦੇ ਹਨ, ਬਣਨ ਵਾਲੇ ਕਬਜ਼ਾ ਨਹੀਂ ਕਰਦੇ। ਬੇਤੁਕੇ ਸਵਾਲ ਦਾ ਅਟਪਟਾ ਜਵਾਬ ਦੇ ਕੇ ਉਸਨੇ ਦੱਸ ਦਿਤਾ ਕਿ ਉਹ ਨਾ ਹੀ ਸਿੱਖ ਹੈ ਤੇ ਨਾ ਹੀ ਵਿਦਵਾਨ।

ਜੇ ਉਹ ਵਿਦਵਾਨ ਹੁੰਦਾ ਤਾਂ ਉਸਨੇ ਭਾਈ ਗੁਰਦਾਸ ਜੀ ਦੀਆਂ ਵਾਰਾਂ ਜ਼ਰੂਰ ਪੜ੍ਹੀਆਂ ਹੋਣੀਆਂ ਸੀ ਤੇ ਉਸਨੂੰ ਪਤਾ ਹੋਣਾ ਸੀ ਕਿ ਭਾਈ ਸਾਹਿਬ ਨੇ ਆਪਣੀ ਗਿਆਰਵੀਂ ਵਾਰ ਵਿਚ ਪਹਿਲੇ ਛੇ ਗੁਰੂ ਸਾਹਿਬਾਨ ਦੇ ਸਿਖਾਂ ਦੀਆਂ ਸੂਚੀਆਂ ਦਿਤੀਆਂ ਹਨ, ਜਿਨ੍ਹਾਂ ਤੋਂ ਸਹਿਜੇ ਹੀ ਪਤਾ ਲਗ ਜਾਂਦਾ ਹੈ ਕਿ ਉਨ੍ਹਾਂ ਵਿਚ ਕਿਸੇ ਵੀ ਵਿਸ਼ੇਸ਼ ਜਾਤ ਦੇ ਲੋਕਾਂ ਦੀ ਸੰਖਿਆ ਵਿਚ ਫਰਕ ਨਹੀਂ ਹੈ। ਉਸ ਸਮੇਂ ਹਰ ਵਰਣ, ਜਾਤ ਅਤੇ ਧਰਮ ਦੇ ਲੋਕ ਸਿਖ ਬਣੇ ਸਨ ਤੇ ਕਿਸੇ ਦਾ ਵੀ ਸਿਖੀ 'ਤੇ ਕਬਜ਼ਾ ਨਹੀਂ ਸੀ।

ਭਾਈ ਗੁਰਦਾਸ ਜੀ ਦੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜਿੰਨੀ ਪ੍ਰਮਾਣਕ ਤੇ ਪ੍ਰਵਾਣਤ ਹੈ। ਇਸ ਲਈ ਹੀ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਚ ਉਨ੍ਹਾਂ ਦੀ ਬਾਣੀ ਦਾ ਕੀਰਤਨ ਹੁੰਦਾ ਹੈ। ਭਾਈ ਸਾਹਿਬ ਦੀ ਗਿਆਰਵੀਂ ਵਾਰ ਦੀ ਅਠਾਰਵੀਂ ਤੇ ਉਨੀਵੀਂ ਪਉੜੀ ਦਾ ਪਾਠ ਕਰ ਕੇ ਉਪਰੋਕਤ ਵਿਦਵਾਨ ਦੀ ਕਹੀ ਗੱਲ ਦੀ ਪ੍ਰੋੜਤਾ ਨਹੀਂ ਹੁੰਦੀ। ਬਲਕਿ ਇਹੀ ਪਤਾ ਲਗਦਾ ਹੈ ਗੁਰੂ ਸਾਹਿਬ ਦੇ ਸਿੱਖਾਂ ਦਾ ਜਾਤੀਗਤ ਅੰਕੜਾ ਕੱਢਣਾ ਤੇ ਲੱਭਣਾ ਨਾ ਸੌਖਾ ਹੈ ਨਾ ਸਹੀ ਹੈ।

ਵਾਰ 11, ਪਉੜੀ 18
ਪੰਜਵੀਂ ਪਾਤਸ਼ਾਹੀ ਦੇ ਸਿੱਖ॥
ਪੁਰੀਆ ਚੂਹੜੁ ਚਉਧਰੀ ਪੈੜਾ ਦਰਗਹੁ ਦਾਤਾ ਭਾਰਾ।
ਬਾਲਾ ਕਿਸਨਾ ਝਿੰਗਰਣਿ ਪੰਡਿਤ ਰਾਇ ਸਭਾ ਸੀਗਾਰਾ।
ਸੁਹੜੁ ਤਿਲੋਕਾ ਸੂਰਮਾ ਸਿਖੁ ਸਮੁੰਦਾ ਸਨਮੁਖੁ ਸਾਰਾ।
ਕੁਲਾ ਭੁਲਾ ਝੰਝੀਆ ਭਾਗੀਰਥੁ ਸੁਇਨੀ ਸਚਿਆਰਾ।
ਲਾਲੂ ਬਾਲੂ ਵਿਜ ਹਨਿ ਹਰਖਵੰਤੁ ਹਰਿਦਾਸ ਪਿਆਰਾ।
ਧੀਰੁ ਨਿਹਾਲੂ ਤੁਲਸੀਆ ਬੂਲਾ ਚੰਡੀਆ ਬਹੁ ਗੁਣਿਆਰਾ।
ਗੋਖੂ ਟੋਡਾ ਮਹਤਿਆ ਤੋਤਾ ਮਦੂ ਸਬਦ ਵੀਚਾਰਾ।
ਝਾਂਝੂ ਅਤੇ ਮੁਕੰਦੁ ਹੈ ਕੀਰਤਨ ਕਰੈ ਹਜੂਰ ਕਿਦਾਰਾ।
ਸਾਧਸੰਗਤਿ ਪਰਗਟੁ ਪਾਹਾਰਾ ॥੧੮॥

ਪਉੜੀ 19
ਪੰਜਵੀਂ ਪਾਤਸ਼ਾਹੀ ਦੇ ਹੋਰ ਸਿੱਖਾਂ ਦੇ ਨਾਮ॥
ਗੰਗੂ ਨਾਊ ਸਹਗਲਾ ਰਾਮਾ ਧਰਮਾ ਉਦਾ ਭਾਈ।
ਜਟੂ ਭਟੂ ਵੇਤਿਆ ਫਿਰਣਾ ਸੂਦੁ ਵਡਾ ਸਤ ਭਾਈ।
ਭੋਲੂ ਭਟੂ ਜਾਣੀਅਨਿ ਸਨਮੁਖ ਤੇਵਾੜੀ ਸੁਖਦਾਈ।
ਡਲਾ ਭਾਗੀ ਭਗਤੁ ਹੈ ਜਾਪੂ ਨਿਵਲਾ ਗੁਰ ਸਰਣਾਈ।
ਮੂਲਾ ਸੂਜਾ ਧਾਵਣੇ ਚੰਦੂ ਚਉਝੜ ਸੇਵ ਕਮਾਈ।
ਰਾਮਦਾਸੁ ਭੰਡਾਰੀਆ ਬਾਲਾ ਸਾਈਂਦਾਸੁ ਧਿਆਈ।
ਗੁਰਮੁਖਿ ਬਿਸਨੂ ਬੀਬੜਾ ਮਾਛੀ ਸੁੰਦਰਿ ਗੁਰਮਤਿ ਪਾਈ।
ਸਾਧਸੰਗਤਿ ਵਡੀ ਵਡਿਆਈ ॥੧੯॥

ਭਾਈ ਗੁਰਦਾਸ ਜੀ ਨੇ ਇਸ ਵਾਰ ਦੀਆਂ ਬਾਕੀ ਪਉੜੀਆਂ ਵਿਚ ਹੋਰ ਵੀ ਸੈਂਕੜੇ ਸਿੱਖਾਂ ਦੇ ਨਾਵਾਂ ਦੀ ਸੂਚੀ ਦਿੱਤੀ ਹੈ, ਜਿਸਤੋਂ ਸਿੱਖਾਂ ਦੇ ਜਾਤੀਗਤ ਅੰਕੜੇ ਦਾ ਪਤਾ ਨਹੀਂ ਲਗਦਾ। ਬਲਕਿ ਇਹੀ ਪਤਾ ਲਗਦਾ ਹੈ ਕਿ ਗੁਰੂ ਸਾਹਿਬਾਨ ਦੀ ਸੰਗਤ ਵਿਚ ਹਰ ਤਬਕੇ (segmentation) ਤੇ ਹਰ ਪੱਧਰ (stratification) ਦੇ ਲੋਕ ਸ਼ਾਮਲ ਸਨ। ਇਸ ਲਈ ਕਿਸੇ ਇਕ ਤਬਕੇ (segment) ਤੇ ਪੱਧਰ (stretum) ਦੇ ਲੋਕਾਂ ਨੂੰ ਕਿਸੇ ਵੀ ਤਰ੍ਹਾਂ ਦੀ ਵਿਸ਼ੇਸ਼ਤਾ ਦੇਣੀ ਜਾਂ ਮੰਨਣੀ ਸਿੱਖੀ ਦੇ ਮੁਢਲੇ ਅਸੂਲ ਸਾਂਝੀਵਾਲਤਾ ਤੇ ਸਰਬੱਤ ਦੇ ਭਲੇ ਨੂੰ ਖਾਰਜ ਕਰਨ ਦੇ ਤੁੱਲ ਹੈ।

ਮੇਰਾ ਮੰਨਣਾ ਹੈ ਕਿ ਹਰ ਵਰਣ, ਜਾਤ, ਗੋਤ, ਵਰਗ, ਤਬਕੇ ਅਤੇ ਪੱਧਰ ਦੇ ਲੋਕ ਚੰਗੇ ਵੀ ਹੋ ਸਕਦੇ ਹਨ ਤੇ ਬੁਰੇ ਵੀ, ਬਹਾਦਰ ਵੀ ਤੇ ਕਾਇਰ ਵੀ, ਤਿਆਗੀ ਵੀ ਲਾਲਚੀ ਵੀ। ਇਸ ਲਈ ਜੇ ਕੋਈ ਬੰਦਾ ਕਿਸੇ ਵਿਸ਼ੇਸ਼ ਵਰਣ, ਜਾਤ, ਗੋਤ, ਵਰਗ, ਤਬਕੇ ਜਾਂ ਪੱਧਰ ਦੇ ਲੋਕਾਂ ਬਾਰੇ ਇਹ ਕਹੇ ਕਿ ਉਨ੍ਹਾਂ ਵਿਚ ਸਵੈਮਾਣ ਹੁੰਦਾ ਹੈ ਤਾਂ ਉਹ ਬੰਦਾ ਨਾ ਸਿੱਖ ਹੋ ਸਕਦਾ ਹੈ ਤੇ ਨਾ ਹੀ ਵਿਦਵਾਨ। ਕਿਉਂਕਿ ਇਸਦਾ ਅਰਥ ਹੈ ਕਿ ਉਸਨੂੰ ਨਾ ਹੀ ਗੁਰਮਤਿ ਸਿਧਾਂਤ ਦਾ ਪਤਾ ਹੈ ਤੇ ਨਾ ਹੀ ਗੁਰ ਇਤਿਹਾਸ ਦਾ।

ਜਿਸ ਤਰ੍ਹਾਂ ਆਪਣੀ ਜਾਨ ਹਰੇਕ ਨੂੰ ਪਿਆਰੀ ਹੁੰਦੀ ਹੈ



ਉਸੇ ਤਰ੍ਹਾਂ ਆਪਣਾ ਮਾਣ ਵੀ ਹਰੇਕ ਨੂੰ ਪਿਆਰਾ ਹੁੰਦਾ ਹੈ। ਗਰੀਬਾਂ ਨੂੰ ਅਮੀਰ ਲੋਕ ਗਾਲ੍ਹਾਂ ਕੱਢ ਲੈਂਦੇ ਹਨ ਤੇ ਉਹ ਅੱਗੋਂ ਅਕਸਰ ਬੋਲਦੇ ਵੀ ਨਹੀਂ। ਇਹ ਉਨ੍ਹਾਂ ਦੀ ਹਾਲਤ ਦੀ ਮਜਬੂਰੀ ਹੁੰਦੀ ਹੈ। ਜੇ ਉਹ ਨਹੀਂ ਬੋਲਦੇ ਤਾਂ ਇਸਦਾ ਮਤਲਬ ਇਹ ਨਹੀਂ ਹੁੰਦਾ ਕਿ ਉਨ੍ਹਾਂ ਦੇ ਅੰਦਰ ਸਵੈਮਾਣ ਨਹੀਂ ਹੁੰਦਾ। ਜਿਹਦੇ ਕੋਲ ਸਾਧਨ ਹੁੰਦੇ ਹਨ ਉਹ ਮਾਣ ਲਈ ਬੋਲ ਪੈਂਦਾ ਹੈ ਤੇ ਜਿਹਦੇ ਕੋਲ ਸਾਧਨ ਨਹੀਂ ਹੁੰਦੇ ਉਹ ਜਰ ਜਾਂਦਾ ਹੈ। ਇਹ ਗੱਲ ਸਮਝਣ ਲਈ ਸੁਜਾਨ ਸਿੰਘ ਦੀ ਕਹਾਣੀ 'ਬਾਗਾਂ ਦਾ ਰਾਖਾ' ਪੜ੍ਹੀ ਜਾ ਸਕਦੀ ਹੈ ਤੇ ਬਲਬੀਰ ਮਾਧੋਪੁਰੀ ਦਾ ਨਾਵਲ 'ਛਾਂਗਿਆ ਰੁਖ' ਵੀ ਦੇਖਿਆ ਜਾ ਸਕਦਾ ਹੈ।

ਉਪਰੋਕਤ ਬੰਦੇ ਨੇ ਇਹ ਵੀ ਕਿਹਾ ਕਿ ਮਹਾਰਾਜਾ ਰਣਜੀਤ ਸਿੰਘ ਸਦਕਾ ਅਸੀਂ ਰਾਜ ਦੀ ਉਦਾਹਰਣ ਦੇਣ ਜੋਗੇ ਬਣੇ ਹਾਂ। ਉਸਦੇ ਮੁਤਾਬਕ ਰਣਜੀਤ ਸਿੰਘ ਸਾਡਾ ਰਾਜਨੀਤਕ ਆਦਰਸ਼ ਹੈ ਧਾਰਮਕ ਨਹੀਂ ਤੇ ਉਸ ਤੋਂ ਧਾਰਮਿਕਤਾ ਦੀ ਤਵੱਕੋ ਨਹੀਂ ਰੱਖਣੀ ਚਾਹੀਦੀ।

ਪੱਤਰਕਾਰ ਉਸਦੀ ਗੱਲ ਸੁਣ ਕੇ ਖੁਸ਼ ਹੋ ਗਿਆ। ਪਰ ਉਸਨੇ ਇਹ ਨਹੀਂ ਪੁੱਛਿਆ ਕਿ ਨਾਲੇ ਕਹਿੰਦੇ ਹਨ ਕਿ ਸਿਖਾਂ ਦਾ ਧਰਮ ਤੇ ਰਾਜਨੀਤੀ ਇਕੱਠੇ ਹਨ। ਕਿਉਂਕਿ ਸਿੱਖੀ ਵਿਚ ਸੰਤ ਸਿਪਾਹੀ ਇਕੱਠੇ ਹਨ। ਇਸ ਲਈ ਇਹ ਤਾਂ ਹੋ ਸਕਦਾ ਹੈ ਕਿ ਸਿਖ ਸਿਰਫ ਸੰਤ ਹੋਵੇ, ਸਿਪਾਹੀ ਨਾ ਹੋਵੇ। ਪਰ ਇਹ ਬਿਲਕੁਲ ਨਹੀਂ ਹੋ ਸਕਦਾ ਕਿ ਸਿੱਖ ਸਿਰਫ ਸਿਪਾਹੀ ਹੋਵੇ ਸੰਤ ਨਾ ਹੋਵੇ। ਗੁਰਮਤਿ ਵਿਚ ਕੋਈ ਸੰਤ ਅਸਪਾਹੀ ਹੋ ਸਕਦਾ ਹੈ ਪਰ ਕੋਈ ਅਸੰਤ ਸਪਾਹੀ ਨਹੀਂ ਹੋ ਸਕਦਾ। ਸਹਿਜਧਾਰੀ ਸਿੱਖ ਸੰਤ ਅਸਪਾਹੀ ਹੀ ਹੁੰਦੇ ਹਨ।

ਪੱਤਰਕਾਰ ਦੀ ਡਿਗਰੀ ਸਿਰਫ ਇਹੀ ਸੀ ਕਿ ਉਸਦੇ ਕੋਲ ਕੈਮਰਾ ਸੀ। ਪਰ ਉਸਦੇ ਦਿਮਾਗ ਵਿਚ ਪੱਤਰਕਾਰੀ ਦਾ ਕਿਣਕਾ ਮਾਤਰ ਵੀ ਨਹੀਂ ਸੀ। ਨਹੀਂ ਤਾਂ ਉਹ ਸਵਾਲ ਕਰ ਕੇ ਉਪਰੋਕਤ ਬੰਦੇ ਨੂੰ ਨਿਰੁੱਤਰ ਕਰ ਦਿੰਦਾ। ਅਜਿਹੇ ਅਪੱਤਰਕਾਰਾਂ ਸਦਕਾ ਹੀ ਉਪਰੋਕਤ ਬੰਦਾ ਆਪਣੇ ਆਪ ਨੂੰ ਸਿੱਖਾਂ ਦਾ ਫਲਾਤੂ ਸਮਝਦਾ ਹੈ।

ਇਸ ਫਲਾਤੂ ਨਾਲ ਗੱਲਬਾਤ ਕਰਨ ਵਾਲੇ ਪੱਤਰਕਾਰ ਬਾਰੇ ਮੈਂ ਬਹੁਤਾ ਕੁਝ ਨਹੀਂ ਕਹਿਣਾ ਚਾਹੁੰਦਾ। ਬਸ ਇਹੀ ਦੱਸਣਾ ਚਾਹੁੰਦਾ ਹਾਂ ਕਿ ਮੇਰੇ ਦੋਸਤ ਦਾ ਬੇਟਾ ਦਸਵੀਂ ਤੋਂ ਬਾਅਦ ਪੱਤਰਕਾਰ ਬਣਨਾ ਚਾਹੁੰਦਾ ਸੀ ਤਾਂ ਮੇਰੇ ਦੋਸਤ ਨੇ ਮੈਨੂੰ ਪੁੱਛਿਆ ਕਿ ਉਸਨੂੰ ਉਹ ਕਿੱਥੇ ਪੜ੍ਹਨ ਲਈ ਭੇਜੇ। ਮੈਂ ਉਸਨੂੰ ਸਲਾਹ ਦਿੱਤੀ ਕਿ ਜੇ ਅਸਲੀ ਪੱਤਰਕਾਰ ਬਣਾਉਣਾ ਹੈ ਤਾਂ ਉਸਨੂੰ ਪੰਜਾਬ ਦੇ ਬਾਹਰ ਭੇਜ ਦੇਵੇ। ਜੇ ਨਕਲੀ ਬਣਾਉਣਾ ਹੈ ਆਪਣੇ ਆਸ-ਪਾਸ ਕਿਤੇ ਵੀ ਲਾ ਦੇਵੇ। ਪਰ ਜੇ ਉਸਨੂੰ ਜਾਅਲੀ ਪੱਤਰਕਾਰ ਬਣਾਉਣਾ ਹੈ ਤਾਂ ਉਸਨੂੰ ਬਸ ਇਕ ਕੈਮਰਾ ਲੈ ਕੇ ਦੇ ਦੇਵੇ। ਉਸਨੇ ਮੇਰੀ ਅੱਧੀ ਸਲਾਹ ਮੰਨ ਕੇ ਉਸਨੂੰ ਆਪਣੇ ਆਸ-ਪਾਸ ਹੀ ਇਕ ਕਾਲਜ ਵਿਚ ਲਾ ਦਿਤਾ। ਉਹ ਮੁੰਡਾ ਚੌਥੇ ਮਹੀਨੇ ਹੀ ਪੜ੍ਹਨ ਤੋਂ ਤੌਬਾ ਕਰ ਗਿਆ। ਮੇਰਾ ਦੋਸਤ ਮੈਨੂੰ ਪੁੱਛਣ ਲੱਗਾ ਕਿ ਹੁਣ ਕੀ ਕਰੀਏ। ਮੈਂ ਕਿਹਾ ਮੁੰਡੇ ਨੂੰ ਪੁੱਛੋ ਕਿ ਉਹ ਪੜ੍ਹਨਾ ਕਿਉਂ ਨਹੀਂ ਚਾਹੁੰਦਾ। ਉਸਨੇ ਦੱਸਿਆ ਕਿ ਮੁੰਡਾ ਕਹਿੰਦਾ ਕਿ ਚਾਰ ਮਹੀਨੇ ਹੋ ਗਏ ਹਨ ਹਾਲੇ ਉਨ੍ਹਾਂ ਨੇ ਨਾ ਕੈਮਰਾ ਦਿਖਾਇਆ ਹੈ ਤੇ ਨਾ ਹੀ ਮਾਈਕ।

ਮੈਂ ਸਾਰੀ ਗੱਲ ਸਮਝ ਗਿਆ ਕਿ ਮੁੰਡਾ ਇਸ ਲਈ ਪੱਤਰਕਾਰ ਬਣਨਾ ਚਾਹੁੰਦਾ ਸੀ ਕਿ ਪੜ੍ਹਨ ਦੀ ਕੋਈ ਲੋੜ ਨਹੀਂ ਪੈਣੀ। ਬਸ ਕੈਮਰਾ ਲੈ ਕੇ ਵੀਡੀਓ ਬਣਾਉਣੀ ਹੈ ਤੇ ਅਬਾ-ਤਬਾ ਸਵਾਲ ਪੁੱਛਣੇ ਹਨ। ਇਸ ਤਰ੍ਹਾਂ ਸਿਰਫ ਕੈਮਰਾ ਖਰੀਦ ਕੇ ਬਣੇ ਹੋਏ ਪੱਤਰਕਾਰ ਨੂੰ ਕੀ ਪਤਾ ਕਿ ਸਾਹਮਣੇ ਬੈਠੇ ਬੰਦੇ ਨੂੰ ਕਦੋਂ, ਕਿੱਥੇ, ਕਿਹੜਾ ਸਵਾਲ ਪੁੱਛਣਾ ਹੈ ਤੇ ਕਿੱਦਾਂ ਪੁੱਛਣਾ ਹੈ। ਅਜਿਹੇ ਪੱਤਰਕਾਰ ਤਾਂ ਮਰ ਗਏ ਦੇ ਸਕੇ ਸਬੰਧੀਆਂ ਮੋਹਰੇ ਕੈਮਰਾ ਡਾਹ ਕੇ ਪੁੱਛਦੇ ਹਨ ਕਿ ਇਸਦੇ ਮਰਨ 'ਤੇ ਤੁਸੀਂ ਕਿੱਦਾਂ ਮਹਿਸੂਸ ਕਰ ਰਹੇ ਹੋ।

---

*(ਪਿਛਲੇ ਸਫੇ ਦਾ ਬਾਕੀ)*

ਕਿੰਜ ਕਿੰਜ ਮੱਛੀ ਵਾਂਗਰ ਤੜਫੇ,

ਅੰਬਰ, ਚੰਨ ਤੇ ਤਾਰੇ
ਉਮਰਾਂ ਭਰ ਲਈ ਹੱਸਣਾ
ਭੁੱਲ ਗਏ,
ਕਲੀਆਂ ਕੁੱਲ ਨਜ਼ਾਰੇ
ਖੌਰੇ ਕਿੰਨੇ ਅੱਖ ਵਿਚ ਰਹਿ ਗਏ,
ਕਸਮੀਂ ਪੀਂਘ ਹੁਲਾਰੇ
ਏਧਰ-ਓਧਰ ਰੁੱਖ ਸੀ ਵਿਛੜੇ,
ਜਿਸ ਦਿਨ ਛਾਵਾਂ ਕੋਲੋਂ
ਸਾਡੇ ਦੁੱਖ ਜੇ ਪੁੱਛਣੇ ਈ
ਤਾਂ ਪੁੱਛ ਦਰਿਆਵਾਂ ਕੋਲੋਂ।
ਉਮਰਾਂ ਭਰ ਦੀ ਸਾਂਝ ਮੁਕਾ ਕੇ,
ਤੁਰ ਗਏ ਪਿਆਰ ਪੁਰਾਣੇ
ਅੱਧੇ ਜੀਂਦੇ, ਅੱਧੇ ਮੋਏ,
ਰੁਲ ਗਏ ਬਾਲ ਨਿਆਣੇ
ਚਿੜੀਆਂ, ਕੂੰਜਾਂ ਕੀੜੇ ਖਾ ਗਏ,
ਬਾਕੀ ਅੱਲ੍ਹਾ ਜਾਣੇ
ਇੱਲਾਂ ਕਿੰਜ-ਕਿੰਜ ਬੋਟ ਸੀ ਖੋਹੇ,
ਫੱਟੜ ਮਾਵਾਂ ਕੋਲੋਂ
ਸਾਡੇ ਦੁੱਖ ਜੇ ਪੁੱਛਣੇ ਈ
ਤਾਂ ਪੁੱਛ ਦਰਿਆਵਾਂ ਕੋਲੋਂ।
ਇਕ-ਇਕ ਸਿਰ ਤੋਂ ਚੁੰਨੀ ਲੱਥੀ,
ਇਕ-ਇਕ ਪੱਗ ਲੁਟੀਜੀ
ਕੀਹਦੀ-ਕੀਹਦੀ ਲਾਡੋ ਰਾਣੀ,
ਪੈਰਾਂ ਹੇਠ ਮਧੀਜੀ
ਕਿੰਨੇ ਰਾਂਝੇ ਲੁਕਦੇ ਫਿਰਦੇ,
ਅੱਜ ਵੀ ਹੀਰ ਖਵੀਚੀ
ਹਾਲੇ ਰਾਹੀ, ਰਾਹੀਆਂ ਦਾ ਨੀ,
ਪੁੱਛਣੇ ਰਾਹੀਆਂ ਕੋਲੋਂ
ਸਾਡੇ ਦੁੱਖ ਜੇ ਪੁੱਛਣੇ ਈ
ਤਾਂ ਪੁੱਛ ਦਰਿਆਵਾਂ ਕੋਲੋਂ।

***('ਪੰਜਾਬੀ ਟ੍ਰਿਬਿਊਨ' ਦੇ ਧੰਨਵਾਦ ਸਹਿਤ)***

---

# ਭਾਈ ਸੁਖਦੇਵ ਸਿੰਘ ਬੱਬਰ ਦੇ ਝੂਠੇ ਮੁਕਾਬਲੇ ਦੀ ਅਸਲੀਅਤ !

## *ਜਦੋਂ ਬੁੱਚੜ ਕੇ ਪੀ ਐੱਸ ਗਿੱਲ ਨੇ ਕਿਹਾ, 'ਛੇਤੀ ਕਰੋ ਸੁਖਦੇਵ ਸਿੰਘ ਬੱਬਰ ਦਾ ਐਨਕਾਊਂਟਰ ਬਣਾ ਦਵੋ'*

ਬੱਬਰ ਖ਼ਾਲਸਾ ਦੇ ਮੁਖੀ ਭਾਈ ਸੁਖਦੇਵ ਸਿੰਘ ਬੱਬਰ ਜਿਨ੍ਹਾਂ ਦੀ ਬਾਬਤ ਭਾਰਤ ਦੀਆਂ ਖੁਫੀਆ ਏਜੈਂਸੀਆਂ ਦੀ ਰਿਪੋਰਟ ਸੀ ਕਿ ਸੁਖਦੇਵ ਸਿੰਘ ਇਸ ਵਕ਼ਤ ਪਾਕਿਸਤਾਨ 'ਚ ਹੈ। ਪਰ ਭਾਈ ਸੁਖਦੇਵ ਸਿੰਘ ਬੱਬਰ ਭਾਰਤ ਅੰਦਰ ਹੀ ਮੌਜੂਦ ਸੀ ਜਿਸ ਦੀ ਕਦੀ ਵੀ ਭਿਣਕ ਨਹੀਂ ਸੀ ਪੈਣ ਦਿੱਤੀ ਬੱਬਰ ਖ਼ਾਲਸਾ ਜਥੇਬੰਦੀ ਨੇ। ਬੱਬਰ ਖ਼ਾਲਸਾ ਦੀ ਇਹ ਨੀਤੀ ਰਹੀ ਕਿ ਇਹ ਬਹੁਤ ਹੀ ਗੁਪਤ ਤਰੀਕੇ ਨਾਲ ਆਪਣੇ ਜੁਝਾਰੂ ਸਿੰਘਾਂ ਨੂੰ ਰੱਖਦੀ ਸੀ ਤੇ ਹਰ ਐਕਸ਼ਨ ਗੁਪਤ ਹੁੰਦਾ ਸੀ। ਕੁਝ ਗਿਣਵੇਂ ਲੋਕ ਸਨ ਭਾਈ ਸੁਖਦੇਵ ਸਿੰਘ ਬੱਬਰ ਨੂੰ ਪਟਿਆਲਾ ਤੱਕ ਲਿਆਉਣ ਲਈ। ਉਨ੍ਹਾਂ 'ਚ ਇੱਕ ਨਾਮ ਸੀ ਬਾਬਾ ਬਲਕਾਰ ਸਿੰਘ ਮੋਇਆਂ ਦੀ ਮੰਡੀ ਵਾਲੇ। ਬਾਬਾ ਬਲਕਾਰ ਸਿੰਘ ਹੁਣ ਇਸ ਦੁਨੀਆਂ ਚ ਨਹੀਂ ਰਹੇ। ਪਟਿਆਲਾ

**ਪਰਮਜੀਤ ਸਿੰਘ ਰਾਂਣਵਾ ਰਾਮਪੁਰੀ**

ਦੇ ਅਰਬਨ ਅਸਟੇਟ 'ਚ ਇੱਕ ਬਹੁਤ ਹੀ ਵਧੀਆ ਕੋਠੀ ਦੀ ਚੋਣ ਹੋਈ ਭਾਈ ਸੁਖਦੇਵ ਸਿੰਘ ਬੱਬਰ ਦੀ ਠਾਹਰ ਵਾਸਤੇ। ਇੱਕ ਹੋਰ ਕੋਠੀ ਵੀ ਪਟਿਆਲਾ ਦੇ ਮਾਡਲ ਟਾਊਨ 'ਚ ਰਿਜ਼ਰਵ ਰੱਖੀ ਗਈ ਸੀ। ਭਾਈ ਸੁਖਦੇਵ ਸਿੰਘ ਬੱਬਰ ਨੇ ਆਪਣਾ ਹੁਲੀਆ ਬਦਲਿਆ ਸੀ ਦਾੜ੍ਹੀ ਬੰਨ੍ਹ ਕੇ ਰੱਖਦੇ ਸਨ ਤੇ ਠੇਕੇਦਾਰ ਜਸਮੇਰ ਸਿੰਘ ਉਰਫ ਜਵਾਹਰ ਸਿੰਘ ਦੇ ਨਾਮ ਨਾਲ ਮਸ਼ਹੂਰ ਹੋਏ। ਕੁਲ ਡਾਕਉਮੈਂਟਸ ਇਸੇ ਨਾਮ 'ਤੇ ਸਨ। ਅਰਬਨ ਅਸਟੇਟ 'ਚ ਬੱਬਰ ਖਾਲਸਾ ਦੇ ਚੋਟੀ ਦੇ ਸਿੰਘ ਅਕਸਰ ਭਾਈ ਸੁਖਦੇਵ ਸਿੰਘ ਬੱਬਰ ਨੂੰ ਮਿਲਦੇ ਰਹੇ। ਮੀਟਿੰਗਾਂ ਹੁੰਦੀਆਂ ਸਨ। ਭਾਈ ਸਾਹਿਬ ਜੀ ਨੇ ਢਿਲਵਾਂ ਵਾਲਾ ਪੁਲ ਖੁਦ ਉਥੇ ਖਲ੍ਹੋ ਕੇ ਬਣਵਾਇਆ ਸੀ। ਇੰਝ ਅੰਮ੍ਰਿਤਸਰ ਆਉਣਾ-ਜਾਣਾ ਰਿਹਾ। ਕਿਸੇ ਨੂੰ ਕੋਈ ਸ਼ੱਕ ਨਹੀਂ ਸੀ ਕਿ ਜਿਸਨੂੰ ਭਾਰਤ ਦੀਆਂ ਖੁਫੀਆ ਏਜੇਂਸੀਆਂ ਰਾ, ਆਈ ਬੀ, ਸੀ ਬੀ ਆਈ, ਪਾਕਿਸਤਾਨ 'ਚ ਬੈਠਾ ਮੰਨ ਰਹੇ ਨੇ, ਉਹ ਤਾਂ ਪਟਿਆਲੇ ਰਹਿੰਦਾ ਹੈ ਕਈ ਸਾਲਾਂ ਤੋਂ। ਪਟਿਆਲੇ ਭਾਈ ਸੁਖਦੇਵ ਸਿੰਘ ਬੱਬਰ ਨੂੰ ਸੈੱਟ ਕਰਨ ਵਾਲਿਆਂ 'ਚੋਂ ਇੱਕ ਖਾਸ ਵਿਅਕਤੀ ਨੂੰ ਸ਼ੱਕ ਹੋ ਗਿਆ ਕਿ ਭਾਈ ਸੁਖਦੇਵ ਸਿੰਘ ਬੱਬਰ ਦੀ ਬਾਜ਼ ਅੱਖ ਨੇ ਮੇਰੀ ਅਸਲੀਅਤ ਨੂੰ ਪਛਾਣ ਲਿਆ ਹੈ ਤੇ ਕਿਸੇ ਵੀ ਸਮੇਂ ਉਹ ਮੈਨੂੰ ਖਤਮ ਕਰ ਸਕਦੇ ਹਨ। ਇਸ ਵਿਅਕਤੀ ਨੇ ਪੰਜਾਬ ਪੁਲਿਸ ਦੇ ਇੱਕ ਅਫਸਰ ਤੱਕ ਪਹੁੰਚ ਕੀਤੀ ਕਿ ਜਿਸਨੂੰ ਤੁਸੀਂ ਪਾਕਿਸਤਾਨ 'ਚ ਬੈਠਾ ਸਮਝਦੇ ਹੋ ਉਹ ਤੇ ਪਟਿਆਲੇ ਬੈਠਾ ਹੈ। ਇਸਦੀ ਗੱਲ ਲੁਧਿਆਣੇ ਇੱਕ ਬੁੱਚੜ ਨਾਲ ਹੋਈ। ਉਸਨੇ ਆਪਣੇ ਖਾਸ ਨੂੰ ਦੱਸਿਆ ਕਿ ਰੌਲਾ ਨਹੀਂ ਪਾਉਣਾ, ਐਕਸ਼ਨ ਕਰੋ ਤੇ ਭਾਈ ਸੁਖਦੇਵ ਸਿੰਘ ਬੱਬਰ ਨੂੰ ਜਿੰਦਾ ਪਕੜੋ। ਭਾਈ ਸੁਖਦੇਵ ਸਿੰਘ ਬੱਬਰ ਉੱਤਰ ਪ੍ਰਦੇਸ਼ ਉਤਰਾਖੰਡ ਗਏ ਹੋਏ ਸਨ, 8 ਅਗਸਤ ਨੂੰ 1992 ਨੂੰ ਉਨ੍ਹਾਂ ਵਾਪਸ ਪਟਿਆਲੇ ਪਰਤਣਾ ਸੀ। ਪੂਰੀ ਸਹੀ ਮੁਖਬਰੀ ਉਸ ਮੁਖਬਰ ਗੱਦਾਰ ਨੇ ਕੀਤੀ ਹੋਈ ਸੀ। ਕਿਉਂਕਿ ਪੰਜਾਬ



ਪੁਲਿਸ ਨੇ ਅੱਜ ਤੱਕ ਬਿਨਾਂ ਮੁਖਬਰੀ ਤੋਂ ਕਿਸੇ ਵੀ ਖ਼ਾੜਕੂ ਨਹੀਂ ਪਕੜਿਆ ਸ਼ਾਇਦ? ਹਰ ਜਰਨੈਲ ਆਗੂ ਖ਼ਾੜਕੂ ਦੀ ਮੁਖਬਰੀ ਹੀ ਹੋਈ- ਉਹ ਭਾਵੇਂ ਭਾਈ ਰਸ਼ਪਾਲ ਸਿੰਘ ਛੰਦੜਾਂ, ਭਾਵੇਂ ਭਾਈ ਗੁਰਜੰਟ ਸਿੰਘ ਬੁੱਧ ਸਿੰਘ ਵਾਲਾ ਹੋਵੇ। 8 ਅਗਸਤ ਨੂੰ 1992 ਨੂੰ ਸ਼ੰਭੂ ਬਾਰਡਰ 'ਤੇ ਪੁਲਿਸ ਪਾਰਟੀ ਮੌਜੂਦ ਸੀ। ਗੱਡੀ ਨੰਬਰ ਪੁਲਿਸ ਕੋਲ ਸੀ, ਜਿਸ ਵਿਚ ਭਾਈ ਸੁਖਦੇਵ ਸਿੰਘ ਬੱਬਰ ਮੌਜੂਦ ਸੀ। ਭਾਈ ਸੁਖਦੇਵ ਸਿੰਘ ਅਰਬਨ ਅਸਟੇਟ ਕੋਠੀ 'ਚ ਦਾਖਲ ਹੁੰਦੇ ਹਨ ਦੇਰ ਰਾਤ। ਸਵੇਰੇ ਪੁਲਿਸ ਵਾਲਾ ਸਿਵਲ 'ਚ ਭੇਸ ਬਦਲ ਕੇ ਉਹ ਕੋਰਡ ਜੋ ਖਾਸ ਖਾਸ ਨੂੰ ਪਤਾ ਸੀ- ਉਹ ਕੋਰਡ ਸੀ ਕਿ ਅਗਰ ਕੋਠੀ ਦੀ ਘੰਟੀ ਇੱਕ ਵਾਰ ਵੱਜੇਗੀ ਤਾਂ ਕੋਈ ਆਮ ਵਿਅਕਤੀ ਹੋਵੇਗਾ ਤੇ ਕੋਠੀ ਅੰਦਰੋਂ ਕੋਈ ਹੋਰ ਆਵੇਗਾ ਪਰ ਅਗਰ ਲਗਾਤਾਰ 5 ਵਾਰ ਘੰਟੀ ਵੱਜੇਗੀ ਤਾਂ ਕੋਈ ਖਾਸ ਸੁਨੇਹਾ ਖਾਸ ਵਿਅਕਤੀ ਦਾ ਕੋਈ ਖਾਸ ਹੈ, ਫਿਰ ਖੁਦ ਭਾਈ ਸੁਖਦੇਵ ਸਿੰਘ ਬੱਬਰ ਕੋਠੀ 'ਚੋਂ ਬਾਹਰ ਆਉਣਗੇ। ਉਸ ਕੈਟ ਨੇ 5 ਵਾਰੀ ਜਦੋਂ ਘੰਟੀ ਮਾਰੀ ਤਾਂ ਭਾਈ ਸੁਖਦੇਵ ਸਿੰਘ ਬੱਬਰ ਅਭਿਆਸ ਕਰ ਰਹੇ ਸਨ ਕਛਹਿਰਾ ਬਨੈਣ 'ਚ ਬਾਹਰ ਆਏ ਕੋਲ ਕੋਈ ਹਥਿਆਰ ਨਹੀਂ ਸੀ ਹੁੰਦਾ 5 ਵਾਰ ਘੰਟੀ ਵੱਜਣ 'ਤੇ। ਉਹ ਕੈਟ ਪੁੱਛਦਾ ਹੈ 'ਤੁਹਾਡਾ ਨਾਮ' ਭਾਈ ਸਾਹਿਬ ਜੀ ਨੇ ਆਖਿਆ ਕਿ ਜਸਮੇਰ ਸਿੰਘ। ਉਸ ਕੈਟ ਨੇ ਰਿਵਾਲਵਰ ਭਾਈ ਸਾਹਿਬ ਵੱਲ ਸਿੱਧਾ ਕੀਤਾ ਕਿ ਸਾਨੂੰ ਪਤਾ ਹੈ ਤੂੰ ਕੌਣ ਹੈਂ, ਤੂੰ ਸੁਖਦੇਵ ਸਿੰਘ ਬੱਬਰ ਹੈਂ, ਏਨੇ ਨੂੰ ਲੁਕੇ ਹੋਏ ਪੁਲਿਸ ਪਾਰਟੀ ਦੇ ਬੰਦਿਆਂ ਨੇ ਭਾਈ ਸੁਖਦੇਵ ਸਿੰਘ ਜੀ ਨੂੰ ਗੱਡੀ ਚ ਸੁੱਟਿਆ। ਲੁਧਿਆਣੇ ਵਾਲੇ ਬੁੱਚੜ ਤੇ ਕੇ.ਪੀ. ਬੁੱਚੜ ਨੂੰ ਵਾਇਰਲੈਸ ਰਾਹੀਂ ਸੁਨੇਹਾ ਮਿਲਿਆ। ਭਾਈ ਸਾਹਿਬ 'ਤੇ ਅਥਾਹ ਤਸ਼ੱਦਦ ਢਾਹਿਆ ਕੁਝ ਹੀ ਘੰਟਿਆਂ ਅੰਦਰ। ਗਿੱਲ ਬੁੱਚੜ ਕਹਿੰਦਾ, ਸੁਖਦੇਵ ਸਿੰਘ ਨੂੰ ਬੱਬਰ ਖ਼ਾਲਸਾ ਨੇ ਛੁਡਵਾ ਲੈਣਾ ਇਸਦਾ ਬਹੁਤ ਸਮਾਂ ਜਿਉਂਦਾ ਰਹਿਣਾ ਪੁਲਿਸ ਦਾ ਵੱਡਾ ਨੁਕਸਾਨ ਹੋ ਸਕਦਾ ਹੈ, ਬਣਾਓ ਮੁਕਾਬਲਾ। ਫ਼ੇਰ ਭਾਈ ਸਾਹਿਬ ਨੂੰ ਅੱਧ ਮੋਈ ਹਾਲਤ ਚ ਕਾਰ 'ਚ ਪਾਇਆ ਗਿਆ। ਸਾਹਨੇਵਾਲ ਕੋਲ ਇੱਕ ਪਿੰਡ ਦੇ ਸੂਏ 'ਤੇ ਗੋਲੀਆਂ ਮਾਰ ਕੇ ਆਪ ਜੀ ਨੂੰ ਸ਼ਹੀਦ ਕਰ ਦਿੱਤਾ ਗਿਆ। ਉਸੇ ਦਿਨ 9 ਅਗਸਤ 1992 ਨੂੰ। ਇਹ ਅਸਲੀਅਤ ਹੈ ਭਾਈ ਸਾਹਿਬ ਜੀ ਦੇ ਝੂਠੇ ਮੁਕਾਬਲੇ ਦੀ। ਉਸ ਮੁਖਬਰ ਗੱਦਾਰ ਦੀਆਂ ਜੜ੍ਹਾਂ ਹੁਣ ਦਿੱਲੀ ਦਰਬਾਰ ਤੱਕ ਹਨ। ਰਾ, ਆਈ ਬੀ ਤੱਕ ਹਨ। ਮੀਡੀਆ ਨਾਲ ਸੰਬੰਧਤ ਹੋਣ ਕਰਕੇ ਮੇਰੇ ਕੋਲ ਵੀ ਅਹਿਮ ਇਨਪੁਟ ਆ ਹੀ ਜਾਂਦੀਆਂ ਹਨ। ਕਾਫੀ ਲੰਬੇ ਸਮੇਂ ਤੋਂ ਮੈਂ ਚਾਹੁੰਦਾ ਸੀ ਕਿ ਭਾਈ ਸੁਖਦੇਵ ਸਿੰਘ ਬੱਬਰ ਦੇ ਝੂਠੇ ਮੁਕਾਬਲੇ ਬਾਰੇ ਲਿਖਾਂ। ਫਿਰ ਫੈਸਲਾ ਕੀਤਾ ਕਿ 9 ਅਗਸਤ ਸ਼ਹੀਦੀ ਦਿਹਾੜਾ ਭਾਈ ਸੁਖਦੇਵ ਸਿੰਘ ਬੱਬਰ ਜੀ ਦੀ ਬਰਸੀ ਤੋਂ ਪਹਿਲਾਂ ਕੁਝ ਦਿਨ ਇਹ ਲੇਖ ਦੇਸ਼-ਵਿਦੇਸ਼ ਦੀਆਂ ਸੰਗਤਾਂ ਨਾਲ ਸਾਂਝਾ ਕਰਕੇ ਆਪਣਾ ਫਰਜ਼ ਅਦਾ ਕਰ ਦੇਵਾਂਗਾ ਸੋ ਇਹ ਫਰਜ਼ ਅੱਜ ਨਿਭਾ ਦਿੱਤਾ ਹੈ।

Punjab Times Vol 27, Issue 33, August 15, 2026 ਪੰਜਾਬ ਟਾਈਮਜ਼ ਸਾਲ 27, ਅੰਕ 33, 15 ਅਗਸਤ 2026 (26)

# ਕੱਚੀ-ਪੱਕੀ ਦੇ ਜਮਾਤੀ

## ਮੇਰੇ ਆਪਣੇ



**ਡਾ. ਗੁਰਬਖਸ਼ ਸਿੰਘ ਭੰਡਾਲ**
ਫੋਨ: 216-556-2080

***ਪੰਜਾਬ, ਪਿੰਡਾਂ ਵਿਚ ਵੱਸਦਾ ਤੇ ਪਿੰਡਾਂ ਵਿਚ ਰੱਬ ਵੱਸਦਾ ਕਿਉਂਕਿ ਪਿੰਡਾਂ ਵਿਚ ਹੀ ਵੱਸਦੇ ਸਨ ਰੱਬ ਵਰਗੇ ਫਰਿਸ਼ਤਾ ਲੋਕ। ਪਿੰਡ ਦੇ ਸਮਾਜਿਕ ਰੰਗਾਂ ਦੀ ਖੂਬਸੂਰਤੀ ਵਿਚ ਵੱਖ-ਵੱਖ ਕਿੱਤਿਆਂ, ਜਾਤਾਂ ਤੇ ਧਰਮਾਂ ਦੇ ਲੋਕਾਂ ਦਾ ਆਪਸੀ ਸਹਿਚਾਰ, ਭਾਈਚਾਰਕ ਸਾਂਝ, ਇਕ ਦੂਜੇ ਦੇ ਕੰਮ ਆਉਣ ਦਾ ਜਜ਼ਬਾ, ਲੋੜਾਂ ਤੇ ਥੋੜ੍ਹਾਂ ਨੂੰ ਸਮਝਣ ਅਤੇ ਪੂਰਾ ਕਰਨ ਦੀ ਤਤਪਰਤਾ ਆਦਿ ਸਭ ਸ਼ਾਮਲ ਹੁੰਦਾ ਸੀ। ਪੇਂਡੂਆਂ ਦੇ ਮਨਾਂ ਦੀ ਪਾਕੀਜ਼ਗੀ ਤੇ ਸਾਦਗੀ ਦੀ ਸੰਗਤ ਵਿਚ ਮੌਲਦੀਆਂ ਨਸਲਾਂ ਨੇ ਆਪਣੇ ਪੁਰਖਿਆਂ ਦੀਆਂ ਸੁਮੱਤਾਂ ਅਤੇ ਸਮਝੌਤਿਆਂ ਵਿਚੋਂ ਆਪਣੀ ਸੁਪਨਸਾਜ਼ੀ ਨੂੰ ਪ੍ਰਵਾਜ਼ ਦਿੱਤੀ। ਕੁਝ ਲੋਕ ਆਮ ਹੁੰਦਿਆਂ ਵੀ ਖਾਸਮ-ਖਾਸ ਹੋਏ ਮੇਰੇ ਚੇਤਿਆਂ ਵਿਚ ਵੱਸਦੇ ਨੇ ਜਿਨ੍ਹਾਂ ਦਾ ਸ਼ਾਬਦਿਕ ਚਿੱਤਰ ਪੰਜਾਬੀ ਪਿਆਰਿਆਂ ਲਈ ਹਾਜ਼ਰ ਹੈ। ਸ਼ਾਇਦ ਇਹ ਲੋਕ ਸਾਡੇ ਸਾਰਿਆਂ ਦੇ ਹੀ ਚੇਤਿਆਂ ਵਿਚ ਵੱਸਦੇ ਹਨ ਕਿਉਂਕਿ ਇਹ ਸਾਡੇ ਆਪਣੇ ਲੋਕ ਸਨ। ਤੁਸੀਂ ਇਨ੍ਹਾਂ ਰਾਹੀਂ ਆਪਣੇ ਵਿਰਸੇ ਨੂੰ ਜ਼ਰੂਰ ਯਾਦ ਕਰਨਾ। ਇਹੀ ਉਨ੍ਹਾਂ ਨੂੰ ਸਭ ਤੋਂ ਵੱਡੀ ਅਕੀਦਤ ਹੋਵੇਗੀ।***

ਕੱਚੀ-ਪੱਕੀ ਦੀ ਪੜ੍ਹਾਈ ਦੇ ਦਿਨ, ਬੇਫ਼ਿਕਰੀ ਤੇ ਮਸਤੀ ਵਾਲੇ। ਘਰੋਂ ਆਪੋ ਆਪਣੀ ਬੋਰੀ ਲੈ ਕੇ ਜਾਣਾ। ਮੋਢੇ 'ਤੇ ਮਾਂ ਦੇ ਹਥੀਂ ਬਣਾਏ ਝੋਲੇ ਵਿਚ ਕੈਦਾ, ਕਲਮ, ਸਿਆਹੀ, ਸਲੇਟੀ, ਸਲੇਟ ਅਤੇ ਹੱਥ ਵਿਚ ਫੜੀ ਫੱਟੀ। ਸਕੂਲ ਦਾ ਮਾਹੌਲ ਬਹੁਤ ਹੀ ਅਪਣੱਤ ਵਾਲਾ ਤੇ ਚੁਲਬੁਲਾ। ਅਧਿਆਪਕ ਹਰ ਦਮ ਆਹਰੇ ਲਾਈ ਰੱਖਦੇ। ਕਦੇ ਪੂਰਨਿਆਂ 'ਤੇ ਲਿਖਾਈ, ਕਦੇ ਪਹਾੜੇ ਰਟਾਉਂਦੇ। ਹੇਕਾਂ ਲਾ ਕੇ ਪੜ੍ਹਦੇ ਜਵਾਕਾਂ ਦਾ ਜੋਸ਼ ਦੇਖਣ ਵਾਲਾ ਹੁੰਦਾ। ਅੱਧੀ ਛੁੱਟੀ ਵੇਲੇ ਸਕੂਲ ਦੇ ਨੇੜੇ ਛੱਪੜ ਦੇ ਕੰਢੇ 'ਤੇ ਬਹਿ ਕੇ ਗਾਚਣੀ ਨਾਲ ਫੱਟੀਆਂ ਪੋਚਣੀਆਂ। ਪੋਟਿਆਂ ਨਾਲ ਫੱਟੀ ਦੇ ਆਲੇ-ਦੁਆਲੇ ਹਾਸ਼ੀਆ ਵਾਹੁਣਾ ਅਤੇ ਫਿਰ ਸੂਰਜ ਨੂੰ ਫੱਟੀ ਸੁਕਾਉਣ ਲਈ ਬੁਲਾਉਣਾ। ਮਾਸਟਰਾਂ ਨੇ ਕਾਨੇ ਦੀ ਕਲਮ ਘੜ ਕੇ ਦੇਣੀ, ਦਵਾਤ ਵਿਚ ਸਿਆਹੀ ਘੋਲਣੀ, ਕਦੇ-ਕਦੇ ਮੰਗਵੇਂ ਡੁੱਬਕੇ ਲੈਣਾ, ਸਲੇਟ 'ਤੇ ਲਿਖਣ ਲਈ ਸਲੇਟੀ ਨੂੰ ਤੋੜ ਕੇ ਟੁਕੜੇ ਵੰਡ ਲੈਣਾ ਆਦਿ ਬਚਪਨੀ ਪੜ੍ਹਾਈ ਦੇ ਉਹ ਦਿਨ ਕਮਾਲ ਦੇ ਸਨ। ਸਾਰੀ ਛੁੱਟੀ ਹੋਣ ਤੋਂ ਪਹਿਲਾਂ ਦਾ ਸਮਾਂ ਹੋਣ ਕਾਰਨ ਛੁੱਟੀ ਹੋਣ ਦੇ ਚਾਅ ਵਿਚ ਉਚੀ-ਉਚੀ ਹੇਕਾਂ ਲਾਉਂਦੇ। ਇਹ ਅਚੇਤ ਰੂਪ ਵਿਚ ਪਹਾੜੇ ਚੇਤੇ ਕਰਨ ਦਾ ਤਰੀਕਾ ਸੀ ਤਾਂ ਹੀ ਪਹਾੜੇ ਹੁਣ ਤੀਕ ਯਾਦ ਆ। ਸੁਪਨਿਆਂ ਨੂੰ ਮਨ ਦੀ ਜੂਹੇ ਬੀਜਣਾ ਅਤੇ ਇਸ ਨਾਲ ਭਵਿੱਖ ਨੂੰ ਰੁਸ਼ਨਾਉਣਾ, ਅਜੇਹਾ ਕਰਮ ਸੀ ਜੋ ਸਾਨੂੰ ਸੁੱਤੇ-ਸਿੱਧ ਹੀ ਬਹੁਤ ਕੁਝ ਸਿਖਾ ਤੇ ਸਮਝਾਅ ਗਿਆ।

ਮਾਸਟਰਾਂ ਵਲੋਂ ਪੂਰਨੇ ਪਾ ਕੇ ਦੇਣਾ ਹੀ ਬੱਚਿਆਂ ਦੀ ਅੱਖਰਕਾਰੀ ਵਿਚ ਨਿਖਾਰ ਲਿਆਉਂਦਾ ਸੀ। ਛੇਵੀਂ ਜਮਾਤ ਵਿਚ ਅੰਗਰੇਜ਼ੀ ਸ਼ੁਰੂ ਹੋਣ 'ਤੇ 'ਜੀ' ਦੀ ਨਿੱਬ ਵਾਲੇ ਡਰੰਕ ਨਾਲ ਹੀ ਅੰਗਰੇਜ਼ੀ ਲਿਖੀਦੀ ਸੀ। ਪੈੱਨ ਵਰਤਣ ਦੀ ਮਨਾਹੀ ਸੀ। ਤਾਂ ਹੀ ਉਸ ਪੀੜ੍ਹੀ ਦੀ ਲਿਖਾਈ ਮੋਤੀਆਂ ਵਰਗੀ। ਮਾਸਟਰ ਜਾਣਦੇ ਸਨ ਕਿ ਲਿਖਾਈ ਵਿਚੋਂ ਹੀ ਕਿਸੇ ਦੇ ਵਿਅਕਤੀਤਵ ਨੂੰ ਪੜ੍ਹਿਆ ਜਾ ਸਕਦਾ। ਤਾਂ ਹੀ ਅਜੋਕੇ ਸਮੇਂ ਵਿਚ ਵੱਡੇ-ਵੱਡੇ ਅਦਾਰੇ ਹੱਥ ਲਿਖਤ ਅਰਜ਼ੀ ਮੰਗਦੇ ਤਾਂ ਕਿ ਉਹ ਕਿਸੇ ਯੋਗ ਉਮੀਦਵਾਰ ਦੇ ਵਿਅਕਤੀਤਵ ਗੁਣਾਂ ਨੂੰ ਜਾਣ ਸਕਣ।



ਮੈਂ ਜਦ ਵੀ ਆਪਣੇ ਜਮਾਤੀਆਂ ਨੂੰ ਯਾਦ ਕਰਦਾਂ ਤਾਂ ਲੱਗਦਾ ਕਿ ਉਸ ਸਮੇਂ ਦੀਆਂ ਮਾਸੂਮ ਭਰਾਤਰੀ ਸਾਂਝਾਂ ਦਾ ਰੰਗ ਬਹੁਤ ਮਜੀਠ ਸੀ। ਜਾਤ-ਪਾਤ ਆਦਿ ਦਾ ਕੋਈ ਭਿੰਨ ਭਾਵ ਨਹੀਂ ਸੀ। ਦਰਅਸਲ ਸਕੂਲੀ ਵਾਤਾਵਰਣ ਕੋਰੇ ਮਨਾਂ 'ਤੇ ਜੀਵਨੀ ਜਾਚ ਦੇ ਗੂੜ੍ਹੇ ਨਕਸ਼ ਅਛੋਪਲੇ ਹੀ ਉਕਰ ਗਿਆ। ਤਾਂ ਹੀ ਉਸ ਵਕਤ ਦੀਆਂ ਸਾਂਝਾਂ ਅਜੇ ਤੀਕ ਵੀ ਬਰਕਰਾਰ ਨੇ ਭਾਵੇਂ ਜਮਾਤੀਆਂ ਵਿਚੋਂ ਹਰੇਕ ਨੇ ਵੱਖੋ-ਵੱਖਰੀਆਂ ਰਾਹਾਂ ਮੱਲੀਆਂ, ਮੰਜ਼ਲਾਂ ਸਰ ਕੀਤੀਆਂ, ਸੁਪਨੇ ਪੂਰੇ ਕੀਤੇ ਅਤੇ ਆਪਣੀ ਜ਼ਿੰਦਗੀ ਨੂੰ ਆਪਣੇ ਰੰਗ-ਢੰਗ ਨਾ ਜੀਵਿਆ। ਪਰ ਕਈ ਵਾਰ ਇੰਝ ਵੀ ਲੱਗਦਾ ਕਿ ਕੁਝ ਬਹੁਤ ਹੀ ਹੁਸ਼ਿਆਰ ਜਮਾਤੀ ਸਨ ਜਿਹੜੇ ਆਰਥਿਕ ਮੰਦਹਾਲੀ, ਘਰ ਦੀਆਂ ਤੰਗੀਆਂ-ਤੁਰਸ਼ੀਆਂ ਅਤੇ ਅਣਸੁਖਾਵੇਂ ਹਾਲਾਤ ਕਾਰਨ ਉਹ ਕੁਝ ਨਾ ਪ੍ਰਾਪਤ ਕਰ ਸਕੇ ਜਿਹੜਾ ਕੁਝ ਉਹ ਕਰ ਸਕਦੇ ਸਨ।

ਸਾਡੇ ਸਾਰਿਆਂ ਦੇ ਮਾਪੇ ਲਗਭਗ ਅਨਪੜ੍ਹ ਹੀ ਸਨ। ਇਹ ਤਾਂ ਅਧਿਆਪਕਾਂ ਦੀ ਪ੍ਰੇਰਨਾ, ਹੱਲਾਸ਼ੇਰੀ ਅਤੇ ਸਰਪ੍ਰਸਤੀ ਕਮਾਲ ਸੀ। ਉਹ ਹਰ ਇਕ ਨੂੰ ਸੇਧ ਦਿੰਦੇ, ਕੁਝ ਨਾ ਕੁਝ ਬਣਨ ਲਈ ਮਿਹਨਤ ਕਰਨ ਵੱਲ ਰੁਚਿਤ ਕਰਦੇ। ਇਸੇ ਪ੍ਰਤੀਬੱਧਤਾ ਕਾਰਨ ਹੀ ਕੁਝ ਕੁ ਵਿਦਿਆਰਥੀ ਜੇਕਰ ਮੱਲਾਂ ਮਾਰ ਸਕੇ ਤਾਂ ਅਧਿਆਪਕਾਂ ਦੀ ਦੇਣਦਾਰੀ ਨੂੰ ਸਲਾਮ ਕਰਨਾ ਬਣਦਾ।

ਮੈਂ ਜਦ ਪਿੱਛਲਝਾਤੀ ਮਾਰਦਾਂ ਤਾਂ ਬੜਾ ਦੁੱਖ ਹੁੰਦਾ ਕਿ ਅੱਠਵੀਂ ਵਿਚ ਪਿੰਡ ਅਤੇ ਆਸ- ਪਾਸ ਦੇ ਨੇੜਲੇ ਪਿੰਡਾਂ ਦੇ ਸਿਰਫ਼ 25 ਲੜਕੇ ਤੇ ਤਿੰਨ ਲੜਕੀਆਂ ਵਿਚੋਂ ਇਕ ਲੰਬੜਦਾਰਾਂ ਦੀ ਭਜਨੋ, ਦੂਸਰੀ ਕੋਠੀ ਵਾਲਿਆਂ ਦੀ ਦੀਪਾਂ ਅਤੇ ਤੀਸਰੀ ਹੱਟੀ ਵਾਲਿਆਂ ਦੀ ਭਜਨੋ ਸੀ। ਪਰ ਇਨ੍ਹਾਂ ਵਿਚੋਂ ਕਿੰਨਿਆਂ ਨੇ ਦਸਵੀਂ ਕੀਤੀ, ਕਿੰਨੇ ਕਾਲਜ ਦੀ ਪੜ੍ਹਾਈ ਪੂਰੀ ਕਰ ਸਕੇ ਅਤੇ ਕਿੰਨੇ ਐਮਏ/ਐਮਐਸਸੀ ਕਰਨ ਲਈ ਯੂਨੀਵਰਸਿਟੀ ਗਏ ਤਾਂ ਪਤਾ ਲੱਗਦਾ ਕਿ ਸਾਡੀ ਅੱਠਵੀਂ ਜਮਾਤ ਵਿਚੋਂ ਸਿਰਫ਼ ਦੋ ਜਣੇ ਪੋਸਟ ਗਰੈਜੂਏਟ ਹੋਏ ਜਿਨ੍ਹਾਂ ਵਿਚੋਂ ਇਕ ਪੀਐਚਡੀ। ਸਵਾਲ ਹੈ ਕਿ ਅਜੇਹਾ ਕਿਉਂ? ਜਦ ਕਿ ਪਿੰਡਾਂ ਦੇ ਵਿਦਿਆਰਥੀ ਜ਼ਿਆਦਾ ਹੁਸ਼ਿਆਰ ਅਤੇ ਮਿਹਨਤੀ ਹੁੰਦੇ। ਪਿੰਡ ਦੇ ਜਵਾਕਾਂ ਵਿਚ ਉਚੇਰੀ ਪੜ੍ਹਾਈ ਪ੍ਰਤੀ ਜਾਗਰੂਕਤਾ ਦੀ ਘਾਟ, ਪੜ੍ਹਾਈ ਦੇ ਮੌਕੇ ਨਾ ਮਿਲਣਾ, ਆਰਥਿਕ ਸਾਧਨਾਂ ਦੀ ਕਮੀ, ਮਾਪਿਆਂ ਵਿਚ ਪੜ੍ਹਾਈ ਦੀ ਅਹਿਮੀਅਤ ਦਾ ਪਤਾ ਨਾ ਹੋਣਾ ਆਦਿ ਕਈ ਕਾਰਨ ਸਨ। ਇਸ ਕਰਕੇ ਹੀ ਪਿੰਡਾਂ ਵਾਲੇ ਪੱਛੜ ਜਾਂਦੇ ਰਹੇ।

ਮੇਰੇ ਜਮਾਤੀਆਂ ਵਿਚੋਂ ਕੁਝ ਤਾਂ ਦਸਵੀਂ ਕਰਨ ਤੋਂ ਬਾਅਦ ਫੌਜ ਵਿਚ ਭਰਤੀ ਹੋ ਗਏ। ਕੁਝ ਵਾਹੀ ਕਰਨ ਲੱਗੇ ਅਤੇ ਕੁਝ ਆਪਣੇ ਪਿੱਤਰੀ ਕਿੱਤਿਆਂ ਵਿਚ ਰੁੱਝ ਗਏ। ਤਿੰਨਾਂ ਲੜਕੀਆਂ ਵਿਚੋਂ ਤਾਂ ਕੋਈ ਵੀ ਦਸਵੀਂ ਤੋਂ ਬਾਅਦ ਨਹੀਂ ਪੜ੍ਹੀ। ਲੜਕਿਆਂ ਦੇ ਮਾਪਿਆਂ ਵਿਚ ਆਪਣੀ ਔਲਾਦ ਨੂੰ ਹਰ ਹਾਲਤ ਵਿਚ ਵਿਦੇਸ਼ ਭੇਜਣ ਦੀ ਪ੍ਰਬਲ ਇੱਛਾ ਸੀ। ਪੜ੍ਹਾਈ ਨਾਲੋਂ ਵਿਦੇਸ਼ ਜਾਣ ਲਈ ਪੈਸਾ ਖਰਚਣ ਲੱਗਿਆਂ ਝੱਟ ਨਹੀਂ ਸੀ ਲਾਉਂਦੇ। ਇਹ ਵਰਤਾਰਾ ਅਜੋਕੇ ਸਮੇਂ ਵਿਚ ਵੀ ਬਾਦਸਤੂਰ ਜਾਰੀ ਹੈ।

ਦਰਅਸਲ ਦੁਆਬੇ ਵਿਚ ਸਾਡੇ ਸਮਿਆਂ ਵਿਚ ਸੱਭ ਤੋਂ ਵੱਡੀ ਦੌੜ ਸੀ ਕਿ ਕਿਸੇ ਨਾ ਕਿਸੇ ਤਰੀਕੇ ਇੰਗਲੈਂਡ ਵਗੈਰਾ ਬਾਹਰ ਜਾਇਆ ਜਾਵੇ। ਇਸ ਲਈ ਅਕਸਰ ਹੀ ਏਜੰਟਾਂ ਰਾਹੀਂ ਜਾਂ ਵਿਆਹ ਕਰਵਾ ਜਾਂ ਕੋਈ ਸਹੀ/ਗਲਤ ਤਰੀਕਾ/ਹਰਬਾ ਵਰਤਿਆ ਜਾਂਦਾ। ਮੇਰੇ ਜਮਾਤੀਆਂ ਵਿਚੋਂ ਬਲਵੰਤ ਸਿੰਘ ਐਮ.ਏ. ਦੀ ਪੜ੍ਹਾਈ ਵਿੱਚੇ ਛੱਡ ਕੇ ਜਰਮਨੀ ਚਲੇ ਗਿਆ। ਪਰ ਕੁਝ ਸਾਲ ਲਾ ਕੇ ਵਾਪਸ ਪਰਤ ਆਇਆ ਅਤੇ ਪੱਕੇ ਤੌਰ 'ਤੇ ਪਿੰਡ ਹੀ ਵੱਸ ਗਿਆ। ਉਸਦੇ ਦੋਵੇਂ ਬੇਟੇ ਅਮਰੀਕਾ ਅਤੇ ਆਸਟਰੇਲੀਆ ਵੱਸੇ ਹੋਏ ਹਨ। ਪਿੰਡ ਜਾਵਾਂ ਤਾਂ ਉਸ ਨਾਲ ਬੀਤੇ ਦੀਆਂ ਗੱਲਾਂ ਕਰਕੇ ਭਰਿਆ ਮਨ ਫਰੋਲਦਾ ਹਾਂ। ਮੇਰੇ ਜਮਾਤੀਆਂ ਵਿਚੋਂ ਸਿਰਫ਼ ਦੋ/ਤਿੰਨ ਹੀ ਪਿੰਡ ਰਹਿੰਦੇ ਹਨ ਬਾਕੀ ਤਾਂ ਵੱਖ-ਵੱਖ ਦੇਸ਼ਾਂ ਵਿਚ ਆਪੋ-ਆਪਣੇ ਆਲ੍ਹਣਿਆਂ ਦਾ ਨਿੱਘ ਮਾਣ ਰਹੇ ਹਨ। ਸ਼ਿਵਦੇਵ ਨੇ ਦਸਵੀਂ ਤੋਂ ਬਾਅਦ ਕੁਝ ਸਮਾਂ ਪੈਪਸੂ ਰੋਡ ਵਿਚ ਕੰਡਕਟਰੀ ਕੀਤੀ ਅਤੇ ਫਿਰ ਵਿਆਹ ਕਰਵਾ ਕੇ ਇੰਗਲੈਂਡ ਵੱਸ ਗਿਆ। ਰਣਜੀਤ ਕਾਲਜ ਦੀ ਪੜ੍ਹਾਈ ਵਿਚੇ ਛੱਡ ਕੇ ਏਜੰਟਾਂ ਰਾਹੀਂ ਇੰਗਲੈਂਡ ਆ ਗਿਆ। ਇਥੇ ਹੀ ਵਿਆਹ ਕਰਵਾ ਕੇ ਹੁਣ ਰਾਧਾ-ਸਵਾਮੀ ਬਣਿਆ ਰਿਟਾਇਰਡ ਜ਼ਿੰਦਗੀ ਦਾ ਰੰਗ ਮਾਣ ਰਿਹਾ ਹੈ। ਹੈਰਾਨੀ ਹੁੰਦੀ ਹੈ ਕਿ ਬੰਦਾ ਇੰਝ ਕਿਉਂ ਬਦਲ ਜਾਂਦਾ ਕਿਉਂਕਿ ਮੇਰੇ ਜਮਾਤੀਆਂ ਵਿਚੋਂ ਕੁਝ ਤਾਂ ਰਾਧਾ ਸਵਾਮੀ ਬਣ ਗਏ, ਕੁਝ ਅੰਮ੍ਰਿਤਧਾਰੀ ਹੋ ਗਏ, ਕੁਝ ਕਾਮਰੇਡ ਬਣ ਗਏ, ਪਰ ਉਨ੍ਹਾਂ ਅੰਦਰਲਾ ਬੰਦਾ ਕਿਧਰ ਗਿਆ? ਸ਼ਾਇਦ ਮਨੁੱਖਤਾ ਮਈ ਧਰਮ ਬਹੁਤ ਪਿਛਾਂਹ ਰਹਿ ਗਿਆ ਹੈ। ਊਧਮ ਐਮ.ਏ. ਕਰਕੇ ਵਿਆਹ ਕਰਵਾ ਅਮਰੀਕਾ ਉਡਾਰੀ ਮਾਰ ਗਿਆ। ਨਿੰਦਰ ਤਾਂ ਅੱਠਵੀਂ ਤੋਂ ਬਾਅਦ ਕਦੇ ਮਿਲਿਆ ਨਹੀਂ। ਪਰ ਪਤਾ ਹੈ ਕਿ ਉਹ ਵੀ ਕਿਸੇ ਤਰੀਕੇ ਆਸਟਰੇਲੀਆ ਪਹੁੰਚ ਗਿਆ ਸੀ ਅਤੇ ਹੁਣ ਉਥੇ ਹੀ ਰਹਿੰਦਾ ਹੈ। ਹੱਟੀ ਵਾਲਿਆਂ ਦਾ ਮੀਤਾ ਦੁੱਧ ਘਿਓ ਦੇ ਦੇਸ਼ ਡੈਨਮਾਰਕ ਵਿਚ ਰੰਗ ਭਾਗ ਲਾਈ ਬੈਠਾ ਹੈ, ਜੋ ਆਪਣੀ ਹੱਟੀ ਤੋਂ ਕਦੇ-ਕਦਾਈਂ ਫੁੱਲੀਆਂ ਜਾਂ ਪਤਾਸਿਆਂ ਨਾਲ ਸਾਡਾ ਮਿੱਠਾ ਮੂੰਹ ਕਰਵਾ ਦਿੰਦਾ ਸੀ। ਅਮਰੀਕ ਨੇ ਆਪਣੇ ਬਾਪ ਦਾ ਪਿਤਾ-ਪੁਰਖੀ ਕਿੱਤਾ ਸਾਂਭ ਕੇ ਟੈਂਪੂ ਚਲਾਉਣਾ ਸ਼ੁਰੂ ਕਰ ਦਿੱਤਾ ਸੀ। ਬਾਅਦ ਵਿਚ ਉਸਦੀ ਬੇਟੀ ਅਤੇ ਬੇਟਾ ਕੈਨੇਡਾ ਆ ਗਏ। ਕੈਨੇਡਾ ਰਹਿੰਦਿਆਂ ਕਦੇ ਕਦਾਈਂ ਮੈਨੂੰ ਮਿਲ ਪੈਂਦਾ ਸੀ। ਹੁਣ ਤਾਂ ਕਈ ਸਾਲ ਹੋ ਗਏ ਉਸਨੂੰ ਮਿਲਿਆਂ। ਕਾਲੀ ਕਿਆਂ ਦਾ ਜਗੀਰ ਫੌਜ ਵਿਚ ਚਲੇ ਗਿਆ, ਰਿਟਾਇਰ ਹੋ ਕੇ ਪਾਠੀ ਬਣਿਆ ਅਤੇ ਅੱਜ ਕੱਲ੍ਹ ਆਪਣੇ ਬੱਚਿਆਂ ਕੋਲ ਕੈਨੇਡਾ ਰਹਿੰਦਾ ਹੈ। ਗੁਲਜਾਰੀ ਅੱਜ-ਕੱਲ੍ਹ ਇੰਗਲੈਂਡ ਵਿਚ ਆਪਣੇ ਬੇਟੇ ਕੋਲ ਰਹਿੰਦਾ ਹੈ, ਜਿਸਨੇ ਗੋਰੀ ਨਾਲ ਵਿਆਹ ਕਰਵਾ ਕੇ ਪੱਕਾ ਹੋਣ ਦੀ ਜੁਗਤ ਬਣਾ ਲਈ। ਘੁੱਗ ਬੇਟ ਦਾ ਜੀਤਾ ਤਾਂ ਫ਼ੌਜ ਵਿਚ ਭਰਤੀ ਹੋ ਗਿਆ ਸੀ ਜਦ ਕਿ ਖੁੱਖਰੈਣ ਦਾ ਮੱਸਾ ਸਿੰਘ ਦੋ ਕੁ ਸਾਲ ਕਾਲਜ ਵਿਚ ਲਾ ਕੇ ਫਿਰ ਵਾਹੀ ਵਿਚ ਹੀ ਸਾਰੀ ਉਮਰ ਰੁੱਝਾ ਰਿਹਾ। ਨਰਕਟਾਂ ਦਾ ਜੋਗਿੰਦਰ ਪੰਜਾਬ ਬਿਜਲੀ ਬੋਰਡ ਵਿਚੋਂ ਰਿਟਾਇਰ ਹੋਇਆ ਹੈ ਅਤੇ ਸੁਰਿੰਦਰਪਾਲ ਪਹਿਲਾਂ ਤਾਂ ਡੁਬਈ ਚਲੇ ਗਿਆ ਅਤੇ ਬਾਅਦ ਵਿਚ ਵਾਪਸ ਆ ਕੇ ਮਕਾਨ ਉਸਾਰੀ ਦਾ ਮਿਸਤਰੀ ਬਣ ਗਿਆ। ਕੁਝ ਦਾ ਤਾਂ ਪਤਾ ਨਹੀਂ ਲੱਗ ਸਕਿਆ ਕਿ ਜੀਵਨ ਨੇ ਉਨ੍ਹਾਂ ਨੂੰ ਕਿਹੜੇ ਰਾਹਾਂ ਦਾ ਪਾਂਧੀ ਬਣਾਇਆ? ਗੋਮਾ ਤਾਂ ਆਪਣੀ ਵਾਹੀ ਵਿਚ ਹੀ ਇੰਨਾ ਰੁੱਝ ਗਿਆ ਕਿ ਉਸਨੇ ਹੋਰ ਪੜ੍ਹਾਈ ਦਾ ਵਿਚਾਰ ਹੀ ਤਿਆਗ ਦਿੱਤਾ। ਉਸਦਾ ਪੋਤਾ ਅੱਜ-ਕੱਲ੍ਹ ਕੈਨੇਡਾ ਵਿਚ ਆ ਗਿਆ ਹੈ। ਪਰ ਪਤਾ ਨਹੀਂ ਕਿਉਂ ਉਹ ਅੱਜ-ਕੱਲ੍ਹ ਜ਼ਿੰਦਗੀ ਤੋਂ ਉਚਾਟ ਹੋਇਆ ਮਾਨਸਿਕ ਰੋਗੀ ਬਣ ਗਿਆ ਹੈ। 'ਕੇਰਾਂ ਮੈਂ ਖਾਸ ਤੌਰ 'ਤੇ ਉਸਨੂੰ ਘਰ ਜਾ ਕੇ ਮਿਲਿਆ ਪਰ ਚਾਹੁੰਦਿਆਂ ਹੋਇਆਂ ਵੀ ਮੈਂ ਉਸ ਨਾਲ ਬਚਪਨੀ ਦਿਨਾਂ ਦਾ ਰੰਗ ਨਾ ਮਾਣ ਸਕਿਆ। ਕਈ ਵਾਰ ਦਿਲਾਂ ਵਿਚ ਪਈ ਗੰਢ ਕਿਸੇ ਨੂੰ ਦਿਖਾਈ ਨਹੀਂ ਦਿੰਦੀ। ਕੌਣ ਜਾਣੇ ਦਿਲਾਂ ਦੇ ਮਾਮਲੇ ਕਿਉਂਕਿ ਦਿਲ ਦਰਿਆ ਸਮੁੰਦਰੋਂ ਡੂੰਘੇ ਕੌਣ ਦਿਲਾਂ ਦੀਆਂ ਜਾਣੇ।

ਮੇਰੇ ਘਰਦਿਆਂ ਨੇ ਬੜਾ ਚਾਹਿਆ ਸੀ ਕਿ ਮੈਂ ਵੀ ਕਿਸੇ ਤਰੀਕੇ ਬਾਹਰ ਚਲਾ ਜਾਂਵਾਂ ਪਰ ਕੁਦਰਤ ਨੂੰ ਕੁਝ ਹੋਰ ਹੀ ਮਨਜ਼ੂਰ ਸੀ। ਆਖਰ ਨੂੰ ਮੈਂ ਵੀ ਪੰਜਾਹ ਸਾਲ ਦੀ ਉਮਰ ਵਿਚ ਪ੍ਰਦੇਸੀ ਹੋ ਗਿਆ। ਪਰਿਵਾਰ ਸਮੇਤ ਪਹਿਲਾਂ ਕੈਨੇਡਾ ਅਤੇ ਬਾਅਦ ਵਿਚ ਅਮਰੀਕਾ ਆ ਕੇ ਵੱਸ ਗਿਆ। ਦਰਅਸਲ ਜੀਵਨ ਨੇ ਕਿਹੜੇ ਮੋੜ 'ਤੇ ਕਿਹੜਾ ਰਾਹ ਅਖਤਿਆਰ ਕਰਨਾ, ਕਿਸ ਤਰ੍ਹਾਂ ਦਾ ਫੈਸਲਾ ਤੁਹਾਨੂੰ ਲੈਣਾ ਪੈਣਾ ਅਤੇ ਕਿਹੜੀਆਂ ਪੈੜਾਂ ਨੇ ਤੁਹਾਡੇ ਸੁਪਨਿਆਂ ਦਾ ਸੱਚ ਬਣਨਾ, ਇਹ ਸਮੇਂ ਦੀ ਕੁੱਖ ਵਿਚ ਹੁੰਦਾ ਜਿਸਦਾ ਸਾਨੂੰ ਜ਼ਿਆਦਾਤਰ ਪਤਾ ਨਹੀਂ ਹੁੰਦਾ।

ਕਦੇ ਕਹਿੰਦੇ ਸਨ ਕਿ ਕੁੜੀਆਂ ਤਾਂ ਚਿੜੀਆਂ ਹੁੰਦੀਆਂ ਜਿਨ੍ਹਾਂ ਨੇ ਉਡਾਰੀ ਮਾਰ ਜਾਣੀ। ਪਰ ਹੁਣ ਅਜੇਹਾ ਨਹੀਂ ਹੁਣ ਤਾਂ ਮੁੰਡੇ ਅਤੇ ਕੁੜੀਆਂ ਦੋਵੇਂ ਹੀ ਉਡਾਰੀ ਮਾਰ ਜਾਂਦੇ ਹਨ। ਤਾਂ ਹੀ ਹੁਣ ਪਿੰਡ ਖਾਲੀ ਹਨ। ਸਿਰਫ਼ ਵੱਡੇ-ਵੱਡੇ ਘਰਾਂ ਵਿਚ ਬਜ਼ੁਰਗਾਂ ਨੂੰ ਦੇਖਿਆ ਜਾ ਸਕਦਾ ਜਿਹੜੇ ਆਪਣੇ ਦਰਾਂ 'ਤੇ ਧੀਆਂ/ਪੁੱਤਾਂ ਦੀ ਦਸਤਕ ਉਡੀਕਦਿਆਂ ਬੁੱਢੇ ਹੋ ਰਹੇ ਹਨ। ਕਈ ਵਾਰ ਤਾਂ ਉਹ ਦਸਤਕ ਸੁਣੇ ਬਗੈਰ ਹੀ ਦੁਨੀਆਂ ਤੋਂ ਕੂਚ ਕਰ ਜਾਂਦੇ ਹਨ।

ਮਨ ਬਹੁਤ ਮਸੋਸਿਆ ਜਾਂਦਾ ਸੀ ਜਦ ਮੈਂ ਕਪੂਰਥਲੇ ਰਣਧੀਰ ਕਾਲਜ ਵਿਚ ਪੜ੍ਹਾਉਂਦਿਆਂ ਕਈ ਵਾਰ ਆਪਣੇ ਕੱਚੀ-ਪੱਕੀ ਦੇ ਆੜੀਆਂ ਨੂੰ ਮਿਲਦਾ ਜੋ ਜ਼ਿੰਦਗੀ ਦੀ ਦੌੜ ਵਿਚ ਬਹੁਤ ਪੱਛੜ ਗਏ। ਉਹ, ਉਹ ਕੁਝ ਨਾ ਕਰ ਸਕੇ ਜਿਹੜਾ ਉਹ ਕਰ ਸਕਦੇ ਸਨ। ਜਾਤੀਕਿਆਂ ਦਾ ਮਾਧੋ ਰੇੜ੍ਹਾ ਵਾਹੁਣ ਲੱਗ ਪਿਆ। ਜਦ ਕਦੇ ਸ਼ਹਿਰ ਵਿਚ ਟੱਕਰ ਪੈਣਾ ਤਾਂ ਮੈਨੂੰ ਦੇਖ ਕੇ ਉਸਦੇ ਮਨ ਵਿਚ ਉਤਰੀ ਉਦਾਸੀ ਮੈਨੂੰ ਬਹੁਤ ਪੀੜਤ ਕਰਦੀ ਭਾਵੇਂ ਕਿ ਮੈਂ ਉਸਨੂੰ ਸਹਿਜ ਕਰਨ ਲਈ ਉਚੇਚ ਕਰਦਾ। ਪਰ ਚੰਦਰਾ ਮਨ ਕਦੋਂ ਸਹਿਜ ਰਹਿੰਦਾ ਜਦ ਉਹ ਆਪਣੇ ਅਤੇ ਆਪਣੇ ਜਮਾਤੀ ਵਿਚਲੇ ਅੰਤਰ ਨੂੰ ਕਿਆਸਣ ਲੱਗਦਾ।

ਸਭ ਤੋਂ ਵੱਧ ਪੀੜਤ ਮੈਂ ਉਸ ਵਕਤ ਹੁੰਦਾ ਜਦ ਮੈਂ ਆਪਣੇ ਜਮਾਤੀ ਮਜ਼੍ਹਬੀ ਸਿੱਖ ਭਗਵਾਨ ਨੂੰ ਦਿਹਾੜੀ ਕਰਨ ਲਈ ਸ਼ਹਿਰ ਆਉਂਦੇ ਨੂੰ ਕਦੇ ਮਿਲ ਪੈਂਦਾ। ਪੜ੍ਹਾਈ ਵਿਚ ਬਹੁਤ ਹੁਸ਼ਿਆਰ ਅਤੇ ਸਰੀਰਕ ਪੱਖੋਂ ਚੁਸਤ-ਫੁਰਤ। ਪਰ ਘਰ ਦੀ ਗਰੀਬੀ ਹੀ ਉਸ ਲਈ ਸਭ ਤੋਂ ਵੱਡੀ ਰੁਕਾਵਟ ਬਣ ਗਈ। ਉਹ ਦਸਵੀਂ ਤੋਂ ਬਾਅਦ ਪਰਿਵਾਰ ਨੂੰ ਮੰਦਹਾਲੀ ਵਿਚੋਂ ਕੱਢਣ ਲਈ ਦਿਹਾੜੀਆਂ ਕਰਨ ਲੱਗ ਪਿਆ। ਅਗਰ ਉਸ ਦੇ ਪਰਿਵਾਰ ਕੋਲ ਸਾਧਨ ਹੁੰਦੇ ਤਾਂ ਉਹ ਵੱਡੀਆਂ ਮੱਲਾਂ ਵੀ ਮਾਰ ਸਕਦਾ ਸੀ ਪਰ ਜਲਦੀ ਵਿਆਹ ਹੋਣ ਤੋਂ ਬਾਅਦ ਤੇ ਪਰਿਵਾਰਕ ਜ਼ਿੰਮੇਵਾਰੀਆਂ ਨਿਭਾਉਂਦਿਆਂ ਉਹ ਕੁੱਬਾ ਹੋ ਗਿਆ। ਸਮਾਜਿਕ ਅਸਾਵਾਂਪਣ ਅਤੇ ਇਕਸਾਰ ਪੜ੍ਹਾਈ ਦੇ ਮੌਕਿਆਂ ਦੀ ਘਾਟ ਪੀੜ੍ਹੀ-ਦਰ-ਪੀੜ੍ਹੀ ਹੁਣ ਵੀ ਚੱਲ ਰਹੀ ਜਦ ਕਿ ਉਨ੍ਹਾਂ ਦੀ ਬਰਾਦਰੀ ਦੇ ਕੁਝ ਕੁ ਲੋਕ ਹੀ ਰਾਖਵੇਂਕਰਣ ਵਿਚੋਂ ਆਪਣੀਆਂ ਕਈ ਨਸਲਾਂ ਤਾਰ ਰਹੇ ਹਨ।

ਪਿੰਡ ਜਾਵਾਂ ਤਾਂ ਬੋਰੀ ਵਾਲੇ ਸਕੂਲ ਦੇ ਜਮਾਤੀਆਂ ਨੂੰ ਮਿਲਣ ਲਈ ਤਾਂ ਬਹੁਤ ਮਨ ਕਰਦਾ ਪਰ ਹੁਣ ਪਿੰਡ ਵਿਚ ਇਕ ਦੋ ਤੋਂ ਜ਼ਿਆਦਾ ਜਮਾਤੀ ਨਹੀਂ ਮਿਲਦੇ। ਪਿੰਡ ਖਾਲੀ ਹੋ ਗਏ ਹਨ। ਘਰਾਂ ਨੂੰ ਤਾਲੇ ਲੱਗ ਗਏ ਹਨ। ਕੋਈ ਜਵਾਨ ਤੁਹਾਨੂੰ ਪਿੰਡ ਦੀਆਂ ਗਲੀਆਂ ਵਿਚ ਨਹੀਂ ਦਿਸੇਗਾ ਜਿਥੇ ਕਦੇ ਰੌਣਕ ਹੋਇਆ ਕਰਦੀ ਸੀ। ਇਸ ਬੇਰੌਣਕੀ ਨੇ ਪਿੰਡਾਂ ਦੀ ਨੁਹਾਰ ਹੀ ਬਦਲ ਦਿੱਤੀ ਹੈ। ਜਿਥੇ ਕਦੇ ਰੱਬ ਵੱਸਦਾ ਸੀ ਹੁਣ ਉਥੇ ਕਬਰਾਂ ਵਰਗੇ ਹੀ ਲੋਕ ਰਹਿਗੇ। ਨਸ਼ਿਆਂ ਵਿਚ ਗਰਕ ਹੋਈ ਜਵਾਨੀ ਅਤੇ ਵਿਦੇਸ਼ਾਂ ਵਿਚ ਵੱਸਣ ਦੀ ਹੋੜ ਨੇ ਪੇਂਡੂ ਵਿਰਾਸਤ ਦਾ ਮੁਹਾਂਦਰਾ ਹੀ ਬਦਲ ਦਿੱਤਾ ਹੈ। ਪਰਵਾਸ ਕਰਨਾ ਮਾੜਾ ਨਹੀਂ। ਪਰ ਪਰਵਾਸ ਦੇ ਨਾਮ 'ਤੇ ਆਪਣੇ ਪਿੰਡ ਤੋਂ ਟੁੱਟ ਜਾਣਾ, ਆਪਣੀ ਵਿਰਾਸਤ ਤੋਂ ਮੂੰਹ ਮੋੜ ਲੈਣਾ ਅਤੇ ਅਪਣੱਤ ਤੇ ਮੋਹ ਤੋਂ ਵਿਰਵੇ ਹੋ ਜਾਣਾ, ਪੰਜਾਬੀਅਤ ਦਾ ਸਭ ਤੋਂ ਵੱਡਾ ਘਾਣ ਕਰ ਰਿਹਾ ਹੈ। ਵੈਸੇ ਵੀ ਪੰਜਾਹ ਸਾਲ ਪਹਿਲਾਂ ਪਿੰਡ ਵਿਚੋਂ ਉਡਾਰੀ ਮਾਰ ਗਿਆਂ ਨੂੰ ਤਾਂ ਗਲੀਆਂ ਦੇ ਕੱਖ ਵੀ ਪਛਾਨਣ ਤੋਂ ਆਕੀ ਹੋ ਜਾਂਦੇ।

ਬੋਰੀ ਵਾਲੇ ਸਕੂਲ ਦੀ ਇਕ ਅਹਿਮ ਪ੍ਰਾਪਤੀ ਸੀ ਸੀ ਹੈੱਡਮਾਸਟਰ ਹਰਭਜਨ ਸਿੰਘ ਹੁੰਦਲ ਹੁਰਾਂ ਦੀ ਸਰਪ੍ਰਸਤੀ ਮਿਲਣਾ। ਪੰਜਾਬੀ ਦੇ ਕਵੀ ਹੁੰਦਿਆਂ ਉਨ੍ਹਾਂ ਦਾ ਅੰਗਰੇਜ਼ੀ ਪੜ੍ਹਾਉਣ ਦਾ ਤਰੀਕਾ ਬਾਕਮਾਲ ਸੀ। ਉਨ੍ਹਾਂ ਦੀ ਮੌਤ ਤੀਕ ਪੰਜਾਬ ਜਾ ਕੇ ਉਨ੍ਹਾਂ ਨੂੰ ਮਿਲਣਾ ਇਕ ਤੀਰਥ ਯਾਤਰਾ ਵਰਗਾ ਅਹਿਸਾਸ ਮਨ ਵਿਚ ਪੈਦਾ ਕਰਦਾ ਜਦ ਮੈਂ, ਪ੍ਰੋ. ਔਜਲਾ, ਬਲਵੰਤ ਸਿੰਘ ਆਦਿ ਕੁਝ ਪੁਰਾਣੇ ਵਿਦਿਆਰਥੀ ਉਨ੍ਹਾਂ ਨੂੰ ਮਿਲਦੇ, ਉਨ੍ਹਾਂ ਦੀਆਂ ਸਮੁੱਤਾਂ ਦਾ ਲਾਹਾ ਲੈਂਦੇ। ਆਉਣ ਲੱਗਿਆਂ ਉਹ ਕੁਝ ਉਤਮ ਪੰਜਾਬੀ ਕਿਤਾਬਾਂ ਨਾਲ ਸਾਨੂੰ ਨਿਵਾਜਦੇ।

ਮਨ ਨੂੰ ਬੀਤੇ ਨੂੰ ਅੱਖਰਾਂ ਵਿਚ ਉਲਥਾਉਂਦਿਆਂ, ਕਲਮ ਨੇ ਲਿਖਿਆ;

ਵਿਚ ਪ੍ਰਦੇਸਾਂ ਬੈਠਾ ਥੋਡਾ 'ਬਖ਼ਸ਼ੀ' ਬੋਲਦਾ ਹਾਂ।
ਪਿੰਡ ਦੇ ਜਾਇਆਂ ਨਾਲ ਆਪਣਾ ਮਨ ਫੋਲਦਾ ਹਾਂ।

ਕੱਚੀ-ਪੱਕੀ ਪੜ੍ਹਦਿਆਂ ਜਿਹੜਾ ਸੁਪਨਾ ਲੈਂਦੇ ਸੀ,
ਉਸ ਸੁਪਨੇ ਦੇ ਸਦਕੇ ਅੰਬਰੀਂ ਪਰ ਤੋਲਦਾ ਹਾਂ।

ਮੰਡ 'ਚ ਪਸ਼ੂ ਚਾਰਦਿਆਂ ਜਿਹੜਾ ਜਹਾਜ ਦੇਖਦੇ ਸੀ
ਉਸੇ ਜਹਾਜ 'ਚ ਬੈਠਾ ਦਿਲ ਦੀਆਂ ਪਰਤਾਂ ਖੋਲਦਾ ਹਾਂ।

ਚੇਤੇ ਕਰਦਾਂ ਹੁਣ ਜਾਂ ਪਿੰਡ 'ਚ ਬੀਤੀ ਜ਼ਿੰਦਗੀ ਨੂੰ
ਉਨ੍ਹਾਂ ਦਿਨਾਂ ਦੀਆਂ ਰਮਜ਼ਾਂ ਮੈਂ ਖੁਦ ਖੋਲਦਾ ਹਾਂ।

ਹਰ ਬਜੁਰਗ ਦੀ ਥੱਪਕੀ ਮੇਰਾ ਹਾਸਲ ਹੁੰਦੀ ਸੀ,
ਮਿਲੀਆਂ ਸ਼ੁਭ-ਦੁਆਵਾਂ ਦਾ ਮੈਂ ਸ਼ੁਕਰੀਆ ਬੋਲਦਾ ਹਾਂ।

ਮੇਰੇ ਹੱਥ ਜੋ ਮਾਸਟਰਾਂ ਘੜ ਕੇ ਕਲਮ ਫੜਾਈ ਸੀ,
ਉਸੇ ਕਲਮ ਦੇ ਨਾਲ ਮੈਂ ਸ਼ਬਦੀਂ ਸੱਚ ਬੋਲਦਾ ਹਾਂ।

ਅੰਮ੍ਰਿਤ ਵੇਲੇ ਭਾਈ ਜੋ ਪਹਿਲਾ ਵਾਕ ਸੁਣਾਉਂਦਾ ਸੀ,
ਉਸਦੀ ਮਿਹਰ ਦੇ ਸਦਕਾ ਤੁੱਰਦਾ ਕਦੇ ਨਾ ਡੋਲਦਾ ਹਾਂ।

ਨੰਗ-ਮੁਨੰਗਾ ਬਚਪਨਾ ਚੇਤੇ ਕਰ ਕਰ ਕੇ,
ਫਿਰਨੀ ਦੀ ਧੁੱਧਲ 'ਚ ਗੁੰਮੇ ਯਾਰ ਟੋਲਦਾ ਹਾਂ।

ਕਦੇ ਕਦਾਈਂ ਘੜੀ ਕੁ ਵਿਹਲ ਜੇ ਮਿਲ ਜਾਵੇ,
ਤਾਂ ਗਲੀ ਚੋਂ ਮੁੜਗੀ ਆਪਣੀ ਪੈੜ ਟੋਲਦਾ ਹਾਂ।


ਮੈਂ ਤੇ ਮੇਰੇ ਬੋਲਾਂ ਇਕ ਦਿਨ ਤੁੱਰ ਜਾਣਾ,
ਤਾਂ ਹੀ ਸ਼ਬਦ-ਖ਼ਜ਼ਾਨਾ ਥੋਡੀ ਤੱਕੜੀ ਤੋਲਦਾ ਹਾਂ।

ਹੁਣ ਵੀ ਜਦ ਆਪਣੇ ਪੁਰਾਣੇ ਜਮਾਤੀਆਂ ਨਾਲ ਫ਼ੋਨ 'ਤੇ ਗੱਲ ਕਰਾਂ ਤਾਂ ਸਮੇਂ ਦਾ ਪਤਾ ਹੀ ਨਹੀਂ ਲੱਗਦਾ। ਬਿਤਾਏ ਸਮਿਆਂ ਦੀਆਂ ਬਾਤਾਂ ਸਿਰਫ਼ ਉਨ੍ਹਾਂ ਸਮਿਆਂ ਦੇ ਬੇਲੀ ਹੀ ਸੁਣ ਸਕਦੇ ਜਿਨ੍ਹਾਂ ਨਾਲ ਤੁਸੀਂ ਅਣਮੋਲ ਅਤੇ ਬੇਫ਼ਿਕਰੇ ਪਲ ਮਾਣੇ ਹੁੰਦੇ, ਜਿਨ੍ਹਾਂ ਨਾਲ ਗੁੱਲੀ ਡੰਡਾ ਖੇਡਿਆ ਹੋਵੇ, ਫੱਟੀ ਪੋਚਣ ਜਾਂ ਡੁੱਬਕਾ ਲੈਣ ਤੋਂ ਫੱਟੀਆਂ ਨਾਲ ਲੜਾਈ ਹੋਈ ਹੋਵੇ। ਪਾਕੀਜ਼ ਮਨਾਂ ਦੀਆਂ ਪਲ-ਪਲ ਬਦਲਦੀਆਂ ਦੁਸ਼ਮਣੀਆਂ ਅਤੇ ਦੋਸਤੀਆਂ ਦਰਅਸਲ ਬਚਪਨੇ ਦਾ ਉਹ ਰੰਗ ਸੀ ਜਿਹੜਾ ਜੀਵਨ ਵਿਚ ਕਦੇ ਨਹੀਂ ਮਿਲਦਾ। ਤਾਂ ਹੀ ਅਸੀਂ ਬੀਤੇ ਨੂੰ ਯਾਦ ਕਰਦੇ, ਬੀਤੇ ਵਕਤ ਨੂੰ ਬੇਅਰਥੀ ਹਾਕਾਂ ਮਾਰਦੇ। ਪਰ ਯਾਦਾਂ ਕਦੋਂ ਖਹਿੜਾ ਛੱਡਦੀਆਂ? ਉਨ੍ਹਾਂ ਦਿਨਾਂ ਨੂੰ ਯਾਦ ਕਰਕੇ ਬੰਦਾ ਬੀਤੇ ਵਿਚ ਪਰਤਦਾ। ਇਕ ਸਕੂਨ ਅਤੇ ਹੁਲਾਸ ਮਿਲਦਾ ਅਤੇ ਅਜੋਕੀ ਭੱਜ-ਦੌੜ ਦੀ ਜ਼ਿੰਦਗੀ ਨੂੰ ਕੁਝ ਰਾਹਤ ਮਿਲਦੀ। ਤਾਂ ਹੀ ਅੱਜ ਮੈਂ ਆਪਣੇ ਕੱਚੀ-ਪੱਕੀ ਦੇ ਆੜੀਆਂ ਨੂੰ ਯਾਦ ਕਰਦਿਆਂ ਸ਼ਬਦਾਂ ਨੂੰ ਸਿੰਮਣ ਲਾ ਦਿੱਤਾ।

# ਇਹੁ ਜਨਮੁ ਤੁਮਹਾਰੇ ਲੇਖੇ !

## ਕਿਸ਼ਤ - 21

***ਪੰਜਾਬੀ ਸਾਹਿਤ ਨੂੰ ਕਣਦਾਰ ਤੇ ਯਾਦਗਾਰੀ ਕਹਾਣੀਆਂ ਅਤੇ ਇਕ ਨਿੱਗਰ ਨਾਵਲ 'ਇਹੁ ਜਨਮੁ ਤੁਮਹਾਰੇ ਲੇਖੇ' ਦੇਣ ਵਾਲੇ ਪਿੰਡ ਪਿਥੋ ਦੇ ਜੰਮਪਲ ਅਤੇ ਆਪਣੀ ਬਹੁਤੀ ਹਯਾਤੀ ਮੁਲਕ ਦੀ ਰਾਜਧਾਨੀ ਦਿੱਲੀ ਵਿਚ ਲੰਘਾਉਣ ਵਾਲੇ ਮਿਸਾਲੀ ਲਿਖਾਰੀ ਗੁਰਬਚਨ ਸਿੰਘ ਭੁੱਲਰ ਦਾ ਪੰਜਾਬੀ ਸਾਹਿਤ ਜਗਤ ਵਿਚ ਆਪਣਾ ਰੰਗ ਹੈ। ਉਨ੍ਹਾਂ ਆਪਣੇ ਪਲੇਠੇ ਨਾਵਲ 'ਇਹੁ ਜਨਮੁ ਤੁਮਹਾਰੇ ਲੇਖੇ' ਨਾਲ ਇਕੋ ਡਗੇ 'ਤੇ ਪਿੰਡ ਲੁੱਟਣ ਵਰਗਾ ਕ੍ਰਿਸ਼ਮਾ ਵੀ ਕੀਤਾ ਹੈ। ਇਸ ਨਾਵਲ (ਜੋ ਅੰਮ੍ਰਿਤਾ ਪ੍ਰੀਤਮ ਦੇ ਜੀਵਨ 'ਤੇ ਆਧਾਰਿਤ ਹੈ) ਨਾਲ ਉਨ੍ਹਾਂ ਸਾਹਿਤਕ ਹਲਕਿਆਂ ਵਿਚ ਵਾਹਵਾ ਹਲਚਲ ਮਚਾਈ ਸੀ। ਨਾਵਲ ਦੀ 21ਵੀਂ ਕਿਸ਼ਤ 'ਪੰਜਾਬ ਟਾਈਮਜ਼' ਦੇ ਪਾਠਕਾਂ ਲਈ ਹਾਜ਼ਰ ਹੈ। -ਸੰਪਾਦਕ***




"ਸਫ਼ਰ ਵਿਚੋਂ ਆਈ ਹੈਂ, ਜੇ ਨ੍ਹਾਉਣਾ ਹੈ, ਨ੍ਹਾ ਲੈ। ਕੁਛ ਖਾ ਕੇ ਆਰਾਮ ਕਰ ਲਈਂ। ਮੈਂ ਇਕ ਜ਼ਰੂਰੀ ਲੇਖ ਲਿਖਣਾ ਹੈ। ਸ਼ਾਮ ਨੂੰ ਆਰਾਮ ਨਾਲ ਬੈਠ ਕੇ ਗੱਲਾਂ ਕਰਾਂਗੇ।"

ਜਿੰਨੀਆਂ ਕੁ ਸ਼ਾਮਾਂ ਮਿਲਣੀਆਂ ਸਨ, ਉਹਨਾਂ ਨੂੰ ਹਸੀਨ ਕਰਨ ਵਾਸਤੇ ਆਖ਼ਰ ਉਸ ਨੇ ਅਲਮਾਰੀ ਵਿਚ ਸਾਂਭੀਆਂ ਉਹਨਾਂ ਸ਼ਰਾਬਾਂ ਉੱਤੇ ਨਜ਼ਰ ਮਾਰੀ ਜੋ ਚੰਗੇ-ਚੰਗੇ ਦੋਸਤਾਂ ਤੋਂ ਵੀ ਛੁਪਾ-ਛੁਪਾ ਕੇ ਰੱਖੀਆਂ ਸਨ। ਠੀਕ ਹੀ ਉਹਨਾਂ ਦੇ ਕੱਢਣ ਦਾ ਮੌਕਾ ਹੁਣ ਆਇਆ ਸੀ। ਅੱਜ ਲਈ ਉਹਨਾਂ ਵਿਚੋਂ ਇਕ ਵਿਸਕੀ ਚੁਣੀ ਤੇ ਦੋ ਗਲਾਸ, ਸੋਡਾ, ਸਲਾਮੀ ਤੇ ਭੁੰਨੇ ਹੋਏ ਨਮਕੀਨ ਕਾਜੂ ਟਰੇਅ ਵਿਚ ਰੱਖ ਲਿਆਇਆ। ਜਗਦੀਪ ਨੇ ਦੁਖੀ ਮਨ ਨਾਲ ਉਜਰ ਕੀਤਾ, "ਕੁਲਵੰਤ, ਮੈਂ ਜਦੋਂ ਦੀ ਆਈ ਹਾਂ, ਤੇਰੇ ਨਾਲ ਗੱਲਾਂ ਜ਼ਰੂਰ



**ਗੁਰਬਚਨ ਸਿੰਘ ਭੁੱਲਰ**
**ਫੋਨ:+91 8076363058**
**bhullargs@gmail.com**

ਕਰੀ ਜਾਂਦੀ ਹਾਂ ਪਰ ਸੱਚ ਇਹ ਹੈ, ਮੈਂ ਆਪਣੇ ਆਪ ਵਿਚ ਹਾਂ ਨਹੀਂ। ਕੁਛ ਵੀ ਚੰਗਾ ਨਹੀਂ ਲੱਗ ਰਿਹਾ, ਨਾ ਸਾਹਿਤ, ਨਾ ਸਾਹਿਤਕਾਰ, ਨਾ ਦਿੱਲੀ, ਨਾ ਦੁਨੀਆ ਤੇ ਨਾ ਇਹ ਵਿਸਕੀ!"

ਖੋਲ੍ਹਣ ਲੱਗੇ ਬਾਣੀ ਨੇ ਬੋਤਲ ਉਥੇ ਹੀ ਰੱਖ ਦਿੱਤੀ, "ਇਹੋ ਜਿਹੀਆਂ ਗੱਲਾਂ ਨਹੀਂ ਕਰਦੇ, ਜਗਦੀਪ। ਸਭ ਕਾਸੇ ਤੋਂ ਉਚਾਟ ਕਿਉਂ ਹੋਣਾ ਹੋਇਆ! ਸਮੇਂ ਉੱਤੇ ਭਰੋਸਾ ਰੱਖ, ਸਮੇਂ ਨਾਲ ਸਭ ਠੀਕ ਹੋ ਜਾਂਦਾ ਹੈ।"

ਉਹਨੇ ਪੁੱਛਿਆ, "ਕੋਈ ਚੰਗੀ ਸਿਗਰਟ ਨਹੀਂ ਪਈ, ਕੁਲਵੰਤ? ਮੇਰੀਆਂ ਖ਼ਤਮ ਹੋ ਗਈਆਂ। ਬੜੀ ਤਲਬ ਲੱਗ ਰਹੀ ਹੈ।"

ਉਹ ਸਿਗਰਟ ਪੀਂਦਾ ਨਹੀਂ ਸੀ ਪਰ ਦੋਸਤਾਂ-ਮਿੱਤਰਾਂ ਦੀਆਂ ਬਾਹਰੋਂ ਸੌਗਾਤ ਲਿਆਂਦੀਆਂ ਸਿਗਰਟਾਂ ਅਜਿਹੇ ਮੌਕਿਆਂ ਲਈ ਸਾਂਭ ਰਖਦਾ। ਬੋਲਿਆ, "ਕਈ ਪਈਆਂ ਨੇ, ਇਕ ਤੋਂ ਇਕ ਮਹਿੰਗੀ ਤੇ ਵਧੀਆ!" ਉਹ ਉੱਠਿਆ ਤੇ ਸਿਗਰਟਾਂ ਦੀ ਇਕ ਡੱਬੀ ਤੇ ਲਾਈਟਰ ਪੇਸ਼ ਕਰ ਦਿੱਤੇ।

"ਜਦੋਂ ਪੂਰੀ ਦੁਨੀਆ ਵਿਚ ਕਿਤੇ ਕੁਛ ਵੀ ਚੰਗਾ ਨਹੀਂ, ਮਨ ਉਚਾਟ ਨਾ ਹੋਵੇ ਤਾਂ ਕੀ ਹੋਵੇ। ਕੁਲਵੰਤ, ਤੂੰ ਮੇਰੇ ਵਾਲੀ ਹਾਲਤ ਵਿਚ ਹੋਵੇਂ ਤਾਂ ਮੇਰੀ ਪੀੜ ਮਹਿਸੂਸ ਕਰੇਂ।" ਜਗਦੀਪ ਪੂਰੀ ਤਰ੍ਹਾਂ ਨਿਰਾਸ ਹੋਈ ਬੈਠੀ ਸੀ।

"ਏਡੀ ਵੱਡੀ ਸਾਹਿਤਕਾਰ ਹੋ ਕੇ ਕੇਹੀ ਅਸਾਹਿਤਕ ਗੱਲ ਕੀਤੀ ਹੈ ਤੂੰ! ਤੈਨੂੰ ਚੰਗਾ-ਭਲਾ ਪਤਾ ਹੈ, ਦੂਜੇ ਦੀ ਪੀੜ ਜਾਣਨ ਵਾਸਤੇ ਸਾਹਿਤਕਾਰ ਦਾ ਆਪ ਉਸ ਹਾਲਤ ਵਿਚੋਂ ਗੁਜ਼ਰਨਾ ਜ਼ਰੂਰੀ ਨਹੀਂ ਹੁੰਦਾ। ਆਪਾਂ ਸੂਖਮ ਅਹਿਸਾਸ ਵਾਲੇ ਜਜ਼ਬਾਤੀ ਲੋਕ ਹਾਂ, ਜੋ ਕਿਸੇ ਹਾਲਤ ਵਿਚ ਆਪ ਪਏ ਬਿਨਾਂ ਉਸ ਦੀ ਖ਼ੁਸ਼ੀ ਤੇ ਗ਼ਮੀ, ਪੀੜ ਤੇ ਰਾਹਤ ਸਭ ਮਹਿਸੂਸ ਕਰ ਲੈਂਦੇ ਹਾਂ।" ਉਹ ਇਕ ਪਲ ਰੁਕਿਆ ਤੇ ਆਵਾਜ਼ ਵਿਚ ਕੁਛ ਦਰਦ, ਕੁਛ ਜਜ਼ਬਾ ਭਰ ਕੇ ਬੋਲਿਆ, "ਤੇਰਾ ਕੀ ਖ਼ਿਆਲ ਹੈ ਜਗਦੀਪ, ਮੈਂ ਤੇਰੇ ਦਰਦ ਨੂੰ ਇਸ ਘੜੀ ਤੇਰੇ ਜਿੰਨੀ ਸ਼ਿੱਦਤ ਨਾਲ ਨਹੀਂ ਸਹਿ ਰਿਹਾ? ਦੋਸਤ ਕੀ ਹੋਇਆ ਜੋ ਦੋਸਤ ਦਾ ਦਰਦ ਮਹਿਸੂਸ ਨਾ ਕਰੇ? ਆਪਾਂ ਤਾਂ ਓਪਰਿਆਂ ਦਾ ਦਰਦ ਮਹਿਸੂਸ ਕਰਨ ਵਾਲੇ ਲੋਕ ਹਾਂ।"

ਬਾਣੀ ਨੇ ਜਾਮ ਤਿਆਰ ਕਰ ਕੇ ਉਹਦੇ ਹੱਥ ਵਿਚ ਦੇਣਾ ਚਾਹਿਆ ਤਾਂ ਉਹ ਕਹਿੰਦੀ, "ਸਭ ਥਲ ਦਾ ਮਿਰਗਜਲ ਹੈ! ਕਿਸੇ ਚੀਜ਼ ਨੂੰ ਮਨ ਨਹੀਂ ਕਰਦਾ, ਕੁਲਵੰਤ! ਨਾਲੇ ਕਈ ਵਿਸਕੀਆਂ ਚੰਗੀਆਂ ਹੋਣ ਦੇ ਬਾਵਜੂਦ ਮੈਨੂੰ ਤੰਗ ਕਰਦੀਆਂ ਨੇ।"

"ਇਹ ਵਿਸਕੀ ਮੈਂ ਅੱਜ ਇਸੇ ਲਈ ਤਾਂ ਚੁਣੀ ਹੈ। ਇਹ ਥਲ ਦੇ ਮਿਰਗਜਲ ਵਾਲੀ ਥਾਂ ਨਖ਼ਲਿਸਤਾਨ ਪੈਦਾ ਕਰਦੀ ਹੈ। ਇਹ ਸਰਘੀ ਵਾਂਗ ਧਰਿ-ਧੀਰੇ ਪਰੇਸ਼ਾਨੀ ਦੇ ਹਨੇਰੇ ਨੂੰ ਖੋਰਦੀ ਜਾਂਦੀ ਹੈ ਤੇ ਸਹਿਜਤਾ ਦਾ ਨੂਰ ਬਖੇਰਦੀ ਜਾਂਦੀ ਹੈ। ਤੇ ਰਹੀ ਇਹਦੇ ਤੰਗ ਕਰਨ ਦੀ ਗੱਲ", ਉਹਨੇ ਕੋਲੋਂ ਹੀ ਤੋਤਕੜਾ ਜੋੜਿਆ, "ਇਹ ਵਿਸਕੀ ਬਣਾਉਣ ਵਾਲੀ ਕੰਪਨੀ ਦਾ ਦਾਅਵਾ ਹੈ ਕਿ ਜੇ ਇਸ ਨਾਲ ਦੁਨੀਆ ਭਰ ਵਿਚ ਕਿਸੇ ਨੂੰ ਵੀ ਕੋਈ ਸਰੀਰਕ ਤਕਲੀਫ਼ ਹੋ ਜਾਵੇ, ਉਹ ਇਕ ਵਾਰ ਆਪਣੇ ਸਾਹਮਣੇ ਪਿਆ ਕੇ ਉਹਦਾ ਅਸਰ ਡਾਕਟਰ ਤੋਂ ਚੈੱਕ ਕਰਵਾਉਣਗੇ ਤੇ ਤਕਲੀਫ਼ ਦਾ ਦਾਅਵਾ ਸੱਚ ਹੋਣ ਦੀ ਸੂਰਤ ਵਿਚ ਇਕ ਮਿਲੀਅਨ ਮਾਰਕ ਮੁਆਵਜ਼ਾ ਦੇਣਗੇ।"

"ਅੱਛਾ!" ਜਗਦੀਪ ਨੇ ਅਜਿਹਾ ਦਾਅਵਾ ਪਹਿਲੀ ਵਾਰ ਸੁਣਿਆ ਸੀ, "ਕਿਹੜੀ ਵਿਸਕੀ ਹੈ ਇਹ ਇਹੋ ਜਿਹੀ?"

"ਇਹ ਇਕ ਜਰਮਨ ਵਿਸਕੀ ਹੈ। ਤੇ ਮੂੰਹ ਲਾਉਣ ਤੋਂ ਪਹਿਲਾਂ ਇਹਨੂੰ ਪੀਣ ਦਾ ਤਰੀਕਾ ਵੀ ਸੁਣ ਲੈ।"

"ਕਿਉਂ? ਪੀਣ ਦੇ ਵੀ ਕਈ ਤਰੀਕੇ ਹੁੰਦੇ ਨੇ?" ਉਹ ਥੋੜ੍ਹੀ ਜਿਹੀ ਸਹਿਜ ਹੋ ਗਈ, "ਨੱਕ ਨਾਲ ਪੀਣ ਨੂੰ ਨਾ ਕਹਿ ਦੇਵੀਂ!"

ਬਾਣੀ ਹੱਸਿਆ, "ਨੱਕ ਨਾਲ ਤਾਂ ਨਹੀਂ, ਪੀਤੀ ਤਾਂ ਇਹ ਮੂੰਹ ਨਾਲ ਹੀ ਜਾਂਦੀ ਹੈ ਪਰ ਇਹ ਸਿੱਧੀ ਨਹੀਂ ਪੀਤੀ ਜਾਂਦੀ। ਇਹਨੂੰ ਫਲਾਂ ਤੋਂ ਤਿਆਰ ਕਰ ਕੇ ਫ਼ਰਾਂਸ ਤੋਂ ਮੰਗਵਾਏ ਵਿਸ਼ੇਸ਼ ਨਸਲ ਦੇ ਓਕ ਦੇ ਬਿਰਛ ਦੇ ਢੋਲਾਂ ਵਿਚ ਭਰ ਕੇ ਦਮ ਦੇਣ ਲਈ ਤੇ ਪੁੱਠ ਚਾੜ੍ਹਨ ਲਈ ਰਖਦਿਆਂ ਭੁਲਾ ਦਿੱਤਾ ਜਾਂਦਾ ਹੈ। ਇਹਦੀ ਘੁੱਟ ਜੀਭ ਦੀ ਨੋਕ ਉੱਤੇ ਰੋਕ ਕੇ ਮੂੰਹ ਵਿਚ ਘੁਮਾਈ ਜਾਂਦੀ ਹੈ। ਇਉਂ ਇਸ ਵਿਚੋਂ ਅੰਗੂਰਾਂ ਤੇ ਕਾਠ ਦੀ ਮਹਿਕ ਤੇ ਸੁਆਦ ਨਿੱਕਲ ਕੇ ਦੇਰ ਤੱਕ ਪੀਣ ਵਾਲੇ ਦੇ ਕਣ-ਕਣ ਵਿਚ ਰਮਦੇ ਰਹਿੰਦੇ ਨੇ!"

ਉਹਨੇ ਆਪਣਾ ਜਾਮ ਜਗਦੀਪ ਦੇ ਅਧਮੰਨੇ ਜਿਹੇ ਦਿਲ ਨਾਲ ਫੜੇ ਜਾਮ ਨਾਲ ਟਕਰਾਇਆ, "ਇਹ ਜਾਮ ਸਾਡੀ ਪਿਆਰੀ ਲੇਖਿਕਾ ਦੀ ਚੰਗੀ ਸਿਹਤ, ਸਮਰੱਥ ਕਲਮ, ਅਸੀਮ ਪਰਾਪਤੀ ਤੇ ਖ਼ੁਸ਼ੀਆਂ-ਭਰਪੂਰ ਭਲਕ ਦੇ ਨਾਂ!" ਤੇ ਆਖਿਆ, "ਟਕਰਾਉਣ ਬਾਅਦ ਜਾਮ ਅਨਪੀਤਾ ਨਹੀਂ ਰੱਖੀਂਦਾ, ਦੋਸਤ!"

ਜਗਦੀਪ ਨੇ ਉਹਦੇ ਦੱਸੇ ਹੋਏ ਢੰਗ ਨਾਲ ਭਰਵੀਂ ਘੁੱਟ ਮੂੰਹ ਵਿਚ ਘੁਮਾਈ ਤੇ ਕਿੰਨਾ ਹੀ ਚਿਰ ਅਨੋਖਾ ਸੁਆਦ ਮਾਣਦੀ ਰਹੀ। ਫੇਰ ਇਕ-ਦੋ ਕਾਜੂ ਚੁੱਕੇ, ਸਲਾਮੀ ਦੇ ਟੁਕੜੇ ਦਾ ਸੁਆਦ ਲਿਆ ਤੇ ਸਿਗਰਟ ਦੇ ਲੰਮੇ-ਲੰਮੇ ਕਸ਼ ਖਿੱਚਣ ਲੱਗੀ। "ਬਈ ਕੁਲਵੰਤ, ਤੇਰੀ ਕੀਤੀ ਤਾਰੀਫ਼ ਵਾਕਿਆ ਹੀ ਠੀਕ ਹੈ। ਕਮਾਲ ਹੈ ਤੇਰੀ ਇਹ ਵਿਸਕੀ!" ਆਖ ਕੇ ਉਹਨੇ ਇਕਦਮ ਗਲਾਸ ਚੁੱਕਿਆ ਤੇ ਵਿਸਕੀ ਨੂੰ ਜੀਭ ਉੱਤੇ ਘੁਮਾਉਣ ਦਾ ਚੋਚਲਾ ਛੱਡ ਇਕੋ ਸਾਹੇ ਖਾਲੀ ਕਰ ਕੇ ਰੱਖ ਦਿੱਤਾ। "ਮੈਂ ਦੁਨੀਆ ਤਾਂ, ਤੂੰ ਜਾਣਦਾ ਹੀ ਹੈਂ, ਤਕਰੀਬਨ ਤਿਆਗ ਹੀ ਛੱਡੀ ਹੈ, ਮੈਂ ਸਭ ਕੁਛ ਤਿਆਗ ਦਿਆਂ ਕੁਲਵੰਤ, ਮੈਂ ਸਾਹਿਤ ਵੀ ਤਿਆਗ ਦਿਆਂ, ਪਰ ਮੈਂ ਦੋਸਤ ਨਹੀਂ ਤਿਆਗ ਸਕਦੀ। ਦੋਸਤੀ ਹੀ ਮੇਰੀ ਸਮੁੱਚੀ ਕਾਇਨਾਤ ਹੈ। ਪਰ ਉਸ ਆਦਮੀ ਨੇ ਦੋਸਤੀ ਤੋਂ ਮੇਰਾ ਯਕੀਨ ਤੋੜਿਆ, ਕੁਲਵੰਤ!" ਉਹਦਾ ਗ਼ਲਾ ਭਰ ਆਇਆ।

ਕੁਰਸੀ ਤੋਂ ਉੱਠ ਬਾਣੀ ਨੇ ਨੇੜੇ ਬੈਠ ਕੇ ਉਹਦਾ ਹੱਥ ਘੁੱਟਿਆ, "ਇਕ ਬੰਦਾ ਕਿੰਨਾ ਵੀ ਮਾੜਾ ਨਿੱਕਲੇ, ਕਿੰਨਾ ਵੀ ਘਟੀਆ ਸਾਬਤ ਹੋਵੇ, ਵਿਸ਼ਵਾਸ ਦਾ ਕਿੰਨਾ ਵੀ ਘਾਤ ਕਰੇ, ਉਹਦੇ ਇਹੋ ਜਿਹਾ ਹੋਣ ਨਾਲ ਸਾਰੇ ਦੋਸਤ ਮਾੜੇ ਤਾਂ ਨਹੀਂ ਹੋ ਜਾਂਦੇ, ਸਭ ਕੁਛ ਤਿਆਗਣ ਵਾਲਾ ਤਾਂ ਨਹੀਂ ਹੋ ਜਾਂਦਾ! ਸਾਹਿਤ ਸਾਨੂੰ ਲੋਕਾਂ ਦੀਆਂ ਨਜ਼ਰਾਂ ਵਿਚ ਵੱਡੇ ਬਣਾਉਂਦਾ ਹੈ, ਸਾਹਿਤਕਾਰ ਵੀ ਸਾਰੇ ਮਾੜੇ ਨਹੀਂ, ਦੁਨੀਆ ਵੀ ਕੁਛ ਮਾੜੇ ਲੋਕਾਂ ਦੇ ਬਾਵਜੂਦ ਬਹੁਤ ਚੰਗੀ ਹੈ। ਸਾਹਿਤ ਨੇ ਤੈਨੂੰ ਮੇਰੇ ਜਿਹੇ ਦੋਸਤ ਵੀ ਤਾਂ ਦਿੱਤੇ ਨੇ ਜੋ ਮੁਹੱਬਤ ਦੀ ਹੱਦ ਤੱਕ ਤੇਰੇ ਲਈ ਇੱਜ਼ਤ ਤੇ ਅਪਣੱਤ ਰਖਦੇ ਨੇ!"

ਉਹ ਫ਼ਿਲਾਸਫ਼ਰਾਂ ਵਾਂਗ ਕਹਿੰਦੀ, "ਕੁਲਵੰਤ, ਕੁਛ ਨਹੀਂ ਰੱਖਿਆ ਜ਼ਿੰਦਗੀ ਵਿਚ! ਕੋਈ ਚੰਦਰਾ ਮੋੜ ਆਏ ਤੋਂ ਬੰਦੇ ਨੂੰ ਇਸ ਨਾਲੋਂ ਨਾਤਾ ਤੋੜ ਲੈਣਾ ਚਾਹੀਦਾ ਹੈ। ਕੀ ਫ਼ਾਇਦਾ ਸਿਸੀਫ਼ਸ ਵਾਂਗ ਅਨਚਾਹਿਆ ਬੋਝ ਖਿਚਦੇ-ਧੂੰਹਦੇ ਰਹਿਣ ਦਾ!"

"ਕੇਹੀਆਂ ਗੱਲਾਂ ਕਰਦੀ ਹੈਂ ਤੂੰ, ਜਗਦੀਪ! ਆਪਣੇ ਗ੍ਰੰਥ ਕਹਿੰਦੇ ਨੇ, ਚੁਰਾਸੀ ਲੱਖ ਜੂਨਾਂ ਭੋਗ ਕੇ ਮਾਨਸ ਜੂਨ ਮਿਲਦੀ ਹੈ ਤੇ ਤੂੰ ਇਸ ਨਾਲੋਂ ਨਾਤਾ ਤੋੜਨ ਦੀ ਗੱਲ ਕਰਦੀ ਹੈਂ? ਗ੍ਰੰਥਾਂ ਨੂੰ ਛੱਡ, ਇਹ ਸੋਚ, ਜ਼ਿੰਦਗੀ ਕਿੰਨੀ ਹਸੀਨ ਚੀਜ਼ ਹੈ। ਰਚਨਾ ਦਾ ਕਰਤਾਰੀ ਕਾਰਜ ਜਾਂ ਰੱਬ ਕਰਦਾ ਹੈ ਜਾਂ ਬੱਸ ਅਸੀਂ! ਦੁਖ-ਸੁਖ ਦੇ ਸਾਥੀ ਦੋਸਤ ਨੇ, ਕਲਮ ਹੈ, ਰਚਨਾ ਹੈ, ਪ੍ਰਸੰਸਕ ਨੇ, ਪ੍ਰਸਿੱਧੀ ਹੈ। ਹੋਰ ਬੰਦੇ ਨੂੰ ਕੀ ਚਾਹੀਦਾ ਹੈ!"

ਜਗਦੀਪ ਨੇ ਸਿਗਰਟ ਦਾ ਲੰਮਾ ਕਸ਼ ਖਿੱਚ ਕੇ ਛੱਡਿਆ, "ਦੁਖ ਦੇਣ ਵਾਲੇ ਦਗ਼ਾਬਾਜ਼ ਨੇ, ਬੇਤਾਕਤੀ ਕਲਮ ਹੈ, ਨਿਹਫਲ ਰਚਨਾ ਹੈ, ਨਿੰਦਕ ਨੇ, ਬਦਨਾਮੀ ਹੈ!"

ਗੱਲਾਂ ਕਰਦਿਆਂ-ਕਰਦਿਆਂ ਬਾਣੀ ਨੇ ਦੂਜਾ ਜਾਮ ਬਣਾ ਲਿਆ। ਜਗਦੀਪ ਨੇ ਗਲਾਸ ਆਪੇ ਚੁੱਕ ਕੇ ਕਿਹਾ, "ਥੋੜ੍ਹਾ ਸੋਡਾ ਹੋਰ ਪਾ ਦੇ।"

"ਚੱਲ ਹਾਲ ਦੀ ਘੜੀ ਸਾਹਿਤ ਤੇ ਸਾਹਿਤਕਾਰਾਂ ਨੂੰ, ਪੂਰੀ ਦੁਨੀਆ ਨੂੰ ਗੋਲੀ ਮਾਰ। ਅਸੀਂ ਇਥੇ ਸਾਹਿਤਕਾਰਾਂ ਵਜੋਂ ਨਹੀਂ ਬੈਠੇ ਹੋਏ ਜਗਦੀਪ, ਦੋਸਤਾਂ ਵਜੋਂ ਬੈਠੇ ਹੋਏ ਹਾਂ। ਦੁੱਖ ਹਰਨ ਵਾਲੀ ਸੰਜੀਵਨੀ ਹੀ ਤਾਂ ਹੈ ਇਹ! ਭੁੱਲ ਜਾ ਸਭ ਕੁਛ ਜਗਦੀਪ, ਤੂੰ ਵਾਪਸ ਆ ਕੇ ਬਿਲਕੁਲ ਠੀਕ ਕੀਤਾ।" ਬਾਣੀ ਨੇ ਹੌਂਸਲਾ ਦਿੱਤਾ, "ਦੁਖੀ ਹੋਣ ਦੀ ਕੋਈ ਲੋੜ ਨਹੀਂ। ਠੀਕ ਫ਼ੈਸਲਾ ਲਿਆ ਤੂੰ। ਆਪਣੇ ਕੁਦਰਤੀ ਮਾਹੌਲ ਵਿਚ ਆ ਗਈ, ਆਪਣੇ ਪੁਰਾਣੇ ਸੁਹਿਰਦ ਦੋਸਤਾਂ ਵਿਚ ਆ ਗਈ ਜੋ ਤੇਰੇ ਦੁਖ-ਸੁਖ ਦੇ ਸੱਚੇ ਸਾਂਝੀਦਾਰ ਨੇ। ਅਤੀਤ ਨੂੰ ਛੱਡ, ਵਰਤਮਾਨ ਨੂੰ ਸੰਭਾਲ, ਭਵਿੱਖ ਤੇਰਾ ਰਾਹ ਦੇਖ ਰਿਹਾ ਹੈ। ਲਿਖ, ਗਹਿਰੇ ਜਜ਼ਬੇ ਨਾਲ ਲਿਖ, ਤੇਰੀ ਕਲਮ ਵਿਚ ਕਰਾਮਾਤ ਹੈ, ਤੇਰੇ ਪਾਠਕਾਂ ਨੂੰ ਤੇਰੀਆਂ ਰਚਨਾਵਾਂ ਦੀ ਉਡੀਕ ਹੈ, ਉਹਨਾਂ ਵਾਸਤੇ ਲਿਖ। ਆਪਣਾ ਦਰਦ ਲਿਖ, ਆਪਣੀ ਨਵੀਂ ਕਮਾਈ ਹੋਈ ਪੀੜ ਲਿਖ! ਅਜਿਹੇ ਜਾਦੂਈ ਜਜ਼ਬੇ ਨਾਲ ਲਿਖ ਕਿ ਦਰਦ ਤੇਰਾ ਹੋਵੇ, ਪੀੜ ਤੇਰੀ ਹੋਵੇ, ਖੱਲੀਆਂ ਪਾਠਕਾਂ ਦੇ ਦਿਲਾਂ ਨੂੰ ਪੈਣ!"

ਉਹਨੇ ਕਬਾਬ ਗਰਮ ਕੀਤੇ ਤੇ ਸੇਕੀ ਹੋਈ ਬਰੈੱਡ ਨਾਲ ਲਿਆ ਰੱਖੇ। ਸਲਾਮੀ ਵਾਲੀ ਪਲੇਟ ਵਿਚ ਹੋਰ ਟੁਕੜੇ ਲਿਆ ਰੱਖੇ। ਜਗਦੀਪ ਦਾ ਚਿੱਤ ਕੁਛ ਵੀ ਖਾਣ ਨੂੰ ਨਹੀਂ ਸੀ ਕਰ ਰਿਹਾ। ਉਹਨੇ ਬਾਣੀ ਦੀ ਤਿਆਰ ਕੀਤੀ ਪਲੇਟ ਥੋੜ੍ਹਾ ਪਰੇ ਸਰਕਾ ਦਿੱਤੀ ਤੇ ਗਲਾਸ ਉਸ ਵੱਲ ਕਰਦਿਆਂ ਕਿਹਾ, "ਕੁਲਵੰਤ, ਮੈਂ ਸਭ ਕੁਛ ਭੁੱਲ ਜਾਣਾ ਚਾਹੁੰਦੀ ਹਾਂ, ਦਿੱਲੀ, ਬੰਬਈ, ਦੁਨੀਆ... ਲੈ ਥੋੜ੍ਹੀ-ਥੋੜ੍ਹੀ ਹੋਰ ਪਾ ਲੈ... ਸਾਹਿਤ, ਸਾਹਿਤਕਾਰ, ਦੋਸਤ, ਦੁਸ਼ਮਨ, ਖਾਸ ਕਰ ਕੇ ਉਹ ਦਗ਼ਾਬਾਜ਼ ਆਦਮੀ, ਸਭ ਕੁਛ ਮਨ ਤੋਂ ਮਿਟਾ ਦੇਣਾ ਚਾਹੁੰਦੀ ਹਾਂ...", ਉਹ ਤਿਰਛੀ ਨਜ਼ਰ ਨਾਲ ਦੇਖ ਕੇ ਮੁਸਕਰਾਈ, "...ਪਰ, ਹਾਂ, ਕੁਲਵੰਤ ਤੈਨੂੰ ਨਹੀਂ! ਤੂੰ ਮੇਰਾ ਘੋਰ ਮੁਸੀਬਤ ਵਿਚ ਬਹੁੜਿਆ ਦੋਸਤ ਹੈਂ! ਕੁਲਵੰਤ, ਜਦੋਂ ਕਿਧਰੇ ਕੋਈ ਨਹੀਂ, ਤੂੰ ਹਾਜ਼ਰ ਹੈਂ ਮੇਰੇ ਦੋਸਤ!"

ਦੋਵਾਂ ਦੇ ਗਲਾਸ ਖਾਲੀ ਹੋਏ ਤਾਂ ਬਾਣੀ ਨੇ ਖਾਣੇ ਵਾਲੀ ਪਲੇਟ ਚੁੱਕ ਕੇ ਉਹਦੇ ਹੱਥ ਫੜਾ ਦਿੱਤੀ। ਉਹਨੇ ਪਲੇਟ ਫੜ ਤਾਂ ਲਈ ਪਰ ਕਹਿੰਦੀ, "ਮੇਰੀ ਭੁੱਖ-ਤੇਹ ਸਭ ਮਰ ਗਈ, ਕੁਲਵੰਤ।" ਆਪਣੀ ਪਲੇਟ ਵਿਚੋਂ ਚੁੱਕਿਆ ਨਿਵਾਲਾ ਵਾਪਸ ਪਲੇਟ ਵਿਚ ਰਖਦਿਆਂ ਉਹਨੇ ਕਿਹਾ, "ਜਗਦੀਪ, ਤੂੰ ਕੀ ਸਮਝਦੀ ਹੈਂ, ਤੂੰ ਕੁਛ ਖਾਏਂਗੀ ਨਹੀਂ ਤੇ ਮੈਂ ਖਾ ਲਵਾਂਗਾ? ਗੁੱਸੇ ਦੁੱਖ ਪਹੁੰਚਾਉਣ ਵਾਲਿਆਂ ਨਾਲ ਹੋਈਂਦਾ ਹੈ, ਭੋਜਨ ਨਾਲ ਨਹੀਂ।" ਜਦੋਂ ਉਹਨੇ "ਖਾ, ਤੂੰ ਖਾਵੇਂ ਤਾਂ ਮੈਂ ਵੀ ਖਾਵਾਂ" ਕਿਹਾ, ਉਹ ਹੌਲ਼ੀ-ਹੌਲ਼ੀ ਖਾਣ ਲੱਗ ਪਈ।

ਬੁਰਸ਼ ਕਰ ਕੇ ਤੇ ਰਾਤ ਦੇ ਕੱਪੜੇ ਬਦਲ ਕੇ ਉਹ ਕੁਛ ਸਹਿਜਤਾ ਨਾਲ ਬੈਠ ਸਿਗਰਟ ਮਾਣਨ ਲੱਗੀ। ਬਾਣੀ ਵੀ ਸਾਂਭ-ਸੰਭਾਈ ਦੇ ਕੰਮਾਂ ਤੋਂ ਵਿਹਲਾ ਹੋ ਕੇ ਦੋ ਗਲਾਸ ਭਰ ਲਿਆਇਆ। ਕਟ-ਵਰਕ ਵਾਲੇ ਖ਼ੂਬਸੂਰਤ ਚੈਕੋਸਲੋਵਾਕੀਅਨ ਗਲਾਸਾਂ ਵਿਚ ਓਨੇ ਹੀ ਖ਼ੂਬਸੂਰਤ ਰੰਗ ਦੀ ਕੋਈ ਚੀਜ਼ ਦੇਖ ਕੇ ਉਹਨੇ ਪੁੱਛਿਆ, "ਖਾਣੇ ਤੋਂ ਮਗਰੋਂ ਹੁਣ ਇਹ ਕੀ ਲੈ ਆਇਐਂ?"

"ਇਹ ਖਾਣੇ ਤੋਂ ਮਗਰੋਂ ਛਕਣ ਵਾਲੀ ਨਿਆਮਤ ਹੀ ਹੈ, ਡੈਜ਼ਰਟ ਵਾਈਨ। ਕੌੜੀ ਤੁਰਸ਼ ਵਿਸਕੀ ਨੂੰ ਡਿਨਰ ਦਾ ਆਰੰਭ ਮੰਨਿਆ ਜਾਂਦਾ ਹੈ ਤੇ ਮਿੱਠੀ ਡੈਜ਼ਰਟ ਵਾਈਨ ਨੂੰ ਸਮਾਪਤੀ।" ਬਾਣੀ ਨੇ ਭੂਮਿਕਾ ਬੰਨ੍ਹੀ, "ਪਰ ਮਿੱਠੀ ਦਾ ਮਤਲਬ ਇਹ ਨਹੀਂ ਕਿ ਇਹ ਕੋਈ ਸ਼ਰਬਤ ਹੈ। ਸਮਝ ਲੈ, ਇਹ ਤੇਰੀ ਤੇ ਮੇਰੀ ਜ਼ਿੰਦਗੀ ਵਾਂਗ ਹੈ, ਮਿਠਾਸ ਵਿਚ ਘੁਲੀ ਹੋਈ ਕੁਛ ਤੁਰਸ਼ੀ, ਕੁਛ ਚੋਭ, ਕੁਛ ਕਸਕ! ਇਹ ਖਾਧਾ-ਪੀਤਾ ਹਜ਼ਮ ਕਰਨ ਵਿਚ ਤੇ ਵਿਸਕੀ ਦੇ ਨਸ਼ੇ ਨੂੰ ਸਾਨ ਚਾੜ੍ਹਨ ਵਿਚ ਸਹਾਈ ਹੁੰਦੀ ਹੈ।"

"ਏਨੀਆਂ ਤਾਰੀਫ਼ਾਂ ਕਰਦਾ ਹੈਂ, ਕਿਥੋਂ ਲਿਆਂਦੀ ਹੈ ਇਹ?" ਜਗਦੀਪ ਦੀ ਉਤਸੁਕਤਾ ਜਾਗੀ।

"ਇਹ ਮੈਂ ਹੰਗਰੀ ਤੋਂ ਲਿਆਂਦੀ ਸੀ, ਤੋਕਾਇ। ਜਦੋਂ ਵੇਲਾਂ ਉੱਤੇ ਛੱਡੇ ਅੰਗੂਰ ਪੱਕ ਕੇ ਗੂੜ੍ਹੇ ਭੂਰੇ ਹੋ ਗਲ਼ਣ ਲਗਦੇ ਨੇ ਤੇ ਇਕ ਖਾਸ ਕਿਸਮ ਦੀ ਉੱਲੀ ਫੜ ਲੈਂਦੇ ਨੇ, ਇਹ ਉਹਨਾਂ ਤੋਂ ਬਣਾ ਕੇ ਖਾਸ ਰੰਗ, ਖ਼ੁਸ਼ਬੂ ਤੇ ਸੁਆਦ ਭਰਨ ਵਾਸਤੇ ਲੰਮਾ ਸਮਾਂ ਖਾਸ ਦਰਖਤਾਂ ਦੇ ਕਾਠ ਦੇ ਢੋਲਾਂ ਵਿਚ ਰੱਖੀ ਜਾਂਦੀ ਹੈ। ਜਿੰਨਾ ਲੰਮਾ ਸਮਾਂ ਰੱਖੀ ਜਾਂਦੀ ਹੈ, ਓਨੀ ਮਹਿੰਗੀ ਹੁੰਦੀ ਹੈ!"

ਜਗਦੀਪ ਹੈਰਾਨ ਹੋਈ, "ਕਿਥੋਂ ਲਭਦਾ ਹੈਂ ਤੂੰ ਇਹੋ ਜਿਹੀਆਂ ਸੰਜੀਵਨੀਆਂ?

"ਸਭ ਕੁਛ ਹੈ ਦੁਨੀਆ ਵਿਚ, ਬੱਸ ਪਾਰਖੂ ਅੱਖ ਚਾਹੀਦੀ ਹੈ", ਬਾਣੀ ਹੱਸਿਆ, "ਹੁਣ ਜੇ ਕੋਈ ਮੈਨੂੰ ਪੁੱਛੇ, ਦੋਸਤੀ ਦਾ ਜਗਦੀਪ ਵਰਗਾ ਸੁੱਚਾ ਮੋਤੀ ਕਿਥੋਂ ਲੱਭਿਆ, ਮੈਂ ਕੀ ਜਵਾਬ ਦੇਵਾਂ!"

ਜਗਦੀਪ ਨੇ ਲੰਮਾ ਕਸ਼ ਲੈ ਕੇ ਆਖਿਆ, "ਤੂੰ ਵੀ ਕੁਲਵੰਤ ਬੱਸ...ਕਿਤੋਂ ਦੀ ਗੱਲ ਕਿਤੇ ਲੈ ਜਾਂਦਾ ਹੈਂ!"

"ਕਿਉਂ ਇਹ ਕਿਤੋਂ ਦੀ ਗੱਲ ਕਿਤੇ ਕਿਵੇਂ ਹੋਈ? ਤੇਰੇ ਤੇ ਇਸ ਤੋਕਾਇ ਵਿਚ ਕੀ ਫ਼ਰਕ ਹੈ ਜਗਦੀਪ? ਦੋਵੇਂ ਅਨਮੋਲ, ਦੋਵੇਂ ਮਿਠਾਸੀ ਤੁਰਸ਼, ਦੋਵੇਂ ਟਿਕਵੇਂ ਸੁਭਾਅ ਵਾਲੀਆਂ, ਦੋਵੇਂ ਦੋਸਤ-ਨਵਾਜ਼।"

"ਯਾ ਖ਼ੁਦਾ!" ਉਹ ਹੱਸੀ, "ਬੰਦ ਕਰ ਇਹ ਪ੍ਰਸੰਸਾ ਰਾਗ, ਸਾਰੇ ਸੋਹਣੇ ਲਫ਼ਜ਼ ਮੇਰੇ ਨਾਲ ਹੀ ਜੋੜ ਦੇਵੇਂਗਾ ਤਾਂ ਕਦੀ ਕਿਸੇ ਹੋਰ ਨੂੰ ਕੀ ਕਹੇਂਗਾ?"

"ਬਠਿੰਡੇ ਦੇ ਟਿੱਬਿਆਂ ਵਰਗੀ ਮੇਰੀ ਖ਼ੁਸ਼ਕ ਰੇਤਲੀ ਜ਼ਿੰਦਗੀ ਵਿਚ ਸੋਹਣੇ ਲਫ਼ਜ਼ ਸੁਣਨ ਵਾਸਤੇ ਕਿਸ ਨੇ ਆਉਣਾ ਹੈ, ਜਗਦੀਪ!" ਬਾਣੀ ਨੇ ਹੌਕਾ ਭਰਿਆ, "ਤੂੰ ਅੱਜ ਪਤਾ ਨਹੀਂ ਪਿਛਲੇ ਜਨਮ ਦੇ ਕਿਹੜੇ ਪੁੰਨ ਸਦਕਾ ਲੰਘਦੇ ਬੱਦਲ ਦੀ ਛਾਂ ਬਣ ਕੇ ਦੋ ਘੜੀਆਂ ਆ ਗਈ!" ਉਹ ਜਾਣ ਕੇ ਉਦਾਸ ਹੋ ਗਿਆ।

"ਪਿਆਰ ਦੇ ਡਾਇਆਲਾਗ ਖ਼ੂਬ ਬੋਲਦਾ ਹੈਂ, ਆਖ਼ਰ ਨਾਟਕਕਾਰ ਹੈਂ ਨਾ!" ਤੇ ਉਹਨੇ ਗਲਾਸ ਵੱਲ ਹੱਥ ਵਧਾਇਆ, "ਮੈਂ ਇਸ ਨਾਲ ਆਪਣੀ ਮੱਤ ਮਾਰ ਲੈਣਾ ਚਾਹੁੰਦੀ ਹਾਂ ਤੇ ਮੇਰੇ ਨਾਲ ਕਮਾਇਆ ਉਸ ਆਦਮੀ ਦਾ ਧਰੋਹ ਭੁੱਲ ਜਾਣਾ ਚਾਹੁੰਦੀ ਹਾਂ।"

"ਮੇਰੇ ਦਿਲ ਦੀ ਆਵਾਜ਼ ਨੂੰ ਨਾਟਕ ਦੇ ਡਾਇਆਲਾਗ ਦੀ ਗਾਲ਼ ਤਾਂ ਨਾ ਦੇ, ਦਿਲਾਂ ਦੀ ਮਲਕਾ!" ਉਹ ਉੱਠ ਕੇ ਉਹਦੇ ਕੋਲ ਜਾ ਬੈਠਾ, "ਤੂੰ ਹਮੇਸ਼ਾ ਚੜ੍ਹਦੀ ਕਲਾ ਵਿਚ ਰਹਿ ਕੇ ਹੋਰਾਂ ਨੂੰ ਰਾਹ ਦਿਖਾਉਣ ਵਾਲੀ ਔਰਤ ਬੰਬਈਉਂ ਮੁੜ ਕੇ ਕੇਹੀਆਂ ਨਿਰਾਸ ਗੱਲਾਂ ਕਰਨ ਲੱਗ ਪਈ ਹੈਂ!"

"ਕੁਲਵੰਤ, ਉਹਨੇ ਮੇਰੇ ਨਾਲ ਦਗ਼ਾ ਕਮਾਇਆ", ਉਹ ਫੁੱਟ-ਫੁੱਟ ਕੇ ਰੋ ਪਈ ਤੇ ਇਕੋ ਸਾਹੇ ਗਲਾਸ ਖਾਲੀ ਕਰ ਕੇ ਰੱਖ ਦਿੱਤਾ।

ਬਾਣੀ ਨੇ ਉਹਦੇ ਮੋਢਿਆਂ ਉੱਤੋਂ ਬਾਂਹ ਵਲ਼ਾਈ, "ਤੂੰ ਫੇਰ ਉਹੋ ਗੱਲ ਛੇੜ ਲਈ। ਉਸ ਬੰਦੇ ਦੇ ਖ਼ਿਲਾਫ਼ ਜਾਂ ਪੱਖ ਵਿਚ ਮੇਰੇ ਮਨ ਅੰਦਰ ਕੁਛ ਵੀ ਨਹੀਂ। ਮੈਂ ਤਾਂ ਦੂਰ ਖਲੋਤਾ ਦਰਸ਼ਕ ਹਾਂ। ਪਰ, ਦੇਖ ਜਗਦੀਪ, ਬੁਰਾ ਨਾ ਮਨਾਈਂ, ਮੈਂ ਤਾਂ ਤੇਰੇ ਭਲੇ ਵਾਸਤੇ ਜੱਗ-ਜ਼ਾਹਿਰ ਸੱਚ ਦਸਦਾ ਹਾਂ। ਉਹ ਤੇਰੀ ਸਮੁੱਚੀ ਸ਼ਖ਼ਸੀਅਤ ਦੇ ਹਾਣ ਦਾ ਤਾਂ ਕੀ, ਤੇਰੇ ਪੈਰਾਂ ਦੇ ਹਾਣ ਦਾ ਵੀ ਨਹੀਂ ਸੀ। ਤੂੰ ਸਾਡੀ ਏਨੀ ਵੱਡੀ ਲੇਖਿਕਾ ਤੇ ਉਹਦੀ ਕਲਾਕਾਰੀ ਇਕ ਛੋਟੇ-ਮੋਟੇ ਉਰਦੂ ਰਸਾਲੇ ਵਿਚ ਲਕੀਰਾਂ ਖਿੱਚਣ ਤੱਕ ਸੀਮਤ! ਮੈਨੂੰ ਹੈਰਾਨੀ ਹੈ, ਤੂੰ ਉਸ ਫ਼ਜ਼ੂਲ ਬੰਦੇ ਨੂੰ ਹੁਣ ਤੱਕ ਦਿਮਾਗ਼ ਉੱਤੇ ਸਵਾਰ ਕਿਉਂ ਕਰ ਰੱਖਿਆ ਹੈ? ਜਿਵੇਂ ਘਰ ਵਿਚੋਂ ਰੱਦੀ ਅਖ਼ਬਾਰ-ਰਸਾਲੇ ਕੱਢ ਦੇਈਂਦੇ ਨੇ, ਮਨ ਵਿਚੋਂ ਵਾਧੂ ਬੰਦੇ ਇਉਂ ਕੱਢ ਦੇਣੇ ਚਾਹੀਦੇ ਨੇ!"

ਉਹ ਬੁਸਕ ਪਈ, "ਮੈਂ ਤਾਂ ਉਸ ਦੀ ਕਲਾ ਨੂੰ ਆਪਣੇ ਸਾਹਿਤ ਦੇ ਬਰਾਬਰ ਖੜ੍ਹਾ ਕੀਤਾ ਸੀ ਪਰ ਉਹਨੇ ਦਗ਼ਾ ਕਮਾਇਆ!"

ਬਾਣੀ ਨੇ ਉਹਦੇ ਮੋਢਿਆਂ ਉੱਤੋਂ ਦੀ ਵਲੀ ਬਾਂਹ ਘੁੱਟ ਕੇ ਕਿਹਾ, "ਜੇ ਸੱਚ ਪੁੱਛੇਂ, ਉਹਨੇ ਦਗ਼ਾ ਕਮਾ ਕੇ ਤੇਰਾ ਭਲਾ ਹੀ ਕੀਤਾ ਹੈ। ਉਹ ਤੇਰੇ ਲਾਇਕ ਨਹੀਂ ਸੀ, ਜਗਦੀਪ!"

"ਤੂੰ ਠੀਕ ਕਹਿੰਦਾ ਹੈਂ, ਕੁਲਵੰਤ...ਮੇਰੇ ਸੱਚੇ ਦੋਸਤ...ਉਹ ਮੇਰੇ ਲਾਇਕ ਹੀ ਨਹੀਂ ਸੀ, ਝੂਠਾ!... ਫ਼ਰੇ...ਬੀ!...ਦਗ਼ਾ...ਬਾ...ਜ਼...!" ਵਾਈਨ ਨੇ ਵਿਸਕੀ ਨੂੰ ਸੱਚਮੁੱਚ ਹੀ ਸਾਨ ਚੜ੍ਹਾ ਦਿੱਤੀ ਸੀ। ਰੋਂਦੀ-ਰੋਂਦੀ ਨੇ ਉਹਨੇ ਆਪਣਾ ਸਿਰ ਬਾਣੀ ਦੇ ਮੋਢੇ ਉੱਤੇ ਸੁੱਟ ਦਿੱਤਾ ਜੋ ਤਿਲ੍ਹਕਦਾ-ਤਿਲ੍ਹਕਦਾ ਉਹਦੀ ਛਾਤੀ ਨਾਲ ਜਾ ਲੱਗਿਆ!

# ਜੰਮੂ ਅਤੇ ਕਸ਼ਮੀਰ - ਰਾਜ ਦਾ ਦਰਜਾ ਮੁੜ ਪ੍ਰਾਪਤ ਕਰਨ ਦੀ ਔਖੀ ਅਤੇ ਲੰਮੀ ਤਲਾਸ਼

(ਜੰਮੂ ਅਤੇ ਕਸ਼ਮੀਰ ਲਈ ਬਣਾਏ ਗਏ ਵਾਰਤਾਕਾਰਾਂ ਦੇ ਸਮੂਹ ਦੀ ਸਾਬਕਾ ਮੈਂਬਰ ਅਤੇ ਪੁਸਤਕ 'The Republic Relearnt: Renewing Indian Democracy, 1947–2024' ਦੀ ਲੇਖਿਕਾ)

**ਰਾਧਾ ਕੁਮਾਰ**
**ਪੇਸ਼ਕਸ਼: ਬੂਟਾ ਸਿੰਘ ਮਹਿਮੂਦਪੁਰ**

5 ਅਗਸਤ ਨੂੰ ਜੰਮੂ ਅਤੇ ਕਸ਼ਮੀਰ (ਜੇ ਐਂਡ ਕੇ) ਦਾ ਵਿਸ਼ੇਸ਼ ਦਰਜਾ (ਧਾਰਾ 370) ਖਤਮ ਕੀਤੇ ਜਾਣ ਦੇ ਸੱਤ ਸਾਲ ਪੂਰੇ ਹੋ ਰਹੇ ਹਨ। ਕੁਝ ਦਿਨ ਬਾਅਦ, 9 ਅਗਸਤ ਨੂੰ ਜੰਮੂ ਅਤੇ ਕਸ਼ਮੀਰ ਤੋਂ ਰਾਜ ਦਾ ਦਰਜਾ ਖੋਹੇ ਜਾਣ ਦੇ ਵੀ ਸੱਤ ਸਾਲ ਪੂਰੇ ਹੋ ਜਾਣਗੇ। ਇਹ ਦੋਵੇਂ ਕਦਮ ਭਾਰਤ ਦੇ ਇਤਿਹਾਸ ਦੇ ਸਭ ਤੋਂ ਵਿਵਾਦਿਤ ਲਾਕਡਾਊਨਾਂ ਵਿਚੋਂ ਇੱਕ ਦੇ ਨਾਲ ਲਾਗੂ ਕੀਤੇ ਗਏ ਸਨ। ਹਜ਼ਾਰਾਂ ਵਾਧੂ ਸੈਨਿਕਾਂ ਨੂੰ ਹਵਾਈ ਰਸਤੇ ਭੇਜਿਆ ਗਿਆ, 5,000 ਤੋਂ ਵੱਧ ਰਾਜਨੀਤਕ ਆਗੂਆਂ ਅਤੇ ਕਾਰਕੁਨਾਂ ਨੂੰ ਹਿਰਾਸਤ ਵਿਚ ਲਿਆ ਗਿਆ, ਕਰਫ਼ਿਊ ਲਗਾ ਦਿੱਤਾ ਗਿਆ ਅਤੇ ਸੰਚਾਰ ਸੇਵਾਵਾਂ 'ਤੇ ਮੁਕੰਮਲ ਪਾਬੰਦੀ ਲਾ ਦਿੱਤੀ ਗਈ।

ਇਹ ਸਾਰੇ ਕਦਮ ਐਮਰਜੈਂਸੀ ਉਪਾਵਾਂ ਵਜੋਂ ਚੁੱਕੇ ਗਏ, ਪਰ ਨਾ ਤਾਂ ਕੋਈ ਸਪੱਸ਼ਟ ਐਮਰਜੈਂਸੀ ਦਿਖਾਈ ਦੇ ਰਹੀ ਸੀ ਅਤੇ ਨਾ ਹੀ ਕੋਈ ਐਮਰਜੈਂਸੀ ਅਧਿਕਾਰਤ ਤੌਰ 'ਤੇ ਐਲਾਨ ਕੀਤੀ ਗਈ ਸੀ। ਮੋਦੀ ਸਰਕਾਰ ਦੀ ਦਲੀਲ ਸੀ ਕਿ ਇਹ ਉਪਾਅ ਆਰਜ਼ੀ ਹਨ ਅਤੇ ਇਨ੍ਹਾਂ ਦੇ ਨਤੀਜੇ ਵਜੋਂ ਹਿੰਸਾ-ਮੁਕਤ ਖੇਤਰ ਬਣੇਗਾ, ਜਿੱਥੇ ਆਰਥਿਕ ਵਿਕਾਸ ਨੂੰ ਨਵੀਂ ਰਫ਼ਤਾਰ ਮਿਲੇਗੀ। ਪਰ ਇਸ ਦੇ ਉਲਟ, ਅਤੇ ਜਿਵੇਂ ਪਹਿਲਾਂ ਤੋਂ ਅੰਦਾਜ਼ਾ ਸੀ, ਹਿੰਸਾ ਜਾਰੀ ਰਹੀ। ਇਸ ਦਾ ਸਬੂਤ ਪਿਛਲੇ ਸਾਲ ਕਸ਼ਮੀਰ ਦੇ ਪਹਿਲਗਾਮ (ਅਪ੍ਰੈਲ) ਅਤੇ ਦਿੱਲੀ ਦੇ ਲਾਲ ਕਿਲ੍ਹੇ (ਨਵੰਬਰ) ਵਿਚ ਹੋਏ ਅੱਤਵਾਦੀ ਹਮਲੇ ਹਨ। ਇੰਨਾ ਹੀ ਨਹੀਂ, ਹਿੰਸਾ ਉਨ੍ਹਾਂ ਇਲਾਕਿਆਂ ਤੱਕ ਵੀ ਫੈਲ ਗਈ ਜੋ ਪਹਿਲਾਂ ਮੁਕਾਬਲਤਨ ਸ਼ਾਂਤ ਸਨ, ਜਿਵੇਂ ਪੁੰਛ-ਰਾਜੌਰੀ, ਅਤੇ ਉੱਥੋਂ ਅੱਗੇ ਜੰਮੂ ਅਤੇ ਕਸ਼ਮੀਰ ਦੇ ਨੇੜਲੇ ਜ਼ਿਲ੍ਹਿਆਂ ਤੱਕ ਪਹੁੰਚ ਗਈ।

ਆਰਥਿਕ ਪੱਖੋਂ ਵੀ ਇਹ ਖੇਤਰ ਲਗਾਤਾਰ ਪਿੱਛੇ ਰਹਿ ਰਿਹਾ ਹੈ। ਜੰਮੂ ਅਤੇ ਕਸ਼ਮੀਰ ਆਰਥਿਕ ਸਰਵੇਖਣ 2025-26 ਦੇ ਅਨੁਸਾਰ, ਖੇਤਰ ਦੀ ਪ੍ਰਤੀ ਵਿਅਕਤੀ ਆਮਦਨ ਰਾਸ਼ਟਰੀ ਔਸਤ ਦਾ ਕੇਵਲ 76.6 ਫ਼ੀਸਦੀ ਹੈ, ਜਦਕਿ 2013-14 ਵਿਚ ਇਹ 79.9 ਫ਼ੀਸਦੀ ਸੀ। ਅਰਥਾਤ ਇਸ ਵਿਚ 3.3 ਪ੍ਰਤੀਸ਼ਤ ਅੰਕਾਂ ਦੀ ਗਿਰਾਵਟ ਆਈ ਹੈ। ਬੇਰੁਜ਼ਗਾਰੀ ਦੀ ਦਰ ਰਾਸ਼ਟਰੀ ਔਸਤ ਨਾਲੋਂ ਲਗਭਗ ਦੋਗੁਣੀ ਬਣੀ ਹੋਈ ਹੈ, ਜਦਕਿ ਗ੍ਰੈਜੂਏਟ ਨੌਜਵਾਨਾਂ ਵਿਚ ਬੇਰੁਜ਼ਗਾਰੀ 23.9 ਫ਼ੀਸਦੀ ਤੱਕ ਪਹੁੰਚ ਗਈ ਹੈ।

### ਲਾਕਡਾਊਨ ਅਤੇ ਪੁੱਛਗਿੱਛ ਲਈ ਸੰਮਨ

ਪਹਿਲਗਾਮ ਹਮਲੇ ਤੋਂ ਬਾਅਦ ਕਸ਼ਮੀਰੀ ਲੋਕਾਂ ਦਾ ਪ੍ਰਤੀਕ੍ਰਮ ਹਿੰਸਾ ਦੇ ਵਿਰੁੱਧ ਇੱਕ ਸਪੱਸ਼ਟ ਅਤੇ ਵਿਸ਼ਾਲ ਇਨਕਾਰ ਵਜੋਂ ਸਾਹਮਣੇ ਆਇਆ। ਲੋਕਾਂ ਨੇ ਸ਼ਾਂਤੀ ਮਾਰਚ ਕੱਢੇ ਅਤੇ ਮੋਮਬੱਤੀਆਂ ਜਗਾ ਕੇ ਪ੍ਰਦਰਸ਼ਨ ਕੀਤੇ। ਇਸ ਨਾਲ ਮੋਦੀ ਸਰਕਾਰ ਨੂੰ ਜ਼ਮੀਨੀ ਪੱਧਰ 'ਤੇ ਸ਼ਾਂਤੀ ਕਾਇਮ ਕਰਨ ਦਾ ਮੌਕਾ ਮਿਲਿਆ ਸੀ, ਜਿਸ ਦੀ ਸ਼ੁਰੂਆਤ ਰਾਜ ਦਾ ਦਰਜਾ ਬਹਾਲ ਕਰਨ ਨਾਲ ਕੀਤੀ ਜਾ ਸਕਦੀ ਸੀ। ਪਰ ਇਸ ਦੀ ਬਜਾਏ ਕੇਂਦਰੀ ਗ੍ਰਹਿ ਮੰਤਰਾਲੇ ਨੇ ਹੋਰ ਵੀ ਸਖ਼ਤ ਸੁਰੱਖਿਆ ਨੀਤੀ ਅਪਣਾਈ।

ਇਸ ਸਾਲ ਦੀ ਅਮਰਨਾਥ ਯਾਤਰਾ ਜੰਮੂ ਅਤੇ ਕਸ਼ਮੀਰ ਦੇ ਇਤਿਹਾਸ ਦੀ ਸਭ ਤੋਂ ਵੱਧ ਫ਼ੌਜੀਕਰਨ ਕੀਤੀ ਗਈ ਯਾਤਰਾ ਰਹੀ ਹੈ। ਨਾਗਰਿਕਾਂ ਉੱਤੇ ਬਹੁਤ ਹੀ ਕਮਜ਼ੋਰ ਆਧਾਰਾਂ 'ਤੇ ਵੀ ਜੰਮੂ ਅਤੇ ਕਸ਼ਮੀਰ ਪਬਲਿਕ ਸੇਫ਼ਟੀ ਐਕਟ (ਪੀਐੱਸਏ) ਅਤੇ ਗ਼ੈਰ-ਕਾਨੂੰਨੀ ਗਤੀਵਿਧੀਆਂ (ਰੋਕਥਾਮ) ਐਕਟ (ਯੂਏਪੀਏ) ਵਰਗੇ ਸਖ਼ਤ ਕਾਨੂੰਨ ਲਗਾਏ ਜਾ ਰਹੇ ਹਨ। ਇਸ ਸਾਲ 22 ਜੁਲਾਈ ਨੂੰ ਕਾਂਸਟੇਬਲ ਆਸ਼ਿਕ ਹੁਸੈਨ ਕੁਰੈਸ਼ੀ ਦੀ ਹੱਤਿਆ ਤੋਂ ਬਾਅਦ 2,000 ਤੋਂ ਵੱਧ ਲੋਕਾਂ ਨੂੰ ਪੁੱਛਗਿੱਛ ਲਈ ਸੱਦਿਆ ਗਿਆ। ਕਰਫ਼ਿਊ ਹੁਣ ਆਮ ਗੱਲ ਬਣ ਗਿਆ ਹੈ ਅਤੇ 2019 ਤੋਂ ਬਾਅਦ ਪੂਰੇ ਦੇਸ਼ ਵਿਚ ਇੰਟਰਨੈੱਟ ਅਤੇ ਸੰਚਾਰ ਸੇਵਾਵਾਂ 'ਤੇ ਸਭ ਤੋਂ ਵੱਧ ਪਾਬੰਦੀਆਂ ਇਸ ਕੇਂਦਰ ਸ਼ਾਸਿਤ ਪ੍ਰਦੇਸ਼ ਵਿਚ ਹੀ ਲਗਾਈਆਂ ਗਈਆਂ ਹਨ।

ਉਸ ਸਮੇਂ ਬਹੁਤ ਘੱਟ ਲੋਕਾਂ ਨੇ ਇਹ ਸਮਝਿਆ ਕਿ ਮੋਦੀ ਸਰਕਾਰ ਦੇ ਇਹ ਕਦਮ ਕਿੰਨੇ ਦੂਰਗਾਮੀ ਸਨ—ਸਿਰਫ਼ ਇਸ ਲਈ ਨਹੀਂ ਕਿ ਕੀ ਕੀਤਾ ਗਿਆ, ਸਗੋਂ ਇਸ ਲਈ ਵੀ ਕਿ ਇਹ ਕਿਵੇਂ ਕੀਤਾ ਗਿਆ। ਧਾਰਾ 370 ਨੂੰ ਕਾਰਜਪਾਲਿਕਾ ਦੇ ਹੁਕਮ ਰਾਹੀਂ ਲਗਭਗ ਬੇਅਸਰ ਬਣਾ ਗਿਆ। ਉਸ ਵੇਲੇ ਦੇ ਰਾਜਪਾਲ, ਜਿਸ ਨੇ ਬਾਅਦ ਵਿਚ ਕਿਹਾ ਕਿ ਉਸ ਨੂੰ ਕੇਂਦਰੀ ਗ੍ਰਹਿ ਮੰਤਰੀ ਦੇ ਹੁਕਮ 'ਤੇ ਦਸਤਖ਼ਤ ਕਰਨ ਲਈ ਕਿਹਾ ਗਿਆ ਸੀ, ਦੇ ਜ਼ਰੀਏ ਇਹ ਕਾਰਵਾਈ ਪੂਰੀ ਕੀਤੀ ਗਈ। ਰਾਜ ਦਾ ਦਰਜਾ ਸੰਸਦ ਦੇ ਕਾਨੂੰਨੀ ਫ਼ੈਸਲੇ ਰਾਹੀਂ ਖ਼ਤਮ ਕਰ ਦਿੱਤਾ ਗਿਆ, ਜਦਕਿ ਸੰਸਦ ਨੇ ਜੰਮੂ ਅਤੇ ਕਸ਼ਮੀਰ ਦੇ ਲੋਕਾਂ ਜਾਂ ਉਨ੍ਹਾਂ ਦੇ ਰਾਜਨੀਤਕ ਆਗੂਆਂ ਨਾਲ ਸਲਾਹ-ਮਸ਼ਵਰਾ ਕਰਨਾ ਵੀ ਜ਼ਰੂਰੀ ਨਹੀਂ ਸਮਝਿਆ। 1956 ਵਿਚ ਦਿੱਲੀ ਤੋਂ ਰਾਜ ਦਾ ਦਰਜਾ ਵਾਪਸ ਲਏ ਜਾਣ ਤੋਂ ਬਾਅਦ ਇਹ ਪਹਿਲੀ ਵਾਰ ਸੀ ਕਿ ਕਿਸੇ ਭਾਰਤੀ ਰਾਜ ਤੋਂ ਉਸ ਦਾ ਰਾਜ ਦਾ ਦਰਜਾ ਖੋਹਿਆ ਗਿਆ।

ਇਹ ਦੋਵੇਂ ਕਦਮ ਮਿਲ ਕੇ ਭਾਰਤ ਦੇ ਸੰਵਿਧਾਨਕ ਸਿਧਾਂਤਾਂ ਅਤੇ ਸੰਘੀ ਢਾਂਚੇ ਦੀ ਮੂਲ ਸੰਰਚਨਾ ਦਾ ਬੇਮਿਸਾਲ ਉਲੰਘਣਾ ਸਨ। ਇਨ੍ਹਾਂ ਨੂੰ ਭਾਰਤੀ ਲੋਕਤੰਤਰ ਉੱਪਰ ਦੂਜਾ ਵੱਡਾ ਹਮਲਾ ਮੰਨਿਆ ਜਾਣਾ ਚਾਹੀਦਾ ਸੀ—ਪਹਿਲਾ ਹਮਲਾ ਰਾਜ ਦੀ ਸਰਪ੍ਰਸਤੀ ਨਾਲ ਮੁਸਲਮਾਨਾਂ ਅਤੇ ਇਸਾਈਆਂ ਉੱਤੇ ਹੋਏ ਹਮਲਿਆਂ ਰਾਹੀਂ ਭਾਰਤੀ ਰਾਜਨੀਤੀ ਦੇ ਮੁੜ ਫਿਰਕੂਕਰਨ ਦਾ ਸੀ। ਪਰ ਇਸ ਦੀ ਬਜਾਏ ਇਨ੍ਹਾਂ ਘਟਨਾਵਾਂ ਨੂੰ ਸਿਰਫ਼ ਟਕਰਾਅ-ਪ੍ਰਭਾਵਿਤ ਜੰਮੂ ਅਤੇ ਕਸ਼ਮੀਰ ਤੱਕ ਸੀਮਿਤ ਮਾਮਲਾ ਮੰਨ ਲਿਆ ਗਿਆ।

ਇਹ ਧਾਰਨਾ ਕਿ ਟਕਰਾਅ-ਪ੍ਰਭਾਵਿਤ ਖੇਤਰਾਂ ਵਿਚ ਸਖ਼ਤ ਅਤੇ ਜਾਬਰ ਕਦਮ ਜਾਇਜ਼ ਹਨ, ਨੈਤਿਕ ਅਤੇ ਵਿਹਾਰਕ—ਦੋਵੇਂ ਪੱਖੋਂ ਗ਼ਲਤ ਹੈ। ਭਾਰਤ ਆਪਣੇ ਬਸਤੀਵਾਦੀ ਅਤੀਤ ਤੋਂ ਇਹ ਗੱਲ ਚੰਗੀ ਤਰ੍ਹਾਂ ਜਾਣਦਾ ਹੈ। ਨੈਤਿਕ ਪੱਖੋਂ ਇਹ ਦਲੀਲ ਕਿ ਜਬਰ ਕਿਸੇ ਚੰਗੇ ਉਦੇਸ਼ ਨੂੰ ਪ੍ਰਾਪਤ ਕਰਨ ਦਾ ਸਾਧਨ ਹੈ, ਇਸ ਮੂਲ ਸੱਚਾਈ ਨੂੰ ਓਹਲੇ ਕਰ ਦਿੰਦਾ ਹੈ ਕਿ ਜਬਰ ਆਪਣੇ ਆਪ ਵਿਚ ਹੀ ਘਿਣਾਉਣਾ ਹੈ; ਇਹ ਕਦੇ ਵੀ ਕਿਸੇ ਚੰਗੇ ਉਦੇਸ਼ ਦਾ ਸਾਧਨ ਨਹੀਂ ਹੋ ਸਕਦਾ।

ਵਿਹਾਰਕ ਪੱਖੋਂ ਵੀ, ਜਿਵੇਂ ਕਿ ਭਾਰਤ ਆਪਣੇ ਹਾਲੀਆ ਇਤਿਹਾਸ ਤੋਂ ਜਾਣਦਾ ਹੈ, ਜਬਰ ਸਿਰਫ਼ ਅਸੰਤੋਸ਼ ਨੂੰ ਜਨਮ ਦਿੰਦਾ ਹੈ, ਅਤੇ ਜਦੋਂ ਸ਼ਾਂਤੀਪੂਰਨ ਤਰੀਕੇ ਨਾਲ ਵਿਚਾਰ ਪ੍ਰਗਟ ਕਰਨ ਦੇ ਰਾਹ ਬੰਦ ਕਰ ਦਿੱਤੇ ਜਾਂਦੇ ਹਨ ਤਾਂ ਉਹੀ ਅਸੰਤੋਸ਼ ਆਖ਼ਿਰਕਾਰ ਹਿੰਸਾ ਦੇ ਰੂਪ ਵਿਚ ਸਾਹਮਣੇ ਆਉਂਦਾ ਹੈ।

ਫਿਰ ਵੀ, ਇਸੇ ਦਲੀਲ ਦੇ ਆਧਾਰ 'ਤੇ ਮੋਦੀ ਸਰਕਾਰ ਸੱਤ ਸਾਲ ਤੱਕ ਸਿੱਧਾ ਸ਼ਾਸਨ ਚਲਾਉਣ ਵਿਚ ਕਾਮਯਾਬ ਰਹੀ। ਭਾਰਤ ਦੇ ਸੁਪਰੀਮ ਕੋਰਟ ਨੇ ਵੀ ਚਾਰ ਸਾਲਾਂ ਤੱਕ ਸਾਲਿਸਿਟਰ ਜਨਰਲ ਤੁਸ਼ਾਰ ਮਹਿਤਾ ਨੂੰ ਇਸੇ ਦਲੀਲ ਦਾ ਰਟਣ-ਮੰਤਰ ਕਰਨ ਦੀ ਇਜਾਜ਼ਤ ਦਿੱਤੀ ਅਤੇ ਅੰਤ ਵਿਚ ਸਿਰਫ਼ ਇਹ ਕਿਹਾ ਕਿ ਰਾਜ ਦਾ ਦਰਜਾ 'ਜਿੰਨਾ ਜਲਦੀ ਹੋ ਸਕੇ' ਬਹਾਲ ਕੀਤਾ ਜਾਣਾ ਚਾਹੀਦਾ ਹੈ।

ਉਸ ਤੋਂ ਬਾਅਦ ਵੀ ਤਿੰਨ ਸਾਲ ਬੀਤ ਚੁੱਕੇ ਹਨ, ਪਰ ਰਾਜ ਦਾ ਦਰਜਾ ਬਹਾਲ ਕਰਨ ਲਈ ਸਮਾਂ-ਸੀਮਾ ਤੈਅ ਕਰਨ ਦੀ ਮੰਗ ਵਾਲੀਆਂ ਪਟੀਸ਼ਨਾਂ ਉੱਤੇ ਅਜੇ ਤੱਕ ਸੁਣਵਾਈ ਨਹੀਂ ਹੋਈ। ਕਿਸੇ ਵੀ ਮੌਕੇ 'ਤੇ ਅਦਾਲਤ ਨੇ ਕੇਂਦਰ ਸਰਕਾਰ ਤੋਂ ਇਹ ਨਹੀਂ ਪੁੱਛਿਆ ਕਿ ਉਸ ਦੇ ਇਹ ਕਦਮ ਸੰਵਿਧਾਨਕ ਨੈਤਿਕਤਾ ਜਾਂ ਘੱਟੋ-ਘੱਟ ਵਿਹਾਰਕ ਪੱਖੋਂ ਕਿੰਨੇ ਲਾਭਕਾਰੀ ਸਾਬਤ ਹੋਏ ਹਨ।

### ਉਪ-ਰਾਜਪਾਲ ਦੇ ਹੱਥਾਂ ਵਿਚ ਸੱਤਾ

ਸੰਵਿਧਾਨ ਨੇ ਐਮਰਜੈਂਸੀ ਹਾਲਾਤਾਂ ਦੀ ਮਿਆਦ ਵੱਧ ਤੋਂ ਵੱਧ ਛੇ ਮਹੀਨੇ ਤੱਕ ਸੀਮਤ ਕੀਤੀ ਸੀ। ਪਰ ਜੰਮੂ ਅਤੇ ਕਸ਼ਮੀਰ ਵਿਚ ਇਹੋ ਜਿਹੇ ਹਾਲਾਤ ਸੱਤ ਸਾਲਾਂ ਤੋਂ ਲਗਾਤਾਰ ਬਣੇ ਹੋਏ ਹਨ। ਭਾਵੇਂ ਜੰਮੂ ਅਤੇ ਕਸ਼ਮੀਰ ਹਾਈ ਕੋਰਟ ਨੇ ਵਾਰ-ਵਾਰ ਅਤੇ ਵਧਦੀ ਚਿੰਤਾ ਨਾਲ ਪੁਲਿਸ ਵੱਲੋਂ ਸਖ਼ਤ ਕਾਨੂੰਨਾਂ ਦੇ ਦੁਰਵਰਤੋਂ ਦੀ ਆਲੋਚਨਾ ਕੀਤੀ ਹੈ, ਪਰ ਉਸ ਦੀਆਂ ਟਿੱਪਣੀਆਂ ਨਾਲ ਕੋਈ ਠੋਸ ਸੁਧਾਰ ਨਜ਼ਰ ਨਹੀਂ ਆਉਂਦਾ।

ਦੋ ਸਾਲ ਪਹਿਲਾਂ ਜੰਮੂ ਅਤੇ ਕਸ਼ਮੀਰ ਵਿਚ ਚੋਣਾਂ ਹੋਈਆਂ, ਪਰ ਚੁਣੀ ਹੋਈ ਸਰਕਾਰ ਕੋਲ ਬਹੁਤ ਘੱਟ ਅਧਿਕਾਰ ਹਨ। 2024 ਦੇ ਟ੍ਰਾਂਜ਼ੈਕਸ਼ਨ ਆਫ਼ ਬਿਜ਼ਨਸ ਰੂਲਜ਼ ਦੇ ਤਹਿਤ ਪ੍ਰਸ਼ਾਸਨ, ਪੁਲਿਸ ਅਤੇ ਸਰਕਾਰੀ ਵਕੀਲਾਂ ਉੱਤੇ ਕੰਟਰੋਲ ਉਪ-ਰਾਜਪਾਲ ਕੋਲ ਹੈ। ਹੁਣ ਉਸ ਨੂੰ ਦੂਰਸੰਚਾਰ ਉੱਤੇ ਵੀ ਐਮਰਜੈਂਸੀ ਅਧਿਕਾਰ ਦੇ ਦਿੱਤੇ ਗਏ ਹਨ। ਕਿਉਂਕਿ ਉਪ-ਰਾਜਪਾਲ ਲੋਕਾਂ ਵੱਲੋਂ ਚੁਣਿਆ ਹੋਇਆ ਨਹੀਂ, ਸਗੋਂ ਨਿਯੁਕਤ ਅਧਿਕਾਰੀ ਹੈ, ਇਸ ਲਈ ਉਹ ਲੋਕਾਂ ਦੇ ਪ੍ਰਤੀ ਜਵਾਬਦੇਹ ਵੀ ਨਹੀਂ ਹੈ।

### ਲੋਕਤੰਤਰ ਰਾਹੀਂ ਜਵਾਬਦੇਹੀ

ਭਾਰਤ ਦੇ ਨੌਜਵਾਨਾਂ ਨੇ ਜਿਸ ਖ਼ੁਸ਼ੀ ਅਤੇ ਵਿਸ਼ਵਾਸ ਨਾਲ ਆਪਣੇ ਲਈ ਵਰਤੇ ਗਏ ਅਪਮਾਨਜਨਕ ਸ਼ਬਦ 'ਕਾਕਰੋਚ' ਨੂੰ ਹੀ ਆਪਣੀ ਤਾਕਤ ਅਤੇ ਵਿਰੋਧ ਦਾ ਪ੍ਰਤੀਕ ਬਣਾ ਲਿਆ, ਉਸ ਨਾਲ ਜਵਾਬਦੇਹੀ ਦਾ ਸਵਾਲ ਮੁੜ ਰਾਸ਼ਟਰੀ ਚਰਚਾ ਦੇ ਕੇਂਦਰ ਵਿਚ ਆ ਗਿਆ ਹੈ। ਪਿਛਲੇ ਇੱਕ ਦਹਾਕੇ ਦੌਰਾਨ ਇਹ ਭਾਵਨਾ ਲਗਭਗ ਖ਼ਤਮ ਹੋ ਗਈ ਸੀ।

ਸੰਯੋਗ ਨਾਲ, ਜੰਮੂ ਅਤੇ ਕਸ਼ਮੀਰ ਦੀ ਸੱਤਾਧਾਰੀ ਨੈਸ਼ਨਲ ਕਾਨਫਰੰਸ ਪਾਰਟੀ ਪਹਿਲਾਂ ਹੀ ਰਾਜ ਦਾ ਦਰਜਾ ਬਹਾਲ ਕਰਨ ਲਈ ਆਪਣੀ ਮੁਹਿੰਮ ਨੂੰ ਦੁਬਾਰਾ ਸ਼ੁਰੂ ਕਰਨ ਦਾ ਫ਼ੈਸਲਾ ਕਰ ਚੁੱਕੀ ਸੀ। ਇਹ ਮੁਹਿੰਮ ਕਾਂਗਰਸ ਪਾਰਟੀ ਨੇ ਦੋ ਸਾਲ ਪਹਿਲਾਂ ਸ਼ੁਰੂ ਕੀਤੀ ਸੀ, ਪਰ ਬਾਅਦ ਵਿਚ ਇਸ ਨੂੰ ਲਗਾਤਾਰ ਜਾਰੀ ਨਹੀਂ ਰੱਖ ਸਕੀ। ਹੁਣ ਰਾਜ ਦਾ ਦਰਜਾ ਬਹਾਲ ਕਰਨ ਦੀ ਮੁਹਿੰਮ ਨੂੰ ਜਵਾਬਦੇਹੀ ਦੇ ਨਾਮ 'ਤੇ ਅੱਗੇ ਵਧਾਇਆ ਜਾਣਾ ਚਾਹੀਦਾ ਹੈ।

ਸੰਵਿਧਾਨ ਨੇ ਸਪੱਸ਼ਟ ਤੌਰ 'ਤੇ ਮੰਨਿਆ ਸੀ ਕਿ ਲੋਕਾਂ ਪ੍ਰਤੀ ਜਵਾਬਦੇਹੀ ਯਕੀਨੀ ਬਣਾਉਣ ਦਾ ਇੱਕੋ-ਇੱਕ ਪ੍ਰਭਾਵਸ਼ਾਲੀ ਤਰੀਕਾ ਚੁਣੀ ਹੋਈ ਸਰਕਾਰ ਹੈ। ਭਾਵੇਂ ਜਵਾਬਦੇਹੀ ਲਈ ਸੁਤੰਤਰ ਵਿਧਾਨ ਸਭਾ, ਨਿਗਰਾਨੀ ਸੰਸਥਾਵਾਂ, ਖ਼ੁਦਮੁਖ਼ਤਿਆਰ ਸੰਸਥਾਵਾਂ ਅਤੇ ਆਜ਼ਾਦ ਮੀਡੀਆ ਵੀ ਲਾਜ਼ਮੀ ਹਨ, ਪਰ ਇਨ੍ਹਾਂ ਦਾ ਵਿਕਾਸ ਵੀ ਚੁਣੀ ਹੋਈ ਸਰਕਾਰ ਰਾਹੀਂ ਹੀ ਸੰਭਵ ਹੈ। ਸਭ ਤੋਂ ਮਹੱਤਵਪੂਰਨ ਗੱਲ ਇਹ ਹੈ ਕਿ ਨਿਯੁਕਤ ਪ੍ਰਸ਼ਾਸਨ ਦੇ ਮੁਕਾਬਲੇ ਚੁਣੀ ਹੋਈ ਸਰਕਾਰ ਹੇਠ ਨਾਗਰਿਕ ਸਮਾਜ ਨੂੰ ਸੁਧਾਰਾਂ ਲਈ ਆਵਾਜ਼ ਉਠਾਉਣ ਦਾ ਕੁਝ ਨਾ ਕੁਝ ਮੌਕਾ ਮਿਲਦਾ ਹੈ।

ਪਿਛਲੇ ਇੱਕ ਦਹਾਕੇ ਵਿਚ ਜੰਮੂ ਅਤੇ ਕਸ਼ਮੀਰ ਨੇ ਕਈ ਦੁਖਦਾਈ 'ਪਹਿਲੀਆਂ' ਦਾ ਸਾਹਮਣਾ ਕੀਤਾ ਹੈ। 2016 ਵਿਚ ਇਹ ਉਹ ਪਹਿਲਾ ਰਾਜ ਬਣਿਆ ਜਿੱਥੇ ਵੱਡੇ ਪੱਧਰ 'ਤੇ ਪੈਲੇਟ ਗੰਨਾਂ ਦੀ ਵਰਤੋਂ ਕੀਤੀ ਗਈ। (ਵਿਡੰਬਨਾ ਇਹ ਹੈ ਕਿ 2010 ਦੇ ਪੱਥਰਬਾਜ਼ੀ ਅੰਦੋਲਨ ਤੋਂ ਬਾਅਦ ਪੈਲੇਟ ਗੰਨਾਂ ਨੂੰ ਤੁਲਨਾਤਮਕ ਤੌਰ 'ਤੇ ਘੱਟ ਘਾਤਕ ਬਦਲ ਵਜੋਂ ਵਿਕਸਤ ਕੀਤਾ ਗਿਆ ਸੀ। ਸਾਡੇ ਵਾਰਤਾਕਾਰਾਂ ਦੀ ਰਿਪੋਰਟ ਨੇ ਇਨ੍ਹਾਂ ਦੀ ਵਰਤੋਂ ਦੀ ਆਲੋਚਨਾ ਕੀਤੀ ਸੀ।)

2019 ਵਿਚ ਇਹ ਪਹਿਲਾ ਰਾਜ ਬਣਿਆ ਜਿਸ ਦਾ ਵਿਸ਼ੇਸ਼ ਦਰਜਾ ਅਤੇ ਰਾਜ ਦਾ ਦਰਜਾ ਦੋਵੇਂ ਖ਼ਤਮ ਕਰ ਦਿੱਤੇ ਗਏ। 2022 'ਚ ਇਹ ਅਜਿਹਾ ਪਹਿਲਾ ਰਾਜ ਵੀ ਬਣਿਆ ਜਿੱਥੇ ਹਲਕਾਬੰਦੀ ਦੀ ਅਜਿਹੀ ਪ੍ਰਕਿਰਿਆ ਅਪਣਾਈ ਗਈ ਜਿਸ ਵਿਚ ਜੰਮੂ ਦੀ ਵਸੋਂ ਬਣਤਰ ਨੂੰ ਬਦਲਣ ਲਈ ਵਾਧੂ ਹਿੰਦੂ-ਬਹੁਗਿਣਤੀ ਵਿਧਾਨ ਸਭਾ ਹਲਕੇ ਬਣਾਏ ਗਏ, ਜਿਨ੍ਹਾਂ ਵਿਚੋਂ ਕੁਝ ਦੀ ਆਬਾਦੀ 50,000 ਤੋਂ ਵੀ ਘੱਟ ਸੀ।

ਕੀ ਹੁਣ ਸਮਾਂ ਨਹੀਂ ਆ ਗਿਆ ਕਿ ਜੰਮੂ ਅਤੇ ਕਸ਼ਮੀਰ ਸਿਰਫ਼ ਅਜਿਹੀਆਂ ਨਕਾਰਾਤਮਕ 'ਪਹਿਲੀਆਂ' ਦਾ ਹੀ ਸਾਹਮਣਾ ਨਾ ਕਰੇ, ਸਗੋਂ ਕੁਝ ਸਕਾਰਾਤਮਕ 'ਪਹਿਲੀਆਂ' ਦਾ ਵੀ ਗਵਾਹ ਬਣੇ?

ਆਖ਼ਰਕਾਰ, 2024 ਦੀਆਂ ਚੋਣਾਂ ਵਿਚ ਫ਼ਿਰਕੂ ਹਲਕਾਬੰਦੀ ਨੂੰ ਪਿੱਛੇ ਛੱਡਦਿਆਂ ਬਹੁਲਤਾਵਾਦੀ ਨੈਸ਼ਨਲ ਕਾਨਫਰੰਸ-ਕਾਂਗਰਸ ਗਠਜੋੜ ਨੂੰ ਬਹੁਮਤ ਦਿਵਾਉਣ ਵਾਲਾ ਵੀ ਇਹ ਪਹਿਲਾ ਰਾਜ ਬਣਿਆ। ਇਸ ਲਈ ਇਹ ਬਿਲਕੁਲ ਉਚਿਤ ਹੋਵੇਗਾ ਕਿ ਇਹੋ ਰਾਜ ਸਭ ਤੋਂ ਪਹਿਲਾਂ ਉਹ ਰਾਜ ਦਾ ਦਰਜਾ ਵੀ ਮੁੜ ਹਾਸਲ ਕਰੇ, ਜਿਸ ਤੋਂ ਇਸ ਨੂੰ ਇੰਨੇ ਲੰਬੇ ਸਮੇਂ ਤੋਂ ਵਾਂਝਾ ਰੱਖਿਆ ਗਿਆ ਹੈ।

(ਦਿ ਹਿੰਦੂ, 5 ਅਗਸਤ 2026 ਦੇ ਧੰਨਵਾਦ ਸਹਿਤ)

# ਪੰਜਾਬ ਆਰਟਸ ਕਾਉਂਸਲ ਦੀ ਨਵੇਕਲੀ ਨੀਤੀ

**ਨਿੱਕ ਸੁੱਕ**



**ਗੁਲਜ਼ਾਰ ਸਿੰਘ ਸੰਧੂ**
**ਫੋਨ: 91-98157-78469**
Sandhugulzar@yahoo.com

2026 ਦੀ 27 ਜੁਲਾਈ ਨੂੰ ਪੰਜਾਬ ਆਰਟਸ ਕਾਉਂਸਲ (ਭਾਵ ਪੰਜਾਬ ਕਲਾ ਪ੍ਰੀਸ਼ਦ) ਦੇ ਵਿਹੜੇ ਸੰਝਾਂ ਵੇਲੇ ਪਹਿਲਾਂ ਮੁਰੰਮਤਸ਼ੁਦਾ ਓਪਨ ਏਅਰ ਥੀਏਟਰ ਦਾ ਉਦਘਾਟਨ ਕੀਤਾ ਗਿਆ ਤੇ ਫੇਰ ਸਰਦਾਰ ਤਰਲੋਚਨ ਸਿੰਘ ਦਾ ਸਨਮਾਨ। ਇਨ੍ਹਾਂ ਕਾਰਜਾਂ ਦਾ ਬੀੜਾ ਚੁਕਣ ਵਾਲੀ ਪਦਮ ਸ੍ਰੀ ਡਾ. ਰਤਨ ਸਿੰਘ ਮੈਮੋਰੀਅਲ ਚੈਰੀਟੇਬਲ ਫਾਉਂਡੇਸ਼ਨ ਹੈ। ਮੇਰੇ ਮਨ ਵਿਚ ਤਰਲੋਚਨ ਸਿੰਘ ਵੀ ਵੱਸਿਆ ਹੋਇਆ ਹੈ ਤੇ ਜੱਗੀ ਸਾਹਬ ਵੀ। ਤਰਲੋਚਨ ਸਿੰਘ ਮੇਰੇ 1953 ਤੋਂ 1984 ਤੱਕ ਨਵੀਂ ਦਿੱਲੀ ਰਹਿੰਦਿਆਂ ਮੇਰਾ ਮਿੱਤਰ ਬਣਿਆ ਤੇ ਜੱਗੀ ਜੀ ਮੇਰੇ ਪੰਜਾਬੀ ਯੂਨੀਵਰਸਟੀ ਵਿਚ ਪਤਰਕਾਰੀ ਤੇ ਜਨ ਸੰਚਾਰ ਵਿਭਾਗ ਵਿਚ ਕੰਮ ਕਰਦਿਆਂ ਉਥੋਂ ਦੇ ਪੰਜਾਬੀ ਵਿਭਾਗ ਦੇ ਮੁਖੀ ਸਨ। ਮੇਰਾ ਦੋਨਾਂ ਨਾਲ ਪਿਆਰ ਤੇ ਸਹਿਚਾਰਾ ਰਿਹਾ ਹੈ।

ਮੈਂ ਕਮਜ਼ੋਰ ਸਿਹਤ ਕਾਰਨ ਉਥੇ ਦੇਰ ਨਾਲ ਪਹੁੰਚਿਆ। ਮੈਨੂੰ ਦੱਸਿਆ ਗਿਆ ਕਿ ਸਪੀਕਰ ਕੁਲਤਾਰ ਸਿੰਘ ਥੀਏਟਰ ਦਾ ਉਦਘਾਟਨ ਕਰਕੇ ਆਏ ਹਨ ਤੇ ਮੇਰੇ ਮਿੱਤਰ ਤਰਲੋਚਨ ਸਿੰਘ ਨੂੰ ਨਿਵਾਜਣ ਦੀ ਰਸਮ ਹੋਣ ਵਾਲੀ ਹੈ।

ਜੱਗੀ ਪਰਿਵਾਰ ਨੇ ਜੱਗੀ ਸਾਹਿਬ ਨੂੰ ਚੇਤੇ ਰਖਣ ਲਈ ਪਟਿਆਲਾ ਵਿਖੇ ਫਾਉਂਡੇਸ਼ਨ ਸਥਾਪਤ ਕਰਕੇ ਉਨ੍ਹਾਂ ਦੀ ਯਾਦ ਨੂੰ ਉਨ੍ਹਾਂ ਦੇ ਪ੍ਰਸ਼ੰਸਕਾਂ ਤੇ ਹੋਰਨਾਂ ਤੱਕ ਲੰਮੇ ਸਮੇਂ ਲਈ ਸਜੀਵ ਰਖਣ ਦਾ ਕੰਮ ਕੀਤਾ ਹੈ। ਜਿਸਦੀ ਹਰ ਸਾਹਿਤਕਾਰ ਨੂੰ ਖ਼ੁਸ਼ੀ ਹੈ।

ਇਹ ਹੋਰ ਵੀ ਚੰਗੀ ਗੱਲ ਹੈ ਕਿ ਉਨ੍ਹਾਂ ਨੇ ਸਮੇਂ-ਸਮੇਂ ਤਰਲੋਚਨ ਸਿੰਘ ਵਰਗੇ ਉੱਚ ਦੁਮਾਲੜੇ ਵਿਅਕਤੀਆਂ ਦਾ ਸਨਮਾਨ ਕਰਦੇ ਰਹਿਣਾ ਹੈ। ਤਰਲੋਚਨ ਸਿੰਘ ਨੇ ਵੀ ਸਨਮਾਨ ਦੀ ਰਾਸ਼ੀ (51,000 ਰੁਪਏ) ਫਾਉਂਡੇਸ਼ਨ ਨੂੰ ਵਾਪਸ ਕਰਕੇ ਫਾਉਂਡੇਸ਼ਨ ਦਾ ਧੰਨਵਾਦ ਕਰਦਿਆਂ ਇਹ ਸਲਾਹ ਦਿੱਤੀ ਹੈ ਕਿ ਇਸ ਰਾਸ਼ੀ ਦੇ ਮੁੱਲ ਦੀਆਂ ਜੱਗੀ ਸਾਹਿਬ ਰਚਿਤ ਪੁਸਤਕਾਂ ਜੱਗੀ ਦੇ ਪ੍ਰਸ਼ੰਸਕਾਂ ਵਿਚ ਵੰਡ ਦਿੱਤੀਆਂ ਜਾਣ। ਮੇਰਾ ਇਹ ਮਿੱਤਰ ਸ਼ੁਭ ਕਾਮਨਾਵਾਂ ਦਾ ਸੁਆਮੀ ਹੈ, ਮੈਂ ਉਹਦੇ ਕੋਲੋਂ ਇਹੋ ਜਿਹੇ ਅਮਲ ਦੀ ਹੀ ਆਸ ਰਖਦਾ ਸਾਂ।

ਕਲਾ ਪ੍ਰੀਸ਼ਦ ਦੇ ਵਿਹੜੇ ਉਪ੍ਰੋਕਤ ਕਾਰਵਾਈਆਂ ਦਾ ਸਵਾਗਤ ਕਰਨਾ ਬਣਦਾ। ਜੇ ਮੇਰਾ ਮਤਭੇਦ ਹੈ ਤਾਂ ਕੇਵਲ ਓਪਨ ਏਅਰ ਥੀਏਟਰ ਦੇ ਨਾਂ ਨਾਲ ਹੈ। ਫਾਉਂਡੇਸ਼ਨ ਨੇ ਇਸਨੂੰ ਆਪਣੇ ਮਰਹੂਮ ਪਿਤਾ ਜੀ ਦਾ ਨਾਂ ਦਿੱਤਾ ਹੈ।

ਕਿਸੇ ਅਜਿਹੀ ਸੰਸਥਾ ਦਾ, ਜਿਹੜੀ ਪ੍ਰੀਸ਼ਦ ਦੀ ਮੈਂਬਰ ਵੀ ਨਹੀਂ ਪ੍ਰੀਸ਼ਦ ਕੰਪਲੈਕਸ ਵਿਚ ਪੱਕੇ ਤੌਰ 'ਤੇ ਆ ਵੜਨਾ ਕਿਸੇ ਸਿਆਸੀ ਲੀਡਰ ਦੇ ਮਨ ਵਿਚ ਅਜਿਹੀ ਭਾਵਨਾ ਵੀ ਪੈਦਾ ਕਰ ਸਕਦਾ ਹੈ ਜਿਸਦੇ ਅਧੀਨ ਉਹ ਪ੍ਰੀਸ਼ਦ ਨੂੰ ਦਿੱਤਾ ਜਾਣ ਵਾਲਾ ਖਰਚਾ ਬੰਦ ਕਰਕੇ ਇਸ ਇਮਾਰਤ ਵਿਚ ਆਪਣਾ ਸਰਕਾਰੀ ਅਮਲਾ ਬਿਠਾ ਦੇਵੇ। ਅਜਿਹੇ ਅਮਲ ਨਾਲ ਐਮ ਐਸ ਰੰਧਾਵਾ ਦੀ ਸਥਾਪਤ ਕੀਤੀ ਪੰਜਾਬ ਆਰਟਸ ਕਾਉਂਸਲ ਦੀ ਹੋਂਦ ਹੀ ਖ਼ਤਮ ਹੋ ਜਾਵੇਗੀ। ਪੰਜਾਬੀ ਸਾਹਿਤ ਤੇ ਸਭਿਆਚਾਰ ਦੇ ਰਸੀਆਂ ਨੂੰ ਇਸ ਪਾਸੇ ਧਿਆਨ ਦੇਣ ਦੀ ਲੋੜ ਹੈ। ਉਂਝ ਇਸ ਦਾ ਨਿਪਟਾਰਾ ਫਾਉਂਡੇਸ਼ਨ ਤੇ ਪ੍ਰੀਸ਼ਦ ਦੇ ਦੋਨੋਂ ਚੇਅਰਮੈਨ ਆਪਣੀ ਪਧਰ 'ਤੇ ਵੀ ਕਰ ਸਕਦੇ ਹਨ। ਪੰਜਾਬੀ ਜਗਤ ਧੰਨਵਾਦੀ ਹੋਵੇਗਾ।

### ਭਗਤ ਸਿੰਘ ਸ਼ਹੀਦ ਦਾ ਵਿਦਿਅਕ ਸਰਟੀਫਿਕੇਟ


GOVERNMENT MIDDLE SCHOOL, LAHORE.
MARKSHEET.

ਮੇਰੇ ਪਰਿਵਾਰ ਦਾ ਸ਼ਹੀਦ ਭਗਤ ਸਿੰਘ ਨਾਲ ਨਾਤਾ ਉਸ ਦੇ ਸੰਧੂ ਹੋਣ ਕਾਰਨ ਨਹੀਂ ਸਗੋਂ ਉਸ ਵੇਲੇ ਦੇ ਸੀ.ਆਈ.ਡੀ. ਇੰਸਪੈਕਟਰ ਗੋਪਾਲ ਸਿੰਘ ਸਦਕਾ ਹੈ ਜਿਹੜਾ ਭਗਤ ਸਿੰਘ ਦੇ ਜੀਉਂਦੇ ਜੀਅ ਨੰਗੇ ਸਿਰ ਮੰਜੀ ਉੱਤੇ ਭਗਤ ਸਿੰਘ ਨਾਲ ਗੱਲਾਂ ਕਰਦੇ ਦੇਖਿਆ ਜਾ ਸਕਦਾ ਹੈ। ਸਰਦਾਰ ਸਾਹਿਬ ਮੇਰੀ ਜੀਵਨ ਸਾਥਣ ਦੇ ਦਾਦਾ ਜੀ ਸਨ, ਜੋ ਮੰਜੀ ਨਸ਼ੀਨ ਬਿਨ ਪਗੜੀ ਭਗਤ ਸਿੰਘ ਨਾਲ ਗੱਲਾਂ ਕਰਦੇ ਦੇਖੇ ਜਾ ਸਕਦੇ ਹਨ।

ਗੋਪਾਲ ਸਿੰਘ ਨੇ ਇਹ ਤਸਵੀਰ ਉਨ੍ਹਾਂ ਦਿਨਾਂ ਵਿਚ ਭਗਤ ਸਿੰਘ ਦੀ ਪਹਿਚਾਣ ਲਈ ਆਪਣੇ ਕੋਲ ਰਖਵਾਈ ਸੀ। ਇਹ ਤਸਵੀਰ ਵੀ ਉਸ ਤਸਵੀਰ ਨਾਲੋਂ ਵੀ ਵਧ ਪ੍ਰਚੱਲਤ ਹੈ ਜਿਸ ਵਿਚ ਪਗੜੀਧਾਰੀ ਭਗਤ ਸਿੰਘ ਕਿਸੇ ਨਾਟਕ ਜਾਂ ਹੋਰ ਖੇਡ ਵਿਚ ਹਿੱਸਾ ਲੈ ਚੁੱਕਿਆ ਸੀ।

ਮੈਂ ਕੱਲ੍ਹ ਤੱਕ ਉਸ ਦੀਆਂ ਗਤੀਵਿਧੀਆਂ ਤੇ ਉਪ੍ਰੋਕਤ ਦੱਸੀਆਂ ਦੋ ਤਸਵੀਰਾਂ ਤੋਂ ਹੀ ਜਾਣੂ ਸਾਂ। ਮੇਰੇ ਮਿੱਤਰ ਸਰਵਣ ਸਿੰਘ ਨੇ ਹੁਣ ਮੈਨੂੰ ਭਗਤ ਸਿੰਘ ਦੇ ਉਸ ਸਰਟੀਫਿਕੇਟ ਦੀ ਨਕਲ ਭੇਜੀ ਹੈ ਜਿਸ ਵਿਚ ਭਗਤ ਸਿੰਘ ਦੇ ਵਖ-ਵਖ ਵਿਸ਼ਿਆਂ ਵਿਚ ਲਏ ਨੰਬਰ ਹੀ ਨਹੀਂ ਸਰਟੀਫਿਕੇਟ ਦੇ ਮੱਥੇ ਉੱਤੇ ਫਿਫਟੀ ਵਾਲੀ ਪਗੜੀ ਬੱਧੀ ਮਿਲਦੀ ਹੈ।

ਇਸ ਵਿਚ ਭਗਤ ਸਿੰਘ ਦੇ ਨੈਣ ਨਕਸ਼ ਦੂਜੀਆਂ ਦੋ ਤਸਵੀਰਾਂ ਨਾਲੋਂ ਵਧ ਉਘੜਵੇਂ ਤੇ ਸੁਹਣੇ ਹਨ। ਮਿਡਲ ਪਾਸ ਕਰਨ ਤੱਕ ਉਹ ਗੌਰਮਿੰਟ ਮਿਡਲ ਸਕੂਲ, ਲਾਹੌਰ ਦਾ ਵਿਦਿਆਰਥੀ ਸੀ ਤੇ ਉਸਦੇ ਸਰਟੀਫਿਕੇਟ ਅਨੁਸਾਰ ਉਸਦੇ ਕਿਸੇ ਵਿਸ਼ੇ ਵਿਚ 100 ਵਿਚੋਂ 72 ਤੋਂ ਘੱਟ ਨੰਬਰ ਨਹੀਂ ਸੀ ਆਏ। 72 ਨੰਬਰਾਂ ਵਾਲਾ ਵਿਸ਼ਾ ਅੰਗਰੇਜ਼ੀ ਸੀ ਤੇ 100 ਵਿਚੋਂ 75 ਤੋਂ 88 ਨੰਬਰ ਵਾਲੇ ਵਿਸ਼ੇ ਹਿੰਦੀ, ਪੰਜਾਬੀ, ਜੁਗਰਾਫੀ, ਹਿਸਾਬ, ਸਾਇੰਸ, ਡਰਾਇੰਗ, ਡਰਿਲ ਤੇ ਚਾਲ-ਚਲਣ ਸਨ। ਇਹ ਸਰਟੀਫਿਕੇਟ ਸੀ.ਆਈ.ਡੀ. ਵਾਲੀ ਫੋਟੋ ਨੂੰ ਵੀ ਮਾਤ ਪਾਉਂਦਾ ਹੈ ਜਿਹੜੀ ਚੋਣਵੇਂ ਦਫਤਰਾਂ ਤੇ ਘਰਾਣਿਆਂ ਵਿਚ ਆਮ ਹੀ ਦੇਖੀ ਜਾ ਸਕਦੀ ਹੈ।

**ਅੰਤਿਕਾ**

—ਦਰਸ਼ਨ ਬੁੱਟਰ—

ਕੋਈ ਚਾਮੁਲ ਚਾਮੁਲ ਕੇ
ਖਰਚ ਲੈਂਦਾ ਹੈ ਜ਼ਿੰਦਗੀ
ਕੋਈ ਸੰਭਲ ਸੰਭਲ ਕੇ
ਮੌਤ ਸੰਭਾਲ ਲੈਂਦਾ ਹੈ।

# ਅਮੀਰ ਲੋਕਾਂ ਨੂੰ ਵਧੇਰੇ ਵੋਟਾਂ ਦਾ ਹੱਕ ਹੋਣਾ ਚਾਹੀਦੈ ਅਤੇ ਸੀਨੀਅਰਾਂ ਨੂੰ ਵੋਟ ਦਾ ਹੱਕ ਨਹੀਂ ਹੋਣਾ ਚਾਹੀਦਾ: ਸ਼ੌਪੀਫਾਈ ਦਾ ਸੀ.ਈ.ਓ.

***ਸੀ ਬੀ ਸੀ ਦੇ ਸਾਈਟ 'ਤੇ 'ਸ਼ੌਪੀਫਾਈ ਸੀ.ਈ.ਓ. ਇੰਡੋਰਸਜ਼ ਆਈਡਿਆ ਟੂ ਗਿਵ ਮੋਰ ਵੋਟਸ ਟੂ ਵੈਲਥੀ ਕੈਨੇਡੀਅਨਜ਼' ਦੇ ਸਿਰਲੇਖ ਹੇਠ ਇਹ ਲੇਖ 28 ਜੁਲਾਈ ਨੂੰ ਛਪਿਆ ਸੀ, ਜਿਸ ਦਾ ਪੰਜਾਬੀ ਅਨੁਵਾਦ ਸਾਡੇ ਕਾਲਮ-ਨਵੀਸ ਸੁਖਵੰਤ ਹੁੰਦਲ ਵਲੋਂ 'ਪੰਜਾਬ ਟਾਈਮਜ਼' ਦੇ ਪਾਠਕਾਂ ਲਈ ਕੀਤਾ ਗਿਆ ਹੈ।***

ਕੈਨੇਡਾ ਦੀਆਂ ਸਭ ਤੋਂ ਵੱਡੀਆਂ ਕੰਪਨੀਆਂ ਵਿਚੋਂ ਇੱਕ ਦੇ ਅਰਬਪਤੀ ਸੀ.ਈ.ਓ. ਨੂੰ ਕੁਝ ਲੋਕਾਂ ਤੋਂ ਵੋਟ ਪਾਉਣ ਦਾ ਅਧਿਕਾਰ ਖੋਹਣ ਅਤੇ ਬਹੁਤ ਜ਼ਿਆਦਾ ਅਮੀਰ ਲੋਕਾਂ ਨੂੰ ਵਧੇਰੇ ਵੋਟਾਂ ਦੇਣ ਦੇ ਵਿਚਾਰ ਦਾ ਸਮਰਥਨ ਕਰਨ ਲਈ ਭਾਰੀ ਆਲੋਚਨਾ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਸ਼ਨਿੱਚਰਵਾਰ ਨੂੰ, ਸ਼ੌਪੀਫਾਈ ਦੇ ਸੀ.ਈ.ਓ. ਟੋਬੀ ਲੁਟਕੇ ਨੇ ਟੀ ਡੀ ਬੈਂਕ ਦੇ ਇੱਕ ਸਾਬਕਾ ਐਗਜ਼ੈਕਟਿਵ ਐਰਿਕ ਥੋਰ ਦੀ 'ਐਕਸ' 'ਤੇ ਕੀਤੀ ਇੱਕ ਪੋਸਟ ਦਾ ਜਵਾਬ ਦਿੱਤਾ। ਐਰਿਕ ਨੇ ਇੱਕ ਅਜਿਹੇ ਚੋਣ ਪ੍ਰਬੰਧ ਦਾ ਸੁਝਾਅ ਦਿੱਤਾ ਸੀ ਜਿਸ

**ਲੇਖਕ: ਕੈਵਿਨ ਮੈਅਮਾਨ**
**ਅਨੁਵਾਦ: ਸੁਖਵੰਤ ਹੁੰਦਲ**

ਵਿਚ 'ਤੁਹਾਡੇ ਵਲੋਂ ਦਿੱਤੇ ਇਨਕਮ ਟੈਕਸ ਦੇ ਹਿਸਾਬ ਨਾਲ ਤੁਹਾਡੀਆਂ ਵੋਟਾਂ ਦੀ ਗਿਣਤੀ ਤੈਅ ਹੋਵੇ', ਜਿਹੜੇ ਲੋਕ ਇਨਕਮ ਟੈਕਸ ਨਹੀਂ ਭਰਦੇ ਉਨ੍ਹਾਂ ਲਈ ਜ਼ੀਰੋ ਵੋਟ ਹੋਵੇ ਅਤੇ 500,000 ਜਾਂ ਇਸ ਤੋਂ ਵੱਧ ਡਾਲਰ ਦਾ ਟੈਕਸ ਦੇਣ ਵਾਲੇ ਕਿਸੇ ਵੀ ਵਿਅਕਤੀ ਲਈ ਪੰਜ ਵੋਟਾਂ ਹੋਣ।

ਲੁਟਕੇ ਨੇ ਇਸ ਦਾ ਜਵਾਬ ਦਿੱਤਾ 'ਵਧੀਆ ਪ੍ਰਬੰਧ।'

ਇਹ ਟਿੱਪਣੀਆਂ ਉਸੇ ਚਰਚਾ ਦਾ ਹਿੱਸਾ ਸਨ ਜਿਸ ਵਿਚ ਲੁਟਕੇ ਨੇ ਪੈਨਸ਼ਨ ਲੈਣ ਵਾਲੇ ਸੇਵਾਮੁਕਤ (ਰਿਟਾਇਰਡ) ਲੋਕਾਂ ਤੋਂ ਵੀ ਵੋਟ ਪਾਉਣ ਦਾ ਅਧਿਕਾਰ ਖੋਹਣ ਦੀ ਪੇਸ਼ਕਸ਼ ਕੀਤੀ ਸੀ। ਉਸ ਨੇ ਲਿਖਿਆ, 'ਹੁਣ ਤੁਸੀਂ ਨਿਰਭਰ ਹੋ ਅਤੇ ਇਸ ਦਾ ਮਤਲਬ ਹੈ ਕਿ ਕੋਈ ਵੋਟ ਨਹੀਂ, ਜਿਵੇਂ ਕਿ ਘੱਟ ਉਮਰ ਦੇ ਨਿਰਭਰ ਬੱਚਿਆਂ ਦੀ ਕੋਈ ਵੋਟ ਨਹੀਂ ਹੁੰਦੀ। ਇਸ ਸੌਦੇ ਦਾ ਆਨੰਦ ਮਾਣੋ, ਅਤੇ ਭਵਿੱਖ ਵਿਚ ਹਿੱਤ ਰੱਖਣ ਵਾਲੇ ਲੋਕਾਂ ਨੂੰ ਫੈਸਲਾ ਕਰਨ ਦਿਉ।'

ਲੋਕਾਂ ਨੇ ਲੁਟਕੇ ਦੀਆਂ ਟਿੱਪਣੀਆਂ 'ਤੇ ਹੈਰਾਨੀ ਅਤੇ ਗੁੱਸਾ ਪ੍ਰਗਟਾਇਆ, ਅਤੇ ਕੁਝ ਨਾ-ਛਾਪਣ ਯੋਗ ਗਾਲ੍ਹਾਂ ਤੋਂ ਇਲਾਵਾ ਵੋਟਾਂ ਦੇ ਇਨ੍ਹਾਂ ਪ੍ਰਸਤਾਵਾਂ ਨੂੰ 'ਘਿਣਾਉਣਾ' ਅਤੇ 'ਲੋਕਤੰਤਰ ਦੇ ਉਲਟ' ਕਰਾਰ ਦਿੱਤਾ। ਇੱਕ ਵਰਤੋਂਕਾਰ ਨੇ ਜਵਾਬ ਦਿੱਤਾ, 'ਇਹ ਬਹੁਤ ਚਿੰਤਾਜਨਕ ਹੈ ਕਿ ਸਿਆਸਤਦਾਨ ਤੁਹਾਡੀ ਗੱਲ ਸੁਣਦੇ ਹਨ,' ਜਦੋਂ ਕਿ ਇੱਕ ਹੋਰ ਨੇ ਇਸ ਗੱਲ ਵੱਲ ਧਿਆਨ ਦਿਵਾਇਆ ਕਿ ਲੁਟਕੇ ਇੱਕ ਰਜਿਸਟਰਡ ਲੌਬੀ ਕਰਨ ਵਾਲੇ (ਲੌਬੀਇਸਟ) ਵਜੋਂ ਪਹਿਲਾਂ ਹੀ ਵਧੇਰੇ ਸਿਆਸੀ ਤਾਕਤ ਦੀ ਵਰਤੋਂ ਕਰਦਾ ਹੈ। (ਆਨਲਾਈਨ ਸਾਈਟ) ਲੌਜਿਕ' ਨੇ ਮਾਰਚ ਵਿਚ ਰਿਪੋਰਟ ਕੀਤਾ ਸੀ ਕਿ ਸ਼ੌਪੀਫਾਈ ਇੱਕ 'ਮਜ਼ਬੂਤ ਲੌਬਿੰਗ ਮੁਹਿੰਮ' 'ਤੇ ਸੀ, ਅਤੇ ਉਸ ਨੇ 2026 ਦੇ ਪਹਿਲੇ ਤਿੰਨ ਮਹੀਨਿਆਂ ਵਿਚ ਔਟਾਵਾ ਵਿਚ 2025 ਦੇ ਪੂਰੇ ਸਾਲ ਨਾਲੋਂ ਵੀ ਵੱਧ ਮੀਟਿੰਗਾਂ ਕੀਤੀਆਂ ਸਨ।

ਲੁਟਕੇ ਦੇ ਔਟਾਵਾ-ਅਧਾਰਤ ਈ-ਕਾਮਰਸ ਪਲੇਟਫਾਰਮ ਦੀ ਕੀਮਤ 200 ਅਰਬ (ਬਿਲੀਅਨ) ਡਾਲਰ ਤੋਂ ਵੱਧ ਹੈ ਅਤੇ ਉਹ ਕੈਨੇਡਾ ਦੇ ਕੁਝ ਸਭ ਤੋਂ ਪ੍ਰਮੁੱਖ ਟੈਕਨਾਲੋਜੀ ਆਗੂਆਂ ਦੇ ਇੱਕ ਐਡਵੋਕੇਸੀ ਗਰੁੱਪ 'ਬਿਲਡ ਕੈਨੇਡਾ' ਨਾਲ ਵੀ ਜੁੜਿਆ ਹੋਇਆ ਹੈ। ਆਪਣੀ ਵੈੱਬਸਾਈਟ 'ਤੇ ਦਿੱਤੇ ਸੁਨੇਹਿਆਂ (ਮੈਮੋਰੰਡਮਾਂ) ਵਿਚ ਇਸ ਦੇ ਮੈਂਬਰ ਹੋਰ ਵਿਸ਼ਿਆਂ ਦੇ ਨਾਲ-ਨਾਲ ਫੈਡਰਲ ਖਰਚਿਆਂ ਵਿਚ ਕਟੌਤੀ ਕਰਨ, ਏ.ਆਈ. ਨੂੰ ਪਹਿਲ ਦੇਣ ਅਤੇ ਡਿਜੀਟਲ ਆਈ.ਡੀ. ਲਾਗੂ ਕਰਨ ਦੀ ਵਕਾਲਤ ਕਰਦੇ ਹਨ।

'ਐਕਸ' 'ਤੇ ਲੁਟਕੇ ਦੀਆਂ ਤਾਜ਼ੀਆਂ ਪੋਸਟਾਂ ਉਸ ਦੇ ਸੱਜੇ-ਪੱਖੀ ਸਿਆਸੀ ਝੁਕਾਅ ਅਤੇ ਐਲਨ ਮਸਕ ਪ੍ਰਤੀ ਲਗਾਓ ਨੂੰ ਦਰਸਾਉਂਦੀਆਂ ਹਨ। ਉਸ ਨੇ ਪਿਛਲੇ ਸਾਲ ਉਦੋਂ ਵਿਵਾਦ ਖੜ੍ਹਾ ਕਰ ਦਿੱਤਾ ਸੀ ਜਦੋਂ ਉਸ ਨੇ ਅਮਰੀਕਾ ਦੇ ਟੈਰਿਫਾਂ ਵਿਰੁੱਧ ਕੈਨੇਡਾ ਦੀ ਜਵਾਬੀ ਕਾਰਵਾਈ ਦੀ ਆਲੋਚਨਾ ਕੀਤੀ ਸੀ, ਅਤੇ ਕਿਹਾ ਸੀ ਕਿ ਰਾਸ਼ਟਰਪਤੀ ਡੋਨਾਲਡ ਟਰੰਪ ਦੀਆਂ 'ਸਰਹੱਦਾਂ ਨੂੰ ਕੰਟਰੋਲ ਕਰਨ ਅਤੇ ਫੈਂਟਾਨਿਲ ਦੇ ਅੱਡਿਆਂ ਨੂੰ ਠੱਲ੍ਹ ਪਾਉਣ' ਦੀਆਂ ਮੰਗਾਂ 'ਗਲਤ ਨਹੀਂ ਸਨ।'

### 'ਸਾਡੇ ਲੋਕਤੰਤਰ ਲਈ ਵਿਨਾਸ਼ਕਾਰੀ'

ਟੋਰਾਂਟੋ ਮੈਟਰੋਪੋਲੀਟਨ ਯੂਨੀਵਰਸਿਟੀ ਵਿਚਲੀ ਵੋਟਰਾਂ ਦੀ ਸ਼ਮੂਲੀਅਤ ਨੂੰ ਉਤਸ਼ਾਹਿਤ ਕਰਨ ਵਾਲੀ ਸੰਸਥਾ 'ਡੈਮੋਕ੍ਰੈਟਿਕ ਐਨਗੇਜਮੈਂਟ ਐਕਸਚੇਂਜ' ਦੇ ਡਾਇਰੈਕਟਰ ਜੌਹਨ ਬੀਬੀ ਦਾ



*ਸ਼ੌਪੀਫਾਈ ਦਾ ਸੀ.ਈ.ਓ. ਟੋਬੀ ਲੁਟਕੇ।*

ਕਹਿਣਾ ਹੈ ਕਿ ਵੋਟਿੰਗ ਅਧਿਕਾਰਾਂ ਬਾਰੇ ਕੀਤੀਆਂ ਇਹ ਟਿੱਪਣੀਆਂ ਇੱਕ ਵੱਡੇ ਮੁੱਦੇ ਵੱਲ ਇਸ਼ਾਰਾ ਕਰਦੀਆਂ ਹਨ ਕਿ 'ਬਹੁਤ ਜ਼ਿਆਦਾ ਅਮੀਰ ਲੋਕ ਇਹ ਮਹਿਸੂਸ ਕਰਦੇ ਹਨ ਕਿ ਸਾਰੇ ਫੈਸਲੇ ਲੈਣ ਦਾ ਹੱਕ ਸਿਰਫ ਉਨ੍ਹਾਂ ਦਾ ਹੀ ਹੋਣਾ ਚਾਹੀਦਾ ਹੈ।'

ਬੀਬੀ ਨੇ ਸੀ.ਬੀ.ਸੀ. ਨਿਊਜ਼ ਨੂੰ ਦੱਸਿਆ, 'ਇਹ ਸੁਝਾਅ ਦੇਣਾ ਕਿ ਲੋਕਾਂ ਨੂੰ ਉਨ੍ਹਾਂ ਦੀ ਆਮਦਨ ਜਾਂ ਦਿੱਤੇ ਗਏ ਟੈਕਸਾਂ ਦੇ ਆਧਾਰ 'ਤੇ ਵੋਟ ਪਾਉਣ ਦੀ ਇਜਾਜ਼ਤ ਨਹੀਂ ਹੋਣੀ ਚਾਹੀਦੀ, ਲੋਕਾਂ ਵਿਚ ਇੱਕ ਅਜਿਹੀ ਨਿਰਾਸ਼ਾ ਅਤੇ ਅਵਿਸ਼ਵਾਸ ਪੈਦਾ ਕਰਦਾ ਹੈ ਜੋ ਸਾਡੇ ਲੋਕਤੰਤਰ ਲਈ ਵਿਨਾਸ਼ਕਾਰੀ ਹੈ। ਇਹ ਗੱਲ ਸਾਫ਼ ਦਰਸਾਉਂਦੀ ਹੈ ਕਿ ਇਸ ਤਰ੍ਹਾਂ ਦੀ ਦੌਲਤ ਰੱਖਣ ਵਾਲੇ ਲੋਕ ਆਮ ਲੋਕਾਂ ਦੇ ਤਜਰਬਿਆਂ ਅਤੇ ਜ਼ਿੰਦਗੀ ਤੋਂ ਕਿੰਨੇ ਦੂਰ ਹਨ।'

ਬੀਬੀ ਦਾ ਕਹਿਣਾ ਹੈ ਕਿ ਵੋਟਰਾਂ ਨੂੰ ਵੋਟ ਦੇ ਅਧਿਕਾਰ ਤੋਂ ਵਾਂਝੇ ਕਰਨ ਦਾ ਇਹ ਰੂਪ ਪਹਿਲਾਂ ਹੀ ਦੇਖਣ ਨੂੰ ਮਿਲ ਰਿਹਾ ਹੈ ਕਿਉਂਕਿ ਬਹੁਤ ਸਾਰੇ ਲੋਕਾਂ ਦਾ ਇਸ ਮੌਜੂਦਾ ਪ੍ਰਬੰਧ ਤੋਂ ਮੋਹ ਭੰਗ ਹੋ ਚੁੱਕਾ ਹੈ। ਉਸ ਨੇ ਦੱਸਿਆ ਕਿ ਅਮੀਰ ਲੋਕਾਂ ਦੇ ਮੁਕਾਬਲੇ ਘੱਟ ਆਮਦਨ ਵਾਲੇ ਲੋਕਾਂ ਵਲੋਂ ਵੋਟ ਪਾਉਣ ਦੀ ਸੰਭਾਵਨਾ ਘੱਟ ਹੁੰਦੀ ਹੈ। ਉਸ ਨੇ ਇਹ ਵੀ ਕਿਹਾ ਕਿ ਸਭ ਤੋਂ ਅਮੀਰ ਅਤੇ ਚੰਗੀ ਪਹੁੰਚ ਵਾਲੇ ਲੋਕ ਆਪਣੀ ਦੌਲਤ ਅਤੇ ਦਾਨ ਜ਼ਰੀਏ ਸਰਕਾਰ ਦੀਆਂ ਨੀਤੀਆਂ ਨੂੰ ਪ੍ਰਭਾਵਿਤ ਕਰਨ ਵਿਚ ਪਹਿਲਾਂ ਹੀ ਵੱਡੀ ਭੂਮਿਕਾ ਨਿਭਾਉਂਦੇ ਹਨ। ਬੀਬੀ ਨੇ ਅੱਗੇ ਕਿਹਾ, 'ਉਨ੍ਹਾਂ ਦੀ ਪਹੁੰਚ ਅਜਿਹੀਆਂ ਥਾਵਾਂ ਤੱਕ ਹੈ ਜਿੱਥੇ ਸਾਡੇ ਵਰਗੇ ਬਾਕੀ ਲੋਕ ਨਹੀਂ ਪਹੁੰਚ ਸਕਦੇ।'

ਸੀ ਬੀ ਸੀ ਨਿਊਜ਼ ਨੇ ਇਸ ਬਾਰੇ ਟਿੱਪਣੀ ਲਈ ਸ਼ੌਪੀਫਾਈ ਨਾਲ ਸੰਪਰਕ ਕੀਤਾ ਸੀ, ਪਰ ਡੈੱਡਲਾਈਨ ਤੱਕ ਉਨ੍ਹਾਂ ਵੱਲੋਂ ਕੋਈ ਜਵਾਬ ਨਹੀਂ ਮਿਲਿਆ।

### ਸਮੇਂ ਦੇ ਪਹੀਏ ਨੂੰ ਪੁੱਠਾ ਗੇੜ

ਥੋਰ ਅਤੇ ਲੁਟਕੇ ਜਿਸ ਵੋਟਿੰਗ ਪ੍ਰਬੰਧ ਦਾ ਸਮਰਥਨ ਕਰਦੇ ਹਨ, ਉਹ ਕੈਨੇਡਾ ਵਿਚ ਕੋਈ ਅਣਸੁਣੀ ਗੱਲ ਨਹੀਂ ਹੈ, ਪਰ ਇਹ ਸਮੇਂ ਦੇ ਪਹੀਏ ਨੂੰ ਕਾਫ਼ੀ ਪਿੱਛੇ ਲੈ ਜਾਵੇਗਾ।

'ਕਨਫੈਡਰੇਸ਼ਨ' ਦੇ ਸਮੇਂ, ਵੋਟ ਪਾਉਣ ਦਾ ਹੱਕ ਸਿਰਫ਼ 21 ਸਾਲ ਜਾਂ ਉਸ ਤੋਂ ਵੱਧ ਉਮਰ ਦੇ ਉਨ੍ਹਾਂ ਮਰਦਾਂ ਕੋਲ ਸੀ ਜੋ ਜਨਮ ਤੋਂ ਬ੍ਰਿਟਿਸ਼ ਪਰਜਾ ਸਨ ਜਾਂ ਜਿਨ੍ਹਾਂ ਨੇ ਨਾਗਰਿਕਤਾ ਪ੍ਰਾਪਤ ਕੀਤੀ ਸੀ — ਅਤੇ ਜਿਹੜੇ ਜਾਇਦਾਦ ਦੇ ਮਾਲਕ ਸਨ। ਇਲੈਕਸ਼ਨਜ਼ ਕੈਨੇਡਾ ਅਨੁਸਾਰ, ਇਨ੍ਹਾਂ ਨਿਯਮਾਂ ਕਰਕੇ 'ਕੈਨੇਡਾ ਦੀ ਬਹੁਗਿਣਤੀ ਅਬਾਦੀ ਨੂੰ ਵੋਟ ਪਾਉਣ ਦਾ ਅਧਿਕਾਰ ਨਹੀਂ ਸੀ।'

ਔਰਤਾਂ ਨੂੰ 1918 ਵਿਚ ਵੋਟ ਪਾਉਣ ਦਾ ਅਧਿਕਾਰ ਪ੍ਰਾਪਤ ਹੋਇਆ, ਬਸ਼ਰਤੇ ਉਹ ਇਨ੍ਹਾਂ ਸਾਰੀਆਂ ਸ਼ਰਤਾਂ ਨੂੰ ਪੂਰਾ ਕਰਦੀਆਂ ਹੋਣ, ਪਰ ਕੈਨੇਡਾ ਵਿਚ 1920 ਤੱਕ ਵੋਟ ਪਾਉਣ ਦੇ ਅਧਿਕਾਰ ਆਮਦਨ ਅਤੇ ਜਾਇਦਾਦ ਦੀ ਮਲਕੀਅਤ ਨਾਲ ਜੁੜੇ ਰਹੇ। 1948 ਤੱਕ ਏਸ਼ੀਅਨ ਮੂਲ ਦੇ ਸਾਰੇ ਕੈਨੇਡੀਅਨ ਲੋਕਾਂ ਨੂੰ ਵੋਟ ਪਾਉਣ ਦਾ ਅਧਿਕਾਰ ਨਹੀਂ ਮਿਲਿਆ ਸੀ, ਅਤੇ 1960 ਤੱਕ ਸਾਰੇ 'ਫਸਟ ਨੇਸ਼ਨਜ਼' ਦੇ ਬਾਲਗਾਂ ਕੋਲ ਆਪਣਾ 'ਇੰਡੀਅਨ ਸਟੇਟਸ' ਛੱਡੇ ਬਿਨਾਂ ਵੋਟ ਪਾਉਣ ਦਾ ਅਧਿਕਾਰ ਨਹੀਂ ਸੀ। ਜੇਲ੍ਹ ਵਿਚ ਬੰਦ ਕੈਦੀਆਂ ਨੂੰ 2004 ਵਿਚ ਵੋਟ ਪਾਉਣ ਦਾ ਹੱਕ ਮਿਲਿਆ। ਅੱਜ, ਕੈਨੇਡਾ ਵਿਚ ਸਿਰਫ਼ ਮੁੱਖ ਚੋਣ ਅਧਿਕਾਰੀ (ਚੀਫ ਇਲੈਕਟੋਰਲ ਅਫਸਰ) ਨੂੰ ਹੀ ਵੋਟ ਪਾਉਣ ਦੀ ਇਜਾਜ਼ਤ ਨਹੀਂ ਹੈ।

ਕੈਨੇਡੀਅਨ ਸਿਵਲ ਲਿਬਰਟੀਜ਼ ਐਸੋਸੀਏਸ਼ਨ ਦੇ ਕਾਰਜਕਾਰੀ ਡਾਇਰੈਕਟਰ ਹਾਵਰਡ ਸੇਪਰਜ਼ ਨੇ ਦਿੱਤੇ ਟੈਕਸ ਦੇ ਆਧਾਰ 'ਤੇ ਵੋਟ ਪਾਉਣ ਦੇ ਅਧਿਕਾਰ ਨੂੰ ਤੈਅ ਕਰਨ (ਵੇਟਿਡ ਵੋਟਿੰਗ) ਦੇ ਪ੍ਰਸਤਾਵ ਨੂੰ 'ਬੇਹੂਦਾ' ਦੱਸਿਆ, ਪਰ ਨਾਲ ਹੀ 'ਕਲਿੱਕਬੇਟ' (ਚਰਚਾ ਵਿਚ ਆਉਣ ਲਈ ਕੀਤੇ ਸਟੰਟ) ਵਿਚ ਬਹੁਤ ਜ਼ਿਆਦਾ ਉਲਝਣ ਤੋਂ ਬਚਣ ਦੀ ਚੇਤਾਵਨੀ ਵੀ ਦਿੱਤੀ।

ਸੇਪਰਜ਼ ਨੇ ਕਿਹਾ ਕਿ ਅਧਿਕਾਰਾਂ ਅਤੇ ਅਜ਼ਾਦੀਆਂ ਦੇ ਚਾਰਟਰ (ਚਾਰਟਰ ਆਫ ਰਾਈਟਸ ਐਂਡ ਫ੍ਰੀਡਮਜ਼) ਦੀ ਧਾਰਾ 3 ਇਹ ਯਕੀਨੀ ਬਣਾਉਂਦੀ ਹੈ ਕਿ 18 ਸਾਲ ਜਾਂ ਇਸ ਤੋਂ ਵੱਧ ਉਮਰ ਦੇ ਸਾਰੇ ਕੈਨੇਡੀਅਨ ਨਾਗਰਿਕਾਂ ਕੋਲ ਵੋਟ ਪਾਉਣ ਦਾ ਅਧਿਕਾਰ ਹੈ। ਉਸ ਨੇ ਅੱਗੇ ਕਿਹਾ, 'ਇੱਕ ਅਜ਼ਾਦ ਪ੍ਰੈੱਸ ਅਤੇ ਅਜ਼ਾਦ ਨਿਆਂਪਾਲਿਕਾ ਦੇ ਨਾਲ ਨਾਲ ਅਜ਼ਾਦ ਅਤੇ ਨਿਰਪੱਖ ਚੋਣਾਂ ਸਾਡੇ ਲੋਕਤੰਤਰ ਦੇ ਥੰਮ੍ਹ ਹਨ। ਇਹ ਧਾਰਨਾ ਕਿ ਸਾਨੂੰ ਲੋਕਾਂ ਦੇ ਵੋਟ ਪਾਉਣ ਦੇ ਅਧਿਕਾਰ ਨੂੰ ਸੀਮਤ ਕਰਨਾ ਚਾਹੀਦਾ ਹੈ, ਮੇਰੇ ਲਈ ਇਕ ਹਾਸੋ-ਹੀਣੀ ਗੱਲ ਹੈ। ਇਹ ਸਾਡੇ ਸੰਵਿਧਾਨ ਦੀ ਵੀ ਉਲੰਘਣਾ ਕਰਦੀ ਹੈ।'

# ਦੋਸਤੀ ਦਾ ਮਹੱਤਵ ਅਤੇ ਸਾਡੀ ਸਮਾਜਿਕਤਾ

ਮੇਰੇ ਬਚਪਨ ਦੀ ਪ੍ਰਾਪਤੀ ਸ਼ਾਇਦ ਇਹ ਰਹੀ ਕਿ ਮੈਨੂੰ ਚੰਗੇ ਦੋਸਤ ਮਿਲੇ। ਛੱਜਲਵੱਡੀ ਪਿੰਡ ਦੀ ਜਿਸ ਪੱਕੀ ਗਲ਼ੀ ਦੇ ਇੱਕ ਘਰ 'ਚ ਮੈਂ ਜੰਮਿਆ, ਪਲਿਆ ਤੇ ਵੱਡਾ ਹੋਇਆ, ਉਸ ਦੇ ਸੱਜੇ, ਖੱਬੇ ਦੋ ਘਰਾਂ 'ਚ ਮੈਥੋਂ ਸਾਲ ਵੱਡੇ ਦੋ ਦੋਸਤ ਵੀ ਮੇਰੇ ਨਾਲ਼ ਹੀ ਵੱਡੇ ਹੋਏ। ਉਮਰ ਵਿਚ ਉਹ ਮੈਥੋਂ ਸਾਲ ਵੱਡੇ ਸਨ, ਪਰ ਸੂਝ, ਸਮਝ ਅਤੇ ਲਿਆਕਤ ਵਿਚ ਕਈ ਵਰ੍ਹੇ ਵੱਡੇ ਸਨ। ਉਹ ਵੱਡੇ ਭਰਾ ਵਾਲ਼ੀ ਝਿੜਕ ਵੀ ਮਾਰ ਦਿੰਦੇ ਤੇ ਕਦੀ-ਕਦੀ ਮਾਪਿਆਂ ਵਾਲ਼ਾ ਫ਼ਰਜ਼ ਵੀ ਨਿਭਾ ਦਿੰਦੇ। ਉਨ੍ਹਾਂ ਵਿਚੋਂ ਇੱਕ ਨੇ ਮੈਨੂੰ ਸਿਲੇਬਸ ਦੀਆਂ ਕਿਤਾਬਾਂ ਦੇ ਲੜ ਲਾਇਆ ਤੇ ਦੂਜੇ ਨੇ ਸਾਹਿਤ ਦੀਆਂ ਕਿਤਾਬਾਂ ਦੇ। ਘਰ



**ਮਲਵਿੰਦਰ**
**ਫੋਨ:+1 365 994 4744**

ਦੀਆਂ ਤੰਗੀਆਂ-ਤੁਰਸ਼ੀਆਂ ਦੇ ਬਾਵਜੂਦ ਮੈਂ ਉਨ੍ਹਾਂ ਕਰਕੇ ਹੀ ਜਲੰਧਰ, ਚੰਡੀਗੜ੍ਹ, ਡਲਹੌਜ਼ੀ ਤੇ ਸ਼ਿਮਲੇ ਸਮੇਤ ਬਹੁਤ ਸਾਰੀਆਂ ਥਾਵਾਂ 'ਤੇ ਘੁੰਮ ਸਕਿਆ। ਬਰਸਾਤਾਂ ਵਿਚ ਤ੍ਰਿਪ-ਤ੍ਰਿਪ ਚੋਂਦੀ ਕੱਚੀ ਕੋਠੜੀ 'ਚੋਂ ਨਿਕਲ ਬਰੈਂਪਟਨ ਦੇ ਇਸ ਚੰਗੇ ਭਲੇ ਘਰ ਵਿਚ ਬੈਠਾ ਹੁਣ ਇਹ ਲੇਖ ਲਿਖ ਰਿਹਾ ਹਾਂ। ਅੱਜ ਉਮਰ ਦੇ ਇਸ ਪੜਾਅ 'ਤੇ ਪਹੁੰਚ ਕੇ ਹੀ ਸਮਝ ਆਇਆ ਹੈ ਕਿ ਚੰਗਾ ਦੋਸਤ ਉਹ ਹੁੰਦਾ ਹੈ ਜੋ ਤੁਹਾਡੀਆਂ ਤੰਗੀਆਂ-ਤੁਰਸ਼ੀਆਂ ਤੇ ਬਹੁਤ ਸਾਰੇ ਉਤਰਾਵਾਂ-ਚੜ੍ਹਾਵਾਂ ਦੇ ਬਾਵਜੂਦ ਸਾਰੀ ਉਮਰ ਤੁਹਾਡੇ ਨਾਲ਼ ਨਿਭਦਾ ਹੈ। ਵਫ਼ਾਦਾਰੀ, ਆਪਸੀ ਵਿਸ਼ਵਾਸ ਤੇ ਗਹਿਰੀ ਭਾਵਨਾਤਮਿਕ ਸਾਂਝ ਰੱਖਣ ਵਾਲ਼ਾ ਇਨਸਾਨ ਹੀ ਚੰਗਾ ਦੋਸਤ ਹੋ ਸਕਦਾ ਹੈ। ਚੰਗਾ ਦੋਸਤ ਉਹ ਹੁੰਦਾ ਹੈ ਜਿਸ ਨਾਲ਼ ਪ੍ਰਾਪਤੀਆਂ ਤੇ ਸਫ਼ਲਤਾਵਾਂ ਦੇ ਨਾਲ਼-ਨਾਲ਼ ਕਮੀਨਗੀਆਂ ਤੇ ਕਮਜ਼ੋਰੀਆਂ ਵੀ ਸਾਂਝੀਆਂ ਕੀਤੀਆਂ ਜਾ ਸਕਣ। ਜਿਸ ਨੂੰ ਮਿਲ ਕੇ ਤੁਹਾਨੂੰ ਚਾਅ ਚੜ੍ਹ ਜਾਵੇ, ਤੁਹਾਡੇ ਅੰਦਰ ਪਈਆਂ ਬਹੁਤ ਸਾਰੀਆਂ ਗੱਲਾਂ ਸਾਉਣ ਮਹੀਨੇ ਦੇ ਛਰਾਟੇ ਵਾਂਗ ਵਰ੍ਹ ਪੈਣ, ਤੁਹਾਡੇ ਚੇਤੇ ਸੱਜਰੇ ਹੋ ਜਾਣ, ਖ਼ਾਲੀ ਜੇਬ ਭਰੀ-ਭਰੀ ਲੱਗੇ, ਸ਼ਿਕਵੇ-ਸ਼ਿਕਾਇਤਾਂ ਗੀਤਾਂ 'ਚ ਢਲ਼ ਜਾਣ, ਫ਼ੁਰਨਿਆਂ 'ਚ ਕਵਿਤਾਵਾਂ ਪ੍ਰਵਾਜ਼ ਭਰਨ ਤਾਂ ਸਮਝੋ ਮਿਲਣ ਆਇਆ ਤੁਹਾਡੇ ਸਭ ਤੋਂ ਚੰਗੇ ਦੋਸਤਾਂ ਵਿਚੋਂ ਇੱਕ ਹੈ।

ਬਚਪਨ ਦੀ ਦੋਸਤੀ ਤੋਂ ਬਾਅਦ ਵੀ ਸਕੂਲ-ਕਾਲਜ ਪੜ੍ਹਦਿਆਂ ਤੇ ਫਿਰ ਨੌਕਰੀ ਕਰਦਿਆਂ ਕੁਝ ਦੋਸਤ ਤੁਹਾਡੀ ਹੋਂਦ ਦਾ ਹਿੱਸਾ ਬਣਦੇ ਰਹਿੰਦੇ ਹਨ। ਸਰਕਾਰੀ ਨੌਕਰੀ ਦੌਰਾਨ ਮੈਂ ਜਿਸ ਪਹਿਲੇ ਸਕੂਲ ਵਿਚ ਪ੍ਰਵੇਸ਼ ਕੀਤਾ, ਉਥੋਂ ਦਾ ਸਾਰਾ ਸਟਾਫ਼ ਆਪਸ ਵਿਚ ਦੋਸਤ ਸਨ। ਸਾਰਿਆਂ ਦੇ ਇੱਕ ਦੂਜੇ ਨਾਲ਼ ਪਰਿਵਾਰਕ ਰਿਸ਼ਤੇ ਸਨ। ਮੈਂ ਉਨ੍ਹਾਂ ਦਾ ਇੱਕ ਨਵਾਂ ਤੇ ਨੌਜਵਾਨ ਦੋਸਤ ਸਾਂ। ਉਨ੍ਹਾਂ ਦੇ ਵਿਹਾਰ ਤੋਂ ਇੰਝ ਲੱਗਾ ਜਿਵੇਂ ਉਹ ਮੈਨੂੰ ਵਰ੍ਹਿਆਂ ਤੋਂ ਉਡੀਕ ਰਹੇ ਹੋਣ। ਓਦੋਂ ਮੇਰੇ ਬਾਪ ਮਰੇ ਨੂੰ ਥੋੜ੍ਹਾ ਚਿਰ ਈ ਹੋਇਆ ਸੀ। ਪੰਜ ਭੈਣ-ਭਰਾਵਾਂ 'ਚੋਂ ਅਜੇ ਇੱਕ ਭੈਣ ਹੀ ਵਿਆਹੀ ਸੀ। ਛੋਟੇ ਭੈਣ-ਭਰਾ ਅਜੇ ਸਕੂਲ ਵਿਚ ਪੜ੍ਹਦੇ ਸਨ। ਇਨ੍ਹਾਂ ਨਵੇਂ ਦੋਸਤਾਂ ਨੇ ਮੈਨੂੰ ਕਦੇ ਵੀ ਪਿਉ ਦੀ ਕਮੀ ਮਹਿਸੂਸ ਨਹੀਂ ਹੋਣ ਦਿੱਤੀ। ਇਨ੍ਹਾਂ ਵਿਚੋਂ ਹੀ ਇੱਕ ਦੋਸਤ ਨੇ ਸ਼ਹਿਰ ਵਿਚ ਆਪਣਾ ਘਰ ਬਣਾਉਣ ਵਿਚ ਮੇਰੀ ਅਗਵਾਈ ਕੀਤੀ। ਉਨ੍ਹਾਂ ਮੈਨੂੰ ਹਮੇਸ਼ਾ ਇਹ ਅਹਿਸਾਸ ਕਰਵਾਇਆ ਕਿ ਮੈਂ ਸਹੀ ਤੇ ਬਿਹਤਰ ਹਾਂ। ਇਨ੍ਹਾਂ ਦੋਸਤਾਂ ਨੇ ਹੀ ਮੈਨੂੰ ਦੂਜਿਆਂ ਦੀ ਰਾਏ ਦਾ ਸਤਿਕਾਰ ਕਰਨਾ ਸਿਖਾਇਆ।

ਜ਼ਿੰਦਗੀ ਵਿਚ ਆਪਣੇ ਦੋਸਤਾਂ ਕੋਲ਼ੋਂ ਮੈਂ ਬਹੁਤ ਕੁਝ ਸਿਖਿਆ ਹੈ। ਮੈਂ ਜਾਣਿਆ ਕਿ ਕਿਸੇ ਨੂੰ ਧਿਆਨ ਨਾਲ਼ ਸੁਣਨਾ ਵੀ ਦੋਸਤੀ ਲਈ ਹੁੰਗਾਰਾ ਭਰਨਾ ਹੈ। ਲੋਕਾਂ ਨਾਲ਼ ਲੋਕਾਂ ਬਾਰੇ ਗੱਲਾਂ ਕਰਨੀਆਂ ਵੀ ਦੋਸਤੀ ਨੂੰ ਸੱਦਾ ਦੇਣਾ ਹੈ। ਇਹ ਵੀ ਸਿਖਿਆ ਕਿ ਹੱਸਦੇ ਚਿਹਰੇ ਕੋਲ਼ ਬਹੁਤ ਸ਼ਕਤੀ ਹੁੰਦੀ ਹੈ। ਚੰਗੇ ਦੋਸਤ ਬਣਾਉਣ ਦਾ ਹੁਨਰ ਵੀ ਸਿਖਿਆ। ਮਾੜੇ ਦੋਸਤਾਂ ਕੋਲ਼ੋਂ ਕਿਨਾਰਾ ਕਰਨਾ ਵੀ ਸਿਖਿਆ। ਇੱਕ ਹੋਰ ਦੋਸਤ ਦੀ ਗੱਲ ਕਰਦੇ ਹਾਂ। ਸਕੂਲ ਵਿਚ ਨਾਲ਼ ਹੀ ਪੜ੍ਹਦਾ ਸੀ। ਕਾਲਜ ਵੀ ਇਕੱਠੇ ਦਾਖ਼ਲ ਹੋਏ। ਜੱਦੀ-ਪੁਸ਼ਤੀ ਸਰਦਾਰ ਪੰਜਾਹ ਕਿਲਿਆਂ ਦਾ ਮਾਲਕ। ਉਸਦੇ ਬਾਪ ਦੀ ਛੋਟੀ ਉਮਰੇ ਇੱਕ ਸੜਕ ਹਾਦਸੇ ਵਿਚ ਮੌਤ ਹੋ ਗਈ। ਸਾਡਾ ਦੋਸਤ ਜਦੋਂ ਹੁੰਦੜ-ਹੇਲ ਹੋਇਆ



ਤਾਂ ਜੱਦੀ-ਪੁਸ਼ਤੀ ਸਰਦਾਰੀ ਸਿਰ ਨੂੰ ਚੜ੍ਹ ਗਈ। ਨਸ਼ਿਆਂ ਤੇ ਔਰਤਾਂ ਦਾ ਆਦੀ ਹੋ ਗਿਆ। ਜਿਸ ਦਿਨ ਇੱਕ ਸੜਕ ਹਾਦਸੇ ਵਿਚ ਮਰਿਆ, ਪੰਜਾਹ ਕਿਲਿਆਂ 'ਚੋਂ ਕੁਝ ਕਨਾਲਾਂ ਹੀ ਬਚੀ ਹੋਣੀ। ਮੈਂ ਕਿਉਂਕਿ ਕਾਲਜ ਪੜ੍ਹਦਿਆਂ ਹੀ ਉਸ ਤੋਂ ਕਿਨਾਰਾ ਕਰ ਗਿਆ ਸਾਂ, ਅੱਜ ਇਹ ਬਿਰਤਾਂਤ ਤੁਹਾਡੇ ਨਾਲ਼ ਸਾਂਝਾ ਕਰ ਰਿਹਾ ਹਾਂ।

ਮੈਨੂੰ ਲੱਗਦਾ ਚੰਗੇ ਦੋਸਤ ਨੂੰ ਕਿਸੇ ਇੱਕ ਪਰਿਭਾਸ਼ਾ ਵਿਚ ਨਹੀਂ ਬੰਨ੍ਹਿਆਂ ਜਾ ਸਕਦਾ। ਚੰਗੇ ਦੋਸਤ ਦਾ ਅਹਿਸਾਸ ਹੀ ਤੁਹਾਨੂੰ ਸਰਸ਼ਾਰ ਕਰੀ ਰੱਖਦਾ ਹੈ। ਔਖੇ ਵੇਲ਼ੇ ਉਹ ਤੁਹਾਡੀ ਧਿਰ ਬਣਦਾ ਹੈ ਤੇ ਖ਼ੁਸ਼ੀ ਦੇ ਮੌਕੇ ਤੁਹਾਡੇ ਚਾਅ ਦਾ ਭਾਈਵਾਲ਼ ਹੁੰਦਾ ਹੈ। ਉਸ ਉਪਰ ਵਿਸ਼ਵਾਸ ਕੀਤਾ ਜਾ ਸਕਦਾ ਹੈ। ਉਸ ਦੇ ਸਾਹਮਣੇ ਬਗੈਰ ਕਿਸੇ ਓਹਲੇ ਦੇ ਜਾਇਆ ਜਾ ਸਕਦਾ ਹੈ। ਲੋੜ ਵੇਲ਼ੇ ਉਹ ਤੁਹਾਡਾ ਏ.ਟੀ.ਐਮ. ਹੁੰਦਾ ਹੈ। ਉਦਾਸ ਵੇਲਿਆਂ 'ਚ ਉਹ ਤੁਹਾਡਾ ਰੱਬ ਬਣ ਬਹੁੜਦਾ ਹੈ। ਉਸ ਕੋਲ਼ੋਂ ਜੀਵਨ ਦੇ ਜਟਿਲ ਵਰਤਾਰਿਆਂ 'ਚ ਕੋਈ ਵੀ ਸਲਾਹ ਲਈ ਜਾ ਸਕਦੀ ਹੈ। ਤੁਹਾਡੀ ਬਿਮਾਰੀ 'ਚ ਉਹ ਤਬੀਬਾ ਬਣ ਬਹੁੜਦਾ ਹੈ। ਤੁਹਾਡੇ ਦੁਆਰਾ ਲਏ ਗਏ ਗਲਤ ਫ਼ੈਸਲਿਆਂ ਦਾ ਉਸ ਕੋਲ ਤਾਰਕਿਕ ਹੱਲ ਮੌਜੂਦ ਹੁੰਦਾ ਹੈ। ਚੰਗੇ ਦੋਸਤ ਵਿਚੋਂ ਦੋਸਤੀ ਦੀ ਝਲਕ ਪੈਂਦੀ ਹੈ। ਦੁੱਖ-ਸੁਖ ਦੇ ਸਾਲਾਂ ਦੌਰਾਨ ਤੁਹਾਡੀ ਨੇੜਤਾ ਵਧਦੀ ਹੈ। ਅਜਿਹਾ ਦੋਸਤ ਨਾਲ਼ ਹੋਵੇ ਤਾਂ ਹਵਾ ਉਸ ਦੇ ਪਿੰਡ ਵੱਲੋਂ ਆਉਂਦੀ ਲੱਗਦੀ ਹੈ। ਸਾਰੇ ਰਾਹ ਦੋਸਤਾਂ ਦੇ ਮਿਲਣ ਬਿੰਦੂ 'ਤੇ ਰੁਕਦੇ ਹਨ। ਲੱਗਦਾ ਜਿਵੇਂ ਸੂਰਜ ਸਾਡੇ ਹੀ ਚਿਹਰਿਆਂ 'ਤੇ ਚਮਕ ਰਿਹਾ ਹੋਵੇ, ਬਾਰਸ਼ ਸਾਡੇ ਹੀ ਖੇਤਾਂ ਨੂੰ ਸਿੰਜ ਰਹੀ ਹੋਵੇ। ਚੰਗੇ ਦੋਸਤਾਂ ਦੇ ਰਾਹ 'ਚ ਪੂੰਜੀ ਕਦੇ ਵੀ ਰੁਕਾਵਟ ਨਹੀਂ ਬਣਦੀ। ਸੱਚੀ ਦੋਸਤੀ ਨਿਰਸੁਆਰਥ ਹੁੰਦੀ ਹੈ। ਦੋਸਤੀਆਂ ਪਰਿਵਾਰ ਤੋਂ ਬਾਹਰ ਇੱਕ ਨਵਾਂ ਭਾਈਚਾਰਾ ਸਿਰਜਦੀਆਂ ਹਨ। ਚੰਗੀਆਂ ਦੋਸਤੀਆਂ 'ਚ ਘਿਰੇ ਬੰਦੇ ਨੂੰ ਨਵੀਂ ਪਛਾਣ ਮਿਲਦੀ ਹੈ। ਇੱਕ ਸੁਰੱਖਿਆ ਦੀ ਭਾਵਨਾ ਬੰਦੇ ਅੰਦਰ ਅੰਗੜਾਈ ਲੈਂਦੀ ਹੈ। ਵਿਸ਼ਵਾਸ ਦੇ ਕਦਮ ਉਸਦੇ ਨਾਲ਼ ਤੁਰਦੇ ਹਨ। ਬੰਦੇ ਦਾ ਆਪਣੇ-ਆਪ 'ਤੇ ਭਰੋਸਾ ਵਧਦਾ ਹੈ। ਬਹੁਤ ਸਾਰੇ ਵਿਚਾਰ, ਰਾਵਾਂ ਤੇ ਸੋਚਾਂ ਦਾ ਜੰਮਘਟਾ ਤੁਹਾਡੇ ਵਿਅਕਤੀਤਵ ਦਾ ਹਿਸਾ ਬਣਦੇ ਹਨ। ਤੁਹਾਡੇ ਸੋਚਣ, ਵਿਚਰਨ ਦਾ ਘੇਰਾ ਫੈਲਦਾ ਹੈ। ਬਹੁਤ ਸਾਰੇ ਪਿੰਡ, ਸ਼ਹਿਰ ਤੇ ਦੇਸ਼ ਤੁਹਾਡੇ ਆਪਣੇ ਹੋ ਜਾਂਦੇ ਹਨ।

ਰਾਜਨੀਤੀ ਵਿਚ ਦੋਸਤੀ ਦੇ ਅਰਥ ਬਿਲਕੁਲ ਭਿੰਨ ਹੋ ਜਾਂਦੇ ਹਨ। ਦੁੱਖ ਦੀ ਗੱਲ ਇਹ ਹੈ ਕਿ ਦੋਸਤੀ ਦੇ ਇਹ ਅਰਥ ਸਾਡੇ ਸਮਾਜਿਕ ਜੀਵਨ ਵਿਚ ਵੀ ਪ੍ਰਵੇਸ਼ ਕਰ ਗਏ ਹਨ। ਸੁਆਰਥ ਹੁਣ ਕਿਸੇ ਨਾਲ਼ ਨੇੜਤਾ ਜਾਂ ਦੋਸਤੀ ਕਰਨ ਦਾ ਸਾਡਾ ਗੁਪਤ ਏਜੰਡਾ ਹੋ ਗਿਆ ਹੈ। ਤੁਹਾਡਾ ਅਹੁਦਾ, ਰੁਤਬਾ ਤੇ ਆਰਥਿਕਤਾ ਦੋਸਤੀ ਕਰਨ ਦਾ ਆਧਾਰ ਬਣ ਗਿਆ ਹੈ। ਇਸੇ ਲਈ ਕਹਿੰਦੇ ਹਨ ਕਿ ਚੰਗੇ ਦੋਸਤ ਦੀ ਪਛਾਣ ਔਖੇ ਵੇਲ਼ੇ ਹੁੰਦੀ ਹੈ। ਸੁਆਰਥੀ ਕਿਸਮ ਦੇ ਲੋਕ ਤੁਹਾਡੇ ਮਾੜੇ ਦਿਨਾਂ ਵਿਚ ਬਿਨਾਂ ਦੇਰੀ ਕੀਤਿਆਂ ਕਿਨਾਰਾ ਕਰ ਜਾਂਦੇ ਹਨ। ਸੱਚੇ ਦੋਸਤ ਔਖੇ ਵੇਲ਼ੇ ਤੁਹਾਡੀ ਬਾਂਹ ਫੜਦੇ ਹਨ। ਇਸ ਲਈ ਦੋਸਤੀ ਕਰਨ ਤੋਂ ਪਹਿਲਾਂ ਅਗਲੇ ਦੀ ਪਛਾਣ ਕਰ ਲੈਣੀ ਚਾਹੀਦੀ ਹੈ। ਰਾਜਨੀਤਕ ਖੇਤਰ ਵਿਚ ਕੋਈ ਕਿਸੇ ਦਾ ਮਿੱਤ ਨਹੀਂ ਹੁੰਦਾ। ਨਿੱਤ ਦਿਨ ਪਾਰਟੀਆਂ ਬਦਲ ਦੇ ਲੋਕ ਇਸ ਵਰਤਾਰੇ ਦੀ ਨੰਗੀ-ਚਿੱਟੀ ਉਦਾਹਰਣ ਹੈ। ਨੇਤਾਵਾਂ ਵੱਲੋਂ ਲੋਕਾਂ ਨਾਲ਼ ਹੇਜ ਜਤਾ ਕੇ ਝੂਠੇ ਵਾਅਦੇ ਕੀਤੇ ਜਾਂਦੇ ਹਨ। ਦੋਸਤੀ ਦੀ ਆੜ ਵਿਚ ਕੁਝ ਲੋਕ ਤੁਹਾਡੇ ਘਰ ਵਿਚਲੀਆਂ ਧੀਆਂ-ਭੈਣਾ 'ਤੇ ਮਾੜੀ ਨਜ਼ਰ ਰੱਖਦੇ ਹਨ। ਤੁਹਾਡੇ ਅਹੁਦੇ, ਰੁਤਬੇ ਦਾ ਨਾਜਾਇਜ਼ ਫਾਇਦਾ ਉਠਾਉਂਦੇ ਹਨ। ਅਸਲ ਵਿਚ ਉਹ ਤੁਹਾਡੀ ਕਿਰਦਾਰਕੁਸ਼ੀ ਕਰ ਰਹੇ ਹੁੰਦੇ ਹਨ। ਜਦ ਤੱਕ ਤੁਹਾਨੂੰ ਸਮਝ ਪੈਂਦੀ ਹੈ, ਗੱਲ ਬਹੁਤ ਦੂਰ ਨਿਕਲ ਚੁੱਕੀ ਹੁੰਦੀ ਹੈ।

ਚੰਗੀ ਦੋਸਤੀ ਜਾਇਜ਼ ਰਿਸ਼ਤੇ ਸਿਰਜਦੀ ਹੈ। ਸਬੰਧਾਂ ਵਿਚ ਨਿੱਘ ਤੇ ਮੋਹ ਦਾ ਪ੍ਰਵੇਸ਼ ਹੁੰਦਾ ਹੈ। ਕਿਸੇ ਓਹਲੇ ਦੀ ਲੋੜ ਨਹੀਂ ਰਹਿੰਦੀ। ਕੋਈ ਡਰ ਤੁਹਾਡਾ ਪਿੱਛਾ ਨਹੀਂ ਕਰਦਾ। ਤੁਸੀਂ ਮਾਣਮੱਤੇ ਅਹਿਸਾਸ ਨਾਲ਼ ਭਰੇ ਰਹਿੰਦੇ ਓ। ਦੋਸਤਾਂ ਦੀ ਭੀੜ ਰੌਣਕ ਲਾਈ ਰੱਖਦੀ ਹੈ। ਮਾੜੇ ਦੋਸਤ ਨਾਜਾਇਜ਼ ਰਿਸ਼ਤਿਆਂ ਨੂੰ ਉਤਸ਼ਾਹਤ ਕਰਦੇ ਹਨ। ਤੁਹਾਡੀਆਂ ਸੋਚਾਂ ਦੂਸ਼ਿਤ ਹੁੰਦੀਆਂ ਹਨ। ਪਰਿਵਾਰਕ ਰਿਸ਼ਤੇ ਟੁੱਟਦੇ, ਬਿਖਰਦੇ ਹਨ। ਹੀਣ-ਭਾਵ ਤੁਹਾਡੇ ਅੰਦਰ ਕਿਸੇ ਰੋਗ ਵਾਂਗ ਬੈਠ ਜਾਂਦਾ ਹੈ। ਝੂਠ ਬੋਲਣਾ ਤੁਹਾਡਾ ਵਿਹਾਰ ਬਣ ਜਾਂਦਾ ਹੈ। ਦੋਸਤ ਤੁਹਾਡੇ ਉਪਰ ਵਿਸ਼ਵਾਸ ਨਹੀਂ ਕਰਦੇ। ਹੌਲੀ-ਹੌਲੀ ਤੁਸੀਂ ਕੱਲੇ ਰਹਿ ਜਾਂਦੇ ਓ।

ਚੰਗੇ ਦੋਸਤ ਉਸਾਰੂ ਸਲਾਹ ਦਿੰਦੇ ਹਨ, ਸਿਹਤਮੰਦ ਆਦਤਾਂ ਨੂੰ ਉਤਸ਼ਾਹਤ ਕਰਦੇ ਹਨ ਅਤੇ ਤੁਹਾਨੂੰ ਹੋਰ ਬਿਹਤਰ ਹੋਣ ਦੀ ਨਸੀਹਤ ਦਿੰਦੇ ਹਨ। ਚੰਗੀ ਦੋਸਤੀ ਜ਼ਿੰਦਗੀ ਨੂੰ ਆਨੰਦ ਨਾਲ਼ ਭਰ ਦਿੰਦੀ ਹੈ। ਚੰਗੇ ਦੋਸਤ ਦੀ ਭਾਲ਼ ਸੌਖੀ ਨਹੀਂ ਹੁੰਦੀ। ਸਮਾਜਕ ਵਰਤਾਰੇ ਵਿਚ ਹੋਰ ਸਭ ਰਿਸ਼ਤੇ ਸਾਡੀ ਚੋਣ ਨਹੀਂ ਹੁੰਦੇ। ਸਿਰਫ ਦੋਸਤੀ ਹੀ ਅਜਿਹਾ ਰਿਸ਼ਤਾ ਹੈ ਜਿਸ ਦੀ ਚੋਣ ਅਸੀਂ ਖੁਦ ਕਰ ਸਕਦੇ ਹਾਂ। ਇਸ ਚੋਣ ਵਿਚ ਕਦੀ ਧੋਖਾ ਨਾ ਖਾਈਏ। ਚੰਗੇ ਦੋਸਤ ਚੁਣੀਏ, ਬਿਹਤਰ ਜੀਵਨ ਜੀਵੀਏ। ਇਹ ਜੀਵਨ ਦਾ ਇੱਕ ਸਧਾਰਣ ਜਿਹਾ ਫ਼ਲਸਫਾ ਹੈ। ਦੋਸਤ ਦੀ ਗਲਤ ਚੋਣ ਤੁਹਾਨੂੰ ਬਿਖਮ ਰਾਹਾਂ ਦਾ ਪਾਂਧੀ ਬਣਾ ਦੇਵੇਗੀ।

# ਆਨਲਾਈਨ ਦੁਨੀਆ ਵਿਚ ਸੁਵਿਧਾ ਨਾਲ ਵਧਦੇ ਖ਼ਤਰੇ

ਅੱਜ ਦਾ ਮਨੁੱਖ ਇੰਟਰਨੈੱਟ ਤੋਂ ਬਿਨਾਂ ਆਪਣੀ ਜ਼ਿੰਦਗੀ ਦੀ ਕਲਪਨਾ ਵੀ ਨਹੀਂ ਕਰ ਸਕਦਾ। ਸਵੇਰੇ ਅੱਖ ਖੁੱਲ੍ਹਣ ਤੋਂ ਲੈ ਕੇ ਰਾਤ ਸੌਣ ਤੱਕ ਅਸੀਂ ਕਿਸੇ ਨਾ ਕਿਸੇ ਰੂਪ ਵਿਚ ਇੰਟਰਨੈੱਟ ਨਾਲ ਜੁੜੇ ਰਹਿੰਦੇ ਹਾਂ। ਮੋਬਾਈਲ ਫੋਨ 'ਤੇ ਖ਼ਬਰਾਂ ਪੜ੍ਹਨਾ, ਸੋਸ਼ਲ ਮੀਡੀਆ ਦੀ ਵਰਤੋਂ ਕਰਨਾ, ਆਨਲਾਈਨ ਖਰੀਦਦਾਰੀ ਕਰਨੀ, ਬੈਂਕਿੰਗ ਸੇਵਾਵਾਂ ਲੈਣੀਆਂ, ਵੀਡੀਓ ਕਾਲ ਰਾਹੀਂ ਪਰਿਵਾਰ ਅਤੇ ਦੋਸਤਾਂ ਨਾਲ ਗੱਲਬਾਤ ਕਰਨੀ ਜਾਂ ਫਿਰ ਵਿਦਿਆਰਥੀਆਂ ਵੱਲੋਂ ਆਨਲਾਈਨ ਪੜ੍ਹਾਈ ਕਰਨੀ—ਇਹ ਸਭ ਕੁਝ ਇੰਟਰਨੈੱਟ ਦੀ ਹੀ ਬਦੌਲਤ ਸੰਭਵ ਹੋਇਆ ਹੈ। ਇਸ ਨੇ ਸਾਡੀ ਜ਼ਿੰਦਗੀ ਨੂੰ ਤੇਜ਼, ਆਸਾਨ ਅਤੇ ਪਹਿਲਾਂ ਨਾਲੋਂ ਕਾਫ਼ੀ ਜ਼ਿਆਦਾ ਜੁੜਿਆ ਹੋਇਆ ਬਣਾ ਦਿੱਤਾ ਹੈ। ਪਰ ਜਿਵੇਂ-ਜਿਵੇਂ ਸਾਡੀ ਨਿਰਭਰਤਾ ਇਸ 'ਤੇ ਵਧ ਰਹੀ ਹੈ, ਇੱਕ ਮਹੱਤਵਪੂਰਨ ਸਵਾਲ ਵੀ ਸਾਹਮਣੇ ਆ ਰਿਹਾ ਹੈ ਕਿ ਕੀ ਅਸੀਂ ਅੱਜ ਦੇ ਇੰਟਰਨੈੱਟ 'ਤੇ ਪੂਰੀ ਤਰ੍ਹਾਂ ਭਰੋਸਾ ਕਰ ਸਕਦੇ ਹਾਂ?



ਡਾ. ਗੁਰਜੀਤ ਸਿੰਘ ਭੱਠਲ
ਫੋਨ: 98142-05475

ਪਿਛਲੇ ਦੋ ਦਹਾਕਿਆਂ ਵਿਚ ਇੰਟਰਨੈੱਟ ਨੇ ਇੱਕ ਸਧਾਰਨ ਜਾਣਕਾਰੀ ਸਾਂਝੀ ਕਰਨ ਵਾਲੇ ਨੈੱਟਵਰਕ ਤੋਂ ਇੱਕ ਵਿਸ਼ਾਲ ਡਿਜੀਟਲ ਪ੍ਰਣਾਲੀ ਦਾ ਰੂਪ ਧਾਰ ਲਿਆ ਹੈ। ਦੁਨੀਆ ਭਰ ਵਿਚ ਪੰਜ ਅਰਬ ਤੋਂ ਵੱਧ ਲੋਕ ਇੰਟਰਨੈੱਟ ਦੀ ਵਰਤੋਂ ਕਰ ਰਹੇ ਹਨ ਅਤੇ ਭਾਰਤ ਵਿਚ ਵੀ ਇੰਟਰਨੈੱਟ ਉਪਭੋਗਤਾਵਾਂ ਦੀ ਗਿਣਤੀ 85 ਕਰੋੜ ਤੋਂ ਵੱਧ ਹੋ ਚੁੱਕੀ ਹੈ। ਸਰਕਾਰੀ ਸੇਵਾਵਾਂ, ਸਿੱਖਿਆ, ਸਿਹਤ ਸੰਭਾਲ, ਬੈਂਕਿੰਗ ਅਤੇ ਵਪਾਰ ਤੇਜ਼ੀ ਨਾਲ ਆਨਲਾਈਨ ਹੋ ਰਹੇ ਹਨ। ਡਿਜੀਟਲ ਇੰਡੀਆ ਵਰਗੀਆਂ ਪਹਿਲਕਦਮੀਆਂ ਨੇ ਦੇਸ਼ ਵਿਚ ਡਿਜੀਟਲ ਬਦਲਾਅ ਨੂੰ ਹੋਰ ਤੇਜ਼ ਕੀਤਾ ਹੈ। ਇਹ ਤਬਦੀਲੀ ਵਿਕਾਸ ਅਤੇ ਸੁਵਿਧਾਵਾਂ ਲਈ ਬਹੁਤ ਮਹੱਤਵਪੂਰਨ ਹੈ, ਪਰ ਇਸ ਦੇ ਨਾਲ ਕਈ ਨਵੇਂ ਖ਼ਤਰੇ ਅਤੇ ਚੁਣੌਤੀਆਂ ਵੀ ਸਾਹਮਣੇ ਆਈਆਂ ਹਨ।

ਇਨ੍ਹਾਂ ਚੁਣੌਤੀਆਂ ਵਿਚ ਸਭ ਤੋਂ ਵੱਡੀ ਸਮੱਸਿਆ ਝੂਠੀ ਜਾਣਕਾਰੀ ਅਤੇ ਭਰਮ ਫੈਲਾਉਣ ਵਾਲੀਆਂ ਖ਼ਬਰਾਂ ਦੀ ਹੈ। ਸੋਸ਼ਲ ਮੀਡੀਆ ਪਲੇਟਫਾਰਮ ਲੋਕਾਂ ਨੂੰ ਜੋੜਨ ਅਤੇ ਵਿਚਾਰ ਸਾਂਝੇ ਕਰਨ ਲਈ ਬਹੁਤ ਸ਼ਕਤੀਸ਼ਾਲੀ ਸਾਧਨ ਬਣ ਚੁੱਕੇ ਹਨ, ਪਰ ਇਨ੍ਹਾਂ ਦੀ ਵਰਤੋਂ ਗਲਤ ਜਾਣਕਾਰੀ ਫੈਲਾਉਣ ਲਈ ਵੀ ਕੀਤੀ ਜਾ ਰਹੀ ਹੈ। ਚੋਣਾਂ, ਕੁਦਰਤੀ ਆਫ਼ਤਾਂ ਜਾਂ ਜਨਤਕ ਸਿਹਤ ਨਾਲ ਜੁੜੇ ਸੰਕਟਾਂ ਦੌਰਾਨ ਅਕਸਰ ਅਜਿਹੀਆਂ ਖ਼ਬਰਾਂ ਫੈਲਦੀਆਂ ਹਨ ਜੋ ਸੱਚਾਈ ਤੋਂ ਕੋਸਾਂ ਦੂਰ ਹੁੰਦੀਆਂ ਹਨ। ਕੋਵਿਡ-19 ਮਹਾਂਮਾਰੀ ਦੌਰਾਨ ਅਸੀਂ ਦੇਖਿਆ ਕਿ ਇਲਾਜ ਅਤੇ ਟੀਕਿਆਂ ਬਾਰੇ ਕਈ ਗਲਤ ਦਾਅਵੇ ਸੋਸ਼ਲ ਮੀਡੀਆ ਰਾਹੀਂ ਤੇਜ਼ੀ ਨਾਲ ਫੈਲੇ, ਜਿਸ ਕਾਰਨ ਲੋਕਾਂ ਵਿਚ ਭਰਮ ਅਤੇ ਡਰ ਪੈਦਾ ਹੋਇਆ। ਸਮੱਸਿਆ ਸਿਰਫ਼ ਇਹ ਨਹੀਂ ਕਿ ਝੂਠੀ ਜਾਣਕਾਰੀ ਪਛਾਣਨੀ ਮੁਸ਼ਕਲ ਹੈ, ਸਗੋਂ ਇਹ ਵੀ ਹੈ ਕਿ ਇਹ ਸੱਚੀ ਜਾਣਕਾਰੀ ਨਾਲੋਂ ਕਈ ਗੁਣਾ ਤੇਜ਼ੀ ਨਾਲ ਫੈਲ ਜਾਂਦੀ ਹੈ।

ਸਾਈਬਰ ਅਪਰਾਧ ਵੀ ਇੰਟਰਨੈੱਟ 'ਤੇ ਭਰੋਸੇ ਨੂੰ ਕਮਜ਼ੋਰ ਕਰਨ ਵਾਲਾ ਇੱਕ ਵੱਡਾ ਕਾਰਨ ਬਣ ਚੁੱਕਾ ਹੈ। ਫਿਸ਼ਿੰਗ ਈਮੇਲਾਂ, ਨਕਲੀ ਵੈੱਬਸਾਈਟਾਂ, ਆਨਲਾਈਨ ਧੋਖਾਧੜੀਆਂ ਅਤੇ ਵਿੱਤੀ ਠੱਗੀਆਂ ਲਗਾਤਾਰ ਵਧ ਰਹੀਆਂ ਹਨ। ਅਪਰਾਧੀ ਨਵੀਂ ਤਕਨਾਲੋਜੀ ਅਤੇ ਮਨੁੱਖੀ ਮਨੋਵਿਗਿਆਨ ਦੋਵਾਂ ਦਾ ਫਾਇਦਾ ਚੁੱਕਦੇ ਹਨ। ਭਾਰਤ ਵਿਚ ਹਰ ਸਾਲ ਹਜ਼ਾਰਾਂ ਸਾਈਬਰ ਅਪਰਾਧਾਂ ਦੀਆਂ ਸ਼ਿਕਾਇਤਾਂ ਦਰਜ ਕੀਤੀਆਂ ਜਾਂਦੀਆਂ ਹਨ। ਨਕਲੀ ਨੌਕਰੀਆਂ ਦੇ ਇਸ਼ਤਿਹਾਰ, ਲਾਟਰੀ ਸਕੀਮਾਂ, ਫਰਜ਼ੀ ਕਸਟਮਰ ਕੇਅਰ ਨੰਬਰ ਅਤੇ ਯੂਪੀਆਈ ਧੋਖਾਧੜੀਆਂ ਰੋਜ਼ਾਨਾ ਦੀਆਂ ਖ਼ਬਰਾਂ ਬਣ ਗਈਆਂ ਹਨ। ਕਈ ਲੋਕ ਆਪਣੀ ਜ਼ਿੰਦਗੀ ਦੀ ਕਮਾਈ ਕੁਝ ਮਿੰਟਾਂ ਵਿਚ ਗਵਾ ਬੈਠਦੇ ਹਨ। ਇਸ ਨਾਲ ਇਹ ਸਪੱਸ਼ਟ ਹੁੰਦਾ ਹੈ ਕਿ ਜਿੱਥੇ ਇੰਟਰਨੈੱਟ ਸਾਨੂੰ ਸੁਵਿਧਾ ਦਿੰਦਾ ਹੈ, ਉੱਥੇ ਇਹ ਅਪਰਾਧੀਆਂ ਨੂੰ ਵੀ ਨਵੇਂ ਮੌਕੇ ਪ੍ਰਦਾਨ ਕਰਦਾ ਹੈ।

ਇੱਕ ਹੋਰ ਚਿੰਤਾਜਨਕ ਵਿਕਾਸ ਕ੍ਰਿਤ੍ਰਿਮ ਬੁੱਧੀ ਜਾਂ ਆਰਟੀਫ਼ੀਸ਼ੀਅਲ ਇੰਟੈਲੀਜੈਂਸ ਦੀ ਮਦਦ ਨਾਲ ਤਿਆਰ ਕੀਤੀ ਜਾ ਰਹੀ ਸਮੱਗਰੀ ਹੈ। ਅੱਜ ਅਜਿਹੀ ਤਕਨਾਲੋਜੀ ਉਪਲਬਧ ਹੈ ਜੋ ਬਿਲਕੁਲ ਅਸਲੀ ਦਿਖਣ ਵਾਲੀਆਂ ਤਸਵੀਰਾਂ, ਵੀਡੀਓ ਅਤੇ ਆਵਾਜ਼ਾਂ ਤਿਆਰ ਕਰ ਸਕਦੀ ਹੈ। ਇਨ੍ਹਾਂ ਨੂੰ ਡੀਪਫੇਕ ਕਿਹਾ ਜਾਂਦਾ ਹੈ। ਡੀਪਫੇਕ ਤਕਨਾਲੋਜੀ ਨੇ ਸੱਚ ਅਤੇ ਝੂਠ ਵਿਚਲੀ ਲਕੀਰ ਨੂੰ ਧੁੰਦਲਾ ਕਰ ਦਿੱਤਾ ਹੈ। ਕੋਈ ਵੀਡੀਓ ਦੇਖ ਕੇ ਇਹ ਸਮਝਣਾ ਮੁਸ਼ਕਲ ਹੋ ਜਾਂਦਾ ਹੈ ਕਿ ਇਹ ਅਸਲੀ ਹੈ ਜਾਂ ਬਣਾਵਟੀ। ਸੋਚੋ ਜੇ ਕਿਸੇ ਪ੍ਰਸਿੱਧ ਨੇਤਾ, ਅਧਿਕਾਰੀ ਜਾਂ ਸਮਾਜਿਕ ਸ਼ਖ਼ਸੀਅਤ ਦਾ ਕੋਈ ਨਕਲੀ ਵੀਡੀਓ ਵਾਇਰਲ ਹੋ ਜਾਵੇ ਜਿਸ ਵਿਚ ਉਹ ਕੋਈ ਵਿਵਾਦਿਤ ਬਿਆਨ ਦਿੰਦੇ ਨਜ਼ਰ ਆਉਣ। ਜਦੋਂ ਤੱਕ ਸੱਚਾਈ ਸਾਹਮਣੇ ਆਵੇਗੀ, ਤਦ ਤੱਕ ਕਾਫ਼ੀ ਨੁਕਸਾਨ ਹੋ ਚੁੱਕਾ ਹੋਵੇਗਾ। ਇਹ ਸਥਿਤੀ ਪੱਤਰਕਾਰਤਾ, ਰਾਜਨੀਤੀ ਅਤੇ ਜਨਤਕ ਭਰੋਸੇ ਲਈ ਗੰਭੀਰ ਚੁਣੌਤੀ ਬਣ ਰਹੀ ਹੈ।

ਡਾਟਾ ਗੋਪਨੀਯਤਾ ਦਾ ਮੁੱਦਾ ਵੀ ਅੱਜ ਬਹੁਤ ਮਹੱਤਵਪੂਰਨ ਹੋ ਗਿਆ ਹੈ। ਜਦੋਂ ਅਸੀਂ ਕੋਈ ਐਪ ਵਰਤਦੇ ਹਾਂ, ਵੈੱਬਸਾਈਟ 'ਤੇ ਜਾਂਦੇ ਹਾਂ ਜਾਂ ਆਨਲਾਈਨ ਖਰੀਦਦਾਰੀ ਕਰਦੇ ਹਾਂ ਤਾਂ ਅਸੀਂ ਆਪਣੇ ਪਿੱਛੇ ਡਿਜੀਟਲ ਨਿਸ਼ਾਨ ਛੱਡ ਜਾਂਦੇ ਹਾਂ। ਕੰਪਨੀਆਂ ਸਾਡੇ ਵਿਹਾਰ, ਪਸੰਦਾਂ, ਖਰੀਦਦਾਰੀ ਦੀਆਂ ਆਦਤਾਂ ਅਤੇ ਹੋਰ ਨਿੱਜੀ ਜਾਣਕਾਰੀਆਂ ਨੂੰ ਇਕੱਠਾ ਕਰਦੀਆਂ ਹਨ। ਹਾਲਾਂਕਿ ਇਸ ਜਾਣਕਾਰੀ ਦੀ ਵਰਤੋਂ ਸੇਵਾਵਾਂ ਨੂੰ ਬਿਹਤਰ ਬਣਾਉਣ ਅਤੇ ਵਿਅਕਤੀਗਤ ਅਨੁਭਵ ਦੇਣ ਲਈ ਕੀਤੀ ਜਾਂਦੀ ਹੈ, ਪਰ ਹਰ ਕੰਪਨੀ ਇਸ ਜਾਣਕਾਰੀ ਨੂੰ ਸੁਰੱਖਿਅਤ ਢੰਗ ਨਾਲ ਸੰਭਾਲਦੀ ਹੋਵੇ, ਇਹ ਜ਼ਰੂਰੀ ਨਹੀਂ। ਪਿਛਲੇ ਕੁਝ ਸਾਲਾਂ ਦੌਰਾਨ ਦੁਨੀਆ ਭਰ ਵਿਚ ਕਈ ਵੱਡੀਆਂ ਡਾਟਾ ਚੋਰੀ ਦੀਆਂ ਘਟਨਾਵਾਂ ਸਾਹਮਣੇ ਆਈਆਂ ਹਨ ਜਿਨ੍ਹਾਂ ਵਿਚ ਲੱਖਾਂ-ਕਰੋੜਾਂ ਉਪਭੋਗਤਾਵਾਂ ਦੀ ਨਿੱਜੀ ਜਾਣਕਾਰੀ ਲੀਕ ਹੋਈ। ਇਸ ਕਾਰਨ ਲੋਕਾਂ ਵਿਚ ਇਹ ਚਿੰਤਾ ਵਧੀ ਹੈ ਕਿ ਉਨ੍ਹਾਂ ਦਾ ਡਾਟਾ ਕਿੰਨਾ ਸੁਰੱਖਿਅਤ ਹੈ ਅਤੇ ਉਹ ਅਣਜਾਣੇ ਵਿਚ ਕਿੰਨੀ ਜਾਣਕਾਰੀ ਸਾਂਝੀ ਕਰ ਰਹੇ ਹਨ।



ਅਸਲ ਜ਼ਿੰਦਗੀ ਦੀਆਂ ਕਈ ਘਟਨਾਵਾਂ ਇੰਟਰਨੈੱਟ 'ਤੇ ਭਰੋਸੇ ਦੀ ਨਾਜ਼ੁਕ ਸਥਿਤੀ ਨੂੰ ਉਜਾਗਰ ਕਰਦੀਆਂ ਹਨ। ਬੈਂਕ ਖਾਤਿਆਂ ਤੋਂ ਪੈਸੇ ਚੋਰੀ ਹੋਣ, ਸੋਸ਼ਲ ਮੀਡੀਆ ਖਾਤਿਆਂ ਦੇ ਹੈਕ ਹੋਣ ਅਤੇ ਨਕਲੀ ਨਿਵੇਸ਼ ਯੋਜਨਾਵਾਂ ਰਾਹੀਂ ਲੋਕਾਂ ਨੂੰ ਠੱਗਣ ਦੇ ਮਾਮਲੇ ਲਗਾਤਾਰ ਸਾਹਮਣੇ ਆ ਰਹੇ ਹਨ। ਕੁਝ ਮਾਮਲਿਆਂ ਵਿਚ ਡੀਪਫੇਕ ਤਕਨਾਲੋਜੀ ਦੀ ਵਰਤੋਂ ਕਰਕੇ ਕੰਪਨੀਆਂ ਦੇ ਅਧਿਕਾਰੀਆਂ ਦੀ ਨਕਲੀ ਆਵਾਜ਼ ਬਣਾਈ ਗਈ ਅਤੇ ਕਰਮਚਾਰੀਆਂ ਨੂੰ ਕਰੋੜਾਂ ਰੁਪਏ ਟ੍ਰਾਂਸਫਰ ਕਰਨ ਲਈ ਧੋਖੇ ਵਿਚ ਰੱਖਿਆ ਗਿਆ। ਆਮ ਲੋਕ ਵੀ ਫਰਜ਼ੀ ਕਸਟਮਰ ਕੇਅਰ ਕਾਲਾਂ ਅਤੇ ਝੂਠੇ ਸੁਨੇਹਿਆਂ ਵਿਚ ਫਸ ਕੇ ਆਪਣਾ ਨੁਕਸਾਨ ਕਰਵਾ ਬੈਠਦੇ ਹਨ। ਇਹ ਘਟਨਾਵਾਂ ਸਾਨੂੰ ਯਾਦ ਦਿਵਾਉਂਦੀਆਂ ਹਨ ਕਿ ਡਿਜੀਟਲ ਦੁਨੀਆ ਵਿਚ ਸੁਵਿਧਾ ਦੇ ਨਾਲ-ਨਾਲ ਸਾਵਧਾਨੀ ਵੀ ਲਾਜ਼ਮੀ ਹੈ।

ਇੰਟਰਨੈੱਟ 'ਤੇ ਭਰੋਸੇ ਵਿਚ ਆਈ ਕਮੀ ਦਾ ਪ੍ਰਭਾਵ ਸਿਰਫ਼ ਵਿਅਕਤੀਆਂ ਤੱਕ ਸੀਮਿਤ ਨਹੀਂ ਰਹਿੰਦਾ, ਸਗੋਂ ਪੂਰੇ ਸਮਾਜ ਨੂੰ ਪ੍ਰਭਾਵਿਤ ਕਰਦਾ ਹੈ। ਜਦੋਂ ਲੋਕ ਜਾਣਕਾਰੀ ਦੀ ਸੱਚਾਈ 'ਤੇ ਸ਼ੱਕ ਕਰਨ ਲੱਗਦੇ ਹਨ ਤਾਂ ਲੋਕਤੰਤਰਿਕ ਪ੍ਰਕਿਰਿਆਵਾਂ ਅਤੇ ਸਮਾਜਿਕ ਏਕਤਾ ਵੀ ਪ੍ਰਭਾਵਿਤ ਹੁੰਦੀ ਹੈ। ਗਲਤ ਜਾਣਕਾਰੀ ਸਮਾਜ ਨੂੰ ਵੰਡ ਸਕਦੀ ਹੈ, ਬੇਲੋੜਾ ਡਰ ਪੈਦਾ ਕਰ ਸਕਦੀ ਹੈ ਅਤੇ ਸੰਸਥਾਵਾਂ ਪ੍ਰਤੀ ਵਿਸ਼ਵਾਸ ਘਟਾ ਸਕਦੀ ਹੈ। ਲਗਾਤਾਰ ਸਾਈਬਰ ਖ਼ਤਰਿਆਂ ਅਤੇ ਡਿਜੀਟਲ ਹਮਲਿਆਂ ਦੀਆਂ ਖ਼ਬਰਾਂ ਲੋਕਾਂ ਵਿਚ ਤਣਾਅ ਅਤੇ ਡਿਜੀਟਲ ਥਕਾਵਟ ਵੀ ਪੈਦਾ ਕਰਦੀਆਂ ਹਨ। ਇੱਕ ਵਾਰ ਭਰੋਸਾ ਟੁੱਟ ਜਾਵੇ ਤਾਂ ਉਸ ਨੂੰ ਮੁੜ ਸਥਾਪਿਤ ਕਰਨਾ ਆਸਾਨ ਨਹੀਂ ਹੁੰਦਾ।

ਇਨ੍ਹਾਂ ਚੁਣੌਤੀਆਂ ਨੂੰ ਧਿਆਨ ਵਿਚ ਰੱਖਦਿਆਂ ਦੁਨੀਆ ਭਰ ਦੀਆਂ ਸਰਕਾਰਾਂ ਡਿਜੀਟਲ ਖੇਤਰ ਨੂੰ ਨਿਯਮਬੱਧ ਕਰਨ ਲਈ ਕਦਮ ਚੁੱਕ ਰਹੀਆਂ ਹਨ। ਭਾਰਤ ਵੀ ਇਸ ਦਿਸ਼ਾ ਵਿਚ ਅੱਗੇ ਵੱਧ ਰਿਹਾ ਹੈ। ਡਾਟਾ ਸੁਰੱਖਿਆ, ਸਾਈਬਰ ਅਪਰਾਧ ਰੋਕਥਾਮ ਅਤੇ ਡਿਜੀਟਲ ਪਲੇਟਫਾਰਮਾਂ ਦੀ ਜ਼ਿੰਮੇਵਾਰੀ ਨੂੰ ਯਕੀਨੀ ਬਣਾਉਣ ਲਈ ਨਵੇਂ ਕਾਨੂੰਨ ਅਤੇ ਨੀਤੀਆਂ ਬਣਾਈਆਂ ਜਾ ਰਹੀਆਂ ਹਨ। ਡਿਜੀਟਲ ਪਰਸਨਲ ਡਾਟਾ ਪ੍ਰੋਟੈਕਸ਼ਨ ਐਕਟ ਵਰਗੇ ਕਦਮ ਉਪਭੋਗਤਾਵਾਂ ਦੇ ਡਾਟੇ ਦੀ ਸੁਰੱਖਿਆ ਨੂੰ ਮਜ਼ਬੂਤ ਕਰਨ ਵੱਲ ਮਹੱਤਵਪੂਰਨ ਕੋਸ਼ਿਸ਼ ਹਨ। ਹਾਲਾਂਕਿ ਇੰਟਰਨੈੱਟ ਦੀ ਵਿਸ਼ਾਲ ਅਤੇ ਸਰਹੱਦਾਂ ਤੋਂ ਪਰੇ ਫੈਲੀ ਪ੍ਰਕਿਰਤੀ ਕਾਰਨ ਇਨ੍ਹਾਂ ਨਿਯਮਾਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕਰਨਾ ਅਜੇ ਵੀ ਇੱਕ ਵੱਡੀ ਚੁਣੌਤੀ ਹੈ।

ਤਕਨਾਲੋਜੀ ਕੰਪਨੀਆਂ ਦੀ ਭੂਮਿਕਾ ਵੀ ਇਸ ਸੰਦਰਭ ਵਿਚ ਬਹੁਤ ਮਹੱਤਵਪੂਰਨ ਹੈ। ਸੋਸ਼ਲ ਮੀਡੀਆ ਪਲੇਟਫਾਰਮਾਂ, ਸਰਚ ਇੰਜਨਾਂ ਅਤੇ ਡਿਜੀਟਲ ਸੇਵਾ ਪ੍ਰਦਾਤਾਵਾਂ ਨੂੰ ਆਪਣੀ ਜ਼ਿੰਮੇਵਾਰੀ ਸਮਝਣੀ ਹੋਵੇਗੀ। ਉਨ੍ਹਾਂ ਨੂੰ ਸਮੱਗਰੀ ਦੀ ਨਿਗਰਾਨੀ ਬਿਹਤਰ ਬਣਾਉਣੀ ਪਵੇਗੀ, ਤੱਥਾਂ ਦੀ ਜਾਂਚ ਕਰਨ ਵਾਲੀਆਂ ਪ੍ਰਣਾਲੀਆਂ ਨੂੰ ਮਜ਼ਬੂਤ ਕਰਨਾ ਪਵੇਗਾ ਅਤੇ ਆਪਣੇ ਐਲਗੋਰਿਦਮਾਂ ਬਾਰੇ ਵਧੇਰੇ ਪਾਰਦਰਸ਼ਤਾ ਲਿਆਉਣੀ ਪਵੇਗੀ। ਇਸ ਦੇ ਨਾਲ ਹੀ ਉਨ੍ਹਾਂ ਨੂੰ ਉਪਭੋਗਤਾਵਾਂ ਦੇ ਡਾਟੇ ਦੀ ਸੁਰੱਖਿਆ ਲਈ ਮਜ਼ਬੂਤ ਸਾਈਬਰ ਸੁਰੱਖਿਆ ਉਪਾਅ ਅਪਨਾਉਣੇ ਹੋਣਗੇ। ਭਰੋਸਾ ਸਿਰਫ਼ ਤਕਨੀਕੀ ਹੱਲਾਂ ਨਾਲ ਨਹੀਂ, ਸਗੋਂ ਨੈਤਿਕਤਾ ਅਤੇ ਜਵਾਬਦੇਹੀ ਨਾਲ ਵੀ ਬਣਦਾ ਹੈ।

ਆਮ ਉਪਭੋਗਤਾਵਾਂ ਲਈ ਵੀ ਸਚੇਤ ਰਹਿਣਾ ਬਹੁਤ ਜ਼ਰੂਰੀ ਹੈ। ਕੋਈ ਵੀ ਜਾਣਕਾਰੀ ਅੱਗੇ ਭੇਜਣ ਤੋਂ ਪਹਿਲਾਂ ਉਸ ਦੀ ਪੁਸ਼ਟੀ ਕਰਨੀ ਚਾਹੀਦੀ ਹੈ। ਸ਼ੱਕੀ ਲਿੰਕਾਂ 'ਤੇ ਕਲਿੱਕ ਕਰਨ ਤੋਂ ਬਚਣਾ ਚਾਹੀਦਾ ਹੈ। ਮਜ਼ਬੂਤ ਪਾਸਵਰਡ ਵਰਤਣੇ ਅਤੇ ਦੋ-ਪੜਾਅ ਪ੍ਰਮਾਣਿਕਤਾ ਵਰਗੀਆਂ ਸੁਰੱਖਿਆ ਵਿਵਸਥਾਵਾਂ ਨੂੰ ਚਾਲੂ ਰੱਖਣਾ ਚਾਹੀਦਾ ਹੈ। ਸਾਈਬਰ ਅਪਰਾਧਾਂ ਦੇ ਨਵੇਂ ਤਰੀਕਿਆਂ ਬਾਰੇ ਜਾਣਕਾਰੀ ਰੱਖਣਾ ਅਤੇ ਕਿਸੇ ਵੀ ਸ਼ੱਕੀ ਗਤੀਵਿਧੀ ਦੀ ਤੁਰੰਤ ਰਿਪੋਰਟ ਕਰਨਾ ਵੀ ਬਹੁਤ ਮਹੱਤਵਪੂਰਨ ਹੈ। ਅੱਜ ਦੇ ਸਮੇਂ ਵਿਚ ਡਿਜੀਟਲ ਸਾਖਰਤਾ ਇੱਕ ਜ਼ਰੂਰੀ ਜੀਵਨ-ਕੌਸ਼ਲ ਬਣ ਚੁੱਕੀ ਹੈ।

ਭਵਿੱਖ ਵੱਲ ਦੇਖੀਏ ਤਾਂ ਸਵਾਲ ਇਹ ਨਹੀਂ ਕਿ ਇੰਟਰਨੈੱਟ 'ਤੇ ਸਾਰੇ ਖ਼ਤਰੇ ਖਤਮ ਹੋ ਜਾਣਗੇ ਜਾਂ ਨਹੀਂ। ਸਵਾਲ ਇਹ ਹੈ ਕਿ ਕੀ ਅਸੀਂ ਇੱਕ ਅਜਿਹਾ ਡਿਜੀਟਲ ਵਾਤਾਵਰਣ ਤਿਆਰ ਕਰ ਸਕਦੇ ਹਾਂ ਜੋ ਵਧੇਰੇ ਸੁਰੱਖਿਅਤ, ਭਰੋਸੇਯੋਗ ਅਤੇ ਜਵਾਬਦੇਹ ਹੋਵੇ। ਇਸ ਲਈ ਸਰਕਾਰਾਂ, ਤਕਨਾਲੋਜੀ ਕੰਪਨੀਆਂ ਅਤੇ ਉਪਭੋਗਤਾਵਾਂ ਨੂੰ ਮਿਲ ਕੇ ਕੰਮ ਕਰਨਾ ਹੋਵੇਗਾ। ਨਵੀਆਂ ਤਕਨਾਲੋਜੀਆਂ ਦੀ ਵਰਤੋਂ ਖ਼ਤਰਿਆਂ ਨੂੰ ਪਛਾਣਨ ਅਤੇ ਰੋਕਣ ਲਈ ਵੀ ਕੀਤੀ ਜਾ ਸਕਦੀ ਹੈ। ਉਦਾਹਰਨ ਵਜੋਂ, ਕ੍ਰਿਤ੍ਰਿਮ ਬੁੱਧੀ ਆਧਾਰਿਤ ਸਿਸਟਮ ਝੂਠੀ ਸਮੱਗਰੀ ਦੀ ਪਛਾਣ ਕਰਨ ਅਤੇ ਸ਼ੱਕੀ ਗਤੀਵਿਧੀਆਂ ਦੀ ਨਿਗਰਾਨੀ ਕਰਨ ਵਿਚ ਮਦਦ ਕਰ ਸਕਦੇ ਹਨ।

ਅੰਤ ਵਿਚ ਇਹ ਕਿਹਾ ਜਾ ਸਕਦਾ ਹੈ ਕਿ ਇੰਟਰਨੈੱਟ ਨਾ ਤਾਂ ਪੂਰੀ ਤਰ੍ਹਾਂ ਭਰੋਸੇਯੋਗ ਹੈ ਅਤੇ ਨਾ ਹੀ ਪੂਰੀ ਤਰ੍ਹਾਂ ਅਭਰੋਸੇਯੋਗ। ਇਹ ਇੱਕ ਅਜਿਹਾ ਸਾਧਨ ਹੈ ਜੋ ਮਨੁੱਖੀ ਵਿਹਾਰ ਦੇ ਚੰਗੇ ਅਤੇ ਮਾੜੇ ਦੋਵੇਂ ਪੱਖਾਂ ਨੂੰ ਦਰਸਾਉਂਦਾ ਹੈ। ਇਸ ਲਈ ਸਾਨੂੰ ਇਸ ਦੀ ਵਰਤੋਂ ਸਮਝਦਾਰੀ, ਜ਼ਿੰਮੇਵਾਰੀ ਅਤੇ ਸਾਵਧਾਨੀ ਨਾਲ ਕਰਨੀ ਹੋਵੇਗੀ। ਇੰਟਰਨੈੱਟ 'ਤੇ ਭਰੋਸਾ ਕੋਈ ਅਜਿਹੀ ਚੀਜ਼ ਨਹੀਂ ਜੋ ਆਪਣੇ ਆਪ ਬਣੀ ਰਹੇ; ਇਸ ਨੂੰ ਲਗਾਤਾਰ ਮਜ਼ਬੂਤ ਕਰਨ ਦੀ ਲੋੜ ਹੁੰਦੀ ਹੈ। ਜੇਕਰ ਅਸੀਂ ਡਿਜੀਟਲ ਸਾਖਰਤਾ ਨੂੰ ਉਤਸ਼ਾਹਿਤ ਕਰੀਏ, ਸੁਰੱਖਿਆ ਨਿਯਮਾਂ ਨੂੰ ਮਜ਼ਬੂਤ ਕਰੀਏ ਅਤੇ ਜ਼ਿੰਮੇਵਾਰ ਡਿਜੀਟਲ ਵਿਹਾਰ ਅਪਣਾਈਏ, ਤਾਂ ਅਸੀਂ ਇੱਕ ਹੋਰ ਸੁਰੱਖਿਅਤ ਅਤੇ ਭਰੋਸੇਯੋਗ ਡਿਜੀਟਲ ਭਵਿੱਖ ਵੱਲ ਕਦਮ ਵਧਾ ਸਕਦੇ ਹਾਂ। ਅਸਲ ਸਵਾਲ ਇਹ ਨਹੀਂ ਕਿ ਅਸੀਂ ਇੰਟਰਨੈੱਟ 'ਤੇ ਭਰੋਸਾ ਕਰ ਸਕਦੇ ਹਾਂ ਜਾਂ ਨਹੀਂ, ਸਗੋਂ ਇਹ ਹੈ ਕਿ ਕੀ ਅਸੀਂ ਇਸ ਦੀ ਵਰਤੋਂ ਇੰਨੀ ਸਮਝਦਾਰੀ ਨਾਲ ਕਰਾਂਗੇ ਕਿ ਇਹ ਸਾਡੇ ਭਰੋਸੇ ਦੇ ਯੋਗ ਬਣ ਸਕੇ।

# ਦਲੂਲ੍ਹੇਆਂ ਦੇ ਸਲੂਲੇ...ਹਾਇਪਰ ਕਿਰਦਾਰ ਤੇ ਗੱਲਬਾਤ ਵਿਚਲਾ ਫਾਸਲਾ...

ਅੱਜ ਇਸ ਬੰਦੇ, ਤਰੁਣ ਤੇਜਪਾਲ ਨੂੰ ਦੁਬਾਰਾ ਖਬਰਾਂ 'ਚ ਵੇਖਿਆ। ਰੀਲਾਂ ਦੇ ਦੌਰ 'ਚ ਸਾਡੀ ਅਟੈਂਸ਼ਨ ਸਪੈਨ ਤੇ ਯਾਦਾਸ਼ਤ ਪਲਾਂ-ਛਿਣਾਂ ਤੱਕ ਮਹਿਦੂਦ ਹੋ ਗਈ ਹੈ।

ਭਾਜਪਾ ਵਾਲਾ ਗੋਦੀ ਮੀਡੀਆ 2014 ਤੋਂ ਬਾਅਦ ਪੈਦਾ ਹੁੰਦਾ ਹੈ। ਤਰੁਣ ਤੇਜਪਾਲ ਇਸ ਹਿਸਾਬ ਨਾਲ ਭਾਰਤੀ ਗੋਦੀ ਮੀਡੀਆ ਦੀ ਪਹਿਲੀ ਤੇ ਆਈਕੋਨਿਕ ਪੀੜੀ ਹੈ।

ਕਦੇ ਇਸ ਬੰਦੇ ਦੀ ਭਾਰਤ ਅਤੇ ਵਿਦੇਸ਼ ਦੇ ਲਿਬਰਲ ਮੀਡੀਆ ਵਿਚ ਤੂਤੀ ਬੋਲਦੀ ਹੁੰਦੀ ਸੀ। ਇਹਦੇ ਕਾਰਨਾਮਿਆਂ ਦਾ ਤਲਿਸਮ ਬਹੁਤ ਵੱਡਾ

ਨਵਚੇਤਨ

ਸੀ। ਜਿਸ ਦੀ ਜੱਦ ਵਿਚ ਉਸ ਵਕਤ ਦੇ ਭਾਜਪਾ ਪ੍ਰਧਾਨ ਰਿਸ਼ਵਤ ਲੈਂਦੇ ਕੈਮਰੇ 'ਤੇ ਫੜੇ ਗਏ। ਕੁਝ ਤਾਰਾਂ ਜੋਰਜ ਫਰਨਾਡੇਜ਼, ਜੋ ਭਾਰਤ ਦਾ ਰੱਖਿਆ ਮੰਤਰੀ ਸੀ, ਉਸ ਤੱਕ ਜਾ ਜੁੜੀਆਂ, ਤੇ ਉਸ ਨੂੰ ਅਸਤੀਫਾ ਦੇਣਾ ਪਿਆ।

'ਸੈਕੂਲਰਤਾ ਦੀ ਮਹਾਦੇਵੀ' ਮਮਤਾ ਬੈਨਰਜੀ ਨੇ ਭਾਜਪਾ ਨਾਲੋਂ ਨਾਤਾ ਇਸੇ ਗੱਲ 'ਤੇ ਤੋੜਿਆ ਸੀ। ਇਹਦਾ ਅਦਾਰਾ ਗੋਆ ਵਿਚ ਇੱਕ ਥਿੰਕ ਫੈਸਟ ਕਰਾਉਂਦਾ ਹੈ। ਥਿੰਕ ਫੈਸਟ ਦੀ ਸ਼ੁਰੂਆਤ 'ਚ ਤਰੁਣ ਤੇਜਪਾਲ ਇਕ ਬਿਆਨ ਦਿੰਦਾ ਹੈ ਕਿ ਹੁਣ ਆਪਾਂ ਸਾਰੇ ਗੋਆ ਵਿਚ ਹਾਂ, ਜਿੰਨਾ ਖਾ ਸਕਦੇ ਹੋ ਖਾਓ, ਜਿੰਨਾ ਪੀ ਸਕਦੇ ਹੋ ਪੀਓ, ਜਿਹਦੇ ਨਾਲ ਸੋਚਦੇ ਹੋ ਸੌਂਵੋ, ਪਰ ਸਵੇਰੇ ਛੇਤੀ ਆਇਓ ਕਿਉਂਕਿ ਹਾਊਸ ਪੂਰਾ ਫੁੱਲ ਹੈ।


'Now you are in Goa, drink as much as you want, eat…sleep with whoever you think of, but get ready to arrive early at the event as we have a packed'

ਉਸ ਰਾਤ ਜਿਸ ਕੁੜੀ ਨਾਲ ਇਹ ਬਲਾਤਕਾਰ ਕਰਦਾ ਹੈ ਉਹ ਇਸਦੀ ਕੁਲੀਗ ਹੀ ਨਹੀਂ, ਇਸ ਦੀ ਧੀ ਦੀ ਸਹੇਲੀ ਵੀ ਹੈ।

ਇਸ ਮੁੱਦੇ ਨੂੰ ਪਹਿਲਾਂ ਤਹਿਲਕਾ ਦਾ ਅੰਦਰੂਨੀ ਮਸਲਾ ਦੱਸਿਆ ਜਾਂਦਾ ਹੈ। ਲਗਾਤਾਰ ਔਰਤਾਂ ਦੇ ਮਸਲਿਆਂ, ਹੱਕਾਂ, ਮਨੁੱਖੀ ਅਧਿਕਾਰਾਂ ਅਤੇ ਸਮਾਜਿਕ ਨਿਆਂ ਦੇ ਮੁੱਦੇ ਉੱਤੇ ਲਿਖਣ ਵਾਲੀ ਮੈਗਜ਼ੀਨ ਤਹਿਲਕਾ ਦੀ ਮੈਨੇਜਿੰਗ ਐਡੀਟਰ ਸ਼ੋਮਾ ਚੌਧਰੀ ਪਹਿਲਾਂ ਇਸ ਮੁੱਦੇ ਨੂੰ ਦਬਾਉਣ ਦਾ ਯਤਨ ਕਰਦੀ ਹੈ ਤੇ ਫਿਰ ਕੋਈ ਚਾਰਾ ਨੂੰ ਚਲਦਾ ਵੇਖ ਅਸਤੀਫਾ ਦੇ ਦਿੰਦੀ ਹੈ।

ਮੀਡੀਆ ਵਿਚ ਐਸੀਆਂ ਖਬਰਾਂ ਵੀ ਹਨ ਕਿ ਇਸ ਬਲਾਤਕਾਰ ਦੀ ਸ਼ਿਕਾਰ ਕੁੜੀ ਤੇ ਫਬਤੀਆਂ ਕਸੀਆਂ ਜਾਂਦੀਆਂ ਹਨ ਕਿ ਉਸਨੇ ਲਿਬਰਲਿਜਮ ਦੇ ਅਲੰਬਰਦਾਰ ਨੂੰ ਫਾਸ਼ੀਵਾਦੀ ਤਾਕਤਾਂ ਦੇ ਹੱਥ ਸੌਂਪ ਦਿੱਤਾ ਹੈ।

ਕਿਰਦਾਰ ਤੇ ਗੱਲਬਾਤ ਵਿਚਲਾ ਫਾਸਲਾ ਸਵੈ-ਥਾਪੇ ਹੋਏ ਲਿਬਰਲਾਂ ਦੀ ਸਭ ਤੋਂ ਵੱਡੀ ਪੂੰਜੀ ਹੈ। ਤੇ ਇਨ੍ਹਾਂ ਦਾ ਸਭ ਤੋਂ ਵੱਡਾ ਮਹਾ-ਮਾਨਵ ਹੈ ਹਰਿਕ੍ਰਿਸ਼ਨ ਸਿੰਘ ਸੁਰਜੀਤ- ਜਰਾ ਗੌਰ ਫਰਮਾਓ! ਉਹ 1989 ਦੀ ਨੈਸ਼ਨਲ ਫਰੰਟ ਸਰਕਾਰ ਦਾ ਵੀ ਕਰਤਾ-ਧਰਤਾ ਹੈ, ਜਿਸ ਵਿਚ ਖੱਬੇ ਅਤੇ ਸੱਜੇ ਮਤਲਬ ਭਾਜਪਾ ਦੋਵੇਂ ਇੱਕੋ ਬਿਸਤਰੇ ਵਿਚ ਹਨ।



1992 ਦੀ ਕਾਂਗਰਸ ਨੂੰ ਆਊਟਸਾਈਡ ਸਪੋਰਟ ਦਾ ਕਰਤਾ-ਧਰਤਾ ਵੀ ਉਹੀ ਹੈ, 1996 ਤੇ 98 ਵਾਲੀਆਂ ਕੌਮੀ ਫਰੰਟ ਦੀਆਂ ਸਰਕਾਰਾਂ ਦਾ ਵੀ ਤੇ ਯੂਪੀਏ ਵਨ ਦਾ ਵੀ। 2008 ਵਿਚ ਉਨ੍ਹਾਂ ਦਾ ਦੇਹਾਂਤ ਹੋ ਗਿਆ, ਨਹੀਂ ਤਾਂ ਬਹੁਤ ਸੰਭਾਵਨਾ ਸੀ ਕਿ ਅੱਜ ਉਹ ਐਨਡੀਏ ਦੇ ਕੌਮੀ ਚੇਅਰਮੈਨ ਹੁੰਦੇ ਤੇ ਮੁਲਕ ਅਤੇ ਇਸ ਦੀਆਂ ਸੰਯੁਕਤ ਸਰਕਾਰਾਂ ਨੂੰ ਆਪਣੀਆਂ ਸੇਵਾਵਾਂ ਦੇ ਰਹੇ ਹੁੰਦੇ। ਪਰਮਾਤਮਾ ਉਨ੍ਹਾਂ ਨੂੰ ਗਨੀਮਤ ਏ ਰਹਿਮਤ ਫਰਮਾਏ!!!!

ਹਰਕ੍ਰਿਸ਼ਨ ਸੁਰਜੀਤ ਵਰਗੇ ਹੀ ਇੱਕ ਹੋਰ ਬੀਬਾ ਜੀ ਹਨ ਆਰੁਧੰਤੀ ਰਾਏ। ਇਨ੍ਹਾਂ ਕੋਲ ਹਰਕ੍ਰਿਸ਼ਨ ਸਿੰਘ ਸੁਰਜੀਤ ਵਰਗੀ ਸਰਕਾਰਾਂ ਬਣਾਉਣ ਦੀ ਕਲਾ ਤਾਂ ਨਹੀਂ ਹੈ ਪਰ ਕਨਸਿਸਟੈਂਸੀ ਦੇ ਮਾਮਲੇ ਵਿਚ ਇਹ ਕਿਸੇ ਤੋਂ ਘੱਟ ਨਹੀਂ ਹਨ। ਅਕਸਰ ਕਸ਼ਮੀਰ ਦੀ ਆਜ਼ਾਦੀ ਵਾਲਾ ਰੋਣਾ-ਪਿੱਟਣਾ ਅਲਾਪਦੇ ਰਹਿੰਦੇ ਹਨ। ਜਦੋਂ 2019 ਚ ਧਾਰਾ 370 ਹਟੀ ਤਾਂ ਇਨ੍ਹਾਂ ਦਾ ਨਿਊਯਾਰਕ ਟਾਈਮਸ ਵਿਚ ਆਰਟੀਕਲ ਸੀ 'ਚੁੱਪ ਹੀ ਸਭ ਤੋਂ ਵੱਡੀ ਖੱਪ ਹੈ' 'The Silence Is the Loudest sound' ਚੰਗੀ ਗੱਲ ਹੈ ਆਜ਼ਾਦੀ ਵਾਸਤੇ ਹਰ ਇਕ ਨੂੰ ਬੋਲਣਾ ਚਾਹੀਦਾ ਹੈ, ਬਸ ਸਿਲੈਕਟਿਵ ਨਹੀਂ ਬੋਲਣਾ ਚਾਹੀਦਾ। ਹੁਣ ਜਦੋਂ ਪਾਕਿਸਤਾਨੀ ਜਰਨੈਲ ਟੋਕਰੇ ਭਰ-ਭਰ ਕਸ਼ਮੀਰੀਆਂ ਨੂੰ ਆਜ਼ਾਦੀ ਵੰਡ ਰਹੇ ਹਨ ਤਾਂ ਬੀਬਾ ਜੀ ਫਿਰ ਕਹਿ ਰਹੇ ਹਨ ਕਿ 'ਚੁੱਪ ਹੀ ਸਭ ਤੋਂ ਵੱਡੀ ਖੱਪ ਹੈ'... ਬਸ ਇਸ ਵਾਰ ਬੀਬਾ ਜੀ ਨੇ ਆਰਟੀਕਲ ਨਹੀਂ ਲਿਖਿਆ, ਉਹ ਸਿਰਫ ਚੁੱਪ ਹਨ।

ਚੁੱਪ ਸਿਰਫ ਉਹ ਹੀ ਨਹੀਂ ਹਨ, ਆਪਣੇ ਆਪ ਨੂੰ ਲਿਬਰਲ ਮੀਡੀਆ ਦੇ ਅਲੰਬਰਦਾਰ ਕਹਿੰਦੇ ਅਦਾਰੇ ਮਸਲਨ ਬੀ.ਬੀ.ਸੀ., ਨਿਊਯਾਰਕ ਟਾਈਮਸ ਤੇ 'ਦ ਵਾਇਰ' ਸਾਰੇ ਹੀ ਚੁੱਪ ਹਨ ਇਸਦੇ ਬਾਵਜੂਦ ਕਿ ਪਾਕਿਸਤਾਨੀ ਕਸ਼ਮੀਰ ਵਿਚ ਮੌਤਾਂ ਦੀ ਗਿਣਤੀ 2019 ਚ ਧਾਰਾ 370 ਹਟਣ ਤੋਂ ਬਾਅਦ ਹੋਈਆਂ ਮੌਤਾਂ ਤੋਂ ਕੋਈ 30 ਤੋਂ 60 ਗੁਣਾ ਵੱਧ ਹੈ। ਇਸ ਦੇ ਬਾਵਜੂਦ ਪਾਕਿਸਤਾਨੀ ਕਸ਼ਮੀਰ ਤੇ ਨਿਊਯਾਰਕ ਟਾਈਮਸ ਦੇ ਆਰਟੀਕਲ ਕੋਈ 22 ਗੁਣਾ ਘੱਟ ਹਨ ਤੇ ਬੀ.ਬੀ.ਸੀ. ਦੇ ਕੋਈ ਅੱਠ ਗੁਣਾ, ਕਤਾਰ ਦੇ ਸਰਕਾਰੀ ਚੈਨਲ ਅਲਜਜ਼ੀਰਾ ਨੇ ਪਿਛਲੇ ਪੰਜ-ਸੱਤ ਦਿਨਾਂ 'ਚ ਪਾਕਿਸਤਾਨ ਵਾਲੇ ਕਸ਼ਮੀਰ ਬਾਰੇ ਰਿਪੋਰਟਿੰਗ ਕੀ ਸ਼ੁਰੂ ਕੀਤੀ, ਪਾਕਿਸਤਾਨੀ ਸਰਕਾਰ ਨੇ ਉਸ 'ਤੇ ਪੀਲੀ ਪੱਤਰਕਾਰੀ ਦਾ ਠੱਪਾ ਲਾ ਕੇ ਬੈਨ ਕਰ ਦਿੱਤਾ। ਮੈਂ ਜਾਣ-ਬੁੱਝ ਕੇ ਇਸ ਗਿਣਤੀ ਵਿਚ ਪੰਜਾਬੀ ਦੇ ਫੇਸਬੁੱਕੀ ਸੈਕਸ਼ਨ ਦੇ ਸੋ ਕਾਲਡ ਲਿਬਰਲ ਲੋਕਾਂ ਦੇ ਬਿਆਨੀਏ ਅਤੇ ਸੀਂਢ ਯੁਕਤ ਕਵਿਤਾਵਾਂ ਨੂੰ ਸ਼ਾਮਿਲ ਨਹੀਂ ਕੀਤਾ।

ਇੰਨੀ ਗਿਣਤੀ ਦਾ ਹਿਸਾਬ-ਕਿਤਾਬ ਕੋਈ ਕਿਵੇਂ ਤੇ ਕੀ ਰੱਖੇ।

ਰਾਤ ਵਾਹਵਾ ਹੋ ਚੁੱਕੀ ਹੈ, ਤੁਸੀਂ ਭਾਵੇਂ ਗੋਆ ਵਿਚ ਨਹੀਂ ਹੋ, ਪਰ ਸੌਣ ਅਤੇ ਨੀਂਦ ਤੇ ਹੱਕ ਤਾਂ ਹਰ ਇੱਕ ਦਾ ਬਣਦਾ ਹੈ, ਸੋ ਸ਼ੁਭ ਰਾਤ੍ਰਿ!

# ਫ਼ਿਲਮ ਲੋਕ

## 'ਨੂਰੀ' ਦੀ ਪੂਨਮ ਢਿੱਲੋਂ ਹੈ ਅੱਜ ਦੀ ਸਫ਼ਲ ਕਾਰੋਬਾਰੀ ਔਰਤ



ਆਪਣੇ ਸਮੇਂ ਦੀ ਹਿੱਟ ਅਭਿਨੇਤਰੀ ਪੂਨਮ ਢਿੱਲੋਂ ਨੇ ਲਗਭਗ 90 ਫ਼ਿਲਮਾਂ ਵਿਚ ਕੰਮ ਕੀਤਾ, ਜਿਨ੍ਹਾਂ ਵਿਚੋਂ ਸੋਹਣੀ ਮਹੀਂਵਾਲ, ਰੈੱਡ ਰੋਜ਼, ਤੇਰੀ ਕਸਮ, ਦਰਦ, ਨਿਸ਼ਾਨਾ, ਯੇ ਵਾਦਾ ਰਹਾ, ਸਮੁੰਦਰ, ਰੋਮਾਂਸ, ਕਸਮ, ਸਿਤਮਗਰ ਆਦਿ ਕਾਫ਼ੀ ਚਰਚਿਤ ਤੇ ਸਫ਼ਲ ਰਹੀਆਂ। ਪੂਨਮ ਨੇ ਰਾਜੇਸ਼ ਖੰਨਾ ਨਾਲ ਛੇ ਫ਼ਿਲਮਾਂ ਵਿਚ ਕੰਮ ਕੀਤਾ। ਉਨ੍ਹਾਂ ਨੇ ਬੰਗਾਲੀ, ਕੰਨੜ, ਤੇਲਗੂ, ਤਾਮਿਲ ਫ਼ਿਲਮਾਂ ਵਿਚ ਵੀ ਸਫ਼ਲਤਾਪੂਰਨ ਕੰਮ ਕੀਤਾ। ਉਹ ਬਿੱਗ ਬੌਸ ਸੀਜ਼ਨ ਤਿੰਨ ਵਿਚ ਦੂਸਰੀ ਰਨਰਅਪ ਰਹੀ। ਭਾਰਤੀ ਟੈਲੀਵਿਜ਼ਨ 'ਤੇ ਮੁੱਖ ਭੂਮਿਕਾ ਵਿਚ ਉਸ ਦੀ ਜ਼ਬਰਦਸਤ ਵਾਪਸੀ 2013 ਵਿਚ ਲੜੀਵਾਰ 'ਏਕ ਨਈ ਪਹਿਚਾਨ' ਨਾਲ ਹੋਈ, ਜਿਸ ਵਿਚ ਉਹ ਇਕ ਅਮੀਰ ਕਾਰੋਬਾਰੀ ਦੀ ਅਨਪੜ੍ਹ ਪਰ ਆਦਰਸ਼ ਪਤਨੀ ਦੀ ਭੂਮਿਕਾ ਵਿਚ ਸੀ। ਦਿਲਚਸਪ ਗੱਲ ਇਹ ਹੈ ਕਿ ਪੂਨਮ ਨੇ ਥੀਏਟਰ ਵਿਚ ਵੀ ਕੰਮ ਕੀਤਾ। ਉਹ 'ਪਰਫੈਕਟ ਹਸਬੈਂਡ' ਵਿਚ ਵੀ ਸੀ, ਜਿਸ ਨੂੰ ਸਰਬੋਤਮ ਹਾਸ ਨਾਟਕ ਦਾ ਪੁਰਸਕਾਰ ਮਿਲਿਆ ਸੀ ਅਤੇ ਜਿਸ ਨੇ ਆਪਣੇ ਮੰਚਨ ਦੀ ਗੋਲਡਨ ਜੁਬਲੀ ਵੀ ਬਣਾਈ ਸੀ। ਉਹ ਨਾਟਕ 'ਪਿਆਰ ਮੇਂ ਕਭੀ ਕਭੀ' ਵਿਚ ਆਸਿਫ਼ ਸ਼ੇਖ ਨਾਲ ਵੀ ਸੀ। ਮਰਾਠੀ ਨਾਟਕ 'ਯੂ ਟਰਨ' ਦੇ ਹਿੰਦੀ ਭਾਗ ਵਿਚ ਵੀ ਉਸ ਨੂੰ ਬਹੁਤ ਪਸੰਦ ਕੀਤਾ ਗਿਆ ਸੀ। ਪੂਨਮ ਨੇ ਹਿੰਦੀ ਫ਼ਿਲਮ ਉਦਯੋਗ ਵਿਚ ਮੈਕਅਪ ਵੈਨ ਦਾ ਕੰਸਪੈਟ ਵੀ ਸ਼ੁਰੂ ਕੀਤਾ। ਉਹ ਇਹ ਵਪਾਰ 1991 ਤੋਂ ਕਰ ਰਹੀ ਹੈ। ਉਸ ਦੀ ਆਪਣੀ ਮੇਕਅਪ ਵੈਨ ਕੰਪਨੀ ਹੈ, 'ਵੈਨਿਟੀ' ਦੇ ਨਾਂਅ 'ਤੇ। ਪੂਨਮ ਨੇ 1988 ਵਿਚ ਨਿਰਮਾਤਾ ਅਸ਼ੋਕ ਠਕੇਰੀਆ ਨਾਲ ਵਿਆਹ ਕੀਤਾ, ਦੋ ਬੱਚੇ ਹੋਏ, ਬੇਟੀ ਪਲੋਮਾ ਤੇ ਬੇਟਾ ਅਨਮੋਲ, ਪਰ ਇਹ ਵਿਆਹ ਜ਼ਿਆਦਾ ਦੇਰ ਚਲ ਨਾ ਸਕਿਆ ਅਤੇ 1997 ਵਿਚ ਤਲਾਕ ਹੋ ਗਿਆ। ਪੂਨਮ ਨੇ 'ਸਿੰਗਲ ਮਦਰ' ਦੇ ਰੂਪ ਵਿਚ ਆਪਣੇ ਬੱਚਿਆਂ ਦੀ ਪਰਵਰਿਸ਼ ਕੀਤੀ ਅਤੇ ਉਨ੍ਹਾਂ ਨੂੰ ਕਾਬਲ ਬਣਾਇਆ। ਤਲਾਕ ਤੋਂ ਬਾਅਦ ਪੂਨਮ ਮਾਯੂਸ ਹੋ ਕੇ ਇਕ ਪਾਸੇ ਨਹੀਂ ਬੈਠੀ, ਸਗੋਂ ਹੋਰ ਔਰਤਾਂ ਲਈ ਮਿਸਾਲ ਬਣਦੇ ਹੋਏ ਸਰਗਰਮ ਰਹੀ। ਪੂਨਮ ਸਮਾਜਿਕ ਕੰਮਾਂ ਜਿਵੇਂ ਨਸ਼ੇ, ਏਡਜ਼ ਜਾਗ੍ਰਿਤੀ, ਪਰਿਵਾਰ ਨਿਯੋਜਨ ਤੇ ਅੰਗਦਾਨ ਦੇ ਖੇਤਰ ਵਿਚ ਬਹੁਤ ਸਰਗਰਮ ਰਹਿੰਦੀ ਹੈ। ਉਹ ਸਾਰਕ ਦੇ ਵਪਾਰਕ ਸੰਮੇਲਨਾਂ (ਕਾਠਮਾਂਡ ਤੇ ਨਵੀਂ ਦਿੱਲੀ) ਵਿਚ ਮੁੱਖ ਬੁਲਾਰਾ ਰਹੀ ਹੈ ਅਤੇ ਉਸ ਨੂੰ ਸਾਰਕ ਦਾ ਸੱਭਿਆਚਾਰਕ ਦੂਤ ਨਿਯੁਕਤ ਕੀਤਾ ਗਿਆ ਸੀ। ਉਹ ਮਾਈਂਡਮਾਈਨ ਇਵੈਂਟ ਵਿਚ ਵੀ ਸਪੀਕਰ ਰਹੀ ਹੈ। ਉਹ 2012 ਦੇ 'ਸੇਵ ਐਂਡ ਇਮਪਾਵਰ ਦ ਗਰਲ ਚਾਈਲਡ' ਮੁਹਿੰਮ ਦਾ ਵੀ ਹਿੱਸਾ ਰਹੀ।

ਪੂਨਮ ਨੇ. 2014 ਵਿਚ ਉਦਯੋਗਪਤੀ ਅਨਿਲ ਮੁਰਾਰਕਾ ਤੇ ਕੋਰੀਓਗ੍ਰਾਫ਼ਰ ਸਮੀਰ ਤੰਨਾ ਨਾਲ ਫ਼ਿਲਮ ਪ੍ਰੋਡਕਸ਼ਨ ਕੰਪਨੀ 'ਪੋਏਟਿਕ ਜਸਟਿਸ ਇਲਮਜ਼ ਐਂਡ ਇੰਟਰਟੇਨਮੈਂਟ ਪ੍ਰਾਈਵੇਟ ਲਿਮਟਿਡ ਲਾਂਚ ਕੀਤੀ। ਪੂਨਮ ਨੂੰ 2017 ਵਿਚ ਫ਼ਿਲਮ ਸਰਟੀਫਿਕੇਸ਼ਨ ਅਪੀਲੇਟ ਟ੍ਰਿਬਿਊਨਲ ਦਾ ਮੈਂਬਰ ਬਣਾਇਆ ਗਿਆ। ਪੂਨਮ ਰਾਜਨੀਤੀ ਵਿਚ ਵੀ ਸਰਗਰਮ ਹੈ ਅਤੇ 2019 ਵਿਚ ਉਹ ਭਾਜਪਾ ਦੀ ਮੁੰਬਈ ਇਕਾਈ ਦੀ ਉਪ-ਪ੍ਰਧਾਨ ਬਣ ਗਈ ਸੀ। ਪਰ ਪੂਨਮ ਦੀ ਅੱਜ ਵੀ ਪਛਾਣ 'ਨੂਰੀ' ਤੇ 'ਸੋਨੀ' ਦੇ ਰੂਪ ਵਿਚ ਹੀ ਜ਼ਿਆਦਾ ਕੀਤੀ ਜਾਂਦੀ ਹੈ, ਜਦ ਕਿ ਆਪਣੀ ਵੈਨਿਟੀ ਕਾਰੋਬਾਰ ਦੇ ਕਾਰਨ ਉਹ ਕਾਮਯਾਬ ਕਾਰੋਬਾਰੀ ਔਰਤ ਹੈ।



## ਇਹ ਦੁਨੀਆ ਮਤਲਬ ਦੀ: ਆਲੀਆ ਭੱਟ



ਆਪਣੀ ਪੱਕੀ ਸਹੇਲੀ ਅਕਾਂਸ਼ਾ ਰੰਜਨ ਦੇ ਵਿਆਹ 'ਤੇ ਜਦ ਡੀ.ਜੇ. 'ਤੇ ਗਾਣਾ 'ਮਾਹੀ ਵੇ' ਚੱਲਿਆ ਤਾਂ ਆਲੀਆ ਭੱਟ ਨੇ ਐਸਾ ਡਾਂਸ ਕੀਤਾ ਕਿ ਸਾਰੀ ਜੰਝ ਤੇ ਖ਼ੁਦ ਅਕਾਂਸ਼ਾ ਰੰਜਨ ਦਾ ਪ੍ਰਾਹੁਣਾ ਅਕਾਂਸ਼ਾ ਨੂੰ ਲੈ ਕੇ ਆਲੀਆ ਨਾਲ ਤਿੱਕੜੀ ਬਣਾ ਕੇ ਨੱਚਣ ਲੱਗ ਪਿਆ। ਅਗਲੀ ਇਸ ਲਈ ਵੀ ਨੱਚ ਰਹੀ ਸੀ ਕਿ ਫ਼ਿਲਮ 'ਅਲਫ਼ਾ' ਦਾ ਵਪਾਰ ਅੱਧੇ ਅਰਬ ਅਰਥਾਤ ਪੰਜਾਹ ਕਰੋੜ ਨੂੰ ਟੱਪ ਗਿਆ ਹੈ। ਆਲੀਆ ਨੇ ਤਾਂ ਅਕਾਂਸ਼ਾ ਦੀ ਭੈਣ ਅਨੁਸ਼ਕਾ ਰੰਜਨ ਤੇ ਉਸ ਦੇ ਮਾਹੀ ਅਦਿੱਤਿਆ ਸੀਲ ਨੂੰ ਵੀ ਨਚਾ ਦਿੱਤਾ, ਜਿਹੜੇ ਆਖਦੇ ਨੇ ਕਿ ਉਹ ਤੇ ਆਪਣੇ ਵਿਆਹ 'ਤੇ ਨਹੀਂ ਸਨ ਨੱਚੇ ਕਿ ਡਾਂਸ ਨਹੀਂ ਆਉਂਦਾ, ਪਰ ਆਲੀਆ ਨੇ ਅੱਜ ਉਹ ਵੀ ਸਿਖਾ ਦਿੱਤਾ ਹੈ। ਹਾਲਾਂਕਿ ਆਲੀਆ ਨੂੰ ਏ. ਡੀ. ਐਚ. ਡੀ. ਅਰਥਾਤ 'ਅਟੈਨਸ਼ਨ ਡਿਫਿਕਟ ਹਾਈਪਰਐਕਟੀਵਿਟੀ ਡਿਸਆਰਡਰ' ਨਾਮਕ ਬਿਮਾਰੀ ਹੈ, ਜਿਸ ਨਾਲ ਕਮਜ਼ੋਰੀ ਆਉਂਦੀ ਹੈ ਤੇ ਦਿਮਾਗ਼ ਦਾ ਘੁੰਮ ਜਾਣਾ ਆਮ ਗੱਲ ਹੈ। ਟੌਹਰ ਆਲੀਆ ਭੱਟ ਦੀ ਐਨੀ ਹੈ ਕਿ ਜਦ ਉਹ ਸ਼ੂਟਿੰਗ ਕਰਨ ਜਾਂਦੀ ਹੈ ਤਦ ਉਸ ਦੀ ਬੇਟੀ ਰਾਹਾ ਨੂੰ ਵੱਖਰੀ ਵੈਨਿਟੀ ਵੈਨ ਮਿਲਦੀ ਹੈ। ਕਿਸੇ ਨਰਸਰੀ ਦੀ ਤਰ੍ਹਾਂ ਇਹ ਰਾਹਾ ਦੀ ਵੈਨ ਸਜਾਈ ਗਈ ਹੁੰਦੀ ਹੈ ਤੇ ਰਾਹਾ ਦੀ ਇਸ ਵੈਨ ਨੂੰ ਆਲੀਆ ਮੰਦਰ ਦੀ ਤਰ੍ਹਾਂ ਪਵਿੱਤਰ ਮੰਨਦੀ ਹੈ ਤੇ ਵੈਨ 'ਚ ਖ਼ੁਦ ਘੱਟ ਜਾਂਦੀ ਹੈ, ਤਾਂ ਕਿ ਰਾਹਾਂ ਨੂੰ ਕੋਈ ਪ੍ਰੇਸ਼ਾਨੀ ਨਾ ਹੋਵੇ। 'ਬ੍ਰਹਮਅਸਤਰ-2' ਤੇ 'ਲਵ ਐਂਡ ਵਾਰ' ਆਲੀਆ ਦੀਆਂ ਆ ਰਹੀਆਂ ਫ਼ਿਲਮਾਂ ਹਨ ਤੇ 'ਅਲਫ਼ਾ' ਨੇ ਤਾਂ ਧਮਾਲ ਮਚਾਈ ਹੋਈ ਹੈ। ਆਲੀਆ ਦਾ ਭਾਰ ਇਸ ਵੇਲੇ 54 ਕਿੱਲੋ ਹੈ ਤੇ ਉਸ ਅਨੁਸਾਰ ਇਹ ਯੋਗਾ ਦੀ ਮਿਹਰਬਾਨੀ ਹੈ ਕਿ ਸੋਨੀ ਰਾਜ਼ਦਾਨ ਦੀ ਬੇਟੀ ਆਲੀਆ ਬਿਮਾਰੀ ਦੇ ਬਾਵਜੂਦ ਤੰਦਰੁਸਤੀ ਕਾਇਮ ਰੱਖ ਰਹੀ ਹੈ। ਵੈਸੇ ਕਹਿੰਦੇ ਨੇ ਆਲੀਆ ਦੇ ਪਹਿਲੇ ਪਿਆਰ ਰਮੇਸ਼ ਦੂਬੇ ਪ੍ਰਤੀ ਅੱਜ ਵੀ ਕੋਈ ਕੋਨਾ ਆਲੀਆ ਨੇ ਰੱਖਿਆ ਹੋਇਆ ਹੈ। ਇਧਰ ਆਲੀਆ ਦੇ ਪਿਤਾ ਮਹੇਸ਼ ਭੱਟ ਨੇ ਕਿਹਾ ਹੈ ਕਿ ਆਲੀਆ ਨੂੰ ਅਸੀਂ ਨਫ਼ਰਤ ਲਫ਼ਜ਼ ਤੋਂ ਦੂਰ ਹੀ ਰੱਖਿਆ ਹੈ, ਤਾਂ ਹੀ ਜਦ ਕੋਈ ਬਿਨਾਂ ਵਜ੍ਹਾ ਉਸ ਦੀ ਆਲੋਚਨਾ ਕਰਦਾ ਹੈ ਤਦ ਉਹ ਇਕਦਮ ਘਬਰਾ ਜਾਂਦੀ ਹੈ, ਪਰ ਇਹ ਜ਼ਿੰਦਗੀ ਦਾ ਹਿੱਸਾ ਹੈ। ਆਲੀਆ ਅੰਦਰ ਤੋਂ ਮਜ਼ਬੂਤ ਹੈ। ਫੁਰਤੀਲੀ ਹੈ, ਤੇਜ਼ ਹੈ, ਜਿਸ ਕਰਕੇ ਛੋਟੀ-ਮੋਟੀ ਗੱਲ ਉਸ 'ਤੇ ਅਸਰ ਨਹੀਂ ਕਰਦੀ। ਬਾਕਸਿੰਗ ਉਹ ਜਾਣਦੀ ਹੈ ਤੇ ਅੱਠ ਤਰ੍ਹਾਂ ਦੀਆਂ ਹੋਰ ਕਸਰਤਾਂ ਹਨ, ਜਿਨ੍ਹਾਂ ਨੂੰ ਉਹ ਰੋਜ਼ ਕਰਦੀ ਹੈ। ਆਲੀਆ ਭੱਟ ਨੇ ਆਪਣੇ-ਆਪ ਨੂੰ ਸੰਭਾਲ ਕੇ ਰੱਖਿਆ ਹੋਇਆ ਹੈ ਪਰ 'ਅਲਫ਼ਾ' ਦੀ ਹੁਣ ਕਮਾਈ ਦੱਸਣ 'ਤੇ ਚਿੰਤਾ ਵਿਚ ਹੈ ਤੇ ਨਾਲੇ ਦਰਸ਼ਕ ਆਲੀਆ ਦੀ ਥਾਂ ਸ਼ਰਵਰੀ ਵਾਘ ਦੀ ਸਿਫ਼ਤ ਜ਼ਿਆਦਾ ਕਰ ਰਹੇ ਹਨ ਪਰ ਆਲੀਆ ਭੱਟ ਨੂੰ ਆਪਣੇ ਪਿਤਾ ਮਹੇਸ਼ ਭੱਟ ਦੀ ਗੱਲ ਯਾਦ ਹੈ ਕਿ ਇਹ ਦੁਨੀਆ ਤੁਹਾਡੇ ਤੋਂ ਕਦੇ ਖ਼ੁਸ਼ ਨਹੀਂ ਹੁੰਦੀ, ਮਤਲਬੀ ਹੈ ਇਹ ਦੁਨੀਆ।



-0-

# Golden State Realty

**Real Estate and Loans Under One Roof**

ਘਰਾਂ ਦੀ ਵਧੀਆ ਡੀਲ ਤੇ ਘਟ ਤੋਂ ਘਟ ਵਿਆਜ ਦਰਾਂ 'ਤੇ ਲੋਨ ਲੈ ਕੇ ਦੇਣ ਲਈ ਮਸ਼ਹੂਰ

**Selling Homes from Gilroy to Sacramento, CA**

Call us before visiting new model homes to save big time.

ਪਿਛਲੇ 39 ਸਾਲਾਂ ਤੋਂ ਬਿਜ਼ਨਸ ਵਿਚ ਭਰਪੂਰ ਸਹਿਯੋਗ ਲਈ ਸਮੂਹ ਭਾਈਚਾਰੇ ਦਾ ਧੰਨਵਾਦ

**Time to buy new home in Tracy, Manteca, Lothrop and Stockton**

Pinnacle Award Winner 2014, 2015, 2016 & 2017

Grand Master Award Winner: 2018-2021, Platinum Award 2022

## *Call for Listing Special 2026*

## Ph: 510-304-9292 or 408-666-8279



Anmol Singh Gill
REALTOR
Bre. # 02062952



Armaan Singh Gill
Sales Agent
Bre. # 02161166
Ph: 510-709-7987



Jaswinder (Jassi) Gill
M.Sc (PAU)
CA BRE# 00966763
Broker/Owner



Harjot Singh Gill
REALTOR
Bre. # 02036421
Ph: 408.413.8350



Rakesh Pabla
REALTOR
Lic no: 01507068
Ph: 408.531.5464

Fremont Office: 86 Pilgrim Loop, Fremont CA 94539
Tel: 510-440-9292

Visit us @ www.jassigill.com for hot listings

## Recent Sales

1. 1181 Buchanan Way Hayward CA 94545
2. 5405 Farina Ln Fremont Ca 94538
3. 32432 Deborah Dr Union City CA 94587
4. 116 Mahogany Ln Union City CA, 94587
5. 2447 Capri Ct Manteca CA 95337
6. 5560 Boscell Commom Ter, Fremont, CA 94538
7. 830 Heaven Court Hayward CA 94544
8. 38573 Farwell Drive Fremont CA 94536
9. 4737 Valencia Way Union City CA 94587
10. 333 Raymundo Dr Woodside, CA 94062
11. 3690 Cowell Rd Concord, CA, 94518
12. 4201 Saturn way Union city CA 94587
13. 6746 Sapphire Street Dublin CA 94568
14. 7722 Curry Dr Gilroy CA 95020

## Purchase Loan and Refinance

Call Sukhveer (Sukhi) Gill Ph: 510-207-9067
DHMS, Loan Broker

CA BRE Lic.#01180969
NMLS# 352095

19-20